| Course Code | D | P | B | I | 5 | 4 | 3 | Course Title | **ਖੋਜ ਵਿਧੀ** |
|---|---|---|---|---|---|---|---|---|---|

| Weightage | |
|---|---|
| CA | ETE(TH) |
| 30 | 70 |

| Sr. No. | Content |
|---|---|
| 1. | ਖੋਜ ਦਾ ਅਰਥ, ਪਰਿਭਾਸ਼ਾ ਅਤੇ ਖੋਜ ਉਦੇਸ਼ |
| 2. | ਸਾਹਿਤ ਦੀ ਖੋਜ ਵਿਧੀ : ਸਿਧਾਂਤਕ ਪਰਿਪੇਖ |
| 3. | ਖੋਜ ਦੇ ਪ੍ਰਕਾਰ : ਸਿਧਾਂਤਕ ਤੇ ਵਿਹਾਰਕ ਪਰਿਪੇਖ |
| 4. | ਖੋਜ ਦਾ ਮਹੱਤਵ ਅਤੇ ਖੋਜ ਪਰਿਕਲਪਨਾ |
| 5. | ਖੋਜ ਪ੍ਰਬੰਧ ਦੇ ਵਿਸ਼ੇ ਦੀ ਚੋਣ, ਰੂਪ ਰੇਖਾ, ਭੂਮਿਕਾ |
| 6. | ਹਵਾਲੇ, ਪੈਰ ਟਿੱਪਣੀਆਂ, ਪੁਸਤਕ ਸੂਚੀ ਅਤੇ ਹਵਾਲਾ ਪੁਸਤਕਾਂ |
| 7. | ਰਿਪੋਰਟ ਰਚਨਾ, ਖੋਜ ਪੱਤਰ ਰਚਨਾ, ਪੋਸਟਰ ਰਚਨਾ |
| 8. | ਖੋਜ ਵਿਚ ਇੰਟਰਨੈੱਟ ਦਾ ਮਹੱਤਵ, ਸਾਹਿਤਕ ਚੋਰੀ ਦੀ ਪਰਖ ਅਤੇ ਕਾਪੀ ਰਾਈਟਸ |
| 9. | ਪੰਜਾਬੀ ਖੋਜ ਦਾ ਇਤਿਹਾਸ, ਪ੍ਰਮੁੱਖ ਪੰਜਾਬੀ ਖੋਜਕਾਰ |
| 10. | ਪੰਜਾਬੀ ਖੋਜ ਦੀਆਂ ਸੰਭਾਵਨਾਵਾਂ |
| 11. | ਆਲੋਚਨਾ : ਆਰੰਭ ਅਤੇ ਵਿਕਾਸ (ਪੱਛਮੀ ਦ੍ਰਿਸ਼ਟੀਆਂ) |
| 12. | ਆਲੋਚਨਾ: ਆਰੰਭ ਅਤੇ ਵਿਕਾਸ (ਭਾਰਤੀ ਦ੍ਰਿਸ਼ਟੀਆਂ) |
| 13. | ਕਾਵਿ ਦੀ ਵਿਹਾਰਕ ਸਮੀਖਿਆ |
| 14. | ਵਾਰਤਕ ਦੀ ਵਿਹਾਰਕ ਸਮੀਖਿਆ |

**ਪੁਸਤਕਾਂ:**


1. ਖੋਜ:ਸਿਧਾਂਤ ਤੇ ਵਿਹਾਰ, ਪਿਆਰ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010
2. ਕੇਸਰ ਸਿੰਘ ਕੇਸਰ: ਖੋਜ ਚਿੰਤਨ੍ਹ, ਜਸਬੀਰ ਕੇਸਰ(ਸੰਪਾ.), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006
3. ਕੇਸਰ ਸਿੰਘ ਕੇਸਰ: ਸਿਧਾਂਤ ਚਿੰਤਨ, ਜਸਬੀਰ ਕੇਸਰ (ਸੰਪਾ.), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ 2006
4. ਪੰਜਾਬੀ ਖੋਜ ਦਾ ਇਤਿਹਾਸ, ਧਰਮ ਸਿੰਘ, ਪੰਜਾਬੀ ਅਕਾਦਮੀ ਦਿੱਲੀ, 2004
5. ਪੰਜਾਬੀ ਖੋਜ ਸੰਦਰਭ, ਧਰਮ ਸਿੰਘ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2014

**Course Code: DPBI543**

**Course Name: ਖੋਜ ਵਿਧੀ**

**ਤਤਕਰਾ**


| ਅਧਿਆਇ ਨੰਬਰ | ਅਧਿਆਇ ਦਾ ਨਾਮ | ਲੇਖਕ ਦਾ ਨਾਮ | ਪੰਨਾ ਨੰਬਰ |
|---|---|---|---|
| ਅਧਿਆਇ -01 | ਖੋਜ ਦਾ ਅਰਥ, ਪਰਿਭਾਸ਼ਾ ਅਤੇ ਪੜਾਅ | ਡਾ. ਪਰਮਜੀਤ ਸਿੰਘ | 1-12 |
| ਅਧਿਆਇ -02 | ਖੋਜ ਦੇ ਖੇਤਰ | ਡਾ. ਪਰਮਜੀਤ ਸਿੰਘ | 13-24 |
| ਅਧਿਆਇ -03 | ਖੋਜ ਦਾ ਉਦੇਸ਼, ਮਹੱਤਵ ਤੇ ਪਰਿਕਲਪਨਾ | ਡਾ. ਪਰਮਜੀਤ ਸਿੰਘ | 25-34 |
| ਅਧਿਆਇ -04 | ਖੋਜ ਵਿਸ਼ੇ ਦੀ ਚੋਣ, ਰੂਪ ਰੇਖਾ ਤੇ ਹਵਾਲੇ | ਡਾ. ਪਰਮਜੀਤ ਸਿੰਘ | 35-50 |
| ਅਧਿਆਇ -05 | ਪ੍ਰਮੁੱਖ ਖੋਜ ਵਿਧੀਆਂ, ਰਿਪੋਰਟ ਰਚਨਾ, ਪੋਸਟਰ ਰਚਨਾ ਤੇ ਪੁਸਤਕ ਸੂਚੀ | ਡਾ. ਪਰਮਜੀਤ ਸਿੰਘ | 51-66 |
| ਅਧਿਆਇ -06 | ਖੋਜ ਵਿਚ ਇੰਟਰਨੈੱਟ ਦਾ ਯੋਗਦਾਨ ਅਤੇ ਕਾਪੀ ਰਾਈਟਸ | ਡਾ. ਪਰਮਜੀਤ ਸਿੰਘ | 67-76 |
| ਅਧਿਆਇ -07 | ਪੰਜਾਬੀ ਖੋਜ ਦਾ ਅਰੰਭ | ਡਾ. ਪਰਮਜੀਤ ਸਿੰਘ | 77-86 |
| ਅਧਿਆਇ -08 | ਪ੍ਰਮੁੱਖ ਪੰਜਾਬੀ ਖੋਜਕਾਰ -1 | ਡਾ. ਪਰਮਜੀਤ ਸਿੰਘ | 87-102 |
| ਅਧਿਆਇ -09 | ਪ੍ਰਮੁੱਖ ਪੰਜਾਬੀ ਖੋਜਕਾਰ -2 | ਡਾ. ਪਰਮਜੀਤ ਸਿੰਘ | 103-120 |
| ਅਧਿਆਇ -10 | ਪੰਜਾਬੀ ਖੋਜ ਦੀਆਂ ਸੰਭਾਵਨਾਵਾਂ | ਡਾ. ਪਰਮਜੀਤ ਸਿੰਘ | 121-132 |
| ਅਧਿਆਇ -11 | ਭਾਰਤੀ ਆਲੋਚਨਾ : ਆਰੰਭ ਤੇ ਵਿਕਾਸ | ਡਾ. ਪਰਮਜੀਤ ਸਿੰਘ | 133-144 |
| ਅਧਿਆਇ -12 | ਪੱਛਮੀ ਆਲੋਚਨਾ : ਆਰੰਭ ਤੇ ਵਿਕਾਸ | ਡਾ. ਪਰਮਜੀਤ ਸਿੰਘ | 145-156 |
| ਅਧਿਆਇ -13 | ਕਵਿਤਾ ਦੀ ਵਿਹਾਰਕ ਸਮੀਖਿਆ | ਡਾ. ਪਰਮਜੀਤ ਸਿੰਘ | 157-168 |
| ਅਧਿਆਇ -14 | ਵਾਰਤਕ ਦੀ ਵਿਹਾਰਕ ਸਮੀਖਿਆ | ਡਾ. ਪਰਮਜੀਤ ਸਿੰਘ | 169-180 |

DPBI 543

# ਅਧਿਆਇ-1 : ਖੋਜ ਦਾ ਅਰਥ, ਪਰਿਭਾਸ਼ਾ ਅਤੇ ਪੜਾਅ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਖੋਜ ਦੀ ਪਰਿਭਾਸ਼ਾ ਨੂੰ ਸਮਝਣ ਦੇ ਸਮਰੱਥ ਹੋਣਗੇ।
- ਖੋਜ ਦੇ, ਸਰੂਪ ਅਤੇ ਤੱਤਾਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਖੋਜ ਦੇ ਪ੍ਰਯੋਜਨ ਤੋਂ ਜਾਣੂ ਹੋਣਗੇ।
- ਖੋਜ ਦੇ ਮਹੱਤਵ ਤੋਂ ਜਾਣੂ ਹੋਣਗੇ।
- ਖੋਜ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।

## ਪ੍ਰਸਤਾਵਨਾ:

ਸਾਹਿਤ ਇੱਕ ਅਜਿਹਾ ਸਾਧਨ ਹੈ ਜਿਸ ਰਾਹੀ ਮਨੁੱਖ ਦੇ ਮਨੋਭਾਵਾਂ, ਮਨੋਵੇਗਾਂ ਅਤੇ ਸਮਾਜਿਕ ਯਥਾਰਥ ਦਾ ਕਲਾਤਮਕ ਪਗਟਾਵਾ ਹੁੰਦਾ ਹੈ। ਸਾਹਿਤ ਹਮੇਸ਼ਾ ਹੀ ਕਿਸੇ ਸਕਾਰਾਤਮਕ ਉਦੇਸ਼ ਦਾ ਧਾਰਨੀ ਹੁੰਦਾ ਹੈ। ਸਮਾਜ ਵਿੱਚ ਆਰਥਿਕ, ਸਮਾਜਕ, ਰਾਜਨੀਤਿਕ, ਧਾਰਮਿਕ ਘਟਨਾਵਾਂ, ਜਦੋ ਮਨੁੱਖੀ ਮਨੋਭਾਵਾਂ ਨਾਲ ਟਕਰਾਉਂਦੀਆਂ ਹਨ ਤਾਂ ਸਾਹਿਤ ਪੈਦਾ ਹੁੰਦਾ ਹੈ। ਲੇਖਕ ਸਮਾਜ ਦੇ ਯਥਾਰਥ ਵਿੱਚ ਕਾਲਪਨਿਕ ਅੰਸ਼ ਪਾ ਕੇ ਸਾਹਿਤਕ ਰਚਨਾ ਦੀ ਉਤਪਤੀ ਕਰਦਾ ਹੈ। ਸਾਹਿਤ ਬਾਰੇ ਖੋਜ ਕਰਨਾ ਸਾਹਿਤ ਦੇ ਨਵੇਂ ਤੱਥਾਂ ਨੂੰ ਉਜਾਗਰ ਕਰਨਾ ਹੁੰਦਾ ਹੈ ਅਤੇ ਨਵੀਆਂ ਸਿਧਾਂਤਿਕ ਧਾਰਨਾਵਾਂ ਦੀ ਸਿਰਜਣਾ ਕਰਨਾ ਹੁੰਦਾ ਹੈ। ਇਸ ਅਧਿਆਇ ਦਾ ਮੁਖ ਉਦੇਸ਼ ਵਿਦਿਆਰਥੀਆਂ ਨੂੰ ਖੋਜ ਦੀ ਪਰਿਭਾਸ਼ਾ, ਸਰੂਪ ਬਾਰੇ ਜਾਣਕਾਰੀ ਦੇਣਾ ਹੈ; ਤਾਂ ਕਿ ਵਿਦਿਆਰਥੀ ਖੋਜ ਦੀ ਪ੍ਰਕਿਰਤੀ ਨੂੰ ਸਮਝ ਸਕਣ।

## ਵਿਸ਼ਾ ਵਸਤੂ:

ਖੋਜ ਕੇ ਕੋਸ਼ਗਤ ਅਰਥ:

ਅੰਗਰੇਜ਼ੀ ਦੀ ਵੈਬਸਟਰਜ਼ ਨਿਊ ਇੰਟਰਨੈਸ਼ਨਲ ਡਿਕਸ਼ਨਰੀ ਅਨੁਸਾਰ 'ਰਿਸਰਚ' ਖੋਜ

- ਸਾਵਧਾਨੀ ਜਾਂ ਸਿਰੜ ਨਾਲ ਕੀਤੀ ਖੋਜ,
- ਘੋਖਵੀਂ ਖੋਜ (ਜਿਵੇਂ ਕਿਸੇ ਲੁਕੇ ਖਜ਼ਾਨੇ ਲਈ)
- ਦ੍ਰਿੜਤਾ ਸਹਿਤ ਕੀਤੀ ਛਾਣ ਬੀਣ ਜਾਂ ਪਰੀਖਿਆ
- ਆਲੋਚਨਾਤਮਕ ਅਤੇ ਵਿਸਤ੍ਰਿਤ ਜਾਂਚ ਪੜਤਾਲ ਜਾਂ ਪਰੀਖਣ ਜਿਸ ਦਾ ਉਦੇਸ਼, ਨਵੇਂ ਤੱਥਾਂ ਦਾ ਲੱਭਣਾ ਤੇ ਉਨ੍ਹਾਂ ਦੀ ਠੀਕ ਵਿਆਖਿਆ ਕਰਨਾ
- ਸਵੀਕਾਰ ਕੀਤੇ ਜਾ ਚੁੱਕੇ ਨਿਸ਼ਕਰਸ਼, ਸਿਧਾਂਤਾਂ ਜਾਂ ਨਿਯਮਾਂ ਦੀ ਨਵੇਂ ਲੱਭੇ ਤੱਥਾਂ ਦੀ ਰੋਸ਼ਨੀ ਵਿਚ ਸ਼ੋਧ ਅਜੇਹੇ ਨਵੇਂ ਅਥਵਾ ਸੋਧ ਹੋਏ ਨਿਸ਼ਕਰਸ਼ਾਂ, ਸਿਧਾਂਤਾਂ ਅਥਵਾਂ ਨਿਯਮਾਂ ਦੀ ਵਿਵਹਾਰਕ ਵਰਤੋਂ ਕਰਨਾ।
- ਖੋਜ ਘੱਟ ਗਿਆਤ ਅਤੇ ਅਸਲੋਂ ਘੱਟ ਗਿਆਤ ਵਸਤਾਂ ਬਾਰੇ ਵਧੇਰੇ ਅਤੇ ਹੋਰ ਵਧੇਰੇ ਜਾਣਨ ਦੀ ਕਿਰਿਆ ਹੈ।
- ਗਿਆਤ ਤੋਂ ਅਗਿਆਤ ਤਕ ਵਧਣਾ ਤੇ ਉਸ ਦੀ ਨਵੇਂ ਸਿਰੇ ਤੋਂ ਵਿਆਖਿਆ ਕਰਨਾ ਹੀ ਖੋਜ ਦਾ ਮਨੋਰਥ ਹੈ।
- ਖੋਜ ਦਾ ਮਨੋਰਥ ਮਨੁੱਖੀ ਗਿਆਨ ਵਿਚ ਵਾਧਾ ਕਰਨਾ ਹੈ।
- ਖੋਜ ਤੱਥਾਂ ਜਾਂ ਨਿਯਮਾਂ ਦੀ ਭਾਲ ਵਿਚ ਬੜੀ ਸਾਵਧਾਨੀ ਜਾਂ ਸਮੀਖਿਆਤਮਕ ਦ੍ਰਿਸ਼ਟੀ ਨਾਲ ਕੀਤੀ ਛਾਣਬੀਨ ਜਾਂ ਪਰਖ ਹੈ। ਇਹ ਕਿਸੇ ਗੱਲ ਦੀ ਤਹਕੀਕ ਲਈ ਕੀਤੀ ਸਿਰੜ ਭਰੀ ਪੁਣਛਾਣ ਹੈ।

**ਅਨੁਸ਼ੀਲਨ ਤੇ ਪਰੀਸ਼ੀਲਨ:**

ਇਨ੍ਹਾਂ ਸ਼ਬਦਾਂ ਦਾ ਅਰਥ ਹੈ, 'ਧਿਆਨ' 'ਅਭਿਆਸ ਚਿੰਤਨ', ਮਨਨ ਅਥਵਾ ਅਧਿਐਨ ਕਰਨਾ। ਡਾ. ਬੈਜਨਾਥ ਸਿੰਹਲ ਨੇ ਇਨ੍ਹਾਂ ਸ਼ਬਦਾਂ ਨੂੰ 'ਸ਼ੋਧ' ਜਾਂ 'ਖੋਜ' ਦੇ ਪਰਿਆਏਵਾਚੀ ਹੋਣ ਤੋਂ ਇਨਕਾਰ ਕੀਤਾ ਹੈ। ਇਨ੍ਹਾਂ ਸ਼ਬਦਾਂ ਦਾ ਸੰਬੰਧ 'ਮੁਲਿਆਕਣ' ਨਾਲ ਤਾਂ ਹੈ ਪਰ 'ਸੋਧ' ਦੀਆਂ ਬਾਕੀ ਕਿਰਿਆਵਾਂ ਨਾਲ ਨਹੀਂ।

**ਅਰਗਨਮ:**

ਇਹ ਸ਼ਬਦ 'ਮ੍ਰਿਗ' ਧਾਤੂ ਤੋਂ ਬਣਿਆ ਹੈ। ਮਾਰਗਨਮ ਦਾ ਅਰਥ ਵੀ ਗਵੇਸਣਾ ਵਾਂਗ ਖੋਜਣਆ ਢੂੰਡਣਾ ਜਾਂ ਪਤਾ ਲਗਾਉਣਾ ਹੈ। ਇਹ ਸ਼ਬਦ 'ਖੁਰਾ ਖੋਜ' ਦੇ ਸੰਕਲਪ ਨਾਲ ਜੁੜ ਜਾਂਦਾ ਹੈ ਪਰ ਇਸ ਦਾ ਪ੍ਰਯੋਗ ਖੋਜ-ਖੇਤਰ ਵਿਚ ਘੱਟ ਹੋਇਆ ਹੈ।

**ਜਿਗਿਆਸਾ**:

'ਜਿਗਿਆਸਾ' ਜਾਨਣ ਦੀ ਇੱਛਾ ਰੱਖਣਾ, ਜਿਗਿਆਸੂ ਬਿਰਤੀ ਵਾਲਾ ਪੁਰਸ਼ ਅਧਿਆਤਮਕ ਖੇਤ ਵਿਚ ਵਧੇਰੇ ਕਾਰਜਸ਼ੀਲ ਹੁੰਦਾ ਹੈ। ਕਿਸੇ ਕਹਾਣੀ ਵਿਚ ਘਟਨਾ ਦੇ ਵਾਪਰਨ ਦਾ ਰਹੱਸ ਜਾਨਣ ਵਾਲਾ ਵੀ ਜਿਗਿਆਸੂ ਹੁੰਦਾ ਹੈ। ਇਸ ਸ਼ਬਦ ਦਾ ਘੇਰਾ ਸੀਮਤ ਹੈ, ਇਸ ਲਈ ਇਹ ਸ਼ਬਦ ਵੀ ਖੋਜ ਦੇ ਖੇਤਰ ਦੀ ਚੀਜ਼ ਨਹੀਂ ਬਣ ਸਕਿਆ ਹੈ।

**ਤਹਕੀਕ**:

ਇਹ ਸ਼ਬਦ ਅਰਬੀ, ਫ਼ਾਰਸੀ ਅਤੇ ਉਰਦੂ ਤਿੰਨਾਂ ਭਾਸ਼ਾਵਾਂ ਵਿਚ ਖੋਜ ਲਈ ਪ੍ਰਯੋਗ ਹੁੰਦਾ ਹੈ। ਇਸ ਦਾ ਧਾਤੂ ਅਰਬੀ ਸ਼ਬਦ 'ਹੱਕ' ਹੈ ਜਿਸ ਦਾ ਅਰਥ ਹੈ 'ਸੱਚਾਈ' ਜਾਂ 'ਸਤਯ'। ਤਹਿਕੀਕ, ਹੱਕ ਤੋਂ ਬਣੀ ਕਿਰਿਆ ਹੈ, ਜਿਸ ਦਾ ਅਰਥ ਹੈ ਸੱਚਾਈ ਦੀ ਭਾਲ ਕਰਨਾ ਜਾਂ ਅਸਲੀ ਗੱਲ ਦੀ ਤਹਿ ਤੱਕ ਪਹੁੰਚਣਾ। ਇਸ ਤਰ੍ਹਾਂ ਇਹ ਸ਼ਬਦ ਖੋਜ ਕਿਰਿਆ ਨੂੰ ਹੀ ਨਹੀਂ ਖੋਜ ਉਪਲਬਧਦੀ ਅਥਵਾ ਖੋਜ ਕੇ ਕੱਢੇ ਸਿੱਟਿਆਂ ਨੂੰ ਵੀ ਪ੍ਰਸਤੁਤ ਕਰਦਾ ਹੈ। ਪਰੰਤੂ ਇਨ੍ਹਾਂ ਦੇ ਮੁਕਾਬਲੇ 'ਖੋਜ' ਸ਼ਬਦ ਪੰਜਾਬੀ ਵਿੱਚ ਵਧੇਰੇ ਮਕਬੂਲ ਹੋ ਚੁੱਕਿਆ ਹੈ।

ਖੋਜ ਦੇ ਅਰਥ, ਸਰੂਪ ਅਤੇ ਪ੍ਰਕਾਰਜ ਲਈ ਸਭ ਤੋਂ ਮਹੱਤਵਪੂਰਨ ਸਰੋਤ ਡਾ. ਪਿਆਰ ਸਿੰਘ ਦੀ ਪੁਸਤਕ ਹੈ। ਉਨ੍ਹਾਂ ਨੇ ਇਸ ਬਾਰੇ ਵਿਸਤਾਰ ਵਿਚ ਚਰਚਾ ਕੀਤੀ ਹੈ। ਉਹ ਵਿਸਤਾਰ ਏਥੇ ਪੇਸ਼ ਹੈ:

ਖੋਜ-ਭਾਵਾਰਥ : ਅੰਗੇਜ਼ੀ ਪਦ "ਰਿਸਰਚ ਜਿਸ ਲਈ ਪੰਜਾਬੀ ਵਿਚ ਸ਼ਬਦ "ਖੋਜ ਪ੍ਰਚਲਿਤ ਹੈ, ਸਰਚ (search ) ਤੋਂ ਪਹਿਲਾਂ ਰੀ- (re) ਉਪਸਰਗ ਲਗ ਕੇ ਬਣਿਆ . ਹੈ । "ਸਰਚ ਪ੍ਰਾਚੀਨ ਫਾਂਸੀਸੀ ਭਾਸ਼ਾ ਦੇ ਧਾਤ cerchier ਤੋਂ ਲਿਆ ਗਿਆ ਹੈ ਤੇ ਇਸ ਦਾ ਅਰਥ ਹੈ 'ਖੋਜ', 'ਭਾਲ', 'ਢੰਡ ਜਾਂ 'ਤਲਾਸ਼', ਅਤੇ ਰੀ- ਅਰਥ ਹੈ ਮੁੜ, ਫਿਰ ਜਾਂ 'ਦੁਬਾਰਾ । ਪਰੰਤੂ, ਸਰਚ ਨਾਲ ਰਲ ਕੇ ਰੀ- ਦਾ ਅਰਥ 'ਮੁੜ', 'ਫਿਰ' ਜਾਂ "ਦੁਬਾਰਾ ਤਕ ਸੀਮਿਤ ਨਹੀਂ ਰਿਹਾ, ਸਗੋਂ 'ਮੁੜ ਮੁੜ', 'ਫਿਰ ਫਿਰ', 'ਬਾਰ ਬਾਰ' ਹੋ ਗਿਆ ਹੈ; ਅਤੇ ਜਿਹੜੀ ਚੀਜ਼ ਬਾਰ ਬਾਰ ਕੀਤੀ ਜਾਵੇ, ਉਸਦਾ ਪ੍ਰਭਾਵ ਵਿਚ ਗਾਹੜਾ ਜਾਂ ਸੰਘਣਾ ਹੋਣਾ ਸੁਭਾਵਕ ਹੈ । ਇਸ ਲਈ, ਦੋਹਾਂ ਨੂੰ ਮਿਲਾ ਕੇ ਰਿਸਰਚ ਦਾ ਅਰਥ 'ਬਾਰ ਬਾਰ ਕੀਤੀ ਘੋਖਵੀਂ ਖੋਜ ਹੋਇਆ । ਇਨਾਂ ਅਰਥਾਂ ਵਿਚ ਹੀ ਇਹ ਪਦ ਅੱਜ ਗਿਆਨ ਵਿਗਿਆਨ ਦੇ ਖੇਤਰ ਵਿਚ ਰੂੜ ਹੈ । ਵਿਹਾਰ ਵਿਚ, ਖੋਜ ਉਹ ਕਿਰਿਆ ਹੈ ਜਿਸ ਵਿਚ ਖੋਜਕਾਰ ਵਖ ਵਖ ਸ਼ਤਾਂ ਤੋਂ ਭਿੰਨ ਭਿੰਨ ਢੰਗਾਂ ਨਾਲ ਤੱਥ ਇਕਤ ਕਰਦਾ ਤੇ ਫਿਰ ਉਨ੍ਹਾਂ ਦੀ ਘੋਖਵੀਂ ਪੁਣ ਛਾਣ ਦੁਆਰਾ ਉਨ੍ਹਾਂ ਅੰਦਰ ਨਿਹਿਤ ਸੱਚ ਨੂੰ ਪ੍ਰਗਟ ਕਰਦਾ ਹੈ । ਇਹ ਕਿਰਿਆ ਅੱਜ ਇੰਨੀ ਮਹੱਤਪੂਰਣ ਹੋ ਚੁਕੀ ਹੈ ਕਿ ਇਸ ਨੂੰ ਸੁਤੰਤਰ ਅਨੁਸ਼ਾਸਨ ਨੇ ਬਿਨਾ ਚਾਰਾ ਨਹf। 11.1. ਵਿਉਤਪੱਤੀ : "ਖੋਜ' ਪੰਜਾਬੀ ਜਨ-ਜੀਵਨ ਵਿਚ ਆਮ ਵਰਤਿਆ ਜਾਂਦਾ ਪਦ ਹੈ । ਇਸ ਦੀ ਵਿਉਤਪੱਤੀ ਪ੍ਰਾਕ੍ਰਿਤ ਦੇ 'ਖੋਜ ਸ਼ਬਦ ਤੋਂ ਹੋਈ ਸਿੱਧ ਹੁੰਦੀ ਹੈ ਜਿਸ ਦਾ ਅਰਥ ਹੈ 'ਪਦ-ਚਿਹਨ' ? ਇਹ ਸ਼ਬਦ ਪੰਜਾਬੀ ਪਦ '' ਦੀ ਯਾਦ ਤਾਜ਼ਾ ਕਰਾਂਦਾ ਹੈ । '' ਗੁਆਚੇ ਡੰਗਰ ਜਾਂ ਚੋਰੀ ਵਿਚ ਗਏ ਡੰਗਰ ਦੇ ਪੈਰ-ਚਿਹਨਾਂ ਲਈ ਵਰਤਿਆ ਜਾਂਦਾ ਪਦ ਹੈ । ਪੈਰ-ਚਿਹਨਾਂ ਦਾ ਪ੍ਰਗਟਾਊ ਇਕ ਹੋਰ ਸ਼ਬਦ 'ਪੈੜ' ਵੀ ਹੈ । ਇਹ ਡੰਗਰ ਦੇ ਪੈਰ-ਹਨਾਂ ਦੇ ਨਾਲ ਡੰਗਰ ਚੋਰੀ ਕਰਕੇ ਲੈ ਗਏ ਚੋਰ ਦੇ ਪੈਰ-ਚਹਨਾਂ ਦਾ ਸੂਚਕ ਵੀ ਹੈ। ਚੋਰੀ ਦੇ ਸੰਦਰਭ ਵਿਚ 'ਪੈੜ' ਤੇ 'ਖੁਰਾ', ਦੋਵੇਂ ਪਦ, ਬਿਨਾ ਕਿਸੇ ਵਿਤਕਰੇ ਦੇ ਵਰਤੇ ਜਾਂਦੇ ਹਨ; ਦੋਹਾਂ ਵਿਚ ਕੋਈ ਅੰਤਰ ਨਹੀਂ ਕੀਤਾ ਜਾਂਦਾ । ਖੁਰ ਜਾਂ ਖੁਰ ਨੂੰ ਬਹੁਤੀ ਵਾਰੀ ਖੋਜ ਨਾਲ ਮਿਲਾ ਕੇ ਖੁਰ-ਖੋਜ ਜਾਂ "ਖੁਰਾ-ਖੋਜ' ਦੇ ਸਮਾਸ ਰੂਪ ਵਿਚ ਵੀ ਵਰਤਿਆਂ ਜਾਂਦਾ ਹੈ । ਸਾਰੇ ਪਦ ਗੁਆਚੀ ਹੋਈ ਵਸਤ ਦੀ ਮੁੜ-ਪ੍ਰਾਪਤੀ ਦੇ ਯਤਨਾਂ ਨਾਲ ਸੰਬੰਧਿਤ ਹਨ । | ਸ਼ਬਦ "ਖੁਰ-ਖੋਜ' ਜਾਂ 'ਖੁਰਾ-ਖੋਜ' ਅਤੇ 'ਖੁਰਾ' ਭਾਰਤੀ ਜਨ-ਜੀਵਨ ਦੇ ਉਸ ਪੜਾਉ ਨੂੰ ਚੇਤੇ ਕਰਾਂਦੇ ਹਨ ਜਦੋਂ ਉਹ ਆਪਣੀ ਗੁਜ਼ਰਾਨ ਡੰਗਰਾਂ ਨੂੰ ਪਾਲ ਕੇ ਕਰਦਾ ਸੀ । ਇਸ ਅਵਸਥਾ ਵਿਚ ਉਸ ਦੀ ਸਾਰੀ ਪੂੰਜੀ ਉਸ ਦੇ ਡੰਗਰ ਹੁੰਦੇ ਸਨ, ਜਿਨ੍ਹਾਂ ਨੂੰ ਉਹ ਚਾਰਣ ਲਈ ਵਖ ਵਖ ਥਾਵਾਂ ਉੱਤੇ ਲਈ ਫਿਰਦਾ ਸੀ । ਕਈ ਵਾਰੀ ਇਨ੍ਹਾਂ ਵਿਚ ਕੋਈ ਡੰਗਰ ਵੱਗ ਨਾਲੋਂ ਅੱਡ ਹੋ ਕੇ ਜੰਗਲ ਵਿਚ ਗੁਆਚ ਜਾਂਦਾ, ਜਾਂ ਕਿਸੇ ਹੋਰ ਕਬੀਲੇ ਦੇ ਹੱਥੋਂ ਚੁਰਾਇਆ ਜਾਂਦਾ, ਤਾਂ ਗੁਆਚੇ ਡੰਗਰ ਦੀ ਖੋਜ ਕਰਨ ਵਾਲੇ ਡੰਗਰ ਦਾ ਖੁਰਾ ਨਪਦੇ ਉਸ ਨੂੰ, ਜਿੱਥੇ ਵੀ ਉਹ ਹੁੰਦਾ, ਜਾ ਲਭਦੇ। ਖੁਰਾ ਨੱਪਣ ਵਾਲੇ ਨੂੰ ਖੋਹੀਂ ਕਹਿਆ ਜਾਂਦਾ ਸੀ । ਇਹ ਲੋਕ ਆਪਣੇ ਕਸਬੇ ਵਿਚ ਬੜੇ ਹੀ ਮਾਹਿਰ ਹੁੰਦੇ ਸਨ । ਕਈ ਵਾਰੀ ਇਹ ਘਟਨਾ ਦੇ ਚਿਰ ਕਾਲ ਪਿੱਛੋਂ ਵੀ ਡੰਗਰ ਦੇ ਖੁਰ-ਚਿਹਨ ਜਾਂ ਪੈੜ ਵੇਖ ਕੇ ਦੱਸ ਦੇਂਦੇ ਸਨ ਕਿ ਇਹ ਉਹੀ ਡੰਗਰ ਹੈ ਜੋ ਅੱਜ ਤੋਂ ਤਿੰਨ ਸਾਲ ਪਹਿਲਾਂ ਫਲਾਣੇ ਘਰ ਤੋਂ ਚੋਰੀ ਹੋ ਗਿਆ ਸੀ ।

***ਖੋਜ ਵਿਧੀ***

ਸਮੇਂ ਦੇ ਲੰਘਣ ਨਾਲ ਡੰਗਰਾਂ ਦੀ ਖੋਜ ਲਈ ਵਰਤਿਆ ਜਾਂਦਾ ਇਹੀ ਪਦ, ਭਾਵ 'ਖੁਰ ਜਾਂ ਖੁਰਾ, ਚੋਰੀ ਗਈਆਂ ਹੋਰਨਾਂ ਵਸਤਾਂ ਦੇ ਪ੍ਰਸੰਗ ਵਿਚ ਵੀ ਵਰਤਿਆ ਜਾਣ ਲਗਾ।

. ਖੋਜ : ਸਰੂਪ ਅਤੇ ਪ੍ਰਕਾਰਜ : ਖੋਜ਼-ਕਿਰਿਆ ਲਈ ਵਰਤੇ ਜਾਂਦੇ ਤੇ ਪਯਾਇ ਰੂਪ ਵਿਚ ਇਸ ਪਦ ਲਈ ਸੁਝਾਏ ਜਾਂਦੇ ਪਦਾਂ ਉਪਰ ਕੀਤੀ ਚਰਚਾ ਖੋਜ ਦੇ ਸਰੂਪ ਅਤੇ ਪ੍ਰਕਾਰਜ ਨੂੰ ਸਮਝਣ ਵਿਚ ਸਹਾਈ ਹੁੰਦੀ ਹੈ । ਪਰੰਤੂ, ਇਸ ਤੋਂ ਪਹਿਲਾਂ ਕਿ ਅਸੀਂ ਇਸ ਚਰਚਾ ਦੇ ਸੰਕੇਤਿਤ ਸਿੱਟਿਆਂ ਵਲ ਪਰਤੀਏ, ਸਾਨੂੰ ਖੋਜ (ਰਿਸਰਚ) ਦੇ ਅੰਗ੍ਰੇਜ਼ੀ ਭਾਸ਼ਾ ਵਿਚ ਲਏ ਜਾਂਦੇ ਭਾਵ ਤੋਂ ਵਧੇਰੇ ਵੇਰਵੇ ਨਾਲ ਜਾਣ-ਪਛਾਨ ਕਰ ਲੈਣੀ ਚਾਹੀਦੀ ਹੈ, ਕਿਉਂਜੋ ਇਹ ਅਨੁਸ਼ਾਸਨ ਮੁਖ ਰੂਪ ਵਿਚ ਉਥੋਂ ਹੀ ਆਇਆ ਹੈ ।

ਕੋਸ਼ਗਤ ਅਰਥ : ਅੰਗ੍ਰੇਜ਼ੀ ਦੀ ਜਗਤ-ਪ੍ਰਸਿੱਧ ਵੈਬ ਸਟਰਜ਼ ਨਿਊ ਇੰਟਰ ਨੈਸ਼ਨਲ ਡਿਕਸ਼ਨਰੀ ਵਿਚ 'ਸਰਚ' ਪਦ ਦੇ ਅਰਥ ਇਸ ਤਰਾਂ ਦਿੱਤੇ ਹੋਏ ਹਨ :

ਸਾਵਧਾਨੀ ਜਾਂ ਸਿਰੜ ਨਾਲ ਕੀਤੀ ਖੋਜ; ਘੋਖਵੀਂ ਖੋਜ (ਜਿਵੇਂ ਕਿਸੇ ਲੁਕੇ ਖ਼ਜ਼ਾਨੇ ਲਈ); ਦਿਤਾ ਸਹਿਤ ਕੀਤੀ ਛਾਣਬੀਨ ਜਾਂ ਪਰੀਖਿਆ, ਖਾਸ ਕਰਕੇ ਆਲੋਚਨਾਤਮਕ ਅਤੇ ਵਿਸਤ੍ਰਿਤ ਜਾਂਚ-ਪੜਤਾਲ ਜਾਂ ਪਰੀਖਣ, ਖੋਜ ਘਟ ਗਿਆਤ ਅਤੇ ਅਸਲੋਂ ਘਟ ਗਿਆਤ ਵਸਤਾਂ ਬਾਰੇ ਵਧੇਰੇ ਅਤੇ ਹੋਰ ਵਧੇਰੇ ਜਾਣਨ ਦੀ ਕਿਰਿਆ ਹੈ ? ਜਾਂ ਫਿਰ , ਅਗੇ ਵਧਣਾ ਹੈ-ਗਿਆਤ ਤੋਂ ਅਗਿਆਤ ਵਲ ਅਗੇ ਵਧਣਾ |

'ਗਿਆਤ' ਤੋਂ ਭਾਵ ਇੱਥੇ ਕਿਸੇ ਵਸਤੂ ਜਾਂ ਵਿਸ਼ੇ ਬਾਰੇ ਗਿਆਨ ਦੀ ਵਰਤਮਾਨ ਸਥਿਤੀ ਹੈ । ਜਿਸ ਵਸਤੂ ਜਾਂ ਵਿਸ਼ੇ ਉਪਰ ਅਸੀਂ ਖੋਜ ਕਰਨਾ ਲੋੜਦੇ ਹਾਂ, ਉਸ ਬਾਰੇ ਪ੍ਰਾਪਤ ਸਭ ਤਰ੍ਹਾਂ ਦਾ ਗਿਆਨ ਗਿਆਤ ਦਾ ਅੰਗ ਹੈ । ਕੋਈ ਵੀ ਖੋਜ ਆਪਣੇ ਤੋਂ ਪਹਿਲਾਂ ਲੱਭ ਤੱਥਾਂ ਦਾ ਗਿਆਨ ਲਏ ਬਿਨਾ ਚਲ ਨਹੀਂ ਸਕਦੀ । ਖੋਜ-ਵਿਧੀ ਬਾਰੇ ਪ੍ਰਾਪਤ ਜਾਣਕਾਰੀ ਵੀ ਗਿਆਤ ਵਿਚ ਸੰਮਿਲਿਤ ਹੈ । ਦੂਜੇ ਪਾਸੇ, "ਅਗਿਆਤ ਤੋਂ ਭਾਵ ਖਜ ਦਾ ਉਹ ਸਿੱਟਾ ਹੈ ਜੋ ਇਸ ਵਕਤ ਸਾਡੀਆਂ ਅੱਖਾਂ ਤੋਂ ਓਹਲੇ ਹੈ, ਪਰ ਜੋ ਖੋਜ-ਸਾਧਨਾ ਦੁਆਰਾ ਸਾਡੀ ਪਕੜ ਵਿਚ ਆ ਸਕਦਾ ਹੈ; ਅਤੇ, ਜੋ ਗੁਪਤ ਖ਼ਜ਼ਾਨੇ ਵਾਂਗ ਕੀਮਤੀ ਤੇ ਵਾਂਛਣੀ ਹੈ । ਉਦਾਹਰਣ ਵਜੋਂ, ਮੈਡੀਕਲ ਸਾਇੰਸ ਨੂੰ ਇਸ ਵਕਤ ਕੈਂਸਰ ਰੋਗ ਦੇ ਕਾਰਣਾਂ ਦਾ ਪਤਾ ਨਹੀਂ ਹੈ ਤੇ ਨਾ ਹੀ ਇਸ ਦਾ ਕੋਈ ਇਲਾਜ ਉਨਾਂ ਪਾਸ ਹੈ । ਜੇ ਕੋਈ ਡਾਕਟਰ ਕੈਂਸਰ ਦੇ ਰੋਗੀਆਂ ਦੀਆਂ ਕੇਸ-ਹਿਸਟਰੀਆਂ ਅਤੇ ਪ੍ਰਾਪਤ ਹੋਰਨਾਂ ਅੰਕੜਿਆਂ ਨਾਲ ਤੇ ਪ੍ਰਯੋਗਸ਼ਾਲਾ ਵਿਚ ਤਜਰਬਿਆਂ ਦੁਆਰਾ ਇਸ ਰੋਗ ਨੂੰ ਉਪਚਾਉਣ ਵਾਲੇ ਕਾਰਣਾਂ ਦਾ ਪਤਾ ਲਾ ਲੈਂਦਾ ਹੈ, ਤਾਂ ਇਹ ਗਿਆਤ (ਕੈਂਸਰ ਬਾਰੇ ਹੁਣ ਤਕ ਪ੍ਰਾਪਤ ਗਿਆਨ ਅਤੇ ਖਜ ਵਿਧੀ ਬਾਰੇ ਉਪਲਬਧ ਜਾਣਕਾਰੀ) ਤੋਂ ਅਗਿਆਤ (ਕੈਂਸਰ ਦੇ ਕਾਰਣਾਂ) ਵਲ ਵਧਣ ਦੀ ਕਿਰਿਆ ਹੋਵੇਗੀ । ਜੇ ਇਸ ਲੱਭਤ ਦੇ ਕੁਝ ਚਿਰ ਬਾਅਦ ਉਹੀ ਜਾਂ ਕੋਈ ਹੋਰ ਡਾਕਟਰ ਕੈਂਸਰ ਦੇ ਕਾਰਣਾਂ ਦੀ ਕਿਸੇ ਧੁੰਧਲੀ ਗੁਠ ਨੂੰ ਰੁਸ਼ਨਾਉਣ ਵਿਚ ਸਫਲ ਹੋ ਜਾਂਦਾ ਹੈ, ਜਾਂ ਕੈਂਸਰ ਰੋਗ ਦਾ ਦਾਰੂ ਲਭ ਲੈਂਦਾ ਹੈ, ਤਾਂ ਇਹ ਪਹਿਲਾਂ ਪ੍ਰਾਪਤ ਘਟ ਗਿਆਨ ਵਿਚ ਸੋਧ ਕਰਨਾ ਅਤੇ ਅਗਿਆਤ (ਦਾਰੂ) ਨੂੰ ਪ੍ਰਗਟ ਕਰਨਾ ਹੋਵੇਗਾ । ਸਿੱਟਾ ਦੋਹਾਂ ਹਾਲਤਾਂ ਵਿਚ ਗਿਆਨ ਦੇ ਵਾਧੇ ਵਿਚ ਨਿਕਲੇਗਾ, ਜੋ ਖੋਜ ਦਾ ਵਾਂਛਣੀ ਫਲ ਹੈ ।

ਸੱਚ ਦੀ ਭਾਲ : ਅਗਿਆਤ ਨੂੰ ਅੱਖਾਂ ਸਾਮਣੇ ਲਿਆਉਣਾ ਅਤੇ ਘਟ ਗਿਆਤ ਦੀ ਤਹਿ ਤਕ ਪਹੁੰਚਣਾ, ਤੱਥਾਂ ਜਾਂ ਸੱਚਾਈਆਂ ਦੇ ਆਵਿਸ਼ਕਾਰ ਵਿਚ ਪ੍ਰਗਟ ਹੁੰਦਾ ਹੈ । ਇਸ ਲਈ ਖੋਜ-ਕਿਰਿਆ ਦੀ ਵਿਆਖਿਆ ਕਈ ਵਾਰੀ ਸੱਚ ਦੀ ਭਾਲ' ਦੇ ਪਦਾਂ ਵਿਚ ਕੀਤੀ ਜਾਂਦੀ ਹੈ, ਜਿਵੇਂ

ਖੋਜ ਪ੍ਰਤੱਖਣ, ਤੁਲਨਾ ਅਤੇ ਪਰੀਖਣ ਦੀ ਸਹਾਇਤਾ ਨਾਲ ਕੀਤੀ ਸੱਚ ਦੀ ਭਾਲ ਹੈ ਅਤੇ ਖੋਜ ਦਾ ਮੁੱਖ ਉੱਦੇਸ਼ ਅੱਖੋਂ ਓਹਲੇ ਪਏ, ਹੁਣ ਤਕ ਲੋਕਾਂ ਦੇ ਸਾਮਣੇ ਨ ਆਏ, ਕਿਸੇ ਸੱਚ ਨੂੰ ਢੂੰਡ ਕਢਣਾ ਹੈ। ਸੱਚ ਦੀ ਭਾਲ' ਜਾਂ 'ਸੱਚ ਦੀ ਢੂੰਡ' ਤੱਥਾਂ ਦੀ ਖੋਜ ਦੁਆਰਾ ਹੀ ਸੰਭਵ ਹੈ । ਸੱਚ ਤੱਥਾਂ ਵਿਚ ਨਿਹਿਤ ਹੈ ਤੇ ਤੱਥ ਗਿਆਨ-ਮੰਦਿਰ ਦੀ ਉਸਾਰੀ ਦੀਆਂ ਇੱਟਾਂ ਹਨ । ਗਿਆਨ ਦੀ ਜਿੰਨੀ ਵੀ ਉਸਾਰੀ ਹੋਈ ਹੈ, ਸਭ ਤੱਥਾਂ ਦੇ ਆਧਾਰ ਤੇ ਹੋਈ ਹੈ । ਅਗੋਂ ਵੀ ਜੋ ਵਾਧਾ ਹੋਣਾ ਹੈ, ਤੱਥਾਂ ਦੀ ਪ੍ਰਾਪਤੀ ਨਾਲ ਹੋਣਾ ਹੈ । ਇਸ ਲਈ ਤਥਾਂ ਦਾ ਸੰਕਲਣ ਜਾਂ ਇਕਤ੍ਰੀਕਰਣ ਖੋਜ ਦੀ ਪਹਿਲੀ ਮੰਗ ਹੈ, ਪਰ ਨਿਪਟ ਤੱਥਾਂ ਦੇ ਸੰਕਲਣ ਨਾਲ ਵੀ ਸੱਚ ਦੀ ਭਾਲ' ਪੂਰੀ ਨਹੀਂ ਹੁੰਦੀ । ਤੱਕ ਭਾਵੇਂ ਕਿੰਨੇ ਖਚ ਭਰੇ ਹੋਣ ਅਤੇ ਉਨ੍ਹਾਂ ਦਾ ਕਿੱਡਾ ਵੱਡਾ ਢੇਰ ਕਿਉਂ ਨ ਲਾ ਲਿਆ ਜਾਵੇ, ਉਨ੍ਹਾਂ ਦਾ ਮੁੱਲ ਓਦੋਂ ਹੀ ਉਠਦਾ ਹੈ, ਜਦੋਂ ਉਹ ਜੀਵਨ ਲਈ ਕੋਈ ਸਾਰਥਕਤਾ ਗ੍ਰਹਿਣ ਕਰ ਲੈਂਦੇ ਹਨ । ਤੱਥਾਂ ਦੀ ਸਾਰਥਕਤਾ ਨੂੰ ਜਾਣਨ ਲਈ ਉਨ੍ਹਾਂ ਦਾ ਵਿਸ਼ਲੇਸ਼ਣ, ਉਨ੍ਹਾਂ ਦੀ ਚੀਰ-ਫਾੜ, ਕੀਤੀ ਜਾਣੀ ਜ਼ਰੂਰੀ ਹੈ । ਤੱਥਾਂ ਦੀ ਸਾਰਥਕਤਾ ਦੀ ਕਸਵੱਟੀ ਇਸ ਵਿਚ ਹੈ ਕਿ ਵਿਚਾਰ-ਅਧੀਨ ਤੱਥ ਵਿਸ਼ੈ-ਵਿਸ਼ੇਸ਼ ਦੇ ਖੰਡਨ ਮੰਡਨ ਵਿਚ ਕਿੰਨੇ ਕੁ ਸਹਾਈ ਹੁੰਦੇ ਹਨ । ਉਦਾਹਰਣ ਵਜੋਂ, ਜੇ ਅਸੀਂ ਸਿੱਕੇ ਦੇ ਫੈਲਾਉ ਦੇ ਕਿਸੇ ਦੇਸ਼ ਦੀ ਆਰਥਿਕਤਾ ਉੱਤੇ ਪਏ ਪ੍ਰਭਾਵ ਦਾ ਪਤਾ ਲਾਉਣਾ ਲੋੜਦੇ ਹਾਂ, ਤਾਂ ਇਸ ਸੰਦਰਭ ਵਿਚ ਇਹ ਤੱਥ ਕਿ ਜਾਰੀ ਕੀਤੇ ਸਿੱਕੇ ਨਾਲ ਲੈਣ ਦੇਣ ਕਰਨ ਤੋਂ ਬਿਨਾ ਲੋਕਾਂ ਨੇ ਉਧਾਰ (credit) ਦੀ ਸਹਾਇਤਾ ਨਾਲ ਵੀ ਪੰਜਾਹ ਕਰੋੜ ਰੁਪਏ ਦਾ ਲੈਣ ਦੇਣ ਕੀਤਾ, ਬੜਾ ਸਾਰਥਕ ਹੋਵੇਗਾ, ਕਿਉਂਜੋ ਉਧਾਰ ਨਾਲ ਸਾਧਿਆ ਕਾਰਜ ਸਫੀਤੀ (ਸਿੱਕੇ ਦੇ ਫੈਲਾਉ) ਦੇ

ਅਸਰ ਨੂੰ ਉਸੇ ਤਰ੍ਹਾਂ ਪ੍ਰਭਾਵਿਤ ਕਰਦਾ ਹੈ, ਜਿਸ ਤਰ੍ਹਾਂ ਸਿੱਕੇ ਦੀ ਮਾਤਾ ਵਿਚ ਵਾਧਾ ਜਾਂ ਘਾਟਾ । ਪਰੰਤ, ਸਾਡੇ ਸੰਕਲਿਤ ਕੀਤੇ ਤੱਥਾਂ ਵਿਚ ਜੇ ਇਕ ਤੱਥ ਇਸ ਮਤਲਬ ਦਾ ਵੀ ਹੈ ਕਿ ਲੋਕਾਂ ਨੇ ਵਿਚਾਰ ਅਧੀਨ ਸਾਲ ਵਿਚ ਚਾਵਲਾਂ ਦੀ ਖਰੀਦ ਉਪਰ ਕਣਕ ਨਾਲੋਂ ਸੌ ਕਰੋੜ ਰੁਪਏ ਘਟ ਖਰਚ ਕੀਤੇ, ਜਾਂ ਉਨ੍ਹਾਂ ਗੰਢਿਆਂ ਨਾਲੋਂ ਵੀਹ ਕਰੋੜ ਰੁਪਏ ਦਾ ਲਸਣ ਵਧੇਰੇ ਖਾਧਾ, ਤਾਂ ਖੋਜ-ਅਧੀਨ ਸਮਸਿਆ ਲਈ ਇਨ੍ਹਾਂ ਤੱਥਾਂ ਦੀ ਕੋਈ ਸਾਰਥਕਤਾ ਨਹੀਂ ਹੋਵੇਗੀ । ਸਾਹਿੱਤ ਦੇ ਖੇਤਰ ਵਿਚ ਕਿਸੇ ਲੇਖਕ ਦੀ ਆਰਥਿਕ ਦਸ਼ਾ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਇਹ ਤੱਥ ਕਿ ਅਧਿਐਨ ਅਧੀਨ ਲੇਖਕ ਦੇ ਉਸ ਉਪਰ ਨਿਰਭਰ ਸੱਤ ਧੀਆਂ ਪੁੱਤਰ ਸਨ, ਹਰ ਤਰ੍ਹਾਂ ਸਾਰਥਕ ਹੋਵੇਗਾ | ਪਰ ਇਹ ਤਥ ਕਿ ਉਸ ਦੀ ਗੁਆਂਢਣ ਦੇ ਤਿੰਨ ਧੀਆਂ ਪੁੱਤਰ ਹਨ, ਸਮਸਿਆ ਦੇ ਸਮਾਧਾਨ ਲਈ ਬੇ-ਲੋੜਾ ਹੋਵੇਗਾ । ਹਾਂ, ਇਹੀ, ਸਾਰਥਕ ਬਣ ਜਾਵੇਗਾ ਜੇ ਇਹ ਤੱਥ ਵੀ ਅੱਖਾਂ ਸਾਮਣੇ ਆ ਜਾਏ ਕਿ ਵਿਚਾਰ-ਅਧੀਨ ਲੇਖਕ, ਗੁਆਂਢਣ ਦੇ ਵਿਧਵਾ ਹੋਣ ਕਾਰਣ, ਉਸ ਦੇ ਬੱਚਿਆਂ ਦਾ ਬੋਝ ਵੀ ਆਪਣੇ ਸਿਰ ਲਈ ਬੈਠਾ ਹੈ । | ਤੱਥਾਂ ਦੀ ਸਾਰਥਕਤਾ ਤੱਥਾਂ ਦੇ ਵਿਸ਼ਲੇਸ਼ਣ ਨੇ ਪ੍ਰਗਟ ਕਰਨੀ ਹੁੰਦੀ ਹੈ । ਪਰੰਤੂ ਖੋਜ ਦੀ ਕਹਾਣੀ ਇੱਥੇ ਮੁਕ ਨਹੀਂ ਜਾਂਦੀ । ਤੱਥਾਂ ਦੇ ਵਿਸ਼ਲੇਸ਼ਣ, ਤੱਥਾਂ ਦੀ ਚੀਰ-ਫਾੜ ਤੋਂ ਅਗ ਚੱਲਣ ਦੀ ਲੋੜ ਹੈ । ਖੋਜਕਾਰ 'ਸੱਚ ਦੀ ਭਾਲ' ਵਾਲੇ ਆਪਣੇ ਟੀਚੇ ਤੇ ਓਦੋਂ ਹੀ ਪਹੁੰਚਿਆ ਕਿਹਾ ਜਾ ਸਕਦਾ ਹੈ, ਜਦੋਂ ਉਹ ਤੱਥਾਂ ਦੇ ਵਿਸ਼ਲੇਸ਼ਣ ਦੇ ਫਲਸਰੂਪ ਵੱਖ ਵੱਖ ਤੱਥਾਂ ਦਾ ਸਹ ਸੰਬੰਧ (correlation) ਸਥਾਪਤ ਕਰ ਲੈਂਦਾ ਹੈ । ਖੋਜ ਦੀ ਭਾਸ਼ਾ ਵਿਚ ਇਸ ਪ੍ਰਕਿਰਿਆ ਨੂੰ ਸੂਤੀਕਰਣ ((formulation) ਆਖਦੇ ਹਨ ਤੇ ਇਹੀ ਖੋਜ ਦੀ ਅਸਲੀ ਪ੍ਰਾਪਤੀ ਹੁੰਦੀ ਹੈ । ਉਪਰ ਸੰਕੇਤਿਤ ‘ਕੇ ਖਜ਼ਾਨੇ ਦੀ ਪ੍ਰਾਪਤੀ, ਲੁਕੇ ਸੱਚ ਦਾ ਆਵਿਸ਼ਕਾਰ ਹੀ ਹੁੰਦਾ ਹੈ ।

“ਅੱਖੋਂ ਓਹਲੇ ਪਿਆ ਸੱਚ ਸਾਨੂੰ ਕਿਸੇ ਸਥਾਪਨਾ, ਕਿਸੇ ਨਿਯਮ, ਕਿਸੇ ਸੂਤ ਦੇ ਰੂਪ ਵਿਚ ਮਿਲਦਾ ਹੈ । ਇਹ ਅੰਤਿਮ ਸੱਚ ਨਹੀਂ ਹੁੰਦਾ, ਕੇਵਲ ਆਪਣੇ ਸਮੇਂ ਦੇ ਗਿਆਨ ਦੇ ਸਾਪੇਖ ਅੰਤਿਮ ਹੁੰਦਾ ਹੈ । ਸਮੇਂ ਦੇ ਬੀਤਣ ਨਾਲ, ਨਵੇਂ ਨਵੇਂ ਤੱਥਾਂ ਦੇ ਸਾਮਣੇ ਆਉਣ ਨਾਲ, ਉਨ੍ਹਾਂ ਦੁਆਰਾ ਸਾਡੀ ਸਥਾਪਨਾ ਦੇ ਬਦਲਣ ਦੀ ਸੰਭਾਵਨਾ ਸਦਾ ਬਣੀ ਰਹਿੰਦੀ ਹੈ । ਇਸੇ ਲਈ ਖੋਜ ਨੂੰ “ਨਿਰੰਤਰ ਚਲਦੇ ਰਹਿਣ ਵਾਲੀ ਪ੍ਰਕਿਰਿਆ" (a continuous process ) ਕਿਹਾ ਜਾਂਦਾ ਹੈ, ਤੇ ਇਹ ਇੱਕ ਅਕੱਟ ਸੱਚਾਈ ਹੈ । ਸਾਡੇ ਬਜ਼ੁਰਗ ਕਿਸੇ ਸਮੇਂ ਸਾਰੀ ਸ਼ਿਸ਼ਟੀ ਦੀ ਰਚਨਾ ਪੰਜ ਤੱਤਾਂ-ਅੱਗ, ਹਵਾ, ਪਾਣੀ ਮਿੱਟੀ ਤੇ ਆਕਾਸ਼ ਤੋਂ ਹੋਈ ਮੰਨਦੇ ਸਨ । ਵਿਗਿਆਨਿਕ ਖੋਜ ਨੇ ਸਿੱਧ ਕਰ ਦਿੱਤਾ ਹੈ ਕਿ ਅੱਗ ਪਦਾਰਥ (matter) ਨਹੀਂ, ਊਰਜਾ (energy) ਹੈ; ਪਾਣੀ ਸੁਤੰਤਰ ਤੱਤ ਨਹੀਂ, ਦੋ ਤੱਤਾਂ, ਔਕਸੀਜਨ ਤੇ ਹਾਈਡੋਜਨ, ਦਾ ਯੋਗ (compound) ਹੈ । ਹਵਾ ਇਕਹਿਰੀ ਹੱਦ ਨਹੀਂ, ਕਈ ਤਰ੍ਹਾਂ ਦੀਆਂ ਗੈਸਾਂ ਦਾ ਪ੍ਰਿਥਵੀ ਉਪਰ ਚੜਿਆ ਉਛਾੜ ਹੈ, ਤੇ ਇਸੇ ਤਰ੍ਹਾਂ ਮਿੱਟੀ ਕੋਈ ਸਰਲ ਜੇਹੀ ਵਸਤੂ ਨਹੀਂ, ਅਨੇਕ ਪ੍ਰਕਾਰ ਦੇ ਪਦਾਰਥਾਂ ਦਾ ਸਮੂਹ ਹੈ । ਫਲਸਰੂਪ, ਵਿਗਿਆਨਕ ਖੋਜ ਦੇ ਆਧਾਰ ਤੇ ਦ੍ਰਿਸ਼ਟੀ ਨੂੰ ਬਣਾਉਣ ਵਾਲੇ ਪੰਜ ਤੱਤਾਂ ਦੀ ਬਜਾਇ, ਪਹਿਲਾਂ ਇਕਾਨਵੇਂ ਤੱਤ ਨਿਰਧਾਰਿਤ ਕੀਤੇ ਗਏ, ਫਿਰ ਇਕਾਨਵਿਆਂ ਦੀ ਗਿਣਤੀ ਵੀ ਸਥਿਰ ਨ ਰਹੀ, ਹੋਰ ਤੇ ਹੋਰ ਤੱਤ ਲਭਦੇ ਚਲੇ ਗਏ, ਅਤੇ ਅੱਜ ਇਨ੍ਹਾਂ ਦੀ ਗਿਣਤੀ 114 ਹੋ ਚੁਕੀ ਹੈ । ਕੌਣ ਕਹਿ ਸਕਦਾ ਹੈ ਕਿ ਇਸ ਨਾਲ ਵੀ ਪਦਾਰਥ ਸੰਬੰਧੀ ਖੋਜ ਆਪਣੇ ਅੰਤ ਨੂੰ ਪ੍ਰਾਪਤ ਕਰ ਚੁਕੀ ਹੈ ? ਖੋਜ ਦੀਆਂ ਸੰਭਾਵਨਾਵਾਂ ਤੋਂ ਜਾਣੂ ਵਿਗਿਆਨਕ ਸਭ ਕੁਝ ਲਭ ਲੈਣ ਦਾ ਕਦੀ ਦਾਅਵਾ ਨਹੀਂ ਕਰਦੇ, ਸਗੋਂ ਹਮੇਸ਼ਾ ਇਹੀ ਕਹਿੰਦੇ ਸੁਣੇ ਗਏ ਹਨ ਕਿ ਮਨੁੱਖ ਨੇ ਕਿਰਤੀ ਦੇ ਅਥਾਹ ਸਾਗਰ ਵਿੱਚੋਂ ਹਾਲੀ ਕੁਝ ਕੁ ਘੋਘੇ ਸੰਖ ਤੇ ਕੌਡੀਆਂ ਚੁਣਨ ਦੀ ਸਫਲਤਾ ਹੀ ਪ੍ਰਾਪਤ ਕੀਤੀ ਹੈ ।

## <u>ਖੋਜ ਦੇ ਪੜਾਉ</u>

**ਤੱਥ ਅਵਲੋਕਣ ਜਾਂ ਤੱਥਾਂ ਦਾ ਪ੍ਰਤੱਖਣ:**

ਸਮੱਸਿਆ ਦੀ ਹੋਂਦ ਦਾ ਅਹਿਸਾਸ ਖੋਜ ਦਾ ਪਹਿਲਾ ਸੂਤਰ ਹੈ। ਇਹ ਸਮੱਸਿਆ ਹੀ ਜਗਿਆਸਾ ਪੈਦਾ ਕਰਦੀ ਹੈ। ਸਮੱਗਰੀ ਤਲਾਸ਼ ਕੀਤੀ ਜਾਂਦੀ ਹੈ। ਇਹ ਆਧਾਰ ਸਮੱਗਰੀ ਹੀ ਡੈਟਾ (data) ਕਿਹਾ ਜਾਂਦਾ ਹੈ। ਇਸੇ ਸਮੱਗਰੀ ਦੇ ਰਸਤੇ ਚੱਲ ਕੇ ਖੋਜ ਦੀ ਮੰਜ਼ਿਲ ਪ੍ਰਾਪਤ ਹੁੰਦੀ ਹੈ।

ਡਾ. ਪਿਆਰ ਸਿੰਘ ਅਨੁਸਾਰ :

ਖੋਜ ਦਾ ਪਹਿਲਾ ਪੜਾਉ ਤੱਥ-ਅਵਲੋਕਣ ਜਾਂ ਰੁੱਖਾਂ ਦੇ ਪ੍ਰਤੱਖਣ (observation) ਦਾ ਹੈ । ਇਹ ਪੜਾਉ ਤਦੋਂ ਸ਼ੁਰੂ ਹੁੰਦਾ ਹੈ ਜਦੋਂ ਕੋਈ ਪ੍ਰਸ਼ਨ, ਕੋਈ ਸਮਸਿਆ, ਸਮਾਧਾਨ ਲਈ ਸਾਡੇ ਮੂੰਹ ਵਲ ਝਾਕ ਰਹੀ ਹੋਵੇ । ਦੂਜੇ ਸ਼ਬਦਾਂ ਵਿਚ, ਜਦੋਂ ਸਾਨੂੰ ਵਰਤਮਾਨ ਗਿਆਨ ਵਿਚ ਕੋਈ ਘਾਟ ਮਹਿਸੂਸ ਹੋ ਰਹੀ ਹੋਵੇ । ਸਮਸਿਆ ਦੀ ਹੋਂਦ ਖੋਜ ਦੇ ਸ਼ੁਰੂ ਹੋਣ ਦੀ ਪਹਿਲੀ ਸ਼ਰਤ ਹੈ । ਇਸੇ ਦਾ ਨਾਂ 'ਜਿਗਿਆਸਾ' ਹੈ । ਸਮਸਿਆ ਖੋਜ ਦਾ ਵਿਸ਼ੇ ਬਣ ਕੇ ਖੋਜ-ਕਾਰਜ ਦਾ ਉਦਘਾਟਣ ਕਰਦੀ ਹੈ । ਇਸ ਨਾਲ ਖੋਜ ਦਾ ਪਹਿਲਾ ਪੜਾਉ ਸ਼ੁਰੂ ਹੁੰਦਾ ਹੈ ਜਿਸ ਵਿਚ ਖੋਜ-ਵਿਸ਼ੇ ਨਾਲ ਸੰਬੰਧਿਤ ਖੇਤਰ ਵਿਚ ਘੁੰਮ ਕੇ ਖੋਜ ਹਿਤ ਲੋੜੀਂਦੀ ਸਾ ਲਭੀ ਜਾਂਦੀ ਹੈ । ਇਸ ਸਾਰੀ ਨੂੰ ਖੋਜ ਦੀ ਵਿਸ਼ੇਸ਼ ਭਾਸ਼ਾ ਵਿਚ “ਆਧਾਰ-ਸਾਮ) ਜਾਂ ਡੇਟਾ (data) ਕਿਹਾ ਜਾਂਦਾ ਹੈ । ਇਹ ਆਧਾਰ-ਸਾ ਹੈ ਕਿਉਂ ਜੋ ਸਾਡੀ ਖੋਜ ਦਾ ਆਧਾਰ ਇਸੇ ਨੇ ਬਣਨਾ ਹੈ; ਇਸੇ ਨੇ ਸਾਨੂੰ ਉਹ

***ਖੋਜ ਵਿਧੀ***

ਤੱਥ, ਉਹ ਸੱਚਾਈਆਂ, ਜੁਟਾਉਣੀਆਂ ਹਨ, ਜੋ ਇਸ ਵਕਤ ਸਾਡੀਆਂ ਅੱਖਾਂ ਤੋਂ ਓਹਲੇ ਹਨ ਅਤੇ ਜਿਨ੍ਹਾਂ ਦੀ ਭਾਲ ਲਈ ਅਸੀਂ ਖੋਜ ਦਾ ਬੀੜਾ ਚੁਕਿਆ ਹੈ ।

**ਤੱਥਾਂ ਦਾ ਸੰਕਲਨ ਜਾਂ ਇਕੱਤਰੀਕਰਣ :**

ਤੱਥ ਅਵਲੋਕਣ ਤੇ ਤੱਥ ਸੰਕਲਨ ਦਾ ਕੰਮ ਨਾਲੋਂ ਨਾਲ ਚਲਦਾ ਹੈ। ਇਸੇ ਲਈ ਇਸ ਨੂੰ 'ਤੱਥ ਅਨਵੇਸ਼ਣ' ਦਾ ਕਾਰਜ ਕਿਹਾ ਜਾਂਦਾ ਹੈ। ਤੱਥਾਂ ਦਾ ਵਿਸ਼ਲੇਸ਼ਣ ਜਾਂ ਤੱਥਾਂ ਦੀ ਚੀਰਫਾੜ ਖੋਜ ਦਾ ਤੀਜਾ ਪੜਾਅ ਹੈ। ਇਸ ਨੂੰ ਤੱਥ ਮੀਮਾਂਸਾ ਵੀ ਕਿਹਾ ਜਾਂਦਾ ਹੈ। ਇਸੇ ਪੜਾਅ ਉੱਤੇ ਤੱਥਾਂ ਦਾ ਆਪਸ ਵਿਚ ਸੰਬੰਧ ਲੱਭਿਆ ਜਾਂਦਾ ਹੈ। ਹ ਤੱਥ ਹੀ ਕਿਸੇ ਅੰਤਰੀਵ ਸੱਚਾਈ ਦਾ ਆਵਿਸ਼ਕਾਰ ਕਰਦੇ ਹਨ। ਤੱਥਾਂ ਦੀ ਵਿਆਖਿਆ। ਇਸੇ ਕਾਰਵਾਈ ਦਾ ਨਾਂ ਹੈ। ਖੋਜ ਪ੍ਰਬੰਧ ਦਾ ਬਹੁਤਾ ਭਾਗ ਇਸੇ ਕਾਰਜ ਨਾਲ ਹੀ ਸੰਬੰਧ ਰੱਖਦਾ ਹੈ। ਇਹੋ ਖੋਜ ਦਾ ਗੌਰਵ ਬਣਦਾ ਹੈ।

ਡਾ. ਪਿਆਰ ਸਿੰਘ ਅਨੁਸਾਰ :

ਖੋਜ ਦਾ ਦੂਜਾ ਪੜਾਉ ਤੱਥਾਂ ਦੇ ਸੰਕਲਣ ਜਾਂ ਇਕਤੀਕਰਣ (collection) ਦਾ ਹੈ । ਵਿਹਾਰ ਵਿਚ ਤੱਥ-ਅਵਲੋਕਣ ਤੇ ਤੱਥ-ਸੰਕਲਣ ਦਾ ਕੰਮ ਨਾਲੋਂ ਨਾਲ ਚਲਦਾ ਰਹਿੰਦਾ ਹੈ । ਇਸ ਲਈ ਦੋਹਾਂ ਤਰ੍ਹਾਂ ਦੇ ਆਹਰਾਂ ਨੂੰ ਕਈ ਵਾਰੀ ਇੱਕੋ ਸ਼ਬਦ, "ਤਥ ਅਨਵੇਸ਼ਣ, " ਨਾਲ ਪ੍ਰਗਟਾ ਲਿਆ ਜਾਂਦਾ ਹੈ । ਤੱਥ-ਅਨਵੇਸ਼ਣ ਜਾਂ ਤੱਥਾਂ ਦੀ ਭਾਲ ਵਿਚ ਦੋਵੇਂ ਭਾਵ, ਅਵਲੋਕਣ ਅਤੇ ਸੰਕਲਣ ਦੇ, ਮੌਜੂਦ ਹਨ ।

**ਤੱਥਾਂ ਦਾ ਵਿਸ਼ਲੇਸ਼ਣ :**

ਡਾ. ਪਿਆਰ ਸਿੰਘ ਅਨੁਸਾਰ :

ਖੋਜ ਦਾ ਤੀਜਾ ਪੜਾਉ ਤੱਥਾਂ ਦੇ ਵਿਸ਼ਲੇਸ਼ਣ ਜਾਂ ਤੱਥਾਂ ਦੀ ਚੀਰ-ਫਾੜ ਦਾ ਹੈ । ਇਸ ਨੂੰ ਤੱਥ-ਮੀਮਾਂਸਾ' ਵੀ ਆਖਦੇ ਹਨ । ਇਸ ਵਿਚ ਤੱਥਾਂ ਦੀ ਕਿਸੇ ਨਿਯਮ ਜਾਂ ਸਥਾਪਨਾ ਨੂੰ ਕਾਇਮ ਕਰਨ ਦੀ ਯੋਗਤਾ ਉਪਰ ਵਿਚਾਰ ਕੀਤੀ ਜਾਂਦੀ ਹੈ; ਤੱਥਾਂ ਦਾ ਆਪਸੀ ਸੰਬੰਧ ਲਭਿਆ ਜਾਂਦਾ ਹੈ, ਇਹ ਦੇਖਿਆ ਜਾਂਦਾ ਹੈ ਕਿ ਇਹ ਤੱਥ ਕਿਸ ਅੰਤਰੀਵ ਸੱਚਾਈ ਦਾ ਆਵਿਸ਼ਕਾਰ ਕਰਦੇ ਹਨ । 'ਤੱਥਾਂ ਦੀ ਵਿਆਖਿਆ (interpretation) ਇਸੇ ਕਾਰਵਾਈ ਦਾ ਨਾਂ ਹੈ । ਕਿਸੇ ਥੀਸਿਸ ਜਾਂ ਸ਼ੋਧ-ਪ੍ਰਬੰਧ ਦਾ ਬਹੁਤਾ ਤੇ ਮਹੱਤਪੂਰਣ ਭਾਗ ਇਸੇ ਨੇ ਮੱਲਿਆ ਹੁੰਦਾ ਹੈ, ਤੇ ਇਸੇ ਤੋਂ ਖੋਜ ਦਾ ਗੌਰਵ ਉਭਰਦਾ ਹੈ । ਇਹ ਘਾਟੀ ਲੰਘਣੀ ਬੜੀ ਔਖੀ ਹੈ । ਇਸ ਨੂੰ ਪਾਰ ਕਰਨ ਲਈ ਖੋਜਕਾਰ ਪਾਸ ਅਥਾਹ ਗਿਆਨ ਅਤੇ ਤਰਕ ਵਿਤਰਕ ਦੀ ਚੋਖੀ ਸੂਝ ਹੋਣੀ ਚਾਹੀਦੀ ਹੈ ।

**ਸੂਤਰੀਕਰਨ :**

ਤੱਥਾਂ ਦੇ ਆਪਸੀ ਸੰਬੰਧਾਂ ਦਾ ਲੇਖਾ ਜੋਖਾ ਸੂਤਰਾਂ ਜਾਂ ਨਿਯਮਾਂ ਦੇ ਰੂਪ ਵਿਚ ਢਾਲੇ ਜਾਣਾ। ਨਿਯਮਾਂ ਦੀ ਸਰਵਜਨਕ ਰੂਪ ਵਿਚ ਸਥਾਪਨਾ ਇਸ ਪੜਾਅ ਦੇ ਖੋਜ ਦਾ ਭਾਗ ਹੁੰਦਾ ਹੈ। ਸ਼ੋਧ-ਪ੍ਰਬੰਧ ਦਾ ਨਿਸ਼ਕਰਸ਼, ਉਪਸੰਹਾਰ, ਸਥਾਪਨਾਵਾਂ ਇਸੇ ਭਾਗ ਦਾ ਗੌਰਵ ਬਣਦੇ ਹਨ।

ਡਾ. ਪਿਆਰ ਸਿੰਘ ਅਨੁਸਾਰ :

ਖੋਜ ਦਾ ਚੌਥਾ ਤੇ ਅੰਤਿਮ ਪੜਾਉ ਸੂਤੀਕਰਣ (formulation) ਦਾ ਹੈ । ਇਸ ਵਿਚ ਤੱਥਾਂ ਦੇ ਵਿਸ਼ਲੇਸ਼ਣ ਰਾਹੀਂ ਜੋ ਸਹਸੰਬੰਧ ਲਭੇ ਜਾਂਦੇ ਹਨ, ਉਹ ਸੂਤਾਂ ਜਾਂ ਨਿਯਮਾਂ ਦੇ ਰੂਪ ਵਿਚ ਢਾਲੇ ਜਾਂਦੇ ਹਨ । ਇਹ ਨਿਯਮ ਵਿਆਪਕ ਭਾਂਤ ਦੇ ਅਰਥਾਤ ਸਰਵਜਨਿਕ (universal) ਹੁੰਦੇ ਹਨ ਤੇ ਅੱਗੋਂ ਨਵੇਂ ਤੱਥਾਂ ਦੀ ਖੋਜ ਲਈ ਵਰਤੇ ਜਾਂਦੇ ਹਨ । ਖੋਜ ਦੀ ਅਸਲ ਪ੍ਰਾਪਤੀ ਇਹੀ ਹੁੰਦੇ ਹਨ । ਜਿੱਨੇ ਇਹ ਅਕੱਟ ਅਤੇ ਵਿਸ਼ਾਲ ਘਰੇ ਨੂੰ ਆਪਣੇ ਕਲਾਵੇ ਵਿਚ ਲੈਣ ਵਾਲੇ ਹੋਣਗੇ, ਉਨੀ ਹੀ ਸਾਰਥਕ ਕੀਤੀ ਗਈ ਖੋਜ ਹੋਵੇਗੀ ਤੇ ਉੱਨੀ ਹੀ ਵੱਡੀ ਖੋਜਕਾਰ ਦੀ ਪ੍ਰਾਪਤੀ । ਸ਼ੋਧ-ਪ੍ਰਬੰਧ ਦਾ ਅੰਤਲਾ ਹਿੱਸਾ ਜਿਸ ਨੂੰ 'ਨਿਸ਼ਕਸ਼ 'ਉਪਸੰਹਾਰ', 'ਸਾਰ-ਤੱਤ', 'ਪ੍ਰਾਪਤੀ, ਆਦਿ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ, ਇਨ੍ਹਾਂ ਸੂਤ੍ਰਾਂ ਦਾ ਹੀ ਵਿਵਰਣ ( statement) ਹੁੰਦਾ ਹੈ ।

**ਸਾਰ-ਅੰਸ਼:**

ਖੋਜ ਮਤਲਬ "ਰਚਨਾਤਮਕ ਅਤੇ ਸਿਧਾਂਤਕ ਤੌਰ ਤੇ ਕੀਤਾ ਗਿਆ ਕੰਮ ਜੋ ਕਿ ਗਿਆਨ ਦਾ ਭੰਡਾਰ ਵਧਾਉਣ, ਮਨੁੱਖਾਂ, ਸੱਭਿਆਚਾਰ ਅਤੇ ਸਮਾਜ ਦੇ ਗਿਆਨ ਸਮੇਤ ਅਤੇ ਨਵੀਆਂ ਅਰਜ਼ੀਆਂ ਨੂੰ ਬਣਾਉਣ ਲਈ ਗਿਆਨ ਦੇ ਇਸ ਸਟਾਕ ਦੀ ਵਰਤੋਂ ਨੂੰ ਸ਼ਾਮਲ ਕਰਨ ਲਈ ਕੀਤੇ ਜਾਂਦੇ ਹਨ।" ਇਹ ਤੱਥ ਸਥਾਪਿਤ ਕਰਨ ਜਾਂ ਪੁਸ਼ਟੀ ਕਰਨ ਲਈ ਵਰਤਿਆ ਜਾਂਦਾ ਹੈ, ਪਿਛਲੇ ਕੰਮ ਦੇ ਨਤੀਜਿਆਂ ਨੂੰ ਮੁੜ ਪੁਸ਼ਟੀ ਕਰਦਾ ਹੈ, ਨਵੇਂ ਜਾਂ ਮੌਜੂਦਾ ਸਮੱਸਿਆਵਾਂ ਨੂੰ ਹੱਲ ਕਰਦਾ ਹੈ, ਪ੍ਰੋਟੀਮ ਦੀ ਸਹਾਇਤਾ ਕਰਦਾ ਹੈ ਜਾਂ ਨਵੇਂ ਸਿਧਾਂਤ ਵਿਕਸਿਤ ਕਰਦਾ ਹੈ। ਇੱਕ ਖੋਜ ਪ੍ਰੋਜੈਕਟ ਖੇਤਰ ਵਿੱਚ ਪਿਛਲੇ ਕੰਮ 'ਤੇ ਇੱਕ ਵਿਸਥਾਰ ਹੋ ਸਕਦਾ ਹੈ। ਖੋਜ ਪ੍ਰੋਜੈਕਟ ਕਿਸੇ ਵਿਸ਼ੇ ਤੇ ਹੋਰ ਗਿਆਨ ਵਿਕਸਿਤ ਕਰਨ ਲਈ ਜਾਂ ਇੱਕ ਸਕੂਲੀ ਖੋਜ ਪ੍ਰੋਜੈਕਟ ਦੀ ਮਿਸਾਲ ਵਿੱਚ ਵਿਕਸਤ ਕਰਨ ਲਈ ਵਰਤਿਆ ਜਾ ਸਕਦਾ ਹੈ, ਉਹਨਾਂ ਨੂੰ ਭਵਿੱਖ ਦੀਆਂ ਨੌਕਰੀਆਂ ਅਤੇ ਰਿਪੋਰਟਾਂ ਲਈ ਤਿਆਰ ਕਰਨ ਲਈ ਇੱਕ ਵਿਦਿਆਰਥੀ ਦੇ ਖੋਜੀ ਸ਼ਕਤੀ ਨੂੰ ਅੱਗੇ ਵਧਾਉਣ ਲਈ ਵਰਤਿਆ ਜਾ ਸਕਦਾ ਹੈ। ਯੰਤਰਾਂ, ਪ੍ਰਕਿਰਿਆਵਾਂ ਜਾਂ ਪ੍ਰਯੋਗਾਂ ਦੀ ਪ੍ਰਮਾਣਿਕਤਾ ਦੀ ਜਾਂਚ ਕਰਨ ਲਈ, ਖੋਜ ਪ੍ਰਾਜੈਕਟ ਦੇ ਪ੍ਰੋਜੈਕਟਾਂ ਜਾਂ ਪ੍ਰੋਜੈਕਟ ਦੇ ਪੂਰੇ ਤੱਤ ਦੀ ਨਕਲ ਕਰ ਸਕਦੀ ਹੈ। ਬੁਨਿਆਦੀ ਖੋਜਾਂ ਦੇ ਪ੍ਰਮੁੱਖ ਉਦੇਸ਼ ਮਨੁੱਖੀ ਗਿਆਨ ਦੀ ਤਰੱਕੀ ਲਈ ਦਸਤਾਵੇਜ਼ਾਂ ਅਤੇ ਪ੍ਰਣਾਲੀਆਂ ਦੇ ਦਸਤਾਵੇਜ਼, ਖੋਜ, ਵਿਆਖਿਆ ਜਾਂ ਖੋਜ ਅਤੇ ਵਿਕਾਸ (ਆਰ ਐਂਡ ਡੀ) ਹਨ। ਖੋਜ ਦੇ ਕਈ ਰੂਪ ਹਨ: ਵਿਗਿਆਨਕ, ਮਨੁੱਖਤਾ, ਕਲਾਤਮਕ, ਆਰਥਿਕ, ਸਮਾਜਿਕ, ਵਪਾਰ, ਮਾਰਕਿਟਿੰਗ, ਪ੍ਰੈਕਟੀਸ਼ਨਰ ਖੋਜ, ਜੀਵਨ, ਤਕਨਾਲੋਜੀ, ਆਦਿ.।

ਖੋਜ ਇਕ ਰਚਨਾਤਮਕ ਕਾਰਜ ਹੈ ਤੇ ਇਸ ਦੀ ਰਚਨਾਤਮਕਾ ਇਸ ਗੱਲ ਵਿਚ ਹੈ ਕਿ ਇਹ ਯਥਾਰਥ ਤੇ ਸਿਧਾਂਤ, ਦੋਂਹਾਂ ਨੂੰ ਤਬਦੀਲ ਕਰਨ ਵਿਚ ਮਨੁੱਖ ਦੀ ਸਹਾਇਤਾ ਕਰਦੀ ਹੈ।

ਇਕ ਸਿਧਾਂਤਕ ਭਾਸ਼ਾ ਨੂੰ ਸਿਧਾਂਤ ਵਿਚ ਤੇ ਇਕ ਸਿਧਾਂਤ ਨੂੰ ਇਕ ਹੋਰ ਸਿਧਾਂਤ ਵਿਚ ਪਰਿਵਰਤਿਤ ਕਰਨ ਵਿਚ ਸਮਰੱਥਾ ਦਾ ਨਾਂ ਹੀ ਖੋਜ ਹੈ।

ਵਿਧੀ ਵਿਗਿਆਨ ਵਿਗਿਆਨਾਂ ਦਾ ਵਿਗਿਆਨ ਹੈ।

ਅੱਜ ਦੀ ਖੋਜ ਨੂੰ ਮਰਜ਼ੀ ਨਹੀ ਮੁਦਰਾ ਕੰਟਰੋਲ ਕਰਦੀ ਹੈ।

ਮੁਦਰਾ ਦੇ ਵਰਤਾਰੇ ਦਾ ਮੁੱਖ ਵਸੀਲਾ ਹਨ ਵਿਦਿਅਕ ਸੰਸਥਾਵਾਂ; ਇਹ ਸੰਸਥਾਵਾਂ ਖੋਜ-ਪ੍ਰੋਗ੍ਰਾਮ ਬਣਾਉਂਦੀਆਂ ਹਨ ਤੇ ਖੋਜ-ਕਾਮਾ ਤੇ ਵਿਗਿਆਨਕ ਤੋਂ ਵਿਗਿਆਨਕ ਵਿਧੀ ਨੂੰ ਵੀ ਕਿਸੇ ਸੰਸਥਾ ਦੇ ਮਨੋਰਥਾਂ-ਹਿੱਤ ਢਾਲ ਲੈਂਦਾ ਹੈ।

ਮੁੱਖ/ਕੇਂਦਰੀ ਸ਼ਬਦ:

ਰਚਨਾਤਮਕ---ਰਚਨਾ ਦਾ ਕਾਰਜ

ਪ੍ਰੋਯਜਨ---ਮੰਤਵ

ਅਨੁਭਵ---ਤਜੱਰਬਾ

ਕਲਪਾਨਤਮਿਕ---ਕਾਲਪਨਿਕ

ਸ਼ੈਲੀ --- ਵਿਚਾਰਾਂ ਦੇ ਪ੍ਰਗਟਾਵੇ ਦਾ ਢੰਗ

## ਸਵੈ-ਮੁਲਾਂਕਣ:

1. ਖੋਜ ਦਾ ਅਰਥ

ੳ ਲੱਭਣਾ

ਅ ਭਾਲਣਾ

ੲ ਢੂੰਡਣਾ

ਸ ੳੁਪਰੋਕਤ ਸਾਰੇ

2. ਖੋਜ ਨੂੰ ਅੰਗਰੇਜ਼ੀ ਵਿਚ ਕੀ ਕਹਿੰਦੇ ਹਨ?

ੳ ਰੀਸਰਚ

ਅ ਸਰਚ

ੲ ਸ਼ੋਧ

ਸ ਕੋਈ ਨਹੀਂ

3. ਖੋਜ ਨੂੰ ਹਿੰਦੀ ਵਿਚ ਕੀ ਕਹਿੰਦੇ ਹਨ?

ੳ ਰੀਸਰਚ

ਅ ਸਰਚ

ੲ ਸ਼ੋਧ

ਸ ਕੋਈ ਨਹੀਂ

4. ਵਿਹਾਰਕ ਸਮੀਖਿਆ ਪੁਸਤਕ ਦਾ ਲੇਖਕ

ੳ ਪਿਆਰ ਸਿੰਘ

ਅ ਸਤਿੰਦਰ ਸਿੰਘ

ੲ ਕੇਸਰ ਸਿੰਘ ਕੇਸਰ

ਸ ਧਰਮ ਸਿੰਘ

5. ਖੋਜ : ਸਿਧਾਂਤ ਤੇ ਵਿਹਾਰ ਪੁਸਤਕ ਦਾ ਲੇਖਕ

ੳ ਪਿਆਰ ਸਿੰਘ

ਅ ਸਤਿੰਦਰ ਸਿੰਘ

ੲ ਕੇਸਰ ਸਿੰਘ ਕੇਸਰ

ਸ ਧਰਮ ਸਿੰਘ

6. ਖੋਜ ਚਿੰਤਨ ਪੁਸਤਕ ਦਾ ਲੇਖਕ

ੳ ਪਿਆਰ ਸਿੰਘ

ਅ ਸਤਿੰਦਰ ਸਿੰਘ

ੲ ਕੇਸਰ ਸਿੰਘ ਕੇਸਰ

ਸ ਧਰਮ ਸਿੰਘ

7. ਪੰਜਾਬੀ ਖੋਜ ਸੰਦਰਭ ਪੁਸਤਕ ਦਾ ਲੇਖਕ

ੳ ਪਿਆਰ ਸਿੰਘ

ਅ ਸਤਿੰਦਰ ਸਿੰਘ

ੲ ਕੇਸਰ ਸਿੰਘ ਕੇਸਰ

ਸ ਧਰਮ ਸਿੰਘ

8. ਅੰਗਰੇਜ਼ੀ ਦੀ ਵੈਬਸਟਰਜ਼ ਨਿਊ ਇੰਟਰਨੈਸ਼ਨਲ ਡਿਕਸ਼ਨਰੀ ਅਨੁਸਾਰ 'ਰਿਸਰਚ' ਖੋਜ

ੳ ਸਾਵਧਾਨੀ ਜਾਂ ਸਿਰੜ ਨਾਲ ਕੀਤੀ ਖੋਜ,

ਅ ਘੋਖਵੀਂ ਖੋਜ (ਜਿਵੇਂ ਕਿਸੇ ਲੁਕੇ ਖਜ਼ਾਨੇ ਲਈ)

ੲ ਦ੍ਰਿੜ੍ਹਤਾ ਸਹਿਤ ਕੀਤੀ ਛਾਣ ਬੀਣ ਜਾਂ ਪਰੀਖਿਆ

ਸ ਉਪਰੋਕਤ ਸਾਰੇ

9. ਖੋਜ ਦਾ ਪਹਿਲਾ ਪੜਾਅ ਕਿਹੜਾ ਹੈ?

ੳ ਤੱਥਾਂ ਦਾ ਵਿਸ਼ਲੇਸ਼ਣ

ਅ ਤੱਥਾਂ ਦਾ ਵਰਗੀਕਰਨ

ੲ ਤੱਥਾਂ ਦਾ ਸੰਕਲਨ

ਸ ਤੱਥਾਂ ਦਾ ਸੂਤਰੀਕਰਨ

10. . ਖੋਜ ਦਾ ਦੂਜਾ ਪੜਾਅ ਕਿਹੜਾ ਹੈ?

ੳ ਤੱਥਾਂ ਦਾ ਵਿਸ਼ਲੇਸ਼ਣ

ਅ ਤੱਥਾਂ ਦਾ ਵਰਗੀਕਰਨ

ੲ ਤੱਥਾਂ ਦਾ ਸੰਕਲਨ

ਸ ਤੱਥਾਂ ਦਾ ਸੂਤਰੀਕਰਨ

11. . ਖੋਜ ਦਾ ਤੀਜਾ ਪੜਾਅ ਕਿਹੜਾ ਹੈ?

ੳ ਤੱਥਾਂ ਦਾ ਵਿਸ਼ਲੇਸ਼ਣ

ਅ ਤੱਥਾਂ ਦਾ ਵਰਗੀਕਰਨ

ੲ ਤੱਥਾਂ ਦਾ ਸੰਕਲਨ

ਸ ਤੱਥਾਂ ਦਾ ਸੂਤਰੀਕਰਨ

12. . ਖੋਜ ਦਾ ਚੌਥਾ ਪੜਾਅ ਕਿਹੜਾ ਹੈ?

ੳ ਤੱਥਾਂ ਦਾ ਵਿਸ਼ਲੇਸ਼ਣ

ਅ ਤੱਥਾਂ ਦਾ ਵਰਗੀਕਰਨ

ੲ ਤੱਥਾਂ ਦਾ ਸੰਕਲਨ

ਸ ਤੱਥਾਂ ਦਾ ਸੂਤਰੀਕਰਨ

13. . ਇਹ ਪੜਾਉ ਤਦੋਂ ਸ਼ੁਰੂ ਹੁੰਦਾ ਹੈ ਜਦੋਂ ਕੋਈ ਪ੍ਰਸ਼ਨ, ਕੋਈ ਸਮਸਿਆ, ਸਮਾਧਾਨ ਲਈ ਸਾਡੇ ਮੂੰਹ ਵਲ ਝਾਕ ਰਹੀ ਹੋਵੇ । ਇਹ ਪੜਾਅ ਕਿਹੜਾ ਹੈ?

ੳ ਤੱਥਾਂ ਦਾ ਵਿਸ਼ਲੇਸ਼ਣ

ਅ ਤੱਥਾਂ ਦਾ ਵਰਗੀਕਰਨ

ੲ ਤੱਥਾਂ ਦਾ ਸੰਕਲਨ

ਸ ਤੱਥਾਂ ਦਾ ਸੂਤਰੀਕਰਨ

14. . ਕਿਸ ਨੂੰ ਤੱਥ ਮੀਮਾਂਸਾ ਵੀ ਕਿਹਾ ਜਾਂਦਾ ਹੈ?

ੳ ਤੱਥਾਂ ਦਾ ਵਿਸ਼ਲੇਸ਼ਣ

ਅ ਤੱਥਾਂ ਦਾ ਵਰਗੀਕਰਨ

ੲ ਤੱਥਾਂ ਦਾ ਸੰਕਲਨ

ਸ ਤੱਥਾਂ ਦਾ ਸੂਤਰੀਕਰਨ

15. . ਤੱਥਾਂ ਦੇ ਆਪਸੀ ਸੰਬੰਧਾਂ ਦਾ ਲੇਖਾ ਜੋਖਾ ਸੂਤਰਾਂ ਜਾਂ ਨਿਯਮਾਂ ਦੇ ਰੂਪ ਵਿਚ ਢਾਲੇ ਜਾਣਾ ਕਿਹੜਾ ਪੜਾਅ ਹੈ?

ੳ ਤੱਥਾਂ ਦਾ ਵਿਸ਼ਲੇਸ਼ਣ

ਅ ਤੱਥਾਂ ਦਾ ਵਰਗੀਕਰਨ

ੲ ਤੱਥਾਂ ਦਾ ਸੰਕਲਨ

ਸ ਤੱਥਾਂ ਦਾ ਸੂਤਰੀਕਰਨ

## ਅਭਿਆਸ ਪ੍ਰਸ਼ਨ

1. ਖੋਜ ਤੋਂ ਕੀ ਭਾਵ ਹੈ?
2. ਖੋਜ ਪੜਾਵਾਂ ਦਾ ਸੰਖੇਪ ਵਿਚ ਵਰਣਨ ਕਰੋ।
3. ਖੋਜ ਦੇ ਭੇਦਾਂ ਦਾ ਵਰਣਨ ਕਰੋ।
4. ਭਾਵ ਤੱਤ ਅਤੇ ਬੁੱਧੀ ਤੱਤ ਵਿਚ ਕੀ ਅੰਤਰ ਹੈ?
5. ਖੋਜ ਦਾ ਮੁੱਖ ਪ੍ਰਯੋਜਨ ਪ੍ਰੇਰਨਾਤਮਕ ਹੋਣਾ ਹੈ: ਸਪਸ਼ਟ ਕਰੋ।
6. ਖੋਜ ਦਾ ਮੁੱਖ ਉਦੇਸ਼ ਸੱਚ ਦਾ ਪ੍ਰਗਟਾਵਾ ਹੈ: ਸਿੱਧ ਕਰੋ।
7. ਖੋਜ ਦਾ ਪਹਿਲਾ ਪੜਾਅ ਕਿਹੜਾ ਹੈ? ਚਰਚਾ ਕਰੋ।
8. ਖੋਜ ਦਾ ਦੂਜਾ ਪੜਾਅ ਕਿਹੜਾ ਹੈ? ਚਰਚਾ ਕਰੋ।
9. ਖੋਜ ਦਾ ਤੀਜਾ ਪੜਾਅ ਕਿਹੜਾ ਹੈ? ਚਰਚਾ ਕਰੋ।
10. ਖੋਜ ਦਾ ਚੌਥਾ ਪੜਾਅ ਕਿਹੜਾ ਹੈ? ਚਰਚਾ ਕਰੋ।
11. ਤੱਥਾਂ ਦਾ ਵਿਸ਼ਲੇਸ਼ਣ ਬਾਰੇ ਆਪਣੇ ਵਿਚਾਰ ਦਿਓ।
12. ਤੱਥਾਂ ਦਾ ਵਰਗੀਕਰਨ ਬਾਰੇ ਆਪਣੇ ਵਿਚਾਰ ਦਿਓ।
13. ਤੱਥਾਂ ਦਾ ਇਕੱਤਰੀਕਰਨ ਬਾਰੇ ਆਪਣੇ ਵਿਚਾਰ ਦਿਓ।
14. ਤੱਥਾਂ ਦਾ ਸੂਤਰੀਕਰਨ ਬਾਰੇ ਆਪਣੇ ਵਿਚਾਰ ਦਿਓ।
15. ਆਪਣੇ ਖੇਤਰ ਦੇ ਸਾਹਿਤ ਪ੍ਰੇਮੀਆਂ ਦੀ ਸੂਚੀ ਬਣਾਓ ਅਤੇ ਉਨ੍ਹਾਂ ਦੇ ਖੋਜ ਪ੍ਰਯੋਜਨ ਸੰਬੰਧੀ ਸਪਸ਼ਟੀਕਰਨ ਦਾ ਸਰਵੇਖਣ ਕਰੋ।

## ਸੰਦਰਭ ਪੁਸਤਕਾਂ:


1) ਖੋਜ:ਸਿਧਾਂਤ ਤੇ ਵਿਹਾਰ, ਪਿਆਰ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, (2010)

2) ਕੇਸਰ ਸਿੰਘ ਕੇਸਰ: ਖੋਜ ਚਿੰਤਨ੍ਹ, ਜਸਬੀਰ ਕੇਸਰ(ਸੰਪਾ.), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, (2006)

3) ਕੇਸਰ ਸਿੰਘ ਕੇਸਰ: ਸਿਧਾਂਤ ਚਿੰਤਨ, ਜਸਬੀਰ ਕੇਸਰ (ਸੰਪਾ.), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ,(2006)

4) ਪੰਜਾਬੀ ਖੋਜ ਦਾ ਇਤਿਹਾਸ, ਧਰਮ ਸਿੰਘ, ਪੰਜਾਬੀ ਅਕਾਦਮੀ ਦਿੱਲੀ,(2004)

5) ਪੰਜਾਬੀ ਖੋਜ ਸੰਦਰਭ, ਧਰਮ ਸਿੰਘ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, (2014)

6) ਪੰਜਾਬੀ ਆਲੋਚਨਾ: ਸਰੂਪ ਅਤੇ ਸੰਭਾਵਨਾਵਾਂ, ਸੰਧੂ, ਸਤਿਨਾਮ ਸਿੰਘ, ਮਦਾਨ ਪਬਲਿਸ਼ਰਜ਼, ਪਟਿਆਲਾ, (1996)

7) ਵਿਹਾਰਕ ਸਮੀਖਿਆ(2005) ,ਪਟਿਆਲਾ ,ਪੰਜਾਬੀ ਯੂਨੀਵਰਸਿਟੀ ,ਸਤਿੰਦਰ ਸਿੰਘ ,


## ਮਹੱਤਵਪੂਰਨ ਲਿੰਕ

https://pa.warbletoncouncil.org/investigacion-teorica-16648

ਉੱਤਰਮਾਲਾ

| | | | | |
|---|---|---|---|---|
| 1. ਸ | 2. ੳ | 3. ੲ | 4. ਅ | 5. ੳ |
| 6. ੲ | 7. ਸ | 8. ਸ | 9. ੲ | 10. ਅ |
| 11.ੲ | 12. ਸ | 13. ੳ | 14. ੳ | 15. ਸ |

DPBI543

# ਅਧਿਆਇ-2 : ਖੋਜ ਦੇ ਖੇਤਰ

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ

## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਖੋਜ ਦੇ ਖੇਤਰਾਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਖੋਜ ਦੇ ਖੇਤਰਾਂ ਦੇ ਮਹੱਤਵ ਤੋਂ ਜਾਣੂ ਹੋਣਗੇ।
- ਖੋਜ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।
- ਖੋਜ ਦੇ ਖੇਤਰਾਂ ਦਾ ਮੁਲਾਂਕਣ ਕਰ ਸਕਣ ਦੇ ਯੋਗ ਹੋਣਗੇ।

## ਪ੍ਰਸਤਾਵਨਾ:

ਸਾਹਿਤ ਇੱਕ ਅਜਿਹਾ ਸਾਧਨ ਹੈ ਜਿਸ ਰਾਹੀ ਮਨੁੱਖ ਦੇ ਮਨੋਭਾਵਾਂ, ਮਨੋਵੇਗਾਂ ਅਤੇ ਸਮਾਜਿਕ ਯਥਾਰਥ ਦਾ ਕਲਾਤਮਕ ਪਗਟਾਵਾ ਹੁੰਦਾ ਹੈ। ਸਾਹਿਤ ਹਮੇਸ਼ਾ ਹੀ ਕਿਸੇ ਸਕਾਰਾਤਮਕ ਉਦੇਸ਼ ਦਾ ਧਾਰਨੀ ਹੁੰਦਾ ਹੈ। ਸਮਾਜ ਵਿੱਚ ਆਰਥਿਕ, ਸਮਾਜਕ, ਰਾਜਨੀਤਿਕ, ਧਾਰਮਿਕ ਘਟਨਾਵਾਂ, ਜਦੋ ਮਨੁੱਖੀ ਮਨੋਭਾਵਾਂ ਨਾਲ ਟਕਰਾਉਂਦੀਆਂ ਹਨ ਤਾਂ ਸਾਹਿਤ ਪੈਦਾ ਹੁੰਦਾ ਹੈ। ਲੇਖਕ ਸਮਾਜ ਦੇ ਯਥਾਰਥ ਵਿੱਚ ਕਾਲਪਨਿਕ ਅੰਸ਼ ਪਾ ਕੇ ਸਾਹਿਤਕ ਰਚਨਾ ਦੀ ਉਤਪਤੀ ਕਰਦਾ ਹੈ। ਇਸ ਅਧਿਆਇ ਦਾ ਮੁਖ ਉਦੇਸ਼ ਵਿਦਿਆਰਥੀਆਂ ਨੂੰ ਸਾਹਿਤ ਦੀ ਪਰਿਭਾਸ਼ਾ, ਸਰੂਪ ਅਤੇ ਤੱਤਾਂ ਦੀ ਜਾਣਕਾਰੀ ਦੇਣਾ ਹੈ; ਤਾਂ ਕਿ ਵਿਦਿਆਰਥੀ ਸਾਹਿਤ ਦੀ ਪ੍ਰਕਿਰਤੀ ਨੂੰ ਸਮਝ ਸਕਣ। ਇਸ ਅਧਿਆਇ ਵਿਚ ਸਾਹਿਤ ਦੇ ਪ੍ਰਯੋਜਨ ਸਬੰਧੀ ਭਰਪੂਰ ਚਰਚਾ ਕੀਤੀ ਗਈ ਹੈ ਜਿਸ ਨਾਲ ਵਿਦਿਆਰਥੀ ਸਾਹਿਤ ਦੇ ਮੰਤਵ ਨੂੰ ਸਮਝਦਿਆਂ ਸਾਹਿਤ-ਰੂਪਾਂ ਦਾ ਮੁਲਾਂਕਣ ਕਰ ਸਕਣ ਦੇ ਸਮਰੱਥ ਹੋਣਗੇ।

## ਵਿਸ਼ਾ ਵਸਤੂ:

ਖੋਜ ਦੇ ਖੇਤਰ ਲਈ ਸਭ ਤੋਂ ਮਹੱਤਵਪੂਰਨ ਸਰੋਤ ਡਾ. ਪਿਆਰ ਸਿੰਘ ਦੀ ਪੁਸਤਕ ਹੈ। ਉਨ੍ਹਾਂ ਨੇ ਇਸ ਬਾਰੇ ਵਿਸਤਾਰ ਵਿਚ ਚਰਚਾ ਕੀਤੀ ਹੈ। ਉਹ ਵਿਸਤਾਰ ਏਥੇ ਪੇਸ਼ ਹੈ:

## ਖੇਤਰ ਪ੍ਰਕਾਰ ਤੇ ਪੱਧਰ

2.1, ਖੋਜ ਪ੍ਰੇਰਕ ਸ਼ਕਤੀ : ਖੋਜ ਦਾ ਮੁੱਖ ਪ੍ਰਕਾਰਜ ਮਨੁੱਖੀ ਗਿਆਨ ਵਿਚ ਵਾਧਾ ਕਰਨਾ ਹੈ । ਗਿਆਨ ਦਾ ਖੇਤਰ ਬਹੁਤ ਵਿਸ਼ਾਲ ਹੈ । ਇਸ ਲਈ ਖੋਜ ਦੇ ਖੇਤਰ ਦਾ ਵਿਸ਼ਾਲ ਹੋਣਾ ਵੀ ਸੁਭਾਵਕ ਹੈ । ਇਹ ਬ੍ਰਹਮੰਡ ਤਕ ਹੀ ਨਹੀਂ, ਸਗੋਂ ਇਸ ਤੋਂ ਵੀ ਪਰੇ ਤਕ ਫੈਲਿਆ ਹੋਇਆ ਹੈ । ਮਨੁੱਖ ਆਪਣੇ ਆਲੇ ਦੁਆਲੇ, ਅਰਥਾਤ ਪ੍ਰਕਿਰਤੀ ਬਾਰੇ , ਆਪਣੇ ਅਥਵਾ ਜੀਵ ਬਾਰੇ, ਤੇ ਦਿਸਦੇ ਜਗਤ ਤੋਂ ਪਰੇ ਰਹੱਸਵਾਦੀ ਜਗਤ ਬਾਰੇ, ਜਾਣਨ ਲਈ ਸਦਾ ਹੀ ਉਤਸੁਕਤ ਰਿਹਾ ਹੈ । ਉਸ ਦੀ ਹੁਣ ਤਕ ਹੋਈ ਪਦਾਰਥਕ ਤੇ ਅਧਿਆਤਮਿਕ ਉੱਨਤੀ ਇਸੇ ਇਕ ਸ਼ਕਤੀ ਅਰਥਾਤ ਜਾਣਨ-ਭੁੱਖ, ਉੱਤੇ ਆਧਾਰਿਤ ਹੈ । ਆਦਿਮ ਅਵਸਥਾ ਤੋਂ ਹੁਣ ਤਕ ਉਸ ਨੇ ਜੋ ਵੀ ਉੱਨਤੀ ਕੀਤੀ ਹੈ, ਜੋ ਵੀ ਲੱਭਤਾਂ ਲਭੀਆਂ ਹਨ, ਜੋ ਵੀ ਸੰਸਥਾਵਾਂ ਸਥਾਪਤ ਕੀਤੀਆਂ ਹਨ, ਉਹ ਸਭ ਮਨੁੱਖ ਅੰਦਰ ਪਾਈ ਜਾਂਦੀ ਇਸ ਜਾਨਣ-ਭੁੱਖ ਜਾਂ ਜਿਗਿਆਸਾ ਦਾ ਹੀ ਚਮਤਕਾਰ ਹਨ । ਅੰਗ੍ਰੇਜ਼ੀ ਕਹਾਵਤ ਹੈ : "ਲੋੜ ਕਾਢ ਦੀ ਮਾਂ ਹੈ । ਇਹ ਠੀਕ ਹੈ ਕਿ ਲੋੜ ਪੈਣ ਤੇ ਕਾਢਾਂ ਹੁੰਦੀਆਂ ਆਈਆਂ ਹਨ, ਪਰ ਇਹ ਵੀ ਸੱਚ ਹੈ ਕਿ ਸਾਰੀਆਂ ਲੱਭਤਾਂ ਲੋੜਾਂ ਤੋਂ ਆਤੁਰ ਹੋ ਕੇ ਨਹੀਂ ਲਭੀਆਂ ਗਈਆਂ, ਚੋਖੀਆਂ ਜਾਨਣ-ਭੁਖ ਜਾਂ ਉਤਸੁਕਤਾ ਤੋਂ ਪ੍ਰੇਰਿਤ ਹੋ ਕੇ ਵੀ ਹੋਂਦ ਵਿਚ ਆਈਆਂ, ਤੇ ਮਗਰੋਂ ਹੀ ਉਨ੍ਹਾਂ ਨੂੰ ਜੀਵਨ ਵਿਚ ਕੰਮ ਆਉਣ ਯੋਗ ਬਣਾਇਆ ਗਿਆ । 2.2. ਗਿਆਨ, ਦੇ ਮੁਖ ਖੇਤਰ : ਗਿਆਨ ਵਿਗਿਆਨ ਦਾ ਜਗਤ ਬਹੁਤ ਵਿਸ਼ਾਲ ਹੈ । ਵੱਡੇ ਵੱਡੇ ਖੋਜੀ ਸਾਰੇ ਹੀ ਇਕ-ਜ਼ਬਾਨ ਹੋ ਕੇ ਇਹ ਚਿਤਾਵਨੀ ਕਰਾਂਦੇ ਆਏ ਹਨ ਕਿ ਮਨੁੱਖ ਦੀ ਪ੍ਰਾਪਤੀ ਗਿਆਨ ਦੇ ਖੇਤਰ ਵਿਚ ਕੁਦਰਤ ਦੇ ਅਥਾਹ ਸਾਗਰ ਦੇ ਕੰਢੇ ਘੋਘੇ ਚੁਣਨ ਵਾਲੇ ਬੱਚੇ ਤੋਂ ਵੱਧ ਨਹੀਂ ਹੈ । ਤਾਂ ਵੀ, ਅਸੀਂ ਸਮਝ ਦੀ ਖਾਤਰ, ਗਿਆਨ ਨੂੰ ਕੁਝ ਵੱਡੇ ਖੇਤਰਾਂ ਵਿਚ ਵੰਡ ਸਕਦੇ ਹਾਂ ਅਤੇ, ਕਿਉਂਜੋ ਗਿਆਨ ਤੇ ਖੋਜ ਇਕ ਹੀ ਵਸਤੂ ਦੇ ਦੋ ਜੁੜਵੇਂ ਪੱਖ ਹਨ, ਇਸ ਲਈ ਇਨ੍ਹਾਂ ਨੂੰ ਖੋਜ ਦੇ ਵੀ ਪ੍ਰਮੁਖ ਖੇਤਰ ਸਮਝਿਆ ਜਾਏਗਾ । 2.2.1, ਪਾਕਿਤਿਕ ਵਿਗਿਆਨ : ਗਿਆਨ ਦਾ ਸਭ ਤੋਂ ਵੱਡਾ ਅਤੇ ਮੁਖ ਖੇਤਰ ਤਿਕ ਵਿਗਿਆਨਾਂ (Natural Sciences) ਦਾ ਹੈ । ਇਸ ਵਿਚ ਸੰਮਿਲਤ ਵਿਗਿਆਨ ਕੁਦਰਤ ਜਾਂ ਪ੍ਰਕਿਰਤੀ ਦੀ ਨਾਭੀ ਦੁਆਲੇ ਘੁੰਮਦੇ ਹਨ । ਇਨ੍ਹਾਂ ਵਿਚ ਜੁੜ ਪਦਾਰਥਾਂ ਤੇ ਊਰਜਾ (energy) ਦੇ ਵਿਵਹਾਰ (bhaviour) ਦਾ ਅਧਿਐਨ ਕੀਤਾ ਜਾਂਦਾ ਹੈ, ਤੇ ਇਨ੍ਹਾਂ ਵਾਸਤਵਿਕਤਾਵਾਂ (realities) ਨੂੰ ਚਲਾਉਣ ਵਾਲੇ ਕੁਦਰਤੀ ਨਿਯਮ ਲੱਭੇ ਜਾਂਦੇ ਹਨ । ਇਨ੍ਹਾਂ ਵਿਗਿਆਨਾਂ ਦਾ ਇਕ ਲੱਛਣ ਇਹ ਹੈ ਕਿ ਇਨ੍ਹਾਂ ਸੰਬਧੀ ਉਠਾਏ ਗਏ ਪ੍ਰਸ਼ਨ ਪ੍ਰਤੱਖਣ ਤੇ ਪਰੀਖਣ ਰਾਹੀਂ ਕਿਸੇ ਨਿਸ਼ਚਿਤ ਢੰਗ ਨਾਲ ਹੱਲ ਕੀਤੇ ਜਾ ਸਕਦੇ ਹਨ । ਭੌਤਿਕੀ (Physics) ਤੇ ਰਸਾਇਣ ਵਿਗਿਆਨ (Chemistry) ਪਾਕਿਤਿਕ ਵਿਗਿਆਨਾਂ ਦੇ ਪ੍ਰਮੁਖ ਅਨੁਸ਼ਾਸਨ ਹਨ । ਇਨ੍ਹਾਂ ਨੂੰ ਬੁਨਿਆਦੀ ਵਿਗਿਆਨ (Fundamental Sciences) ਕਿਹਾ ਜਾਂਦਾ ਹੈ, ਕਿਉਂਜੋ ਇਸ ਖੇਤਰ ਦੇ ਬਾਕੀ ਦੇ ਸਾਰੇ ਵਿਗਿਆਨ ਇਨਾਂ ਦੇ ਆਸਰੇ ਹੀ ਚਲਦੇ ਹਨ । ਇਸ ਖੇਤਰ ਵਿਚ ਸੰਮਿਲਿਤ ਕੁਝ ਹੋਰ ਮਹੱਤਪੂਰਣ ਵਿਗਿਆਨ ਖਣਿਜ ਵਿਗਿਆਨ (Mineralogy), ਭੂ-ਵਿਗਿਆਨ (Geology), ਖਗੋਲ ਵਿਗਿਆਨ (Astronomy), ਮੀਟੀਓਰਾਲੋਜੀ (Meteorology), ਗਣਿਤ ਸ਼ਾਸਤ੍ਰ (Mathematics) ਤੇ ਇੰਜੀਨੀਅਰਿੰਗ (Engineering) ਹਨ ।

ਗਣਿਤ-ਸ਼ਾਸਤ੍ਰ ਦੀ ਕਥਾ ਬੜੀ ਨਿਰਾਰੀ ਹੈ। ਪਹਿਲਾਂ ਪਹਿਲ ਇਸ ਨੂੰ ਉਦਾਰ ਕਲਾਵਾਂ ਦੇ ਘੇਰੇ ਵਿਚ ਰੱਖਣ ਦਾ ਰਿਵਾਜ ਸੀ, ਕਿਉਂਜੋ ਇਹ ਮਨੁੱਖੀ ਮਨ ਨੂੰ ਉਦਾਰ ਤੇ ਚੋਰਾ ਕਰਨ ਦਾ ਇਕ ਵੱਡਾ ਸਾਧਨ ਸੀ। ਪਰ ਹੁਣ ਇਹ ਦ੍ਰਿਸ਼ਟਕਣ ਬਦਲ ਗਿਆ ਹੈ। ਇਸ ਨੂੰ ਸਾਰੇ ਵਿਆਨਾਂ ਦੀ ਜਨਣੀ (mother of all sciences) ਮੰਨਦਿਆਂ, ਅੱਜ ਕਲ ਪ੍ਰਾਕ੍ਰਿਤਿਕ ਵਿਗਿਆਨਾਂ ਦੇ ਘੇਰੇ ਵਿਚ ਰਖਿਆ ਜਾਂਦਾ ਹੈ। ਇਸੇ ਦੀ ਪੈਰਵੀ ਵਿਚ ਅਸੀਂ ਵੀ ਇਸ ਨੂੰ ਪ੍ਰਾਤਿਕ ਵਿਗਿਆਨਾਂ ਦੇ ਖੇਤਰ ਵਿਚ ਰਖਿਆ ਹੈ, ਕਿਉਂਜੋ ਇਹ ਅਤਿ ਪਰਿਸ਼ੁੱਧ ਵਿਗਿਆਨ ਹੈ। 22.2 ਜੈਵਿਕ ਵਿਗਿਆਨ : ਗਿਆਨ ਦਾ ਦੂਜਾ ਵੱਡਾ ਖੇਤਰ ਉਨ੍ਹਾਂ ਵਿਗਿਆਨਾਂ ਦਾ ਹੈ, ਜਿਨ੍ਹਾਂ ਦਾ ਸੰਬੰਧ ਪਾਈ ਜਾਂ ਜੀਵ ਨਾਲ ਹੈ। ਇਸ ਵਿਚ ਸੰਮਿਲਿਤ ਵਿਗਿਆਨਾਂ ਨੂੰ ਜੈਵਿਕ ਵਿਗਿਆਨਾਂ (Life Sciences) ਦੀ ਸ਼੍ਰੇਣੀ ਵਿਚ ਰੱਖਦੇ ਹਨ। ਇਨ੍ਹਾਂ ਵਿਚ ਭਿੰਨ ਭਿੰਨ ਕੁਦਰਤੀ ਪਰਿਸਥਿਤੀਆਂ ਵਿਚ ਜੀਵ ਦੇ ਚੱਲਣ ਦੀ ਗਤੀਵਿਧੀ ਦਾ ਅਧਿਐਨ ਕੀਤਾ ਜਾਂਦਾ ਹੈ। ਇਨ੍ਹਾਂ ਵਿਗਿਆਨਾਂ ਵਿਚ ਉਠਾਏ ਗਏ ਪ੍ਰਸ਼ਨ ਪ੍ਰਾਕ੍ਰਿਤਕ ਵਿਗਿਆਨਾਂ ਵਾਂਗ ਦਿਤਾ ਸਾਹਿਤ ਹੱਲ ਕੀਤੇ ਜਾ ਸਕਦੇ ਹਨ। ਇਸ ਖੇਤਰ ਦੇ ਬੁਨਿਆਦੀ ਅਨੁਸ਼ਾਸਨ ਬਨਸਪਤੀ-ਵਿਗਿਆਨ (Botany) ਅਤੇ ਪ੍ਰਾਣੀ-ਵਿਗਿਆਨ (Zoology) ਹਨ, ਜਿਨਾਂ ਦੀਆਂ ਅਗੋਂ ਅਨੇਕ ਸ਼ਾਖਾਂ ਹਨ। ਇਸ ਖੇਤਰ ਦੇ ਹੋਰ ਮਹੱਤਪੂਰਣ ਵਿਗਿਆਨਾਂ ਵਿਚ ਕੀਟ-ਵਿਗਿਆਨ (Eology) ਤੇ ਚਕਿਤਸਾ ਵਿਗਿਆਨ (Medical Sciences) ਆਪਣੇ ਸਾਥੀ ਵਿਗਿਆਨਾਂ-ਸਰੀਰ-ਰਚਨਾ ਵਿਗਿਆਨ (Anatomy), ਸਰੀਰ-ਕਿਰਿਆ ਵਿਗਿਆਨ (Physiology) ਤੇ ਉਪਚਾਰ ਵਿਗਿਆਨ (Pathology) ਨਾਲ-ਅਤੇ ਕ੍ਰਿਸ਼ੀ ਵਿਗਿਆਨ (Agriculture), ਆਦਿ ਸ਼ਾਮਲ ਹਨ। ਇਸ ਪ੍ਰਸੰਗ ਵਿਚ ਇਹ ਗੱਲ ਵੀ ਚੇਤੇ ਰੱਖਣ ਯੋਗ ਹੈ ਕਿ ਇਸ ਖੇਤਰ ਦੇ ਬਹੁਤੇ ਅਨੁਸ਼ਾਸਨ ਆਪਣੇ ਅਧਿਐਨ ਲਈ ਪਾਕਿਤਿਕ ਵਿਗਿਆਨਾਂ ਦੀਆਂ ਲੱਭਤਾਂ ਦੇ ਮੁਥਾਜ ਹਨ। ਅਨੁਸ਼ਾਸਨਾਂ ਦੀ ਇਕ ਦੂਜੇ ਉਤੇ ਨਿਰਭਰਤਾ ਨੂੰ ਅੱਖੋਂ ਪਰੋਖੇ ਨਹੀਂ ਕਰਨਾ ਚਾਹੀਦਾ।

## <u>ਖੇਤਰ ਪ੍ਰਕਾਰ ਤੇ ਪੱਧਰ</u>

ਸਮਾਜਕ ਵਿਗਿਆਨ : ਗਿਆਨ ਦਾ ਤੀਸਰਾ ਖੇਤਰ ਇਸ ਪਿਥਵੀ ਦੇ ਸਭ ਤੋਂ ਪਬਲ ਜੀਵ, ਭਾਵ ਮਨੁੱਖ ਦੇ ਵਿਵਹਾਰ ਨਾਲ ਸੰਬੰਧਿਤ ਅਨੁਸ਼ਾਸਨਾਂ ਦਾ ਹੈ। ਮਨੁੱਖ ਨੂੰ ਦੂਸਰੇ ਜੀਵਾਂ ਤੋਂ ਅੱਡਰਾ ਰਖਿਆ ਗਿਆ ਹੈ, ਕਿਉਂਜੋ ਇਹ ਚੇਤਨ ਪਾਈ ਹੈ ਤੇ ਮਨੁੱਖ ਦੀ ਆਦਿਮ ਅਵਸਥਾ ਤੋਂ ਹੁਣ ਤਕ ਹੋਈ ਪ੍ਰਗਤੀ ਦਾ ਇੱਕੋ ਇਕ ਪ੍ਰੇਰਕ ਹੈ। ਇਸ ਤੋਂ ਬਿਨਾਂ ਇਸ ਆਪਣੀ ਇਕ ਵਖਰੀ ਗੁੰਝਲਿਆਲੀ ਦੁਨੀਆ ਸਿਰਜ ਰਖੀ ਹੈ, ਜਿਸ ਵਿਚ ਵਿਚਰਦਿਆਂ ਇਸ ਦੇ ਵਿਵਹਾਰ ਦਾ ਅਧਿਐਨ ਤੇ ਉਸ ਦੀਆਂ ਸਮਸਿਆਵਾਂ ਦਾ ਸਮਾਧਾਨ ਵਖਰੀ ਕਟੀ ਦੇ ਅਨੁਸ਼ਾਸਨਾਂ ਦੁਆਰਾ ਕੀਤਾ ਜਾਂਦਾ ਹੈ। ਇਸ ਦੁਨੀਆ ਵਿਚ ਉੱਠੀਆਂ ਸਮਸਿਆਵਾਂ ਵੀ ਪ੍ਰਾਕ੍ਰਿਤਿਕ ਤੇ ਜੈਵਿਕ ਵਿਗਿਆਨਾਂ ਵਾਂਗ, ਘਟ ਜਾਂ ਵਧ ਮਾ ਵਿਚ, ਹੱਲ ਕੀਤੀਆਂ ਜਾ ਸਕਦੀਆਂ ਹਨ। ਮਨੁੱਖ ਦੀ ਸਿਰਜੀ ਇਹ ਦੁਨੀਆ ਬਹੁਤ ਲੰਮੀ ਚੌੜੀ ਹੈ ਤੇ ਇਹ ਅਨੇਕ ਪ੍ਰਕਾਰ ਦੇ ਪ੍ਰਪੰਚ (phenomena) ਪ੍ਰਸਤੁਤ ਕਰਨ ਦੀ ਸਮਰਥਾ ਰਖਦੀ ਹੈ।

ਮਨੁੱਖ ਨਾਲ ਸੰਬੰਧਿਤ ਵਿਸ਼ਿਆਂ ਦਾ ਅਧਿਐਨ ਅ ਇਨਾਂ ਨੂੰ ਦੇ ਖੇਤਰਾਂ ਵਿਚ ਵੰਡ ਕੇ ਕੀਤਾ ਜਾਂਦਾ ਹੈ। ਪਹਿਲਾ ਖੇਤਰ ਸਮਾਜਕ ਵਿਗਿਆਨਾਂ (Social Sciences) ਦਾ ਹੈ। ਇਨ੍ਹਾਂ ਵਿਚ ਵਿਅਕਤੀਆਂ ਦਾ ਨਹੀਂ, ਵਿਅਕਤੀ ਸਮੂਹਾਂ ਜਾਂ ਸਮਾਜ ਵਿਚ ਵਿਚਰ ਰਹੇ ਮਨੁੱਖ ਦੇ ਵਿਵਹਾਰਾਂ ਦਾ ਅਧਿਐਨ ਕੀਤਾ ਜਾਂਦਾ ਹੈ। ਜਦੋਂ ਮਨੁੱਖ ਸਮਾਜ ਵਿਚ ਵਿਚਰਦਾ ਆਪਣੀ ਉਪਜੀਵਿਕਾ ਪੈਦਾ ਕਰਨ ਦੇ ਆਹਰ ਵਿਚ ਲਗਾ ਹੁੰਦਾ ਹੈ, ਤਾਂ ਉਸ ਦੇ ਇਹ ਆਹਰ, ਅਰਥਸ਼ਾਸਤ (Economics) ਦੇ ਅਧਿਐਨ ਦਾ ਵਿਸ਼ਾ ਬਣਦੇ ਹਨ। ਜਦੋਂ ਉਹ ਸਮਾਜ ਨੂੰ ਚਲਾਉਣ ਲਈ ਕਾਨੂੰਨ, ਨਿਆਇ, ਆਦਿ ਦੀ ਵਿਵਸਥਾ (provision) ਕਰ ਰਿਹਾ ਹੁੰਦਾ ਹੈ, ਤਾਂ ਉਸ ਦੇ ਇਹ ਆਹਰ ਰਾਜਨੀਤਿਕ ਵਿਗਿਆਨ (Political Science) ਦਾ ਵਿਸ਼ਾ ਬਣਦੇ ਹਨ। ਇਸੇ ਤਰਾਂ ਜਦੋਂ ਉਹ ਮਨੁੱਖੀ ਸਮੁਦਾ-ਪਰਿਵਾਰ, ਕਲਾ, ਸਮਾਜ, ਸੰਘ ਆਦਿ-ਦੇ ਸਰੂਪ, ਕਰਤੱਵ ਤੇ ਉਨਾਂ ਨੂੰ ਚਲਾਉਣ ਵਾਲੇ ਨਿਯਮਾਂ ਦਾ ਅਧਿਐਨ ਕਰਦਾ ਹੈ, ਤਾਂ ਉਸ ਦੇ ਇਹ ਆਹਰ ਸਮਾਜ-ਸ਼ਾਸਤ੍ਰ ( Sociology) ਦੇ ਘਰ ਦੀਆਂ ਚੀਜ਼ਾਂ ਬਣਦੇ ਹਨ। ਇਹ ਤਿੰਨੇ ਇਸ ਖੇਤਰ ਦੇ ਪ੍ਰਮੁਖ ਅਨੁਸ਼ਾਸਨ ਹਨ। ਹੋਰ ਜਿਨਾਂ ਨੂੰ ਇਸ ਖੇਤਰ ਵਿਚ ਰਖਿਆ ਜਾ ਸਕਦਾ ਹੈ, ਸਮਾਜਕ ਮਾਨਵ ਸ਼ਾਸਤ੍ਰ (Social Anthropology),ਮਨੋਵਿਗਿਆਨ (Psychology) ਤੇ ਇਤਿਹਾਸ ਹਨ। ਪਹਿਲੇ ਦੋ ਤਾਂ ਸਪਸ਼ਟ ਭਾਂਤ ਸਮਾਜਕ ਵਿਗਿਆਨਾਂ ਦੇ ਘਰ ਦੀ ਚੀਜ਼ ਹਨ, ਪਰ ਇਤਿਹਾਸ ਸੰਬੰਧੀ ਇਹ ਗੱਲ ਪੂਰੀ ਦਿਤਾ ਨਾਲ ਨਹੀਂ ਕਹੀ ਜਾ ਸਕਦੀ। ਪਰੰਪਰਾ ਇਤਿਹਾਸ ਨੂੰ ਉਦਾਰ ਕਲਾਂਵਾਂ (Liberal Arts) ਦੇ ਖੇਤਰ ਵਿਚ ਰੱਖਦੀ ਆਈ ਹੈ | ਆਪਣੀ ਪ੍ਰਕਿਰਤੀ ਵਿਚ ਇਹ ਹੈ ਤਾਂ ਮਨੁਖੀ ਨਾਇਕਾਂ (ਸ਼ਾਸਕਾਂ ਤੇ ਆਗੂਆਂ) ਰਾਹੀਂ ਸਮੂਹ ਜਾਂ ਸਮਾਜ ਦਾ ਅਧਿਐਨ ਤੇ ਇਸ ਕਾਰਣ ਸਮਾਜਕ ਵਿਗਿਆਨਾਂ ਵਿਚ ਸ਼ਾਮਲ ਕੀਤੇ ਜਾ ਸਕਣ ਦੀ ਯੋਗਤਾ ਰਖਦਾ ਹੈ, ਪਰ ਇਤਿਹਾਸਕ ਪ੍ਰਪੰਚਾਂ ਦੇ ਘਟਿਤ ਹੋਣ ਪੰਚ, ਜਾਂ ਉਨ੍ਹਾਂ ਦੀ ਗਤੀਵਿਧੀ ਪਿੱਛੇ, ਕੋਈ ਠੋਸ ਨਿਯਮ ਕੰਮ ਕਰਦੇ ਨਹੀਂ ਦਿਖਾਏ ਜਾਂ ਸਕਦੇ | ਇਹ ਚੀਜ਼ ਇਸ ਨੂੰ ਵਿਗਿਆਨ ਦਾ ਲੇਬਲ ਲੈਣ ਤੋਂ ਰੋਕਦੀ ਹੈ।

ਮਾਨਵਿਕੀਆਂ (ਉਦਾਰ ਕਲਾਵਾਂ) : ਮਨੁਖੀ ਵਿਵਹਾਰ ਨਾਲ ਸੰਬੰਧਿਤ ਅE ਦਾ ਅਗਲਾਂ ਪਰ ਬੜਾ ਮਹੱਤਵ ਪੂਰਣ ਖੇਤਰ ਉਦਾਰ ਕਲਾਵਾਂ (Libers ਮਾਨਵਿਕੀਆਂ (Humanities) ਦਾ ਹੈ। ਇਸ ਵਿਚ ਉਹ ਸਾਰੇ ਅਨੁਸ਼ਾਸਨ (dise ਰਖੇ ਜਾਂਦੇ ਹਨ ਜਿਹੜੇ ਮਨੁੱਖ ਦੀਆਂ

ਆਤਮਿਕ ਤੇ ਮਾਨਸਿਕ ਲੋੜਾਂ ਪੂਰੀਆਂ ਕਰਨ ਵਜੂਦ ਵਿਚ ਆਏ ਹਨ। ਇਹ ਮਨੁੱਖ ਨੂੰ ਸੱਚੇ ਅਰਥਾਂ ਵਿਚ ਮਾਨਵ ਬਣਾਂਦਾ ਸੀ ਕੀਤੇ ਜਾਂਦੇ ਹਨ । ਇਸ ਲਈ ਇਨ੍ਹਾਂ ਨੂੰ ਮਾਨਵਿਕੀਆਂ ਦੀ ਸੰਗਿਆ ਦਿੱਤੀ ਜਾਂਦੀ ਨੂੰ ਕਲਾਵਾਂ ਕਹਿਣ ਦਾ ਭਾਵ ਵੀ ਇਹੀ ਹੈ । ਇਨ੍ਹਾਂ ਵਿਚ ਇਕ ਵਰਗ ਲਲਿਤ ਕਲਾ ਹੈ, ਜਿਸ ਵਿਚ ਸਾਹਿੱਤ (ਸਣੇ ਲੋਕ ਸਾਹਿੱਤ ਦੇ), ਸੰਗੀਤ, ਚਿੱਤਰਕਾਰੀ, ਮਰਤੀ ਰਾm ਭਵਨ ਕਲਾ, ਨਿਤ ਤੇ ਨਾਟਕ ਸ਼ਾਮਲ ਕੀਤੇ ਜਾਂਦੇ ਹਨ । ਦੂਸਰਾ ਵਰਗ ਉਨਾਂ ਅਨਸme ਦਾ ਹੈ ਜਿਹੜੇ ਮੁਢ ਕਦੀਮ ਤੋਂ ਮਨੁੱਖੀ ਮਨ ਨੂੰ ਵਿਸ਼ਾਲਤਾ ਦੇਦੇ ਆਏ ਹਨ । ਇਨi ho ਪੁਰਾਣੇ ਸਿਖਿਆ-ਸ਼ਾਸਤ੍ਰੀ ਕਲਾਸੀਕਲ ਭਾਸ਼ਾਵਾਂ ਯੂਨਾਨੀ ਤੇ ਰੋਮਨ), ਦਰਸ਼ਨ ਸ਼ਾਸਤ (Philosophy), ਤਰਕ ਵਿਗਿਆਨ (Logic) ਨੀਤੀ ਸਾਸਤ੍ਰ (Ethics), ਇਤਿਹਾਸ ਅਥਵਾ ਸਭਿਆਚਾਰ ਤੇ ਕਾਨੂੰਨ ਆਦਿ ਰੱਖਦੇ ਆਏ ਹਨ । ਇਨ੍ਹਾਂ ਸੰਬੰਧੀ ਧਾਰਣਾ ਹੁਣ | ਕੁਝ ਬਦਲ ਗਈ ਹੈ, ਕਿਉਂਜੋ ਕਾਨੂੰਨ ਤੇ ਇਤਿਹਾਸ ਨੂੰ ਅੱਜ ਕਲ ਸਮਾਜਕ ਵਿਗਿਆਨਾਂ ਵਿਚ ਗਿਣਨ ਦਾ ਰਿਵਾਜ ਹੈ ।

ਇਕ ਸਪਸ਼ਟੀਕਰਣ : ਗਿਆਨ ਅਤੇ ਖੋਜ ਦੇ ਇਨ੍ਹਾਂ ਚਾਰ ਖੇ ਤਰਾਂ ਤੋਂ ਬਿਨਾ ਅਧਿਆਤਮਿਕ ਜਗਤ ਦਾ ਇਕ ਹੋਰ, ਪੰਜਵਾਂ,ਖੇਤਰ ਵੀ ਕਿਹਾ ਜਾ ਸਕਦਾ ਹੈ । ਇਹ ਦ੍ਰਿਸ਼ਟਮਾਨ ਸੰਸਾਰ ਤੋਂ ਪਰੇ ਦਾ ਜਗਤ ਹੈ । ਇਸ ਦਾ ਅਧਿਐਨ ਧਰਮ (Religion) ਦੇ ਵਿਆਪਕ ਨਾਂ ਹੇਠ ਕੀਤਾ ਜਾਂਦਾ ਹੈ । ਕੁਝ ਵਿਦਵਾਨ ਇਸ ਦੇ ਅੰਗਾਂ-ਤੱਤਮੀਮਾਂਸਾ (Metaphysics) ਨੀਤੀ ਸ਼ਾਸਤ (Ethics) ਆਦਿ ਨੂੰ ਫਲਸਫੇ ਦਾ ਅੰਗ ਹੀ ਮੰਨਦੇ ਹਨ । ਧਰਮ ਤੇ ਮਾਨਵਿਕੀਆਂ ਮਨੁਖ ਨੂੰ ਉੱਚੇਰਾ ਜੀਵਨ ਪ੍ਰਦਾਨ ਕਰਨ ਵਿਚ ਤਾਂ ਸਮਾਨ ਹਨ, ਪਰੰਤੂ ਫ਼ਰਕ ਵਿਸ਼ੈ-ਪਹੁੰਚ ਵਿਚ ਜਾ ਕੇ ਪ੍ਰਗਟ ਹੁੰਦਾ ਹੈ । ਮਾਨਵਿਕੀਆਂ ਆਪਣੇ ਅਧਿਐਨ ਵਿਚ ਪਦਾਰਥਕ ਪੱਧਰ, ਭਾਵ ਦਿਸਦੇ ਜਗਤ ਤੋਂ ਉਪਰ ਨਹੀਂ ਉਠਦੀਆਂ, ਪਰੰਤ ਧਰਮ ਪਾਕਿਤਿਕ ਜਗਤ ਨੂੰ ਪਿੱਛੇ ਛੱਡ ਕੇ ਬ੍ਰਹਮਗਿਆਨ (revelation) ਦੇ ਅਦਿੱਸ ਘੇਰੇ ਵਿਚ ਜਾ ਪਹੁੰਚਦਾ ਹੈ। ਇਸ ਹਾਲਤ ਵਿਚ ਇਸ ਦੀਆਂ ਸਮਸਿਆਵਾਂ, ਰਹੱਸਵਾਦੀ ਖੇਤਰ ਵਿਚ ਪ੍ਰਵੇਸ਼ ਕਰ ਜਾਂਦੀਆਂ ਹਨ, ਜੋ ਬੁੱਧੀ ਦੇ ਪਕੜ ਤੋਂ ਬਾਹਰ ਹੈ । ਇਸੇ ਤਰਾਂ ਦਾ ਫ਼ਰਕ ਵਿਗਿਆਨ (science), ਧਰਮ (Theology) ਅਤੇ ਦਰਸ਼ਨ ਸ਼ਾਸਤ੍ਰ (Philosophy) ਵਿਚ ਲੱਖਿਆ ਜਾ ਸਕਦਾ ਵਿਗਿਆਨ ਅਤੇ ਧਰਮ ਸ਼ਾਸਤ੍ਰ ਦਾ ਫ਼ਰਕ ਉਠਾਏ ਗਏ ਪ੍ਰਸ਼ਨਾਂ, ਬੁਨਿਆਦੀ ਕਲਪ ਪ੍ਰਮਾਣਾਂ ਦੀ ਗਤੀਵਿਧੀ ਅਤੇ ਪਛਾਨਣ-ਕਿਰਿਆ ਵਿਚ ਪ੍ਰਗਟ ਹੁੰਦਾ ਹੈ ।

ਸਭ ਪ੍ਰਕਾਰ ਦਾ ਨਿਸ਼ਚਿਤ ਅਥਵਾ ਸਿੱਧਾਂਤਸਿੱਧ ਗਿਆਨ, ਵਿਗਿਆਨ ਦੇ ਖੇਤਰ ਦੀ ਚੀਜ਼ ਹੈ । ਇਸ ਦੇ ਵਿਪਰੀਤ ਵਿਸ਼ਵਾਸ ਉੱਤੇ ਆਧਾਰਿਤ ਸਭ ਪ੍ਰਕਾਰ ਦਾ ਗਿਆਨ, ਜੋ ਨਿਸ਼ਚਿਤਤਾ (certainty) ਦੀ ਪਕੜ ਤੋਂ ਬਾਹਰ ਹੈ, ਧਰਮ-ਸ਼ਾਸਤ੍ਰ ਦੇ ਖੇਤਰ ਦੀ ਵਸਤੂ ਹੈ : ਦਰਸ਼ਨ ਸ਼ਾਸਤ੍ਰ ਦਾ ਸਥਾਨ ਇਨ੍ਹਾਂ ਦੋਹਾਂ ਦੇ ਕਿਤੇ ਵਿੱਚ ਵਿਚਾਲੇ ਆਉਂਦਾ ਹੈ । ਦਾਰਸ਼ਨਿਕ ਚਿੰਤਕਾਂ ਦੇ ਸਨਮੁਖ ਲਗਪਗ ਸਾਰੇ ਪ੍ਰਸ਼ਨ ਅਜੇਹੇ ਹੁੰਦੇ ਹਨ ਜਿਨ੍ਹਾਂ ਦਾ ਉੱਤਰ ਵਿਗਿਆਨ ਨਹੀਂ ਦੇ ਸਕਦਾ, ਅਤੇ ਧਰਮ ਸ਼ਾਸ਼ਆਂ ਦੇ ਦਿਤਾ ਸਹਿਤ ਦਿੱਤੇ ਉੱਤਰ ਵੀ ਸੰਤੁਸ਼ਟ ਕਰਦੇ ਨਹੀਂ ਲਗਦੇ । ਵਿਗਿਆਨ ਧਰਮ-ਸ਼ਾਸਤ ਨਾਲੋਂ ਇਸ ਗੱਲ ਵਿਚ ਵੀ ਵਿਖੇਪਤਾ ਰਖਦਾ ਹੈ ਕਿ ਧਰਮ-ਸ਼ਾਸਤ੍ਰ ਪ੍ਰਮਾਣ ਲਈ ਪਰੰਪਰਾ ਜਾਂ ਦੇਵ ਬਾਣੀ (revelation) ਉਪਰ ਟੇਕ ਰਖਦਾ ਹੈ । ਵਿਗਿਆਨ ਦਰਸ਼ਨ-ਸ਼ਾਸਤ ਨਾਲੋਂ ਪ੍ਰਮਾਣ ਦੇ ਪਖੋਂ ਵੀ ਭਿੰਨਤਾ ਰਖਦਾ ਹੈ, ਜਦੋਂ ਕਿ ਕਿਸੇ ਵੀ ਦਾਰਸ਼ਨਿਕ ਪ੍ਰਣਾਲੀ ਦੇ ਮੁੱਖ ਤੱਤ ਨਿਆਇਕ ਦ੍ਰਿੜ੍ਹਤਾ ਅਤੇ ਨਿਗਮਤਮਕ ਤਰਕ-ਵਿਤਰਕ ਦੇ ਕਹੇ ਜਾ ਸਕਦੇ ਹਨ । ਵਿਗਿਆਨ ਵਿਚ ਸਿੱਧਾਂਤ ਤੇ ਆਨੁਭਾਵਿਕ (empirical) ਜਗਤ ਵਿਚ ਸਮਾਨਤਾਂ ਲੱਭਣ ਲਈ ਇੰਦ੍ਰਿਕ ਪ੍ਰਤੱਖਣ ਬਹੁਤ ਜ਼ਰੂਰੀ ਹੁੰਦਾ ਹੈ । 2.2.5. ਗਿਆਨ ਵਿਗਿਆਨ ਦੀ ਦੁਨੀਆਂ : ਗਿਆਨ ਵਿਗਿਆਨ ਦੀ ਦੁਨੀਆ ਅਤੇ, ਫ਼ਲਸਰੂਪ, ਖੋਜ ਦੇ ਮੁਖ ਖੇਤਰਾਂ ਸੰਬੰਧੀ ਜਾਣਕਾਰੀ ਅੱਗੇ, ਪੰਨਾ 22 ਦੇ ਸਾਮਣੇ, ਦਿੱਤੇ ਚਿੱਤਰ ਰਾਹੀਂ ਵਧੇਰੇ ਸੁਗਮਤਾ ਤੇ ਸਪਸ਼ਟਤਾ ਸਹਿਤ ਸਮਝੀ ਜਾ ਸਕਦੀ ਹੈ :

ਚਿਤਾਵਨੀ : ਇੱਥੇ ਇਹ ਗੱਲ ਵਿਦਤ ਕਰ ਦੇਣੀ ਬਣਦੀ ਹੈ ਕਿ ਗਿਆਨ ਵਿਗਿਆਨ ਦੇ ਖੇਤਰਾਂ ਅਤੇ, ਫਲਸਰੂਪ, ਖੋਜ ਅਨੁਸ਼ਾਸਨਾਂ ਦੀ ਇਹ ਵਰਗ-ਵੰਡ ਨੇ ਤਾਂ ਵਿਸਤ੍ਰਿਤ (fully comprehensive) ਹੈ ਅਤੇ ਨ ਛਿੱਦਰ-ਰਹਿਤ (unimpeachable)। ਕਈ ਅਨੁਸ਼ਾਸਨ ਅਜੇਹੇ ਹਨ ਜੋ ਬੜੀ ਆਸਾਨੀ ਨਾਲ ਇਕ ਨਾਲੋਂ ਵਧ ਖੇਤਰਾਂ ਵਿਚ ਰਖੇ ਜਾਣ ਦੀ ਯੋਗਿਤਾ ਰਖਦੇ ਹਨ ; ਉਦਾਹਟਣ ਵਜੋਂ, ਭੂਗੋਲ, ਜਿਸ ਵਿਚ ਪਾਕਿ ਤਿਕ ਵਿਗਿਆਨਾਂ, ਸਮਾਜਕ ਵਿਗਿਆਨਾਂ ਅਤੇ ਮਾਨਵਿਕੀਆਂ, ਸਭਨਾਂ ਵਿੱਚੋਂ ਕੁਝ ਅੰਸ਼ ਰਲ ਜਾਂਦੇ ਹਨ । ਮਾਨਵ ਵਿਗਿਆਨ (Anthropology) ਇਕ ਹੋਰ ਅਜੇਹਾ ਵਿਗਿਆਨ ਹੈ ਜਿਸ ਵਿਚੋਂ ਫ਼ਿਜ਼ੀਕਲ ਐਂਪਾਲੋਜੀ ਤਾਂ ਪਾਤਿਕ ਅਤੇ ਜੈਵਿਕ ਵਿਗਿਆਨ ਦੇ ਖੇਤਰ ਵਿਚ ਪ੍ਰਵਿਸ਼ਟ ਕਰ ਜਾਂਦੀ ਹੈ, ਇਸ ਦਾ ਦੂਸਰਾ, ਸਮਾਜਕ ਮਾਨਵ-ਵਿਗਿਆਨ (Social Anthropology) ਵਾਲਾ ਖੰਡ, ਸਮਾਜਕ ਵਿਗਿਆਨਾਂ ਤੇ ਮਾਨਵਿਕੀਆਂ ਦਾ ਅੰਗ ਬਣ ਜਾਂਦਾ ਹੈ । 2.2 6. ਨਿਸ਼ਕਰਸ਼ : ਗਿਆਨ ਵਿਗਿਆਨ ਦੇ ਖੇਤਰਾਂ ਦੀ ਉਪਰ ਦਰਸਾਈ ਵੰਡ ਇਸ ਬੁਨਿਆਦੀ ਗੱਲ ਨੂੰ ਦ੍ਰਿੜ ਕਰਾਣ ਵਿਚ ਸਹਾਈ ਹੁੰਦੀ ਹੈ ਕਿ ਸਰੂਪ ਵਿਚ ਅੱਡ ਹੋਣ ਕਾਰਣ ਖੋਜ ਦਾ ਹਰੇਕ ਖੇਤਰ ਵਖਰੀ ਹੀ ਕਿਸਮ ਦੀਆਂ ਸਮਸਿਆਵਾਂ ਉਤਪੰਨ ਕਰਦਾ ਹੈ ਤੇ ਫਲਸਰੂਪ, ਉਨ੍ਹਾਂ ਦੇ ਸਮਾਧਾਨ ਦੀ ਤਕਨੀਕ ਵੀ ਵਖਰੀ ਹੋ ਨਿਬੜਦੀ ਹੈ ; ਕਿਸੇ ਵਿਚ ਪ੍ਰਯੋਗ (experimentation) ਨੂੰ ਪ੍ਰਧਾਨਤਾ ਹਾਸਲ ਹੁੰਦੀ ਹੈ ; ਕਿਸੇ ਵਿਚ ਪ੍ਰਤੱਖਣ ( observation) ਅਤ ਆਗਮਨ ਵਿnt (inductive method) ਨੂੰ ਅਤੇ ਕਿਤੇ . ਵਿਚ ਨਿਮਨ ਵਿਧੀ ( dcductive method) ਨੂੰ । ਖੋਜ ਸਿੱਟਿਆਂ ਵਿਚ , ਦੇ ਕਢੇ ਸਾਰ-ਤੱਤ ਅਟੱਲ

ਸਚਾਈਆਂ ਹੋ ਨਿਬੜਦੇ ਹਨ, ਕਿਸੇ ਦੇ ਰਿm. (tchlencies) ਅਤੇ ਕਿਸੇ ਹੋਰ ਦੇ ਕੇਵਲ ਅਨੁਮਾਂਨ। ਤਾਂ ਵੀ, ਇਨ (ਮਿਵਾਇ ਵਿਦਿਆ ਜਾਂ ਅਧਿਆਤਮਿਕ ਖੇਤਰ ਦੇ) ਜਿਹੜੀ ਕਦੀ ਸਾਂ , ਸਕਦੀ ਹੈ, ਉਹ ਇਨਾਂ ਦੇ ਅਧਿਐਨ ਵਿਧੀ ਦੇ ਵਿਗਿਆਨਕ ਹੋਣ ਦੀ ਹੈ

ਖੋਜ ਦੀ ਪ੍ਰਕਾਰ ਵੰਡ : ਖੋਜ ਦੀ ਪ੍ਰਕਾਰ ਵੰਡ ਕਈ ਤਰ ਕੀਤੀ ਜਾਂਦੀ ਹੈ, ਪਰ ਮੁਖ ਪ੍ਰਕਾਰ ਦੋ ਹੀ ਹਨ : (i) ਮੂਲਭੂਤ ਜਾਂ ਬੁਨਿਆਦੀ (basic/fundamental) ਅਤੇ (ii) ਵਿਵਹਾਰਕ ਜਾਂ ਵਿਵਸਾਇਕ (practical applied)। ਮੂਲਭੂਤ ਜਾਂ ਨਿਆਦੀ ਖੋਜ-ਖੇਤਰ ਨਾਲ ਸੰਬੰਧਿਤ ਵਿਸ਼ੇ ਦੇ ਬੁਨਿਆਦੀ ਸਿੱਧਾਂਤ ਜਾਂ ਨਿਯਮ ਲੱਭਣ ਵਲ ਰੁਚਿਤ ਹੁੰਦੀ ਹੈ , for ਵਿਚ ਪ੍ਰਾਪਤ ਸਿੱਧਾਂਤਾਂ ਨੂੰ ਕਿਸੇ ਉਪਯੋਗੀ ਮਨੋਰਥ ਦੀ ਸਿੱਧੀ ਲਈ ਵਰਤੇ ਜਾਣ ਦੀ ਚੇਤਨਾ ਨਹੀਂ ਕੀਤੀ ਜਾਂਦੀ; ਉਦਾਹਰਣ ਵਜੋਂ, ਫ੍ਰੈਂਕਲਿਨ ਦਾ ਬਿਜਲੀ ਪਿੱਛੇ ਕੰਮ ਕਰਦੇ ਨਿਯਮਾਂ ਦਾ ਆਵਿਸ਼ਕਾਰ ਜਾਂ ਆਇਨਸਟਾਇਨ ਦਾ ਸਾਪੇਖਤਾ ਸਿੱਧਾਂਤ' (Theory of Relativity ਨੂੰ ਲੱਭਣਾ ਮੂਲਭੂਤ ਜਾਂ ਬੁਨਿਆਦੀ ਕਿਸਮ ਦੀ ਖੋਜ ਸੀ । ਦੂਸਰੇ ਪਾਸੇ, ਟਾਮਸ ਐਲਵੀ ਐਡੀਸਨ ਦੀਆਂ, ਜਿਸ ਨੇ ਬਿਜਲੀ ਦਾ ਬਲਬ, ਮੋਫੋਨ ਆਦਿ ਬਣਾਏ, ਬਹੁਤੀਆਂ ਲੱਭਤਾਂ ਵਿਵਹਾਰਕ ਜਾਂ ਵਿਵਸਾਇਕ (applied) ਖੋਜ ਦੀ ਵੰਨਗੀ ਦੀਆਂ ਸਨ।

ਵਿਵਹਾਰਕ ਜਾਂ ਵਿਵਸਾਇਕ ਖੋਜ ਮੂਲਭੂਤ ਖੋਜ ਦੇ ਕਢੇ ਸਿੱਟਿਆਂ ਨੂੰ ਵਰਤ ਕੇ ਅਗੇ ਚਲਦੀ ਹੈ । ਤਾਂ ਵੀ, ਇਹ ਚੀਜ਼ ਪੱਲੇ ਬੰਨ ਲੈਣੀ ਚਾਹੀਦੀ ਹੈ ਕਿ ਮੂਲਤ ਖੁਜ ਅਤੇ ਵਿਵਹਾਰਕ ਖੋਜ ਦੇ ਅਸਲੋਂ ਭਿੰਨ ਆਹਰ ਨਹੀਂ ਹਨ; ਪਹਿਲੇ ਵਿਚ ਦੂਜਾ ਅਤੇ ਦੂਜੇ ਵਿਚ ਪਹਿਲਾਂ ਅਵੱਸ਼ ਪ੍ਰਵੇਸ਼ ਕਰ ਜਾਂਦਾ ਹੈ । | ਜੇ ਖੋਜ ਦੀਆਂ ਇਨ੍ਹਾਂ ਕਿਸਮਾਂ ਦੀ ਗੱਲ ਸਮਾਜਕ ਵਿਗਿਆਨਾਂ ਦੀ ਹਾਲਤ ਵਿਚ ਕਰਨੀ ਹੋਵੇ, ਤਾਂ ਮੂਲਭੂਤ ਜਾ ਬੁਨਿਆਦੀ ਕਿਸਮ ਦੀ ਖੋਜ ਪਾਸ ਨੀਤੀ ਦੀ ਕਿਸੇ ਵਿਵਹਾਰਕ ਸਮਸਿਆ ਨੂੰ ਹੱਲ ਕਰਨ ਦੀ ਆਸ ਨਹੀਂ ਕੀਤੀ ਜਾਂਦੀ, ਸਗੋਂ ਵਿਸ਼ੇ ਵਿਸ਼ੇਸ਼ ਦੀ ਤਹਿ ਵਿਚ ਕੰਮ ਕਰਦੇ ਨਿਯਮਾਂ ਤਥਾ ਸਿੱਧਾਂਤਾਂ ਨੂੰ ਲੱਭਣ ਤੇ ਵਿਵਹਾਰਕ ਸਮਸਿਆਵਾਂ ਨੂੰ ਹੱਲ ਕਰਨ ਦੇ ਯੋਗ ਵਿਸ਼ਲੇਸ਼ਣੀ ਸੰਦ ਜੁਟਾਣ ਦੀ ਮੰਗ ਕੀਤੀ ਜਾਂਦੀ ਹੈ।

ਮੂਲਭੂਤ ਜਾਂ ਬੁਨਿਆਦੀ ਖੋਜ ਦਾ ਘੇਰਾ ਬਹੁਤ ਵਿਸ਼ਾਲ ਹੈ । ਇਹ ਗਿਆਨ ਦੇ ਸਾਰੇ ਖੇਤਰਾਂ ਵਿਚ ਚਲਦੀ ਰਹਿੰਦੀ ਹੈ । ਸਾਹਿਤਕ ਜਾਂ ਅਕਾਡਮਿਕ ਵਿਸ਼ਿਆਂ ਦੀ ਹਾਲਤ ਵਿਚ ਇਹ ਆਪਣੀ ਆਧਾਰ-ਸਾਮਗੀ ਛਪੀਆਂ ਪੁਸਤਕਾਂ ਤੋਂ ਲੈਂਦੀ ਹੈ ; ਵਿਗਿਆਨਕ ਵਿਸ਼ਿਆਂ ਦੀ ਹਾਲਤ ਵਿਚ ਇਸ ਨੂੰ ਅਪਣੀ ਆਧਾਰ-ਸਾਮਗੀ ਪ੍ਰਯੋਗਸ਼ਾਲਾਵਾਂ ਵਿਚ ਕੀਤੇ ਪਯੋਗਾਂ ਤੋਂ ਮਿਲਦੀ ਹੈ, ਤੇ ਸਮਾਜਕ ਵਿਗਿਆਨਾਂ ਦੀ ਸੂਰਤ ਵਿਚ ਪ੍ਰਤੱਖਣ, ਸੰਵਾਰਤਾ · (interview), ਚਿੱਠੀਆਂ, ਪ੍ਰਸ਼ਨਾਵਲੀ ਤਾਂ (questionnaires),ਸਾਰਣੀਆਂ(schedules), ਆਦਿ ਤੋਂ । ਇਹ ਉਤੇਜਿਤ ਤਾਂ ਭਿੰਨ ਭਿੰਨ ਤੱਥਾਂ ਵਿਚ ਪਾਏ ਜਾਂਦੇ ਹਸੰਬੰਧਾਂ ਨੂੰ ਸਥਾਪਤ ਕਰਨ ਦੀ ਜਿਗਿਆਸਾ ਤੋਂ ਹੁੰਦੀ ਹੈ, ਪਰ ਇਸ ਦੇ ਕਢੇ, ਸਿੱਟ ਲੱਭੇ ਸਿੱਧਾਂਤ ਤੇ ਨਿਯਮ, | ਵਿਵਹਾਰਕ ਖੋਜ ਦਾ ਹੱਥ-ਠੋਕਾ ਬਣਦੇ ਹਨ। ਸੱਚੀ ਗੱਲ ਤਾਂ ਇਹ ਹੈ ਕਿ ਇਸ ਤੋਂ ਬਿਨਾਂ ਵਿਵਹਾਰਕ ਜਾਂ ਵਿਵਸਾਇਕ ਖੋਜ ਚਲ ਹੀ ਨਹੀਂ ਸਕਦੀ।

ਹੋਰ ਪ੍ਰਚਲਿਤ ਨਾਂ : ਖੋਜ ਦੀਆਂ ਉਪਰੋਕਤ ਦੋਹਾਂ ਵੰਨਗੀਆਂ ਨੂੰ ਹੋਰ ਜਿਨ੍ਹਾਂ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ, ਸਿੱਧਾਂਤਕ (doctrinaire) ਜਾਂ (theoretical) ਤੇ ਵਿਵਹਾਰਕ (practical) ਜਾਂ ਵਿਵਸਾਇਕ (applied) ਹਨ। ਸਿੱਧਾਂਤਕ ਨੂੰ ਕਈ ਵਾਰ ਸ਼ੁੱਧ (pure) ਖੋਜ ਵੀ ਕਿਹਾ ਜਾਂਦਾ ਹੈ। ਇਹ ਇਸ ਕਾਰਣ ਕਿ ਸ਼ੁੱਧ ਖੋਜ ਦਾ ਨਿਸ਼ਾਨਾ ਮਨੁੱਖੀ ਗਿਆਨ ਦੇ ਘੇਰੇ ਨੂੰ ਚੋਰਾ ਕਰਨਾ ਹੁੰਦਾ ਹੈ; ਪ੍ਰਾਪਤ ਖੋਜ-ਸਿੱਟਿਆਂ ਨੂੰ ਵਰਤ ਕੇ ਜੀਵਨ ਦੀ ਕਿਸੇ ਸਮਸਿਆ ਨੂੰ ਹੱਲ ਕਰਨਾ ਨਹੀਂ ਹੁੰਦਾ, ਜੋ ਵਿਵਹਾਰਕ ਜਾਂ ਵਿਵਸਾਇਕ ਖੋਜ ਦਾ ਲਕਸ਼ ਹੈ। ਸੰਯੁਕਤ ਰਾਜ ਅਮਰੀਕਾ ਵਲੋਂ ਪਿੱਛੇ ਜੇਹੇ ਵਾਇਜਰ II ਦੁਆਰਾ ਕੀਤੀ ਗ ਸ਼ਨੀ ਤੇ ਪਲੁੱਟੋ ਨ੍ਹਾਂ ਦੀ ਖੋਜ, ਮਨੁਖੀ ਗਿਆਨ ਦੇ ਘੇਰੇ ਨੂੰ ਵਧਾਣ ਦਾ , ਕ ਤਰਲਾ ਹੀ ਹੈ। ਇਸ ਨਾਲ ਮਨੁਖ ਨੂੰ ਕਿਸੇ ਕਿਸਮ ਦਾ ਲਾਭ ਉਸ ਦੇ ਵਿਵਹਾਰਕ ਜੀਵਨ ਵਿਚ ਪਹੁੰਚਣ ਦੀ ਆਸ ਨਹੀਂ ਆਨੰਦ ਜਾਂ ਖੁਸ਼ੀ ਦੀ ਪ੍ਰਾਪਤੀ ਜ਼ਰੂਰ ਹੋ ਸਕਦੀ ਹੈ। ਹਾਂ, ਪੱਛੋਂ ਕਿਸੇ ਪੜਾਉ ਤੇ ਜੇ ਇਸ ਖੋਜ ਦਾ ਕੋਈ ਵਿਵਹਾਰਕ ਲਾਭ ਨਿਕਲ ਆਏ, ਤਾਂ ਉਹ ਵੱਖਰੀ ਗੱਲ ਹੈ। ਇਸ ਲਈ ਵਾਇਜਰ II ਰਾਹੀਂ ਕੀਤੀ ਗਈ ਖੋਜ ਨੂੰ ਵਿਰੁੱਧ ਵੰਨਗੀ ਦੀ ਖੋਜ ਮੰਨਿਆ ਜਾਏਗਾ।

ਇਸ ਦੇ ਉਲਟ, ਵਰਤਮਾਨ ਚਿਕਿਤਸਾ ਵਿਗਿਆਨ ਦੀ ਸਹਾਇਤਾ ਨਾਲ ਕੈਂਸਰ ਦੇ ਕਾਰਣ ਤੇ ਇਲਾਜ ਲੱਭਣ ਲਈ ਕੀਤੀ ਜਾ ਰਹੀ ਖੋਜ ਵਿਵਹਾਰਕ ਕੋਟੀ ਦੀ ਹੋਵੇਗੀ। ਇਸਦਾ ਮਨੋਰਥ ਉਪਯੋਗੀ ਸਿੱਟੇ ਹਾਸਲ ਕਰਨਾ ਹੈ। ਇੱਥੇ ਇਕ ਵਾਰ ਫਿਰ ਇਹ ਚਿਤਾਵਨੀ ਕਰਾ ਦੇਣ ਦੀ ਲੋੜ ਭਾਸਦੀ ਹੈ ਕਿ ਵਿਧ ਭਾਂਤ ਦੀ ਖੋਜ ਦੇ ਕਿਸੇ ਸਮੇਂ ਆਪਣੇ ਨਾਲ ਅਦਿੱਖ ਸਿੱਟੇ ਲੈ ਕੇ ਆਉਣ ਦੀ ਸੰਭਾਵਨਾ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਜਦੋਂ ਆਇਨਸਟਾਇਨ ਨੇ ਭੌਤਿਕ ਵਿਗਿਆਨ ਦੇ ਖੇਤਰ ਵਿਚ ਅਲੈਕਟੋ ਮੈਗਨੈਟਿਕ ਤੇ ਗੈਵੀਟੇਸ਼ਨਲ ਸਕਤੀਆਂ ਦੀ ਏਕਤਾ ਸਿੱਧ ਕਰਨ ਵਾਲੀ ਖੋਜ ਦਾ ਬੀੜਾ ਚੁਕਿਆ, ਤਾਂ ਉਸਦੇ ਸਾਮਣੇ ਨਿਸ਼ਾਨਾ ਕੇਵਲ ਮਨੁਖੀ ਗਿਆਨ ਦੇ ਘੇਰੇ ਨੂੰ ਚੌੜੇ ਕਰਨਾ ਸੀ। ਪਰੰਤੂ, ਮਗਰੋਂ ਉਸ ਖੋਜ ਨੂੰ ਵਰਤ ਕੇ ਪਰਮਾਣੂ ਸ਼ਕਤੀ ਨੂੰ ਸਾਖਿਆਤ ਕਰ ਲਿਆ ਗਿਆ। ਇਸ ਲੱਭਤ ਨੇ ਮਨੁਖ ਦੀ ਸੋਚ ਦਾ ਕਾਇਆ-ਕਲਪ ਕਰਕੇ ਸੰਸਾਰ ਵਿਚ ਇਕ ਨਵੇਂ ਐਟਮੀ ਅਥਵਾ ਪਰਮਾਣੂ ਯੁਗ ਦਾ ਉਦਘਾਟਨ ਕੀਤਾ। ਇੰਜ ਖੋਜ ਦੀਆਂ ਸੰਭਾਵਨਾਵਾਂ ਦਾ, ਉਹ

ਭਾਵੇਂ ਕਿਸੇ ਖੇਤਰ ਦੀ ਹੋਵੇ, ਪਾਰਾਵਾਰ ਨਹੀਂ ਪਾਇਆ ਜਾ ਸਕਦਾ, 2.3.2, ਲਸ਼ ਅਨੁਸਾਰ ਵੰਡ : ਇੱਥੇ ਇਹ ਗੱਲ ਚਿਤਾਰਣ ਦੀ ਲੋੜ ਨਹੀਂ ਭਾਸਦੀ ਕਿ ਉਪਰ ਕੀਤੀ ਗਈ ਵੰਡ ਖੋਜ ਲਈ ਵਰਤੀ ਗਈ ਸਾਮਗ, ਖੋਜ ਦੇ ਲਕਸ਼ ਅਤੇ ਖੋਜ ਤੋਂ ਪ੍ਰਾਪਤ ਸਿੱਟਿਆਂ ਦੇ ਆਧਾਰ ਤੇ ਕੀਤੀ ਗਈ ਹੈ । ਇਨ੍ਹਾਂ ਤਿੰਨਾਂ ਆਧਾਰਾਂ ਵਿਚੋਂ ਲਕਸ਼ ਜਾਂ ਉਦੇਸ਼ ਪ੍ਰਬਲ ਹੇਤ ਹੈ । ਇਸ ਨੂੰ ਮੁਖ ਰਖ ਕੇ ਖੋਜ ਦੀ ਇਕ ਹੋਰ ਵੰਡ ਇਸ ਤਰਾਂ ਸਥਾਈ ਜਾਂਦੀ ਹੈ :

(ੳ) ਸਮਸਿਆ ਮੂਲਕ

(ਅ) ਸਿੱਧਾਂਤ ਸਿਰਜਕ

(ੲ) ਸਿੱਧਾਂਤ ਪਰੀਖਕ

ਤਿੰਨੇ ਤਰ੍ਹਾਂ ਦੀ ਖੋਜ ਦੇ ਲਕਸ਼ ਉਨ੍ਹਾਂ ਦੇ ਨਾਵਾਂ ਤੋਂ ਪ੍ਰਗਟ ਹਨ । ਸਮਸਿਆ-ਮੂਲਕ ਖੋਜ ਕਿਸੇ ਲੁਪਤ ਤੱਥ ਜਾਂ ਸਚਾਈ ਦਾ ਆਵਿਸ਼ਕਾਰ ਕਰਕੇ ਕਿਸੇ ਸਮਸਿਆ ਦਾ ਸਮਾਧਾਨ ਚੇਸ਼ਟਾ ਰੱਖਦੀ ਹੈ, ਜਦੋਂ ਕਿ ਸਿੱਧਾਂਤ ਸਿਰਜਕ ਖੋਜ ਦਾ ਨਿਸ਼ਾਨਾ ਘਟਨਾ ਵਿਸ਼ੇਸ਼ ਪਿੱਛੇ ਕੰਮ ਕਰਦੇ ਨਿਯਮਾਂ ਜਾਂ ਸਿੱਧਾਂਤਾਂ ਨੂੰ ਲਭਣਾ ਤੇ ਸ਼ਕਲ ਦੇਣਾ ਹੈ । ਪਹਿਲੀ ਦਾ ਦਾਇਆ ਬੜਾ ਨਿਗੂਣਾ ਜੇਹਾ ਕਿਹਾ ਜਾ ਸਕਦਾ ਹੈ, ਜਦੋਂ ਕਿ ਦੂਸਰੀ ਦਾ ਮਨੁੱਖ ਦੇ ਸਮੁੱਚੇ ਗਿਆਨ ਵਿਚ ਵਾਧਾ ਕਰਨਾ ਹੈ । ਅੰਤਿਮ ਰੂਪ ਵਿਚ ਪਿਛਲੀ ਹੀ ਮਨੁੱਖ ਦੀ ਤਰੱਕੀ ਦੀ ਢਾਮਿਨ ਅਤੇ ਉਤੇਜਕ ਬਣਦੀ ਹੈ । ਤੀਸਰੀ, ਅਰਥਾਤ ਸਿੱਧਾਂਤ-ਪਰੀਖਕ ਖੋਜ ਪੂਰਕ ਵੰਨਗੀ ਦੀ ਹੁੰਦੀ ਹੈ । ਇਹ ਸਿੱਧਾਂਤ ਸਿਰਜਕ ਖੋਜ ਵਲੋਂ ਕੱਢੇ ਸਿੱਟਿਆਂ ਦੀ ਜਾਂਚ ਪੜਤਾਲ ਲਈ ਹੱਥ ਵਿਚ ਲਈ ਜਾਂਦੀ ਹੈ। ਜੇ ਜ਼ਰਾ ਡੂੰਘੇਰੀ ਨਜ਼ਰ ਨਾਲ ਦੇਖੀਏ ਤਾਂ ਇਹ ਤੀਸਰੀ ਕਿਸਮ ਵਾਸਤਵ ਵਿਚ ਪਹਿਲੀ ਦਾ ਹੀ ਇਕ ਉਪਰੂਪ ਹੈ । ਇਸ ਦਾ ਉਦੇਸ਼ ਸਿੱਧਾਂਤ ਦੇ ਠੀਕ ਹੋਣ ਬਾਰੇ ਰਹੀ ਕਿਸੇ ਸ਼ੰਕਾ ਨੂੰ ਨਿਵਿਰਤ ਕਰਕੇ ਸਿੱਧਾਂਤ ਦੀ ਪ੍ਰਮਾਣਿਕਤਾ ਨੂੰ ਦ੍ਰਿੜ ਕਰਾਣਾ ਹੁੰਦਾ ਹੈ ।

ਵਿਆਖਿਆ ਮੂਲਕ ਤੇ ਤੱਥਕ : ਖੋਜ ਨੂੰ ਤੱਥਕ ਤੇ ਵਿਆਖਿਆ-ਮੂਲਕ (factual and interpretative) ਨਾਂ ਦੀਆਂ ਦੋ ਕੋਟੀਆਂ ਵਿਚ ਵੀ ਵੰਡਿਆ ਜਾਂਦਾ ਹੈ । ਤੱਥਕ ਖੋਜ ਦਾ ਨਿਸ਼ਾਨਾ ਨਵੇਂ ਤੱਥਾਂ ਦਾ ਅਵਿਸ਼ਕਾਰ ਕਰਨਾ ਹੈ । ਇਹ ਆਵਿਸ਼ਕਾਰ ਪ੍ਰਯੋਗਸ਼ਾਲਾ ਵਿਚ ਹੋ ਸਕਦਾ ਹੈ; ਬਾਹਰ ਸਮਾਜਕ ਖੇਤਰ ਵਿਚ ਕੰਮ ਕਰਨ ਨਾਲ ਹੋ ਸਕਦਾ ਹੈ, ਅਤੇ ਦਬੇ ਘੁਟੇ, ਅੱਖਾਂ ਤੋਂ ਓਹਲੇ ਪਏ, ਹੱਥ ਲਿਖਤ ਸਾਹਿੱਤ ਦੇ ਅਧਿਐਨ ਨਾਲ ਵੀ ਹੋ ਸਕਦਾ ਹੈ । ਦੂਜੇ ਪਾਸੇ, ਵਿਆਖਿਆ-ਮੂਲਕ ਖੋਜ ਨਵੀਆਂ ਅਭਿਧਾਰਣਾਵਾਂ, ਨਵੇਂ ਸੰਬੰਧ ਸਥਾਪਤ ਕਰਨ ਦਾ ਨਾਂ ਹੈ । ਇਸ ਨੂੰ 'ਵਿਚਾਰਾਂ ਦੀ ਖੋਜ (research in ideas) ਵੀ ਕਿਹਾ ਜਾਂਦਾ ਖੇਤਰ ਪ੍ਰਕਾਰ ਤੇ ਪੱਧਰ ਹੈ । ਵਿਸ਼ਲੇਸ਼ਣਾਤਮਕ ਖੋਜ ਵੀ ਇਸੇ ਦਾ ਨਾਂ ਹੈ । ਇਹ ਡੂੰਘੇਰੀ ਕਿਸਮ ਦੀ ਖੋਜ ਹੁੰਦੀ ਹੈ ਤੇ ਸਾਰਥਕ ਹੋਣ ਲਈ ਵਿਸ਼ਾਲ ਸੂਝ ਦੀ ਮੰਗ ਕਰਦੀ ਹੈ । ਦਰਸ਼ਨ-ਸ਼ਾਸਤ ਤੇ ਮਾਨਵਿਕੀਆਂ (ਉਦਾਰ ਕਲਾਵਾਂ ਸਮੇਤ) ਇਸ ਖੋਜ ਦੇ ਮਨ-ਭਾਉਂਦੇ ਖੇਤਰ ਹਨ । 2. 3.4. ਗਿਆਨ ਖੇਤਰ ਉੱਤੇ ਆਧਾਰਿਤ ਵੰਡ : ਖੇਤਰ ਦੇ ਆਧਾਰ ਤੇ ਖੋਜ ਦੀਆਂ ਉੱਨੀਆਂ ਹੀ ਕਿਸਮਾਂ ਹੋ ਸਕਦੀਆਂ ਹਨ ਜਿੰਨੀਆਂ ਗਿਆਨ-ਖੇਤਰ ਦੀਆਂ ਸ਼ਾਖਾਵਾਂ, ਜਿਨ੍ਹਾਂ ਦਾ ਕੁਝ ਭਾਨ ਅਸੀਂ ਉਪਰ ਇਸੇ ਅਧਿਆਇ ਦੇ ਪਹਿਲੇ ਪ੍ਰਕਰਣ ਵਿਚ ਕਰ ਆਏ ਹਾਂ । ਤਾਂ ਵੀ, ਮੁੱਖ ਚਾਰ ਸ਼੍ਰੇਣੀਆਂ ਮੰਨੀਆਂ ਗਈਆਂ ਹਨ : ਪਹਿਲੀ ਪ੍ਰਾਕ੍ਰਿਤਿਕ ਵਿਗਿਆਨਾਂ ਦੀ ਹੈ; ਜੈਵਿਕ ਵਿਗਿਆਨਾਂ ਦੀ; ਤੀਜੀ ਸਮਾਜਕ ਵਿਗਿਆਨਾਂ ਦੇ ਅਤੇ ਚੌਥੀ ਮਾਨਵਿਕੀਆਂ ਜਾਂ ਉਦਾਰ ਕਲਾਵਾਂ ਦੀ । ਇਨ੍ਹਾਂ ਚੌਹਾਂ ਦਾ ਅੰਤਰ ਪਾਪਤ ਸਿੱਟਿਆਂ ਦੀ ਪਰਿਸ਼ੁੱਧਤਾ ਵਿਚ ਪ੍ਰਗਟ ਹੁੰਦਾ ਹੈ, ਭਾਵੇਂ ਖੋਜ ਦੀ ਮੰਗ, ਚੌਹਾਂ ਵਿਚ ਹੀ ਉਚਕੋਟੀ ਦੀ ਤਾਰਕਿਕਤਾ ਹੈ । ਪ੍ਰਾਕ੍ਰਿਤਿਕ ਤੇ ਜੈਵਿਕ ਵਿਗਿਆਨਾਂ ਵਿਚ ਖੋਜ ਨਿੱਗਰ ਤੱਥ ਲੈ ਕੇ ਚਲਦੀ ਹੈ, ਇਸ ਲਈ ਉਸ ਦੇ ਕਦੇ ਸਿੱਟੇ ਦਿਤ ਹੁੰਦੇ ਹਨ, ਉਨ੍ਹਾਂ ਦੇ ਬਦਲ ਜਾਣ ਦਾ ਤੌਖਲਾ ਨਹੀਂ ਹੁੰਦਾ, ਪਰ ਸਮਾਜਕ ਵਿਗਿਆਨਾਂ ਵਿਚ ਕਢੇ ਸਿੱਟੇ ਭੌਤਿਕ ਤੇ ਜੈਵਿਕ ਵਿਗਿਆਨਾਂ ਦਿੱਨੀ ਪਰਿਸ਼ੁੱਧਤਾ ਹਿਣ ਨਹੀਂ ਕਰਦੇ, ਤੇ ਇਹੀ ਗੱਲ ਮਾਨਵਿਕੀਆਂ ਜਾਂ ਉਦਾਰ ਕਲਾਵਾਂ ਬਾਰੇ ਕਹੀ ਜਾਂ ਸਕਦੀ ਹੈ । ਕਾਰਣ ਇਹ ਕਿ ਸਮਾਜਕ ਵਿਗਿਆਨਾਂ ਵਿਚ ਖੋਜ ਦਾ ਵਾਸਤਾ ਮਾਨਵ-ਸਮੂਹਾਂ ਨਾਲ ਹੁੰਦਾ ਹੈ ਤੇ ਮਾਨਵਿਕੀਆਂ ਵਿਚ ਮਾਨਵ ਵਿਅਕਤੀ ਨਾਲ । ਦੋਹਾਂ ਹਾਲਤਾਂ ਵਿਚ ਮਨੁਖੀ ਵਿਵਹਾਰ (behaviour) ਬਦਲ ਜਾਣ ਦੀ ਰੁਚੀ ਰਖਦਾ ਹੈ, ਜਿਸ ਕਾਰਣ ਸਿੱਟੇ ਸ਼ਤ-ਪ੍ਰਤਿਸ਼ਤ ਸਥਿਰ ਨਹੀਂ ਰਹਿੰਦੇ ।

ਵਿਗਿਆਨਕ ਤੇ ਸਾਹਿਤਕ : ਖੋਜ ਦੀ ਇਕ ਹੋਰ ਭਾਵਪੂਰਤ ਵੰਡਵਿਗਿਆਨਕ (scientific) ਤੇ ਸਾਹਿਤਕ ਜਾਂ literary ਵਿਚ ਕੀਤੀ ਜਾਂਦੀ ਹੈ । ਪਹਿਲੀ ਨੂੰ ਪ੍ਰਯੋਗ ਸ਼ਾਲਾਕਹਿ ਕੇ ਵੀ ਚਿਤਾਰਿਆ ਜਾਂਦਾ ਹੈ ਤੇ ਦੂਜੀ ਨੂੰ ਕਿਤਾਬੀ' ਕਹਿ ਸਕਦੇ ਹਾਂ । ਵਿਗਿਆਨਕ ਜਾਂ ਪ੍ਰਯੋਗਸ਼ਾਲਾਈ ਖੋਜ ਵਿਚ ਤੱਥ ਮੂਲ ਖੇਤਰਾਂ ਤੋਂ ਹਾਸਲ ਕੀਤੇ ਜਾਂਦੇ ਹਨ । ਮੂਲ ਖੇਤਰ ਜਨ-ਜੀਵਨ ਹੋ ਸਕਦਾ ਹੈ ਤੇ ਪ੍ਰਯੋਗਸ਼ਾਲਾ ਵੀ। ਇਸਦੇ ਉਲਟ ਸਾਹਿਤਕ ਜਾਂ ਵਿਸ਼ਲੇਸ਼ਣਾਤਮਕ ਖੋਜ ਲਈ ਸਾਰੀ ਸਾਮਗ੍ਰ ਪ੍ਰਕਾਸ਼ਿਤ ਪੁਸਤਕਾਂ, ਦਸਤਾਵੇਜ਼ਾਂ ਤੇ ਰਿਪੋਰਟਾਂ, ਆਦਿ ਤੋਂ ਆਉਂਦੀ ਹੈ । ਫਤਸਰੂਪ, ਪਹਿਲੀ ਕਿਸਮ ਵਿਚ ਵਸਤੂ-ਤੱਥਾਂ ਅਤੇ ਦੂਜੀ ਵਿਚ ਵਿਚਾਰਾਂ ਦੀ ਪ੍ਰਧਾਨਤਾ ਹੁੰਦੀ ਹੈ । ਜਿੱਥੇ ਪਹਿਲੀ ਲਈ ਪ੍ਰਯੋਗਸ਼ਾਲਾ ਜਾਂ ਸੰਬੰਧਿਤ ਖੇਤਰ ਵਿਚ ਜਾ ਕੇ ਤੱਥ-ਅਵਲਕਣ ਤੇ ਸ਼ੰਕਲਣ ਦਾ ਸਹਾਰਾ ਲੈਣਾ ਪੈਂਦਾ ਹੈ, ਉੱਥੇ ਦੂਜੀ ਦਾ ਕੰਮ ਪੁਸਤਕ 'ਲੇ ਜਾਂ ਘਰ ਵਿਚ ਬੈਠ ਕੇ, ਉਪਲਬਧ ਸਾਹਿੱਤ ਦੀ ਮਦਦ ਨਾਲ ਚਲ ਜਾਂਦਾ ਹੈ ।

ਵਿਧੀ ਤੇ ਆਧਾਰਿਤ ਵੰਡ : ਖੋਜ-ਵੰਡ ਕਈ ਵਾਰੀ ਖੋਜ ਕਰਨ ਲਈ ਵਰਤੀ ਗਈ ਵਿਧੀ ਦੇ ਆਧਾਰ ਤੇ ਵੀ ਕੀਤੀ ਜਾਂਦੀ ਹੈ। ਸਿਖਿਆ ਦੇ ਖੇਤਰ ਵਿਚ ਇਹ ਆਮ ਤੌਰ ਤੇ ਹੇਠ ਲਿਖੇ ਤਿੰਨ ਰੂਪ ਧਾਰਦੀ ਹੈ : (1) ਇਤਿਹਾਸਕ : ਇਹ ਅਤੀਤਕਾਲ ਵਿਚ ਕਿਸੇ ਸਥਿਤੀ ਨੂੰ ਨਿਰੂਪਿਤ ਕਰਦੀ ਹੈ f3 ਕੋਈ ਗੱਲ ਕਿਵੇਂ ਸੀ ? ਯਤਨ ਅਤੀਤਕਾਲ ਵਿਚ ਬੀਤੀਆਂ ਘਟਨਾਵਾਂ ਦੀ ਜਾਂਚ ਪੜਤਾਲ ਕਰਨ; ਉਨ੍ਹਾਂ ਦੇ ਅਭਿਲੇਖ (record) ਤਿਆਰ ਕਰਨ, ਤੇ ਉਨ੍ਹਾਂ ਨੂੰ ਵਿਸ਼ਲੇਸ਼ਣ ਦੀ ਕੁਠਾਲੀ ਵਿੱਚੋਂ ਲੰਘਾ ਕੇ ਉਨ੍ਹਾਂ ਪਿੱਛੋਂ ਕੰਮ ਕਰਦੇ ਨਿਯਮ ਲਭਣ ਦਾ ਹੁੰਦਾ ਹੈ, ਤਾਂ ਜੋ ਉਨ੍ਹਾਂ ਦੀ ਸਹਾਇਤਾ ਨਾਲ ਮਨੁਖੀ ਗਤੀਵਿਧੀ ਨੂੰ ਸਮਝਣਾ ਸੰਭਵ ਤੇ ਸੁਗਮ ਹੋ ਸਕੇ। (ii) ਵਰਣਨਾਤਮਕ : ਇਹ ਅਤੀਤਕਾਲ ਨੂੰ ਨਹੀਂ, ਵਰਤਮਾਨ ਨੂੰ ਬਿਆਨ ਕਰਦੀ ਹੈ ਕਿ ਕੋਈ ਗੱਲ ਕਿਵੇਂ ਹੈ ? ਇਸ ਵਿਚ ਗੱਲ ਜਾਂ ਸਥਿਤੀ ਵਿਸ਼ੇਸ਼ ਦੇ ਵਿਵਰਣ, ਅਭਿਲਖਣ ਵਿਸ਼ਲੇਸ਼ਣ ਤੇ ਵਿਆਖਿਆ ਕੀਤੀ ਜਾਂਦੀ ਹੈ। (iii) ਯੋਗਾਤਮਕ : ਪ੍ਰਤੱਖਣ ਇਸ ਖੋਜ ਦਾ ਪ੍ਰਮੁੱਖ ਆਧਾਰ ਹੈ ਤੇ ਵਿਧੀ ਤੱਥਾਂ ਦੇ ਅਵਲੋਕਣ, ਸੰਕਲਣ, ਵਿਸ਼ਲੇਸ਼ਣ ਤੇ ਵਿਆਖਿਆਂ ਦੀ। ਵਾਚੇ ਤੇ ਲੱਭੇ ਗਏ ਸਿੱਟਿਆਂ ਦੇ ਆਧਾਰ ਤੇ ਇਹ ਭਵਿਖ ਬਾਣੀ ਕਰਨ ਵਲ ਰੁਚਿਤ ਹੁੰਦੀ ਹੈ। ਸਮਾਜਕ ਖੇਤਰਾਂ ਦੀ ਨੀਤੀ ਨਿਰਧਾਰਕ ਖੋਜ ਇਸੇ ਕੋਟੀ ਵਿਚ ਰੱਖੀ ਜਾ ਸਕਦੀ ਹੈ।

ਸਉਪਾਧਿਕ ਤੇ ਨਿਰਉਪਾਧਿਕ : ਹਿੰਦੀ ਜਗਤ ਦੇ ਵਿਦਵਾਨ ਖੋਜ ਨੂੰ ਦੋ ਹੋਰ ਕੋਟੀਆਂ, ਸਉਪਾਧਿਕ ਤੇ ਨਿਰਉਪਾਧਿਕ ਵਿਚ ਵੰਡਣ ਦੇ ਸ਼ੌਕੀਨ ਹਨ। ਪਹਿਲੀ ਤੋਂ ਭਾਵ ਉਹ ਖੋਜ ਹੈ ਜੋ ਯੂਨੀਵਰਸਿਟੀਆਂ ਵਿਚ ਡਿਗਰੀ ਹਾਸਲ ਕਰਨ ਲਈ ਕੀਤੀ ਜਾਂਦੀ ਹੈ; ਦੂਜੀ ਉਹ ਖੋਜ ਹੈ ਜਿਸ ਦਾ ਨਿਸ਼ਾਨਾ ਡਿਗਰੀ ਹਾਸਲ ਕਰਨਾ ਨਹੀਂ, ਐਸੇ ਹੀ ਗਿਆਨ ਦੀ ਕਿਸੇ ਧੁੰਧਲੀ ਨੁੱਕਰ ਨੂੰ ਰੁਸ਼ਨਾਉਣਾ ਹੈ। ਪਹਿਲੀ ਦਾ ਨਿਸ਼ਾਨਾ ਚੂਕਿ ਡਿਗਰੀ ਪ੍ਰਾਪਤ ਕਰਨਾ ਹੈ, ਇਸ ਲਈ ਇਸ ਦੇ ਖੋਜ-ਵਿਧੀ ਅਨੁਸਾਰ ਪੂਰੀ ਤਰ੍ਹਾਂ ਢਲੇ ਹੋਣ ਦੀ ਸ਼ਰਤ ਲਾਗੂ ਹੁੰਦੀ ਹੈ, ਪਰ ਨਿਰਉਪਾਧਿਕ ਖੋਜ ਵਿਚ ਲੇਖਣ (documentation) ਦੇ ਸਖਤੀ ਨਾਲ ਨਿਭਾਏ ਜਾਣ ਉਤੇ ਬਲ ਨਹੀਂ ਦਿਤਾ ਜਾਂਦਾ। | ਸਾਰ ਤੱਤ : ਖੋਜ ਦੀਆਂ ਕਿਸਮਾਂ ਦਾ ਇਹ ਸੰਖੇਪ ਜੇਹਾ ਅਧਿਐਨ ਇਸ ਗੱਲ ਨੂੰ ਦ੍ਰਿੜ ਕਰਾਂਣ ਲਈ ਕਾਫ਼ੀ ਹੈ ਕਿ ਸਭ ਪ੍ਰਕਾਰ ਦੀ ਖੋਜ ਇਕ ਜੈਸੀ ਨਹੀਂ ਹੁੰਦੀ: ਕਿਸੇ ਵਿਚ ਖੋਜਕਾਰ ਲਈ ਚਣੌਤੀ ਵਧੇਰੇ ਪ੍ਰਬਲ ਹੁੰਦੀ ਹੈ ਤੇ ਕਿਸੇ ਵਿਚ ਘਟ। ਸਿੱਧਾਂਤਕ ਜਾਂ ਵਿਚਾਰਾ ਤਮਕ ਖੋਜ, ਜਿਸ ਨੂੰ ਅਸੀਂ ਮੂਲਭੂਤ ਜਾਂ ਬੁਨਿਆਦੀ ਕਿਹਾ ਹੈ, ਖਜ ਦੀਆਂ ਦੂਜੀਆਂ ਕਿਸਮਾਂ ਨਾਲੋਂ ਕਠਿਨ ਹੁੰਦੀ ਹੈ। ਇਹ ਸਚਮੁਚ ਦੇ ਪ੍ਰਤਿਭਾਵਾਨ ਖੋਜਕਾਰਾਂ ਦੇ ਹੱਥਾਂ ਵਿਚ ਜਾ ਕੇ ਹੀ ਉਘੜਦੀ ਤੇ ਕਿਸੇ ਸਾਰਥਕ ਢੰਗ ਨਾਲ ਰੂਪ ਧਾਰਦੀ ਹੈ।

## ਸਾਰ-ਅੰਸ਼:

ਖੋਜ ਮਤਲਬ "ਰਚਨਾਤਮਕ ਅਤੇ ਸਿਧਾਂਤਕ ਤੌਰ ਤੇ ਕੀਤਾ ਗਿਆ ਕੰਮ ਜੋ ਕਿ ਗਿਆਨ ਦਾ ਭੰਡਾਰ ਵਧਾਉਣ, ਮਨੁੱਖਾਂ, ਸੱਭਿਆਚਾਰ ਅਤੇ ਸਮਾਜ ਦੇ ਗਿਆਨ ਸਮੇਤ ਅਤੇ ਨਵੀਆਂ ਅਰਜ਼ੀਆਂ ਨੂੰ ਬਣਾਉਣ ਲਈ ਗਿਆਨ ਦੇ ਇਸ ਸਟਾਕ ਦੀ ਵਰਤੋਂ ਨੂੰ ਸ਼ਾਮਲ ਕਰਨ ਲਈ ਕੀਤੇ ਜਾਂਦੇ ਹਨ।" ਇਹ ਤੱਥ ਸਥਾਪਿਤ ਕਰਨ ਜਾਂ ਪੁਸ਼ਟੀ ਕਰਨ ਲਈ ਵਰਤਿਆ ਜਾਂਦਾ ਹੈ, ਪਿਛਲੇ ਕੰਮ ਦੇ ਨਤੀਜਿਆਂ ਨੂੰ ਮੁੜ ਪੁਸ਼ਟੀ ਕਰਦਾ ਹੈ, ਨਵੇਂ ਜਾਂ ਮੌਜੂਦਾ ਸਮੱਸਿਆਵਾਂ ਨੂੰ ਹੱਲ ਕਰਦਾ ਹੈ, ਪ੍ਰੋਟੀਮ ਦੀ ਸਹਾਇਤਾ ਕਰਦਾ ਹੈ ਜਾਂ ਨਵੇਂ ਸਿਧਾਂਤ ਵਿਕਸਿਤ ਕਰਦਾ ਹੈ। ਇੱਕ ਖੋਜ ਪ੍ਰੋਜੈਕਟ ਖੇਤਰ ਵਿੱਚ ਪਿਛਲੇ ਕੰਮ 'ਤੇ ਇੱਕ ਵਿਸਥਾਰ ਹੋ ਸਕਦਾ ਹੈ। ਖੋਜ ਪ੍ਰੋਜੈਕਟ ਕਿਸੇ ਵਿਸ਼ੇ ਤੇ ਹੋਰ ਗਿਆਨ ਵਿਕਸਿਤ ਕਰਨ ਲਈ ਜਾਂ ਇੱਕ ਸਕੂਲੀ ਖੋਜ ਪ੍ਰੋਜੈਕਟ ਦੀ ਮਿਸਾਲ ਵਿੱਚ ਵਿਕਸਤ ਕਰਨ ਲਈ ਵਰਤਿਆ ਜਾ ਸਕਦਾ ਹੈ, ਉਹਨਾਂ ਨੂੰ ਭਵਿੱਖ ਦੀਆਂ ਨੌਕਰੀਆਂ ਅਤੇ ਰਿਪੋਰਟਾਂ ਲਈ ਤਿਆਰ ਕਰਨ ਲਈ ਇੱਕ ਵਿਦਿਆਰਥੀ ਦੇ ਖੋਜੀ ਸ਼ਕਤੀ ਨੂੰ ਅੱਗੇ ਵਧਾਉਣ ਲਈ ਵਰਤਿਆ ਜਾ ਸਕਦਾ ਹੈ। ਯੰਤਰਾਂ, ਪ੍ਰਕਿਰਿਆਵਾਂ ਜਾਂ ਪ੍ਰਯੋਗਾਂ ਦੀ ਪ੍ਰਮਾਣਿਕਤਾ ਦੀ ਜਾਂਚ ਕਰਨ ਲਈ, ਖੋਜ ਪ੍ਰਾਜੈਕਟ ਦੇ ਪ੍ਰੋਜੈਕਟਾਂ ਜਾਂ ਪ੍ਰੋਜੈਕਟ ਦੇ ਪੂਰੇ ਤੱਤ ਦੀ ਨਕਲ ਕਰ ਸਕਦੀ ਹੈ। ਬੁਨਿਆਦੀ ਖੋਜਾਂ ਦੇ ਪ੍ਰਮੁੱਖ ਉਦੇਸ਼ ਮਨੁੱਖੀ ਗਿਆਨ ਦੀ ਤਰੱਕੀ ਲਈ ਦਸਤਾਵੇਜ਼ਾਂ ਅਤੇ ਪ੍ਰਣਾਲੀਆਂ ਦੇ ਦਸਤਾਵੇਜ਼, ਖੋਜ, ਵਿਆਖਿਆ ਜਾਂ ਖੋਜ ਅਤੇ ਵਿਕਾਸ (ਆਰ ਐਂਡ ਡੀ) ਹਨ। ਖੋਜ ਦੇ ਕਈ ਰੂਪ ਹਨ: ਵਿਗਿਆਨਕ, ਮਨੁੱਖਤਾ, ਕਲਾਤਮਕ, ਆਰਥਿਕ, ਸਮਾਜਿਕ, ਵਪਾਰ, ਮਾਰਕਿਟਿੰਗ, ਪ੍ਰੈਕਟੀਸ਼ਨਰ ਖੋਜ, ਜੀਵਨ, ਤਕਨਾਲੋਜੀ, ਆਦਿ.।

ਖੋਜ ਇਕ ਰਚਨਾਤਮਕ ਕਾਰਜ ਹੈ ਤੇ ਇਸ ਦੀ ਰਚਨਾਤਮਕਾ ਇਸ ਗੱਲ ਵਿਚ ਹੈ ਕਿ ਇਹ ਯਥਾਰਥ ਤੇ ਸਿਧਾਂਤ, ਦੋਹਾਂ ਨੂੰ ਤਬਦੀਲ ਕਰਨ ਵਿਚ ਮਨੁੱਖ ਦੀ ਸਹਾਇਤਾ ਕਰਦੀ ਹੈ।

ਇਕ ਸਿਧਾਂਤਕ ਭਾਸ਼ਾ ਨੂੰ ਸਿਧਾਂਤ ਵਿਚ ਤੇ ਇਕ ਸਿਧਾਂਤ ਨੂੰ ਇਕ ਹੋਰ ਸਿਧਾਂਤ ਵਿਚ ਪਰਿਵਰਤਿਤ ਕਰਨ ਵਿਚ ਸਮਰੱਥਾ ਦਾ ਨਾਂ ਹੀ ਖੋਜ ਹੈ।

ਵਿਧੀ ਵਿਗਿਆਨ ਵਿਗਿਆਨਾਂ ਦਾ ਵਿਗਿਆਨ ਹੈ।

ਅੱਜ ਦੀ ਖੋਜ ਨੂੰ ਮਰਜ਼ੀ ਨਹੀ ਮੁਦਰਾ ਕੰਟਰੋਲ ਕਰਦੀ ਹੈ।

***ਖੋਜ ਵਿਧੀ***

ਮੁਦਰਾ ਦੇ ਵਰਤਾਰੇ ਦਾ ਮੁੱਖ ਵਸੀਲਾ ਹਨ ਵਿਦਿਅਕ ਸੰਸਥਾਵਾਂ; ਇਹ ਸੰਸਥਾਵਾਂ ਖੋਜ-ਪ੍ਰੋਗ੍ਰਾਮ ਬਣਾਉਂਦੀਆਂ ਹਨ ਤੇ ਖੋਜ-ਕਾਮਾ ਤੇ ਵਿਗਿਆਨਕ ਤੋਂ ਵਿਗਿਆਨਕ ਵਿਧੀ ਨੂੰ ਵੀ ਕਿਸੇ ਸੰਸਥਾ ਦੇ ਮਨੋਰਥਾਂ-ਹਿੱਤ ਢਾਲ ਲੈਂਦਾ ਹੈ।

## ਮੁੱਖ/ਕੇਂਦਰੀ ਸ਼ਬਦ:

ਵਿਧੀ---ਢੰਗੇਤਰੀਕਾ

ਵਿਗਿਆਨ---ਪਰਖਣਯੋਗ

ਅਨੁਭਵ---ਤਜੱਰਬਾ

ਮੁਦਰਾ---ਪੂੰਜੀ



## ਸਵੈ-ਮੁਲਾਂਕਣ:

1. ਖੋਜ ਦੇ ਕਿੰਨੇ ਖੇਤਰ ਹਨ?

ੳ 1

ਅ 2

ੲ 3

ਸ ਉਪਰੋਕਤ ਕੋਈ ਨਹੀਂ

2. ਜੀਵ ਵਿਗਿਆਨ ਕਿਸ ਦਾ ਖੇਤਰ ਹੈ?

ੳ ਭੌਤਿਕੀ

ਅ ਰਸਾਇਣ

ੲ ਪ੍ਰਕਿਰਤਕ

ਸ ਉਪਰੋਕਤ ਕੋਈ ਨਹੀਂ

3. ਪ੍ਰਾਣੀ ਵਿਗਿਆਨ ਕਿਸ ਦਾ ਖੇਤਰ ਹੈ?

ੳ ਭੌਤਿਕੀ

ਅ ਰਸਾਇਣ

ੲ ਪ੍ਰਕਿਰਤਕ

ਸ ਉਪਰੋਕਤ ਕੋਈ ਨਹੀਂ

4. ਕੀਟ ਵਿਗਿਆਨ ਕਿਸ ਦਾ ਖੇਤਰ ਹੈ?

ੳ ਭੌਤਿਕੀ

ਅ ਰਸਾਇਣ

ੲ ਪ੍ਰਕਿਰਤਕ

ਸ ਉਪਰੋਕਤ ਕੋਈ ਨਹੀਂ

5. ਭੂ- ਵਿਗਿਆਨ ਕਿਸ ਦਾ ਖੇਤਰ ਹੈ?

ੳ ਭੌਤਿਕੀ

ਅ ਰਸਾਇਣ

ੲ ਪ੍ਰਕਿਰਤਕ

ਸ ਉਪਰੋਕਤ ਕੋਈ ਨਹੀਂ

6. ਚਕਿਤਸਾ ਵਿਗਿਆਨ ਕਿਸ ਦਾ ਖੇਤਰ ਹੈ?

ੳ ਭੌਤਿਕੀ

ਅ ਰਸਾਇਣ

ੲ ਪ੍ਰਕਿਰਤਕ

ਸ ਉਪਰੋਕਤ ਕੋਈ ਨਹੀਂ

7. ਸਾਹਿਤ ਕਿਸ ਖੇਤਰ ਵਿਚ ਆਉਂਦਾ ਹੈ?

ੳ ਪ੍ਰਕਿਰਤਕ ਵਿਗਿਆਨ

ਅ ਸਮਾਜ ਵਿਗਿਆਨ

ੲ ਕੋਮਲ ਕਲਾਵਾਂ

ਸ ਮਾਨਵਿਕੀਆਂ

8. ਇਤਿਹਾਸ ਕਿਸ ਖੇਤਰ ਵਿਚ ਆਉਂਦਾ ਹੈ?

ੳ ਪ੍ਰਕਿਰਤਕ ਵਿਗਿਆਨ

ਅ ਸਮਾਜ ਵਿਗਿਆਨ

ੲ ਕੋਮਲ ਕਲਾਵਾਂ

ਸ ਮਾਨਵਿਕੀਆਂ

9. ਕਾਨੂੰਨ ਕਿਸ ਖੇਤਰ ਵਿਚ ਆਉਂਦਾ ਹੈ?

ੳ ਪ੍ਰਕਿਰਤਕ ਵਿਗਿਆਨ

ਅ ਸਮਾਜ ਵਿਗਿਆਨ

ੲ ਕੋਮਲ ਕਲਾਵਾਂ

ਸ ਮਾਨਵਿਕੀਆਂ

10. ਮਨੋਵਿਗਿਆਨ ਕਿਸ ਖੇਤਰ ਵਿਚ ਆਉਂਦਾ ਹੈ?

ੳ ਪ੍ਰਕਿਰਤਕ ਵਿਗਿਆਨ

ਅ ਸਮਾਜ ਵਿਗਿਆਨ

ੲ ਕੋਮਲ ਕਲਾਵਾਂ

ਸ ਮਾਨਵਿਕੀਆਂ

11. ਰਾਜਨੀਤੀ ਸ਼ਾਸਤਰ ਕਿਸ ਖੇਤਰ ਵਿਚ ਆਉਂਦਾ ਹੈ?

ੳ ਪ੍ਰਕਿਰਤਕ ਵਿਗਿਆਨ

ਅ ਸਮਾਜ ਵਿਗਿਆਨ

ੲ ਕੋਮਲ ਕਲਾਵਾਂ

ਸ ਮਾਨਵਿਕੀਆਂ

12. ਅਰਥ ਸ਼ਾਸਤਰ ਕਿਸ ਖੇਤਰ ਵਿਚ ਆਉਂਦਾ ਹੈ?

ੳ ਪ੍ਰਕਿਰਤਕ ਵਿਗਿਆਨ

ਅ ਸਮਾਜ ਵਿਗਿਆਨ

ੲ ਕੋਮਲ ਕਲਾਵਾਂ

ਸ ਮਾਨਵਿਕੀਆਂ

13. ਧਰਮ ਕਿਸ ਖੇਤਰ ਵਿਚ ਆਉਂਦਾ ਹੈ?

ੳ ਪ੍ਰਕਿਰਤਕ ਵਿਗਿਆਨ

ਅ ਸਮਾਜ ਵਿਗਿਆਨ

ੲ ਕੋਮਲ ਕਲਾਵਾਂ

ਸ ਉਪਰੋਕਤ ਕੋਈ ਨਹੀਂ

14. ਗਣਿਤ ਕਿਸ ਖੇਤਰ ਵਿਚ ਆਉਂਦਾ ਹੈ?

ੳ ਪ੍ਰਕਿਰਤਕ ਵਿਗਿਆਨ

ਅ ਸਮਾਜ ਵਿਗਿਆਨ

ੲ ਕੋਮਲ ਕਲਾਵਾਂ

ਸ ਉਪਰੋਕਤ ਕੋਈ ਨਹੀਂ

15. ਨਾਟਕ ਕਿਸ ਖੇਤਰ ਵਿਚ ਆਉਂਦਾ ਹੈ?

ੳ ਪ੍ਰਕਿਰਤਕ ਵਿਗਿਆਨ

ਅ ਸਮਾਜ ਵਿਗਿਆਨ

ੲ ਕੋਮਲ ਕਲਾਵਾਂ

ਸ ਉਪਰੋਕਤ ਕੋਈ ਨਹੀਂ

## ਅਭਿਆਸ ਪ੍ਰਸ਼ਨ

1. ਖੋਜ ਦੇ ਖੇਤਰਾਂ ਤੋਂ ਕੀ ਭਾਵ ਹੈ?
2. ਖੋਜ ਦੇ ਖੇਤਰਾਂ ਵਿਚੋਂ ਪ੍ਰਕਿਰਤਕ ਵਿਗਿਆਨਾਂ ਦੇ ਖੇਤਰਾਂ ਦਾ ਸੰਖੇਪ ਵਿਚ ਵਰਣਨ ਕਰੋ।
3. ਖੋਜ ਦੇ ਖੇਤਰਾਂ ਵਿਚੋਂ ਸਮਾਜ ਵਿਗਿਆਨਾਂ ਦੇ ਖੇਤਰਾਂ ਦਾ ਸੰਖੇਪ ਵਿਚ ਵਰਣਨ ਕਰੋ।
4. ਖੋਜ ਦੇ ਖੇਤਰਾਂ ਵਿਚੋਂ ਮਾਨਵਿਕੀਆਂ ਦੇ ਖੇਤਰਾਂ ਦਾ ਸੰਖੇਪ ਵਿਚ ਵਰਣਨ ਕਰੋ।
5. ਬੁਨਿਆਦੀ ਵਿਗਿਆਨ ਦੇ ਖੇਤਰਾਂ ਦਾ ਸੰਖੇਪ ਵਿਚ ਵਰਣਨ ਕਰੋ।
6. ਸਾਹਿਤ ਕਿਸ ਖੇਤਰ ਵਿਚ ਆਉਂਦਾ ਹੈ? ਚਰਚਾ ਕਰੋ।
7. ਕਾਨੂੰਨ ਕਿਸ ਖੇਤਰ ਵਿਚ ਆਉਂਦਾ ਹੈ? ਚਰਚਾ ਕਰੋ।
8. ਇਤਿਹਾਸ ਕਿਸ ਖੇਤਰ ਵਿਚ ਆਉਂਦਾ ਹੈ? ਚਰਚਾ ਕਰੋ।
9. ਸਾਹਿਤ ਦਾ ਮੁੱਖ ਪ੍ਰਯੋਜਨ ਪ੍ਰੇਰਨਾਤਮਕ ਹੋਣਾ ਹੈ: ਸਪਸ਼ਟ ਕਰੋ।
10. ਸਾਹਿਤ ਦਾ ਮੁੱਖ ਉਦੇਸ਼ ਸੱਚ ਦਾ ਪ੍ਰਗਟਾਵਾ ਹੈ: ਸਿੱਧ ਕਰੋ।
11. ਖੋਜ ਦੇ ਖੇਤਰਾਂ ਵਿਚ ਵਰਗਵੰਡ ਦੀ ਕੀ ਸਾਰਥਕਤਾ ਹੈ?
12. ਖੋਜ ਵਿਚ ਅੰਤਰ-ਖੇਤਰੀ ਖੋਜ ਤੋਂ ਕੀ ਭਾਵ ਹੈ?
13. ਕੀ ਖੋਜ ਇਕ ਤੋਂ ਵੱਧ ਖੇਤਰਾਂ ਵਿਚ ਕੀਤੀ ਜਾ ਸਕਦੀ ਹੈ?
14. ਤੁਲਨਾਤਮਕ ਖੋਜ ਤੋਂ ਕੀ ਭਾਵ ਹੈ?
15. ਆਪਣੇ ਖੇਤਰ ਦੇ ਸਾਹਿਤ ਪ੍ਰੇਮੀਆਂ ਦੀ ਸੂਚੀ ਬਣਾਓ ਅਤੇ ਉਨ੍ਹਾਂ ਦੇ ਖੋਜ ਦੇ ਖੇਤਰਾਂ ਸੰਬੰਧੀ ਸਪਸ਼ਟੀਕਰਨ ਦਾ ਸਰਵੇਖਣ ਕਰੋ।

## ਸੰਦਰਭ ਪੁਸਤਕਾਂ:

1) ਖੋਜ:ਸਿਧਾਂਤ ਤੇ ਵਿਹਾਰ, ਪਿਆਰ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, (2010)

2) ਕੇਸਰ ਸਿੰਘ ਕੇਸਰ: ਖੋਜ ਚਿੰਤਨ, ਜਸਬੀਰ ਕੇਸਰ(ਸੰਪਾ.), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, (2006)

3) ਕੇਸਰ ਸਿੰਘ ਕੇਸਰ: ਸਿਧਾਂਤ ਚਿੰਤਨ, ਜਸਬੀਰ ਕੇਸਰ (ਸੰਪਾ.), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ,(2006)

4) ਪੰਜਾਬੀ ਖੋਜ ਦਾ ਇਤਿਹਾਸ, ਧਰਮ ਸਿੰਘ, ਪੰਜਾਬੀ ਅਕਾਦਮੀ ਦਿੱਲੀ,(2004)

5) ਪੰਜਾਬੀ ਖੋਜ ਸੰਦਰਭ, ਧਰਮ ਸਿੰਘ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, (2014)

6) ਪੰਜਾਬੀ ਆਲੋਚਨਾ: ਸਰੂਪ ਅਤੇ ਸੰਭਾਵਨਾਵਾਂ, ਸੰਧੂ, ਸਤਿਨਾਮ ਸਿੰਘ, ਮਦਾਨ ਪਬਲਿਸ਼ਰਜ਼, ਪਟਿਆਲਾ, (1996)

7) ਵਿਹਾਰਕ ਸਮੀਖਿਆ(2005) ,ਪਟਿਆਲਾ ,ਪੰਜਾਬੀ ਯੂਨੀਵਰਸਿਟੀ ,ਸਤਿੰਦਰ ਸਿੰਘ ,

## ਮਹੱਤਵਪੂਰਨ ਲਿੰਕ

NA

ਉੱਤਰਮਾਲਾ

| | | | | |
|---|---|---|---|---|
| 1. ੲ | 2. ੲ | 3. ੲ | 4. ੲ | 5. ਅ |
| 6. ਅ | 7. ਸ | 8. ਅ | 9. ਅ | 10. ਅ |
| 11.ਅ | 12. ਅ | 13. ਸ | 14. ਸ | 15. ੲ |

DPBI543

# ਅਧਿਆਇ-3 : ਖੋਜ ਦਾ ਉਦੇਸ਼, ਮਹੱਤਵ ਤੇ ਪਰਿਕਲਪਨਾ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਖੋਜ ਦੇ ਉਦੇਸ਼ ਨੂੰ ਸਮਝਣ ਦੇ ਸਮਰੱਥ ਹੋਣਗੇ।
- ਖੋਜ ਦੇ ਮਹੱਤਵ ਨੂੰ ਸਮਝਣ ਦੇ ਸਮਰੱਥ ਹੋਣਗੇ।
- ਪਰਿਕਲਪਨਾ ਦੇ ਪ੍ਰਯੋਜਨ ਅਤੇ ਮਹੱਤਵ ਤੋਂ ਜਾਣੂ ਹੋਣਗੇ।
- ਪਰਿਕਲਪਨਾ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।
- ਸਾਹਿਤ ਰੂਪਾਂ ਦਾ ਮੁਲਾਂਕਣ ਕਰ ਸਕਣ ਦੇ ਯੋਗ ਹੋਣਗੇ।

## ਪ੍ਰਸਤਾਵਨਾ:

ਸਾਹਿਤ ਇੱਕ ਅਜਿਹਾ ਸਾਧਨ ਹੈ ਜਿਸ ਰਾਹੀ ਮਨੁੱਖ ਦੇ ਮਨੋਭਾਵਾਂ, ਮਨੋਵੇਗਾਂ ਅਤੇ ਸਮਾਜਿਕ ਯਥਾਰਥ ਦਾ ਕਲਾਤਮਕ ਪਗਟਾਵਾ ਹੁੰਦਾ ਹੈ। ਸਾਹਿਤ ਹਮੇਸ਼ਾ ਹੀ ਕਿਸੇ ਸਕਾਰਾਤਮਕ ਉਦੇਸ਼ ਦਾ ਧਾਰਨੀ ਹੁੰਦਾ ਹੈ। ਸਮਾਜ ਵਿੱਚ ਆਰਥਿਕ, ਸਮਾਜਕ, ਰਾਜਨੀਤਿਕ, ਧਾਰਮਿਕ ਘਟਨਾਵਾਂ, ਜਦੋ ਮਨੁੱਖੀ ਮਨੋਭਾਵਾਂ ਨਾਲ ਟਕਰਾਉਂਦੀਆਂ ਹਨ ਤਾਂ ਸਾਹਿਤ ਪੈਦਾ ਹੁੰਦਾ ਹੈ। ਲੇਖਕ ਸਮਾਜ ਦੇ ਯਥਾਰਥ ਵਿੱਚ ਕਾਲਪਨਿਕ ਅੰਸ਼ ਪਾ ਕੇ ਸਾਹਿਤਕ ਰਚਨਾ ਦੀ ਉਤਪਤੀ ਕਰਦਾ ਹੈ। ਇਸ ਅਧਿਆਇ ਦਾ ਮੁਖ ਉਦੇਸ਼ ਵਿਦਿਆਰਥੀਆਂ ਨੂੰ ਸਾਹਿਤ ਦੀ ਪਰਿਭਾਸ਼ਾ, ਸਰੂਪ ਅਤੇ ਤੱਤਾਂ ਦੀ ਜਾਣਕਾਰੀ ਦੇਣਾ ਹੈ; ਤਾਂ ਕਿ ਵਿਦਿਆਰਥੀ ਸਾਹਿਤ ਦੀ ਪ੍ਰਕਿਰਤੀ ਨੂੰ ਸਮਝ ਸਕਣ। ਇਸ ਅਧਿਆਇ ਵਿਚ ਸਾਹਿਤ ਦੇ ਪ੍ਰਯੋਜਨ ਸਬੰਧੀ ਭਰਪੂਰ ਚਰਚਾ ਕੀਤੀ ਗਈ ਹੈ ਜਿਸ ਨਾਲ ਵਿਦਿਆਰਥੀ ਸਾਹਿਤ ਦੇ ਮੰਤਵ ਨੂੰ ਸਮਝਦਿਆਂ ਸਾਹਿਤ-ਰੂਪਾਂ ਦਾ ਮੁਲਾਂਕਣ ਕਰ ਸਕਣ ਦੇ ਸਮਰੱਥ ਹੋਣਗੇ।

## ਵਿਸ਼ਾ ਵਸਤੂ:

ਡਾ. ਪਿਆਰ ਸਿੰਘ ਅਨੁਸਾਰ :

ਖੋਜ ਦਾ ਮੁੱਖ ਪ੍ਰਕਾਰਜ ਮਨੁੱਖੀ ਗਿਆਨ ਵਿਚ ਵਾਧਾ ਕਰਨਾ ਹੈ । ਗਿਆਨ ਦਾ ਖੇਤਰ ਬਹੁਤ ਵਿਸ਼ਾਲ ਹੈ । ਇਸ ਲਈ ਖੋਜ ਦੇ ਖੇਤਰ ਦਾ ਵਿਸ਼ਾਲ ਹੋਣਾ ਵੀ ਸੁਭਾਵਕ ਹੈ । ਇਹ ਬ੍ਰਹਮੰਡ ਤਕ ਹੀ ਨਹੀਂ, ਸਗੋਂ ਇਸ ਤੋਂ ਵੀ ਪਰੇ ਤਕ ਫੈਲਿਆ ਹੋਇਆ ਹੈ । ਮਨੁੱਖ ਆਪਣੇ ਆਲੇ ਦੁਆਲੇ, ਅਰਥਾਤ ਪ੍ਰਕਿਰਤੀ ਬਾਰੇ , ਆਪਣੇ ਅਥਵਾ ਜੀਵ ਬਾਰੇ, ਤੇ ਦਿਸਦੇ ਜਗਤ ਤੋਂ ਪਰੇ ਰਹੱਸਵਾਦੀ ਜਗਤ ਬਾਰੇ, ਜਾਣਨ ਲਈ ਸਦਾ ਹੀ ਉਤਸੁਕਤ ਰਿਹਾ ਹੈ । ਉਸ ਦੀ ਹੁਣ ਤਕ ਹੋਈ ਪਦਾਰਥਕ ਤੇ ਅਧਿਆਤਮਿਕ ਉੱਨਤੀ ਇਸੇ ਇਕ ਸ਼ਕਤੀ ਅਰਥਾਤ ਜਾਣਨ-ਭੁੱਖ, ਉੱਤੇ ਆਧਾਰਿਤ ਹੈ । ਆਦਿਮ ਅਵਸਥਾ ਤੋਂ ਹੁਣ ਤਕ ਉਸ ਨੇ ਜੋ ਵੀ ਉੱਨਤੀ ਕੀਤੀ ਹੈ, ਜੋ ਵੀ ਲੱਭਤਾਂ ਲਭੀਆਂ ਹਨ, ਜੋ ਵੀ ਸੰਸਥਾਵਾਂ ਸਥਾਪਤ ਕੀਤੀਆਂ ਹਨ, ਉਹ ਸਭ ਮਨੁੱਖ ਅੰਦਰ ਪਾਈ ਜਾਂਦੀ ਇਸ ਜਾਨਣ-ਭੁੱਖ ਜਾਂ ਜਿਗਿਆਸਾ ਦਾ ਹੀ ਚਮਤਕਾਰ ਹਨ । ਅੰਗ੍ਰੇਜ਼ੀ ਕਹਾਵਤ ਹੈ : "ਲੋੜ ਕਾਢ ਦੀ ਮਾਂ ਹੈ । ਇਹ ਠੀਕ ਹੈ ਕਿ ਲੋੜ ਪੈਣ ਤੇ ਕਾਢਾਂ ਹੁੰਦੀਆਂ ਆਈਆਂ ਹਨ, ਪਰ ਇਹ ਵੀ ਸੱਚ ਹੈ ਕਿ ਸਾਰੀਆਂ ਲੱਭਤਾਂ ਲੋੜਾਂ ਤੋਂ ਆਤੁਰ ਹੋ ਕੇ ਨਹੀਂ ਲਭੀਆਂ ਗਈਆਂ, ਚੋਖੀਆਂ ਜਾਨਣ-ਭੁਖ ਜਾਂ ਉਤਸੁਕਤਾ ਤੋਂ ਪ੍ਰੇਰਿਤ ਹੋ ਕੇ ਵੀ ਹੋਂਦ ਵਿਚ ਆਈਆਂ, ਤੇ ਮਗਰੋਂ ਹੀ ਉਨ੍ਹਾਂ ਨੂੰ ਜੀਵਨ ਵਿਚ ਕੰਮ ਆਉਣ ਯੋਗ ਬਣਾਇਆ ਗਿਆ ।

### ਸਮੱਸਿਆ ਮੂਲਕ:-

ਖੋਜ ਦਾ ਖਾਸ ਉਦੇਸ਼ ਸਮੱਸਿਆ ਹੁੰਦੀ ਹੈ, ਜੇਕਰ ਸਮੱਸਿਆ ਹੋਵੇ ਤਾਂ ਹੀ ਕਿਸੇ ਖੋਜ ਦੀ ਸ਼ੁਰਆਤ ਹੋ ਸਕਦੀ ਹੈ। ਖੋਜ ਸਮੱਸਿਆ ਮੂਲਕ ਵਿਸ਼ਿਆ ਦੇ ਹੱਲ ਦਾ ਰੁਝਾਣ ਹੈ। ਖੋਜ ਦੇ ਹਰ ਵਿਸ਼ੇ ਨੇ ਕਿਸੇ ਵਿਸ਼ੇਸ਼ ਪ੍ਰੰਸਗਤਾ ਵੱਲ ਵਧਣਾ ਹੁੰਦਾ ਹੈ।

ਸਿਧਾਂਤ ਸਿਰਜਕ:- ਖੋਜ ਇਕ ਮੁੱਢਲਾ ਵਰਤਾਰਾ ਹੈ, ਸਭ ਤੋਂ ਪਹਿਲਾ ਖੋਜਾਰਥੀ ਨੇ ਆਪਣੀ ਖੋਜ ਸੰਬੰਧੀ ਵਿਸ਼ੇਸ਼ ਡਿਜ਼ਾਇਨ ਤਿਆਰ ਕਰਨਾ ਹੁੰਦਾ ਹੈ।ਡਿਜ਼ਾਇਨ ਹੀ ਖੋਜ ਦਾ ਬਹੁਪੱਖੀ ਤੇ ਬਹੁ-ਪਰਤੀ ਚੌਖਟਾ ਹੁੰਦਾ ਹੈ।ਬੀ.ਐੱਸ.ਫਿਲਿਪਸ ਅਨੁਸਾਰ:- ਰਿਸਰਚ ਡਿਜ਼ਾਇਨ ਤੱਥਾਂ ਦਾ ਸੰਕਲਣ , ਪਰਿਮਾਪਣ ਅਤੇ ਵਿਸ਼ਲੇਸ਼ਣ ਹਿੱਤ ਬਣਾਇਆ ਗਿਆ ਹੈ।

ਵਿਆਖਿਆ ਮੂਲਕ (ਵਿਚਾਰਾਂ ਦੀ ਖੋਜ) :- ਇੱਕ ਵਿਅਕਤੀ ਦੀ ਦਿਲਚਸਪੀ ਵਾਲੇ ਵਿਸ਼ਾ ਖੇਤਰ ਅਤੇ ਉਸਦੇ ਵਿਸ਼ਾ ਖੇਤਰ ਨੂੰ ਸਬੰਧਤ ਵਿਸ਼ਾਣੂ ਨਾਲ ਸੰਬੰਧਤ ਖੋਜ ਕਰਨ ਤੋਂ ਬਾਅਦ। ਵਿਸ਼ਾ ਖੇਤਰ ਨੂੰ ਬੇਤਰਤੀਬ ਨਾਲ ਨਹੀਂ ਚੁਣਿਆ ਜਾਣਾ ਚਾਹੀਦਾ ਕਿਉਂਕਿ ਇਸ ਨੂੰ ਸਾਹਿਤ ਵਿੱਚ ਪਾੜੇ ਦਾ ਪਤਾ ਲਗਾਉਣ ਲਈ ਵਿਸ਼ਾ ਤੇ ਵਿਸ਼ਾਲ ਸਾਹਿਤ ਦੇ ਪ੍ਰਕਾਸ਼ਨ ਪੜ੍ਹਨ ਦੀ ਜ਼ਰੂਰਤ ਹੁੰਦੀ ਹੈ ਤਾਂ ਖੋਜਕਰਤਾ ਤੰਗ ਹੋਣ ਦਾ ਇਰਾਦਾ ਰੱਖਦਾ ਹੈ। ਚੁਣੇ ਹੋਏ ਖੇਤਰ ਦੇ ਖੇਤਰ ਵਿੱਚ ਗਹਿਰੀ ਦਿਲਚਸਪੀ ਦੀ ਸਲਾਹ ਹੈ। ਖੋਜ ਨੂੰ ਇਸ ਵਿਸ਼ੇ ਬਾਰੇ ਆਪਣੇ ਪਹਿਲਾਂ ਹੀ ਮੌਜੂਦ ਗਿਆਨ ਨੂੰ ਮਹੱਤਵ ਦੇ ਕੇ ਇਸ ਨੂੰ ਜਾਇਜ਼ ਠਹਿਰਾਉਣਾ ਪਵੇਗਾ।

ਖੋਜ ਦੇ ਉਦੇਸ਼ ਕਿਸ ਤਰ੍ਹਾਂ ਨਿਰਧਾਰਿਤ ਕੀਤੇ ਜਾਂਦੇ ਹਨ, ਇਸ ਲਈ ਖੋਜ-ਪ੍ਰਬੰਧ ਦੇ ਉਦੇਸ਼ਾਂ ਦੀਆਂ ਉਦਾਹਰਨਾਂ ਦੇਖੀਆਂ ਜਾ ਸਕਦੀਆਂ ਹਨ :

**ਵਿਸ਼ਵੀਕਰਨ ਦੌਰ ਦੇ ਪੰਜਾਬੀ ਨਾਵਲ ਵਿਚ ਨਿਮਨ-ਕਿਸਾਨੀ ਸੰਕਟ** ਵਿਸ਼ੇ 'ਤੇ ਖੋਜ ਕਰਨ ਦਾ ਇਕਲੌਤਾ ਮਨੋਰਥ ਨਹੀਂ ਸਗੋਂ ਬਹੁਪੱਖੀ ਹੈ। ਇਸ ਖੋਜ ਦੇ ਪ੍ਰਮੁੱਖ ਉਦੇਸ਼ ਨਿਮਨਲਿਖਤ ਅਨੁਸਾਰ ਹਨ:-

1. ਵਿਸ਼ਵੀਕਰਨ ਦੌਰ ਦੇ ਪੰਜਾਬੀ ਨਾਵਲ ਵਿਚ ਨਿਮਨ-ਕਿਸਾਨੀ ਸੰਕਟ ਵਿਸ਼ੇ 'ਤੇ ਖੋਜ ਰਾਹੀਂ ਨਿਮਨ-ਕਿਸਾਨੀ, ਇਤਿਹਾਸ ਵਿਚ ਵੱਖ-ਵੱਖ ਸਮੇਂ ਉਪਜ ਨਿਮਨ-ਕਿਸਾਨੀ ਦੇ ਵਿਭਿੰਨ ਸੰਕਟਾਂ ਅਤੇ ਵਿਸ਼ਵੀਕਰਨ ਦੇ ਸਿਧਾਂਤ ਨੂੰ ਪ੍ਰਸਤੁਤ ਕਰਨਾ।

2. ਨਿਮਨ-ਕਿਸਾਨੀ ਸੰਕਟ ਦੇ ਵਿਕਾਸ ਪੜ੍ਹਾਅ ਨੂੰ ਉਜਾਗਰ ਕਰਨਾ।

3. ਇਸ ਖੋਜ ਦਾ ਉਦੇਸ਼ ਵਿਸ਼ਵੀਕਰਨ ਦੌਰ ਦੇ ਪੰਜਾਬੀ ਨਾਵਲ ਵਿਚ ਪ੍ਰਸਤੁਤ ਨਿਮਨ-ਕਿਸਾਨੀ ਦਾ ਆਰਥਿਕ ਸੰਕਟ ਉਜਾਗਰ ਕਰਨਾ।

4. ਵਿਸ਼ਵੀਕਰਨ ਦੌਰ ਦੇ ਪੰਜਾਬੀ ਨਾਵਲ ਵਿਚ ਪ੍ਰਸਤੁਤ ਨਿਮਨ-ਕਿਸਾਨੀ ਦਾ ਰਾਜਨੀਤਿਕ ਸੰਕਟ ਨੂੰ ਉਜਾਗਰ ਕਰਨਾ।

5. ਵਿਸ਼ਵੀਕਰਨ ਦੌਰ ਦੇ ਪੰਜਾਬੀ ਨਾਵਲ ਵਿਚ ਪ੍ਰਸਤੁਤ ਨਿਮਨ-ਕਿਸਾਨੀ ਦੇ ਸਭਿਆਚਾਰਕ ਸੰਕਟ ਨੂੰ ਉਜਾਗਰ ਕਰਨਾ।

6. ਇਸ ਖੋਜ ਰਾਹੀਂ ਪੰਜਾਬ ਦੇ ਨਿਮਨ-ਕਿਸਾਨ ਦੀ ਮੰਦੀ ਆਰਥਿਕਤਾ ਕਰਕੇ ਨਿਮਨ-ਕਿਸਾਨ ਪਰਿਵਾਰਾਂ ਦੀਆਂ ਔਰਤਾਂ ਦੀ ਤ੍ਰਾਸਦਿਕ ਸਥਿਤੀ ਦੇ ਪਿੱਛੇ ਕਾਰਜਸ਼ੀਲ ਵਿਭਿੰਨ ਸਰੋਕਾਰਾਂ ਦੀ ਤਸਵੀਰ ਹੋਰ ਵਧੇਰੇ ਸਪੱਸ਼ਟ ਕਰਨਾ।

7. ਰਾਮ ਸਰੂਪ ਅਣਖੀ, ਬਲਦੇਵ ਸਿੰਘ, ਜੀਤ ਸਿੰਘ ਸੰਧੂ ਅਤੇ ਸ਼ਿਵਚਰਨ ਜੱਗੀ ਕੁੱਸਾ ਨਾਵਲਾਂ ਵਿਚ ਪ੍ਰਸਤੁਤ

ਕਿਸਾਨੀ ਸਮੱਸਿਆਵਾਂ ਅਤੇ ਖੇਤਰੀ ਕਾਰਜ ਰਾਹੀਂ ਪ੍ਰਾਪਤ ਵਾਸਤਵਿਕਤਾ ਵਿਚ ਕਿਸਾਨੀ ਸਮੱਸਿਆਵਾਂ (ਕਰਜ਼ਾ, ਵਿਆਹਾਂ ਤੇ ਫ਼ਜ਼ੂਲ ਖ਼ਰਚ, ਸ਼ਾਹੂਕਾਰਾਂ ਦੀ ਲੁੱਟ, ਸ਼ਰੀਕੇਬਾਜ਼ੀ, ਨੌਜਵਾਨਾਂ ਦੇ ਨਸ਼ਿਆਂ ਦਾ ਸ਼ਿਕਾਰ ਹੋਣਾ, ਅਤੇ ਪਰਵਾਸ) ਦਾ ਅਧਿਐਨ ਕਰਨਾ।

8. ਨਿਮਨ-ਕਿਸਾਨਾਂ ਦੀ ਜੀਵਨ ਸ਼ੈਲੀ ਵਿਚ ਸੁਧਾਰ ਕਰਨ ਲਈ ਕਿਸਾਨਾਂ ਦੇ ਆਸ ਆਸਰਿਆਂ ਦੀ ਤਲਾਸ਼ ਕਰਨਾ।

ਇਸੇ ਪ੍ਰਕਾਰ ਖੋਜ ਦੇ ਮਹੱਤਵ ਤੇ ਨਤੀਜਿਆਂ ਦੀ ਉਦਾਹਰਨ ਦੇਖੀ ਜਾ ਸਕਦੀ ਹੈ:

**ਵਿਸ਼ਵੀਕਰਨ ਦੌਰ ਦੇ ਪੰਜਾਬੀ ਨਾਵਲ ਵਿਚ ਨਿਮਨ-ਕਿਸਾਨੀ ਸੰਕਟ** ਵਿਸ਼ੇ ਦੀ ਖੋਜ ਤੋਂ ਨਿਮਨ-ਲਿਖਤ ਨਤੀਜਿਆਂ ਨੂੰ ਪ੍ਰਾਪਤ ਕਰਨ ਦੀ ਆਸ ਕੀਤੀ ਜਾ ਸਕਦੀ ਹੈ ਜੋ ਨਿਮਨ-ਕਿਸਾਨਾਂ ਦੁਆਰਾ ਕੀਤੀਆ ਜਾ ਰਹੀਆ ਖੁਦਕੁਸ਼ੀਆ ਵਿਚ ਕਾਰਜਸ਼ੀਲ ਹਨ।

1. ਇਸ ਖੋਜ ਰਾਹੀਂ ਨਿਮਨ-ਕਿਸਾਨੀ ਇਤਿਹਾਸ ਵਿਚ ਵੱਖ-ਵੱਖ ਸਮੇਂ ਉਪਜੇ ਨਿਮਨ-ਕਿਸਾਨੀ ਦੇ ਵਿਭਿੰਨ ਸੰਕਟਾਂ ਅਤੇ ਵਿਸ਼ਵੀਕਰਨ ਦਾ ਸਿਧਾਂਤ ਦੇ ਵਭਿੰਨ ਪਹਿਲੂ ਉਜਾਗਰ ਹੋਣ ਦੀ ਆਸ ਕੀਤੀ ਜਾ ਸਕਦੀ ਹੈ।

2. ਇਸ ਖੋਜ ਦਾ ਰਾਹੀਂ ਮੌਜੂਦਾ ਵਿਸ਼ਵੀਕਰਨ ਦੇ ਪੂੰਜੀਵਾਦੀ ਦੌਰ ਵਿਚ ਪੰਜਾਬੀ ਨਾਵਲ ਵਿਚ ਪ੍ਰਸਤੁਤ ਨਿਮਨ-ਕਿਸਾਨੀ ਦਾ ਆਰਥਿਕ ਸੰਕਟ ਦੇ ਵਿਭਿੰਨ ਪਹਿਲੂ ਉਜਾਗਰ ਹੋਣ ਦੀ ਆਸ ਕੀਤੀ ਜਾ ਸਕਦੀ ਹੈ।

3. ਵਿਸ਼ਵੀਕਰਨ ਦੇ ਮੌਜੂਦਾ ਦੌਰ ਵਿਚ ਪੰਜਾਬੀ ਨਾਵਲ ਵਿਚ ਪ੍ਰਸਤੁਤ ਨਿਮਨ-ਕਿਸਾਨੀ ਦੇ ਰਾਜਨੀਤਿਕ

ਸੰਕਟ ਨੂੰ ਰੂਪਮਾਨ ਹੋਣ ਹੀ ਆਸ ਕੀਤੀ ਜਾ ਸਕਦੀ ਹੈ।

4. ਹੱਥਲੇ ਖੋਜ ਕਾਰਜ ਰਾਹੀਂ ਵਿਸ਼ਵੀਕਰਨ ਦੇ ਪੂੰਜੀਵਾਦੀ ਦੌਰ ਵਿਚ ਪ੍ਰਸਤੁਤ ਨਿਮਨ-ਕਿਸਾਨੀ ਦੇ ਸਭਿਆਚਾਰਕ ਸੰਕਟ ਦੇ ਵਿਭਿੰਨ ਪਹਿਲੂ ਉਜਾਗਰ ਹੋਣ ਦੀ ਆਸ ਕੀਤੀ ਜਾ ਸਕਦੀ ਹੈ।

5. ਇਸ ਖੋਜ ਰਾਹੀਂ ਨਿਮਨ-ਕਿਸਾਨਾਂ ਦੀ ਮੰਦੀ ਆਰਥਿਕਤਾ ਕਰਕੇ ਨਿਮਨ-ਕਿਸਾਨ ਪਰਿਵਾਰਾਂ ਦੀਆਂ ਔਰਤਾਂ ਦੀ ਤ੍ਰਾਸਦਿਕ ਸਥਿਤੀ ਦੇ ਪਿੱਛੇ ਕਾਰਜਸ਼ੀਲ ਵਿਭਿੰਨ ਸਰੋਕਾਰਾਂ ਦੀ ਤਸਵੀਰ ਹੋਰ ਵਧੇਰੇ ਸਪੱਸ਼ਟ ਹੋਣ ਦੀ ਆਸ ਕੀਤੀ ਜਾ ਸਕਦੀ ਹੈ।

6. ਮੌਜੂਦਾ ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬ ਦੇ ਨਿਮਨ-ਕਿਸਾਨਾ ਦੇ ਵਕਤੀ ਆਸ ਆਸਰਿਆ ਵਜੋਂ ਧਰਮ, ਪਰਵਾਸ ਅਤੇ ਨਸ਼ੇ ਦਾ ਅਧਿਐਨ ਅਤੇ ਨਿਮਨ-ਕਿਸਾਨਾਂ ਦੇ ਸਥਾਈ ਆਸ ਆਸਰਿਆ ਦਾ ਅਧਿਐਨ ਵੀ ਕੀਤਾ ਜਾਵੇਗਾ ਜਿਸ ਰਾਹੀਂ ਨਿਮਨ-ਕਿਸਾਨਾਂ ਦੀ ਵਾਸਤਵਿਕ ਤਸਵੀਰ ਸਪੱਸ਼ਟ ਰੂਪ ਵਿਚ ਉਜਾਗਰ ਹੋਵੇਗੀ।

7. ਉਕਤ ਤੋਂ ਇਲਾਵਾਂ ਇਸ ਖੋਜ ਤੋਂ ਪੰਜਾਬੀ ਨਾਵਲ ਵਿਚ ਪ੍ਰਸਤੁਤ ਕਿਸਾਨੀ ਸਮੱਸਿਆਵਾਂ ਅਤੇ ਖੇਤਰੀ ਕਾਰਜ ਰਾਹੀਂ ਪ੍ਰਾਪਤ ਸਮਾਜਿਕ ਵਾਸਤਵਿਕਤਾ ਵਿਚ ਕਿਸਾਨੀ ਸਮੱਸਿਆਵਾਂ ਦਾ ਅਧਿਐਨ ਕਰਨ ਉਪਰੰਤ ਦੇਖਿਆ ਜਾ ਸਕੇਗਾ ਕਿ ਪੰਜਾਬੀ ਨਾਵਲ ਨੇ ਕਿਸਾਨੀ ਸੰਕਟ ਦਾ ਨਿਭਾਅ ਕਿਸ ਪੱਧਰ ਤੱਕ ਕੀਤਾ ਹੈ ਨੂੰ ਸਪੱਸ਼ਟ ਕੀਤਾ ਗਿਆ ਹੈ।

## ਪਰਿਕਲਪਨਾ

ਪਰਿਕਲਪਨਾ ਤੋਂ ਭਾਵ ਖੋਜ ਦੇ ਆਰੰਭ ਸਮੇਂ ਕੀਤੀ ਗਈ ਸਿੱਟਿਆ ਬਾਰੇ ਕਲਪਨਾ ਨੂੰ ਕਿਹਾ ਜਾਂਦਾ ਹੈ। ਕਿਉਕਿ ਅਸੀਂ ਜਦੋਂ ਵੀ ਕੋਈ ਕੰਮ ਜਾਂ ਫਿਰ ਕਿਸੇ ਵਿਸ਼ੇ ਤੇ ਖੋਜ ਕਰਨ ਸੰਬੰਧੀ ਵਿਚਾਰ ਕਰਦੇ ਹਾਂ ਤਾਂ ਸਾਡੇ ਮਨ ਵਿੱਚ ਉਸ ਖੋਜ ਨੂੰ ਲੈ ਕੇ ਕਈ ਤਰ੍ਹਾਂ ਦੇ ਸਵਾਲ ਮਨ ਵਿੱਚ ਹੁੰਦੇ ਹਨ ਅਤੇ ਕਿਤੇ ਨਾ ਕਿਤੇ ਉਹਨ੍ਹਾਂ ਦਾ ਜਵਾਬ ਕਿ ਹੋਣਾ ਚਾਹਿਦਾ ਇਹ ਵੀ ਅਸੀਂ ਮਨ ਵਿੱਚ ਸੋਚ ਲੈਂਦੇ ਹਾਂ। ਉਸੇ ਤਰ੍ਹਾਂ ਜਦੋਂ ਕੋਈ ਵੀ

ਕੋਈ ਇਨਸਾਨ ਜਾਂ ਖੋਜਾਰਥੀ ਖੋਜ ਕਰਨ ਬਾਰੇ ਸੋਚਦਾ ਹੈ ਤਾਂ ਉਹ ਉਦ ਖੋਜ ਦੇ ਨਿਕਲਣ ਵਾਲੇ ਸਿਟਿੱਆ ਨੂੰ ਸੋਚਣਾ ਉਸ ਦਿਨ ਤੋਂ ਸ਼ੁਰੂ ਕਰ ਦਿੰਦਾ ਹੈ ਜਿਸ ਦਿਨ ਉਹ ਉਸ ਵਿਸ਼ੇ ਦੀ ਖੋਜ ਕਰਨ ਬਾਰੇ ਸੋਚਦਾ ਹੈ। ਖੋਜਾਰਥੀ ਦੁਆਰਾ ਸੋਚੇ ਗਏ ਸਿੱਟਿਆਂ ਨੂੰ ਹੀ ਕਲਪਨਾ ਦਾ ਨਾਮ ਦਿੱਤਾ ਜਾਂਦਾ ਹੈ।

## ਖੋਜ ਦਾ ਮਹੱਤਵ

ਖੋਜ ਕਿਸੇ ਵਿਸ਼ੇ ਤੇ ਹੋਰ ਗਿਆਨ ਵਿਕਸਿਤ ਕਰਨ ਲਈ ਭਵਿੱਖ ਵਿੱਚ ਨੌਕਰੀਆਂ ਅਤੇ ਰਿਪੋਰਟਾਂ ਲਈ ਤਿਆਰ ਕਰਨ ਲਈ ਇੱਕ ਵਿਦਿਆਰਥੀ ਦੀ ਖੋਜ ਸ਼ਕਤੀ ਨੂੰ ਵਧਾਉਣ ਲਈ ਵਰਤਿਆ ਜਾ ਸਕਦਾ ਹੈ। ਯੰਤਰਾਂ ਪ੍ਰਕਿਰਿਆਵਾਂ ਜਾਂ ਪ੍ਰਯੋਗਾਂ ਦੀ ਪ੍ਰਮਾਣਿਕਤਾ ਦੀ ਜਾਂਚ ਕਰਨ ਲਈ ਵੀ ਖੋਜ ਵਿਧੀ ਦੀ ਵਰਤੋਂ ਕੀਤੀ ਜਾਂਦੀ ਹੈ। ਬੁਨਿਆਦੀ ਖੋਜਾਂ ਦੇ ਪ੍ਰਮੁੱਖ ਉਦੇਸ਼ ਮਨੁਖੀ ਗਿਆਨ ਦੀ ਤਰੱਕੀ ਲਈ ਦਸਤਾਵੇਜ਼, ਖੋਜ, ਵਿਆਖਿਆ ਅਤੇ ਵਿਕਾਸ ਹਨ ।

## ਸਾਰ-ਅੰਸ਼:

ਖੋਜ ਇਕ ਰਚਨਾਤਮਕ ਕਾਰਜ ਹੈ ਤੇ ਇਸ ਦੀ ਰਚਨਾਤਮਕਾ ਇਸ ਗੱਲ ਵਿਚ ਹੈ ਕਿ ਇਹ ਯਥਾਰਥ ਤੇ ਸਿਧਾਂਤ, ਦੋਹਾਂ ਨੂੰ ਤਬਦੀਲ ਕਰਨ ਵਿਚ ਮਨੁੱਖ ਦੀ ਸਹਾਇਤਾ ਕਰਦੀ ਹੈ।

ਇਕ ਸਿਧਾਂਤਕ ਭਾਸ਼ਾ ਨੂੰ ਸਿਧਾਂਤ ਵਿਚ ਤੇ ਇਕ ਸਿਧਾਂਤ ਨੂੰ ਇਕ ਹੋਰ ਸਿਧਾਂਤ ਵਿਚ ਪਰਿਵਰਤਿਤ ਕਰਨ ਵਿਚ ਸਮਰੱਥਾ ਦਾ ਨਾਂ ਹੀ ਖੋਜ ਹੈ।

ਖੋਜ ਮਤਲਬ "ਰਚਨਾਤਮਕ ਅਤੇ ਸਿਧਾਂਤਕ ਤੌਰ ਤੇ ਕੀਤਾ ਗਿਆ ਕੰਮ ਜੋ ਕਿ ਗਿਆਨ ਦਾ ਭੰਡਾਰ ਵਧਾਉਣ, ਮਨੁੱਖਾਂ, ਸੱਭਿਆਚਾਰ ਅਤੇ ਸਮਾਜ ਦੇ ਗਿਆਨ ਸਮੇਤ ਅਤੇ ਨਵੀਆਂ ਅਰਜ਼ੀਆਂ ਨੂੰ ਬਣਾਉਣ ਲਈ ਗਿਆਨ ਦੇ ਇਸ ਸਟਾਕ ਦੀ ਵਰਤੋਂ ਨੂੰ ਸ਼ਾਮਲ ਕਰਨ ਲਈ ਕੀਤੇ ਜਾਂਦੇ ਹਨ।" ਇਹ ਤੱਥ ਸਥਾਪਿਤ ਕਰਨ ਜਾਂ ਪੁਸ਼ਟੀ ਕਰਨ ਲਈ ਵਰਤਿਆ ਜਾਂਦਾ ਹੈ, ਪਿਛਲੇ ਕੰਮ ਦੇ ਨਤੀਜਿਆਂ ਨੂੰ ਮੁੜ ਪੁਸ਼ਟੀ ਕਰਦਾ ਹੈ, ਨਵੇਂ ਜਾਂ ਮੌਜੂਦਾ ਸਮੱਸਿਆਵਾਂ ਨੂੰ ਹੱਲ ਕਰਦਾ ਹੈ, ਪ੍ਰੋਟੀਮ ਦੀ ਸਹਾਇਤਾ ਕਰਦਾ ਹੈ ਜਾਂ ਨਵੇਂ ਸਿਧਾਂਤ ਵਿਕਸਿਤ ਕਰਦਾ ਹੈ। ਇੱਕ ਖੋਜ ਪ੍ਰੋਜੈਕਟ ਖੇਤਰ ਵਿੱਚ ਪਿਛਲੇ ਕੰਮ 'ਤੇ ਇੱਕ ਵਿਸਥਾਰ ਹੋ ਸਕਦਾ ਹੈ। ਖੋਜ ਪ੍ਰੋਜੈਕਟ ਕਿਸੇ ਵਿਸ਼ੇ ਤੇ ਹੋਰ ਗਿਆਨ ਵਿਕਸਿਤ ਕਰਨ ਲਈ ਜਾਂ ਇੱਕ ਸਕੂਲੀ ਖੋਜ ਪ੍ਰੋਜੈਕਟ ਦੀ ਮਿਸਾਲ ਵਿੱਚ ਵਿਕਸਤ ਕਰਨ ਲਈ ਵਰਤਿਆ ਜਾ ਸਕਦਾ ਹੈ, ਉਹਨਾਂ ਨੂੰ ਭਵਿੱਖ ਦੀਆਂ ਨੌਕਰੀਆਂ ਅਤੇ ਰਿਪੋਰਟਾਂ ਲਈ ਤਿਆਰ ਕਰਨ ਲਈ ਇੱਕ ਵਿਦਿਆਰਥੀ ਦੇ ਖੋਜੀ ਸ਼ਕਤੀ ਨੂੰ ਅੱਗੇ ਵਧਾਉਣ ਲਈ ਵਰਤਿਆ ਜਾ ਸਕਦਾ ਹੈ। ਯੰਤਰਾਂ, ਪ੍ਰਕਿਰਿਆਵਾਂ ਜਾਂ ਪ੍ਰਯੋਗਾਂ ਦੀ ਪ੍ਰਮਾਣਿਕਤਾ ਦੀ ਜਾਂਚ ਕਰਨ ਲਈ, ਖੋਜ ਪ੍ਰਾਜੈਕਟ ਦੇ ਪ੍ਰੋਜੈਕਟਾਂ ਜਾਂ ਪ੍ਰੋਜੈਕਟ ਦੇ ਪੂਰੇ ਤੱਤ ਦੀ ਨਕਲ ਕਰ ਸਕਦੀ ਹੈ। ਬੁਨਿਆਦੀ ਖੋਜਾਂ ਦੇ ਪ੍ਰਮੁੱਖ ਉਦੇਸ਼ ਮਨੁੱਖੀ ਗਿਆਨ ਦੀ ਤਰੱਕੀ ਲਈ ਦਸਤਾਵੇਜ਼ਾਂ ਅਤੇ ਪ੍ਰਣਾਲੀਆਂ ਦੇ ਦਸਤਾਵੇਜ਼, ਖੋਜ, ਵਿਆਖਿਆ ਜਾਂ ਖੋਜ ਅਤੇ ਵਿਕਾਸ (ਆਰ ਐਂਡ ਡੀ) ਹਨ। ਖੋਜ ਦੇ ਕਈ ਰੂਪ ਹਨ: ਵਿਗਿਆਨਕ, ਮਨੁੱਖਤਾ, ਕਲਾਤਮਕ, ਆਰਥਿਕ, ਸਮਾਜਿਕ, ਵਪਾਰ, ਮਾਰਕਿਟਿੰਗ, ਪ੍ਰੈਕਟੀਸ਼ਨਰ ਖੋਜ, ਜੀਵਨ, ਤਕਨਾਲੋਜੀ, ਆਦਿ.।

## ਮੁੱਖ/ਕੇਂਦਰੀ ਸ਼ਬਦ:

ਪਰਿਕਲਪਨਾ---ਜਾਂਚਯੋਗ ਅੰਦਾਜ਼ੇ

ਉਦੇਸ਼---ਮੰਤਵ

ਪ੍ਰਕਿਰਤੀ---ਸੁਭਾਅ

ਕਾਰਜ---ਕੰਮ

## ਸਵੈ-ਮੁਲਾਂਕਣ:

1. ਖੋਜ ਦਾ ਉਦੇਸ਼

ੳ ਸੱਚ ਲੱਭਣਾ

ਅ ਭਾਲਣਾ

ੲ ਢੂੰਡਣਾ

ਸ ਉਪਰੋਕਤ ਸਾਰੇ

2. ਅਗਿਆਤ ਤੋਂ ਗਿਆਤ ਵੱਲ ਜਾਣ ਨੂੰ ਕੀ ਕਹਿੰਦੇ ਹਨ?

ੳ ਉਦੇਸ਼

ਅ ਮਹੱਤਵ

ੲ ਪੜਾਅ

ਸ ਕੋਈ ਨਹੀਂ

3. ਉਦੇਸ਼ ਨੂੰ ਅੰਗਰਜ਼ੀ ਵਿਚ ਕੀ ਕਹਿੰਦੇ ਹਨ?

ੳ ਰੀਸਰਚ

ਅ ਓਬਜੈਕਟਿਵ

ੲ ਸ਼ੋਧ

ਸ ਕੋਈ ਨਹੀਂ

4. ਵਿਹਾਰਕ ਸਮੀਖਿਆ ਪੁਸਤਕ ਦਾ ਲੇਖਕ

ੳ ਪਿਆਰ ਸਿੰਘ

ਅ ਸਤਿੰਦਰ ਸਿੰਘ

ੲ ਕੇਸਰ ਸਿੰਘ ਕੇਸਰ

ਸ ਧਰਮ ਸਿੰਘ

5. ਖੋਜ : ਸਿਧਾਂਤ ਤੇ ਵਿਹਾਰ ਪੁਸਤਕ ਦਾ ਲੇਖਕ

ੳ ਪਿਆਰ ਸਿੰਘ

ਅ ਸਤਿੰਦਰ ਸਿੰਘ

ੲ ਕੇਸਰ ਸਿੰਘ ਕੇਸਰ

ਸ ਧਰਮ ਸਿੰਘ

6. ਖੋਜ ਚਿੰਤਨ ਪੁਸਤਕ ਦਾ ਲੇਖਕ

ੳ ਪਿਆਰ ਸਿੰਘ

ਅ ਸਤਿੰਦਰ ਸਿੰਘ

ੲ ਕੇਸਰ ਸਿੰਘ ਕੇਸਰ

ਸ ਧਰਮ ਸਿੰਘ

7. ਪੰਜਾਬੀ ਖੋਜ ਸੰਦਰਭ ਪੁਸਤਕ ਦਾ ਲੇਖਕ

ੳ ਪਿਆਰ ਸਿੰਘ

ਅ ਸਤਿੰਦਰ ਸਿੰਘ

ੲ ਕੇਸਰ ਸਿੰਘ ਕੇਸਰ

ਸ ਧਰਮ ਸਿੰਘ

8. ਅੰਗਰੇਜ਼ੀ ਦੀ ਵੈਬਸਟਰਜ਼ ਨਿਊ ਇੰਟਰਨੈਸ਼ਨਲ ਡਿਕਸ਼ਨਰੀ ਅਨੁਸਾਰ 'ਰਿਸਰਚ' ਖੋਜ

ੳ ਸਾਵਧਾਨੀ ਜਾਂ ਸਿਰੜ ਨਾਲ ਕੀਤੀ ਖੋਜ,

ਅ ਘੋਖਵੀਂ ਖੋਜ (ਜਿਵੇਂ ਕਿਸੇ ਲੁਕੇ ਖਜ਼ਾਨੇ ਲਈ)

ੲ ਦ੍ਰਿੜਤਾ ਸਹਿਤ ਕੀਤੀ ਛਾਣ ਬੀਣ ਜਾਂ ਪਰੀਖਿਆ

ਸ ਉਪਰੋਕਤ ਸਾਰੇ

9. ਪਰਿਕਲਪਨਾ ਖੋਜ ਦਾ ਕਿਹੜਾ ਪੜਾਅ ਹੈ?

ੳ ਪਹਿਲਾ

ਅ ਦੂਜਾ

ੲ ਤੀਜਾ

ਸ ਚੌਥਾ

10. . ਉਦੇਸ਼ ਦਾ ਸਬੰਧ ਖੋਜ ਦੇ ਕਿਹੜੇ ਪੜਾਅ ਨਾਲ ਹੈ?

ੳ ਪਹਿਲਾ

ਅ ਦੂਜਾ

ੲ ਤੀਜਾ

ਸ ਚੌਥਾ

11. ਪਰਿਕਲਪਨਾ ਨੂੰ ਅੰਗਰੇਜ਼ੀ ਵਿਚ ਕੀ ਕਹਿੰਦੇ ਹਨ?

ੳ ਹਾਈਪੋਥੀਸਿਸ

ਅ ਥੀਸਿਸ

ੲ ਰੀਸਰਚ ਪੇਪਰ

ਸ ਉਪਰੋਕਤ ਕੋਈ ਨਹੀਂ

12. ਇਸ ਖੋਜ ਨਾਲ ਸਮਾਜ ਵਿਚ ਚੰਗੀ ਤਬਦੀਲੀ ਆਵੇਗੀ। ਇਸ ਧਾਰਨਾ ਦਾ ਮਤਲਬ ਕੀ ਹੈ?

ੳ ਹਾਈਪੋਥੀਸਿਸ

ਅ ਥੀਸਿਸ

ੲ ਰੀਸਰਚ ਪੇਪਰ

ਸ ਉਪਰੋਕਤ ਕੋਈ ਨਹੀਂ

13. ਖੋਜ ਸਬੰਧੀ ਅੰਦਾਜ਼ਿਆਂ ਨੂੰ ਕੀ ਕਿਹਾ ਜਾਂਦਾ ਹੈ?

ੳ ਹਾਈਪੋਥੀਸਿਸ

ਅ ਥੀਸਿਸ

ੲ ਰੀਸਰਚ ਪੇਪਰ

ਸ ਉਪਰੋਕਤ ਕੋਈ ਨਹੀਂ

14. ਖੋਜ ਸੰਪੂਰਨ ਹੋਣ ਉਪਰੰਤ ਕੀ ਜਮ੍ਹਾਂ ਕਰਵਾਇਆ ਜਾਂਦਾ ਹੈ?

ੳ ਹਾਈਪੋਥੀਸਿਸ

ਅ ਥੀਸਿਸ

ੲ ਰੀਸਰਚ ਪੇਪਰ

ਸ ਉਪਰੋਕਤ ਕੋਈ ਨਹੀਂ

15. ਖੋਜ ਦੇ ਮੁਢਲੇ ਪੜਾਅ ਨਾਲ ਕੀ ਸਬੰਧਿਤ ਹੈ?

ੳ ਹਾਈਪੋਥੀਸਿਸ

ਅ ਥੀਸਿਸ

ੲ ਰੀਸਰਚ ਪੇਪਰ

ਸ ਉਪਰੋਕਤ ਕੋਈ ਨਹੀਂ

## ਅਭਿਆਸ ਪ੍ਰਸ਼ਨ

1. ਉਦੇਸ਼ ਤੋਂ ਕੀ ਭਾਵ ਹੈ?
2. ਉਦੇਸ਼ ਦੇ ਤੱਤਾਂ ਦਾ ਸੰਖੇਪ ਵਿਚ ਵਰਣਨ ਕਰੋ।
3. ਖੋਜ ਦੇ ਉਦੇਸ਼ ਦਾ ਵਰਣਨ ਕਰੋ।
4. ਉਦੇਸ਼ ਅਤੇ ਮਹੱਤਵ ਵਿਚ ਕੀ ਅੰਤਰ ਹੈ?
5. ਉਦੇਸ਼ ਦਾ ਮੁੱਖ ਪ੍ਰਯੋਜਨ ਪ੍ਰੇਰਨਾਤਮਕ ਹੋਣਾ ਹੈ: ਸਪਸ਼ਟ ਕਰੋ।
6. ਖੋਜ ਦਾ ਮਹੱਤਵ ਦਾ ਮੁੱਖ ਉਦੇਸ਼ ਸੱਚ ਦਾ ਪ੍ਰਗਟਾਵਾ ਹੈ: ਸਿੱਧ ਕਰੋ।

**7.** ਖੋਜ ਵਿਚ ਉਦੇਸ਼ ਦੀ ਕੀ ਸਾਰਥਕਤਾ ਹੈ?

8. ਪਰਿਕਲਪਨਾ ਤੋਂ ਕੀ ਭਾਵ ਹੈ?

9. ਪਰਿਕਲਪਨਾ ਦੇ ਤੱਤਾਂ ਦਾ ਸੰਖੇਪ ਵਿਚ ਵਰਣਨ ਕਰੋ।

10. ਪਰਿਕਲਪਨਾ ਦੇ ਮਹੱਤਵ ਦਾ ਵਰਣਨ ਕਰੋ।

11. ਉਦੇਸ਼ ਅਤੇ ਪਰਿਕਲਪਨਾ ਵਿਚ ਕੀ ਅੰਤਰ ਹੈ?

12. ਪਰਿਕਲਪਨਾ ਦਾ ਹੋਣਾ ਖੋਜ ਲਈ ਜ਼ਰੂਰੀ ਹੈ: ਸਪਸ਼ਟ ਕਰੋ।

13. ਪਰਿਕਲਪਨਾ ਦਾ ਮੁੱਖ ਉਦੇਸ਼ ਖੋਜ ਲਈ ਰਾਹ ਤਿਆਰ ਕਰਨਾ ਹੈ: ਸਿੱਧ ਕਰੋ।

**14.** ਖੋਜ ਵਿਚ ਪਰਿਕਲਪਨਾ ਦੀ ਕੀ ਸਾਰਥਕਤਾ ਹੈ?

**15.** ਆਪਣੇ ਖੇਤਰ ਦੇ ਸਾਹਿਤ ਪ੍ਰੇਮੀਆਂ ਦੀ ਸੂਚੀ ਬਣਾਓ ਅਤੇ ਉਨ੍ਹਾਂ ਦੇ ਖੋਜ ਦੇ ਉਦੇਸ਼ ਸੰਬੰਧੀ ਸਪਸ਼ਟੀਕਰਨ ਦਾ ਸਰਵੇਖਣ ਕਰੋ।

## ਸੰਦਰਭ ਪੁਸਤਕਾਂ:


1) ਖੋਜ:ਸਿਧਾਂਤ ਤੇ ਵਿਹਾਰ, ਪਿਆਰ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, (2010)

2) ਕੇਸਰ ਸਿੰਘ ਕੇਸਰ: ਖੋਜ ਚਿੰਤਨ, ਜਸਬੀਰ ਕੇਸਰ(ਸੰਪਾ.), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, (2006)

3) ਕੇਸਰ ਸਿੰਘ ਕੇਸਰ: ਸਿਧਾਂਤ ਚਿੰਤਨ, ਜਸਬੀਰ ਕੇਸਰ (ਸੰਪਾ.), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ,(2006)

4) ਪੰਜਾਬੀ ਖੋਜ ਦਾ ਇਤਿਹਾਸ, ਧਰਮ ਸਿੰਘ, ਪੰਜਾਬੀ ਅਕਾਦਮੀ ਦਿੱਲੀ,(2004)

5) ਪੰਜਾਬੀ ਖੋਜ ਸੰਦਰਭ, ਧਰਮ ਸਿੰਘ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, (2014)

6) ਪੰਜਾਬੀ ਆਲੋਚਨਾ: ਸਰੂਪ ਅਤੇ ਸੰਭਾਵਨਾਵਾਂ, ਸੰਧੂ, ਸਤਿਨਾਮ ਸਿੰਘ, ਮਦਾਨ ਪਬਲਿਸ਼ਰਜ਼, ਪਟਿਆਲਾ, (1996)

7) ਵਿਹਾਰਕ ਸਮੀਖਿਆ(2005) ,ਪਟਿਆਲਾ ,ਪੰਜਾਬੀ ਯੂਨੀਵਰਸਿਟੀ ,ਸਤਿੰਦਰ ਸਿੰਘ ,


## ਮਹੱਤਵਪੂਰਨ ਲਿੰਕ

NA

ਉੱਤਰਮਾਲਾ

| | | | | |
|---|---|---|---|---|
| 1. ਸ | 2. ਸ | 3. ਅ | 4. ਅ | 5. ਸ |
| 6. ਯ | 7. ਸ | 8. ਸ | 9. ਅ | 10. ੳ |
| 11.ੳ | 12. ੳ | 13. ੳ | 14. ਅ | 15. ੳ |

DPBI543

# ਅਧਿਆਇ-4 : ਖੋਜ ਵਿਸ਼ੇ ਦੀ ਚੋਣ, ਰੂਪ ਰੇਖਾ ਤੇ ਹਵਾਲੇ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਖੋਜ ਦੇ ਵਿਸ਼ੇ ਨੂੰ ਸਮਝਣ ਦੇ ਸਮਰੱਥ ਹੋਣਗੇ।
- ਖੋਜ ਸਮੱਸਿਆ ਦੇ  ਮਹੱਤਵ ਤੋਂ ਜਾਣੂ ਹੋਣਗੇ।
- ਖੋਜ ਕਾਰਜ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।
- ਸਾਹਿਤ ਰੂਪਾਂ ਦਾ ਮੁਲਾਂਕਣ ਕਰ ਸਕਣ ਦੇ ਯੋਗ ਹੋਣਗੇ।

## ਪ੍ਰਸਤਾਵਨਾ:

ਖੋਜ ਭਾਵੇਂ ਕਿਸੇ ਵੀ ਖੇਤਰ ਵਿੱਚ ਕੀਤੀ ਜਾਵੇ, ਉਸ ਦੀ ਪ੍ਰਕਿਰਿਆ ਲਗਭਗ ਇੱਕੋ ਜਿਹੀ ਹੀ ਰਹਿੰਦੀ ਹੈ। ਸੰਪੂਰਣ ਕਾਰਜ ਦੀ ਕਰਮਬੱਧਤਾ ਸਾਰੇ ਖੇਤਰਾਂ ਦੀਆਂ ਖੋਜਾਂ ਵਿੱਚ ਸਮਾਨ ਹੁੰਦੀ ਹੈ। ਵਿਵਹਾਰ ਵਿਗਿਆਨਾਂ ਜਿਵੇਂ, ਮਨੋਵਿਗਿਆਨ, ਸਮਾਜਸ਼ਾਸਤਰ ਅਤੇ ਸਿੱਖਿਆ ਦੇ ਖੇਤਰਾਂ ਵਿੱਚ ਤਾਂ ਇਹ ਸਮਾਨਤਾ ਹੁੰਦੀ ਹੈ। ਹੱਥਲੀ ਪੁਸਤਕ ਦੇ ਇਸ ਭਾਗ ਵਿੱਚ ਖੋਜ-ਪ੍ਰਕਿਰਿਆ ਦੇ ਉਹਨਾਂ ਵਿਸ਼ੇਸ਼ ਪੜ੍ਹਾਵਾਂ ਦਾ ਉਲੇਖ ਕੀਤਾ ਗਿਆ ਹੈ, ਜਿਨ੍ਹਾਂ ਦਾ ਪਾਲਣ ਸਾਰੇ ਵਿਵਹਾਰ-ਵਿਗਿਆਨਾਂ ਵਿੱਚ ਕੀਤਾ ਜਾਂਦਾ ਹੈ। ਸਧਾਰਣ ਰੂਪ ਤੋਂ ਇਨ੍ਹਾਂ ਖੇਤਰਾਂ ਵਿੱਚ ਨਿਮਨ ਲਿਖਤ ਲੜੀ ਅਨੁਸਾਰ ਰਹਿੰਦਾ ਹੈ

1. ਸਮੱਸਿਆ ਦੀ ਚੋਣ, ਕਥਨ ਅਤੇ ਪਰਿਭਾਸ਼ੀਕਰਨ।

2. ਸਮੱਸਿਆ-ਚੋਣ ਦਾ ਸੰਬੰਧਤ ਸਾਹਿਤ ਦਾ ਸਰਵੇਖਣ।

3. ਪਰਿਕਲਾਪਨਾਵਾਂ ਦਾ ਨਿਰਮਾਣ।

4. ਖੋਜ-ਸੂਚਨਾਵਾਂ ਜਾਂ ਤੱਥਾ ਦਾ ਸੰਕਲਨ।

5. ਖੋਜ-ਸਮੱਗਰੀ ਦਾ ਵਰਣਨ।

6. ਨਤੀਜਿਆਂ ਦੀ ਸਥਾਪਨਾ ਅਤੇ ਸਧਾਰਨੀਕਰਨ।

## ਵਿਸ਼ਾ ਵਸਤੂ:

ਖੋਜ ਦੀ ਲੋੜ ਦੇ ਅਹਿਸਾਸ ਤੇ ਖੋਜੀ ਸੁਭਾਅ ਦੇ ਮਾਲਕ ਵਿਅਕਤੀ ਲਈ ਵਿਸ਼ੇ ਦੀ ਚੋਣ ਕੋਈ ਸਮੱਸਿਆ ਨਹੀਂ ਹੁੰਦੀ। ਉਹ ਸੁਭਾਵਕ ਹੀ ਜਿਸ ਖੇਤਰ ਵਿਚ ਵਿਚਰ ਰਿਹਾ ਹੁੰਦਾ ਹੈ ਉਸ ਵਿਚੋਂ ਹੀ ਉਸ ਨੂੰ ਕੋਈ ਨਾ ਕੋਈ ਵਿਸ਼ਾ ਅਚਾਨਕ ਆ ਮਿਲਦਾ ਹੈ । ਵਿਗਿਆਨ ਦੇ ਖੇਤਰ ਵਿਚ ਹੋਏ ਕਈ ਆਵਿਸ਼ਕਾਰ ਇਸ ਸੱਚ ਦੀ ਸਾਖੀ ਭਰਦੇ ਹਨ ਕਿ ਜਿਨ੍ਹਾਂ ਵਿਗਿਆਨੀਆਂ ਦੀ ਬਿਰਤੀ ਆਪਣੀ ਸਭਿਅਤਾ ਦੇ ਵਿਕਾਸ ਲਈ ਕੁਝ ਨਾ ਕੁਝ ਕਰਨ ਵੱਲ ਲੱਗੀ ਹੋਈ ਸੀ ਉਨ੍ਹਾਂ ਨੂੰ ਆਪਣੇ ਵਿਸ਼ੇ ਲੱਭਣ ਲਈ ਦੂਰ ਨਹੀਂ ਜਾਣਾ ਪਿਆ। ਨਿਊਟਨ ਬਾਰੇ ਇਹ ਪ੍ਰਸਿੱਧ ਹੈ ਕਿ ਉਹ ਸੁਭਾਵਕ ਹੀ ਸੇਬ ਦੇ ਬੂਟੇ ਹੇਠ ਬੈਠਾ ਸੀ ਕਿ ਇਕ ਸੇਬ ਟੁੱਟ ਕੇ ਡਿਗਦਾ ਉਸ ਨੇ ਵੇਖਿਆ ਤਾਂ ਉਸ ਨੂੰ ਇਸ ਦਾ ਕਾਰਨ ਲੱਭਣ ਦਾ ਖਿਆਲ ਆਇਆ ਤੇ ਉਸ ਨੇ "ਗੁਰੂਤਾ ਖਿੱਚ` (Gravitation) ਦਾ ਸਿਧਾਂਤ ਖੋਜ ਮਾਰਿਆ | ਪਰ ਐਮ.ਫਿਲ ਲਈ ਅਨੁਬੰਧ ਦੀ ਤਿਆਰੀ ਕਰਨ ਜਾਂ ਪੀ-ਐੱਚ.ਡੀ. ਦੀ ਡਿਗਰੀ ਲਈ ਖੋਜ-ਪ੍ਰਬੰਧ ਲਿਖਣ ਲਈ ਖੋਜ ਵਿਦਿਆਰਥੀ ਨੂੰ ਅਵੱਸ਼ ਹੀ ਵਿਸ਼ੇ ਦੀ ਚੋਣ ਇਕ ਮਸਲਾ ਬਣ ਕੇ ਕਰਦੀ ਹੈ ਕਿਉਂਕਿ ਇਕ ਤਾਂ ਉਸ ਦਾ ਮਨੋਰਥ ਸਿਰਫ ਇਮਤਿਹਾਨ ਪਾਸ ਕਰਨਾ ਹੁੰਦਾ ਹੈ, ਦੂਜੇ ਉਸ ਕੋਲ ਗਿਣਿਆ ਮਿੱਥਿਆ ਸਮਾਂ ਹੁੰਦਾ ਹੈ ਤੇ ਤੀਜੀ ਗੱਲ ਇਹ ਕਿ ਉਹ ਖੋਜ ਵੱਲ ਆਪਣੀ ਕਿਸੇ ਵਕਤੀ ਮਜਬੂਰੀ ਅਧੀਨ ਰੁਚਿਤ ਹੋਇਆ ਹੁੰਦਾ ਹੈ ਤੇ ਇਸ ਲਈ ਉਸ ਨੇ ਪਹਿਲਾਂ ਕਦੀ ਵੀ ਆਪਣੇ ਵਿਸ਼ੇ ਸੰਬੰਧੀ ਸੋਚ-ਵਿਚਾਰ ਨਹੀਂ ਕੀਤੀ ਹੁੰਦੀ । ਲਗਭਗ ਹਰ ਯੂਨੀਵਰਸਿਟੀ ਨਾਲ ਸੰਬੰਧਤ ਖੋਜ-ਨਿਗਰਾਨਾਂ ਦਾ ਤਜ਼ਰਬਾ ਹੈ ਕਿ ਪੀ-ਐੱਚ.ਡੀ. ਕਰਨ ਆਉਂਦੇ 90 ਫੀਸਦੀ ਵਿਦਿਆਰਥੀ ਹਰ ਵਿਸ਼ੇ ਉਤੇ ਖੋਜ ਕਰਨ ਲਈ ਤਿਆਰ ਹੁੰਦੇ ਹਨ, ਪਰ ਉਨ੍ਹਾਂ ਦਾ ਮਨ ਕਿਸੇ ਵੀ ਵਿਸ਼ੇ ਨਾਲ ਜੁੜਿਆ ਨਹੀਂ ਹੁੰਦਾ | ਅਜਿਹੇ ਵਿਦਿਆਰਥੀਆਂ ਲਈ ਕੇਵਲ ਇਹੋ ਹਦਾਇਤ ਕਾਫੀ ਹੈ ਕਿ ਖੋਜ ਵੱਲ ਤੁਰਨ ਤੋਂ ਪਹਿਲਾਂ ਉਨ੍ਹਾਂ ਨੂੰ ਪੰਜਾਬੀ ਸਾਹਿਤ ਜਾਂ ਪੰਜਾਬੀ ਸਾਹਿਤ ਦੇ ਕਿਸੇ ਇਕ ਰੂਪ (ਕਵਿਤਾ, ਨਾਵਲ, ਨਾਟਕ ਆਦਿ) ਦਾ ਚੰਗੀ ਤਰ੍ਹਾਂ ਅਧਿਐਨ ਕਰਨਾ ਚਾਹੀਦਾ ਹੈ । ਆਪਣੀ ਵਿਹਲ ਤੇ ਸਮਰੱਥਾ ਅਨੁਸਾਰ, ਖੋਜ ਕਰਨ ਤੋਂ ਇਕ ਦੋ ਸਾਲ ਪਹਿਲਾਂ ਉਨ੍ਹਾਂ ਨੂੰ ਕਿਸੇ ਨੇੜੇ ਦੀ ਲਾਇਬ੍ਰੇਰੀ, ਕਿਸੇ ਕਬਾੜੀਏ, ਕਿਸੇ ਸਾਹਿਤ ਸਭਾ ਜਾਂ ਪੁਸਤਕਾਂ ਉਧਾਰ ਦੇਣ ਵਾਲੀ ਕਿਸੇ ਦੁਕਾਨ ਆਦਿਕ ਤੋਂ ਕਿਤਾਬਾਂ ਲੈ ਕੇ ਪੜ੍ਹਨੀਆਂ ਚਾਹੀਦੀਆਂ ਹਨ । ਇਸ ਤਰ੍ਹਾਂ ਪੜ੍ਹਦਿਆਂ ਪੜ੍ਹਦਿਆਂ ਸਾਹਿਤ ਦੇ ਕਿਸੇ ਵਿਸ਼ੇਸ਼ ਖੇਤਰ ਵਿਚ ਉਨ੍ਹਾਂ ਦੀ ਦਿਲਚਸਪੀ ਤੇ ਜਾਣਕਾਰੀ ਹੋ ਜਾਵੇਗੀ ਤੇ ਉਨ੍ਹਾਂ ਲਈ ਉਸ ਖੇਤਰ ਵਿਚੋਂ ਕੋਈ ਇਕ ਵਿਸ਼ਾ ਚੁਣਨਾ ਜਾਂ ਸੂਤਰਬੱਧ ਕਰਨਾ ਹੀ ਬਾਕੀ ਰਹਿ ਜਾਵੇਗਾ ।

ਜਿਨ੍ਹਾਂ ਵਿਅਕਤੀਆਂ ਨੂੰ ਸਾਹਿਤ ਪੜ੍ਹਨ ਦਾ ਸ਼ੌਕ ਹੈ ਤੇ ਸਾਹਿਤ ਦੇ ਕਿਸੇ ਇਕ ਖੇਤਰ ਦੀ ਜਾਣਕਾਰੀ ਹੁੰਦੀ ਹੈ ਉਨ੍ਹਾਂ ਲਈ ਵਿਸ਼ੇ ਦੀ ਫਾਰਮੂਲੇਸ਼ਨ ਕਰ ਲੈਣੀ ਬੜੀ ਸੌਖੀ ਹੁੰਦੀ ਹੈ । ਫਾਰਮੂਲੇ ਸ਼ਨ ਹੀ ਅਸਲ ਵਿਚ ਵਿਸ਼ੇ ਦੀ ਚੋਣ ਹੈ । ਸੰਸਾਰ ਪ੍ਰਸਿੱਧ ਵਿਗਿਆਨੀ ਆਈਨਸਟੀਨ ਨੇ ਇਸ ਬਾਰੇ ਜੋ ਗੱਲ ਵਿਗਿਆਨ ਦੇ ਖੋਜੀ ਬਾਰੇ ਕਹੀ ਹੈ ਉਹੀ ਗੱਲ ਸਾਹਿਤ ਦੇ ਖੋਜੀ ਬਾਰੇ ਵੀ ਯਾਦ ਰੱਖਣ ਯੋਗ ਹੈ । ਉਹ ਕਹਿੰਦਾ ਹੈ :

The formulation of a problem is often more important than its solution which may be merely a matter of mathematical or experimental skill.'

ਸਾਹਿਤ ਦੇ ਖੇਤਰ ਵਿਚ ਵਿਸ਼ੇ ਦੀ ਚੋਣ ਤੇ ਵਿਸ਼ੇ ਦੀ ਫਾਰਮੂਲੇਸ਼ਨ ਕਰਨ ਤੋਂ ਵੀ ਪਹਿਲਾਂ ਇਸ ਗੱਲੋਂ ਸੁਚੇਤ ਹੋਣ ਦੀ ਲੋੜ ਹੈ ਤੇ ਜਿਸ ਵੱਲ ਪਹਿਲਾਂ ਵੀ ਸੰਕੇਤ ਕੀਤਾ ਗਿਆ ਸੀ ਉਹ ਇਹ ਹੈ ਕਿ ਸਾਹਿਤਕ ਖੋਜੀ ਲਈ ਸਭ ਤੋਂ ਪਹਿਲਾਂ ਇਹ ਦੇਖਣਾ ਜ਼ਰੂਰੀ ਹੈ ਕਿ ਉਹ ਕਿਸੇ ਅਣ-ਸਾਹਿਤਕ ਵਿਸ਼ੇ ਵੱਲ ਰੁਚਿਤ ਤਾਂ ਨਹੀਂ ? ਹੁਣ ਤਕ ਪੰਜਾਬੀ ਵਿਚ ਜਿਹੜੀ ਖੋਜ ਹੋਈ ਹੈ ਉਸ ਵਿਚੋਂ ਬਹੁਤੀ ਅਣ ਸਾਹਿਤਕ ਵਿਸ਼ਿਆਂ ਨਾਲ ਸੰਬੰਧਤ ਹੈ। ਉਦਾਹਰਨ ਲਈ 'ਗੁਰਬਾਣੀ ਵਿਚ ਮਨ ਦਾ ਸੰਕਲਪ ਮੇਰੇ ਖਿਆਲ ਵਿਚ ਮਨੋਵਿਗਿਆਨ ਦਾ ਵਿਸ਼ਾ ਹੈ। ਇਸੇ ਤਰ੍ਹਾਂ ਹੁਮ ਦਾ ਸੰਕਲਪ, ਮੁਕਤੀ ਦਾ ਸੰਕਲਪ ਆਦਿ ਵਿਸ਼ਿਆਂ ਦਾ ਸੰਬੰਧ ਵੀ ਫਿਲਾਸਫੀ ਨਾਲ ਹੈ, ਸਾਹਿਤ ਨਾਲ ਨਹੀਂ । ਪੰਜਾਬੀ ਕਿੱਸਾ-ਕਾਵਿ ਦੇ ਨਾਇਕ ਨਾਇਕਾਵਾਂ ਦੀਆਂ ਜਨਮ-ਤਾਰੀਖਾਂ, ਜਨਮ-ਸਥਾਨਾਂ ਤੇ ਉਮਰਾਂ ਆਦਿ ਦਾ ਨਿਰਣਾ ਕਰਨਾ ਇਤਿਹਾਸ ਦੇ ਖੋਜੀ ਦਾ ਕੰਮ ਹੈ, ਸਾਹਿਤ ਦੇ ਖੋਜੀ ਦਾ ਨਹੀਂ । ਪਰ ਸਾਡੇ ਕਿੱਸਾ ਕਾਵਿ ਉਤੇ ਹੋਈ ਖੋਜ ਦਾ ਬਹੁਤਾ ਜ਼ੋਰ ਹੀਰ-ਰਾਂਝਾ, ਸੱਸੀ-ਪੁਨੂੰ ਤੇ ਮਿਰਜ਼ਾ-ਸਾਹਿਬਾਂ ਨੂੰ ਇਤਿਹਾਸਕ ਵਿਅਕਤੀ ਸਿੱਧ ਕਰਨ ਉਤੇ ਲੱਗਾ ਰਿਹਾ ਹੈ । ਸਾਹਿਤਕ ਪਾਤਰਾਂ ਦੇ ਤੌਰ ਤੇ ਉਨ੍ਹਾਂ ਨੂੰ ਘੱਟ ਹੀ ਗੌਲਿਆ ਗਿਆ ਹੈ। ਇਸੇ ਤਰ੍ਹਾਂ ਮਾਲਵੇ ਦੇ ਕਿੱਸਾਕਾਰ ਜਾਂ ਕਿੱਸਾ-ਕਾਵਿ ਨੂੰ ਫਿਰੋਜ਼ਪੁਰ ਜ਼ਿਲੇ ਦੀ ਦੇਣ ਆਦਿ ਵਿਸ਼ਿਆਂ 'ਤੇ ਕੰਮ ਕਰਨ ਵਾਲੇ ਖੋਜੀਆਂ ਨੇ ਅਜਿਹੀਆਂ ਰਚਨਾਵਾਂ ਨੂੰ ਕਿੱਸਿਆਂ ਵਿਚ ਸ਼ਾਮਲ ਕਰ ਲਿਆ ਹੈ ਜਿਨ੍ਹਾਂ ਵਿਚ ਤੁਕਬੰਦੀ ਤੋਂ ਸਿਵਾ ਕਵਿਤਾ ਵਾਲੀ ਹੋਰ ਇਕ ਵੀ ਗੱਲ ਨਹੀਂ । ਇਹ ਠੀਕ ਹੈ ਕਿ ਤੱਥ-ਅਨੁਸੰਧਾਨ ਸਮੇਂ ਖੋਜੀ ਲਈ ਸ਼ੁਰੂ ਵਿਚ ਹੀ ਇਹ ਜਾਣਨਾ ਬੜਾ ਮੁਸ਼ਕਲ ਹੁੰਦਾ ਹੈ ਕਿ ਉਸ ਦੇ ਵਿਸ਼ੇ ਨਾਲ ਸੰਬੰਧਤ ਰਚਨਾਵਾਂ ਸਾਹਿਤ ਦੀ ਕਸਵਟੀ ਉਤੇ ਪੂਰੀਆਂ ਉਤਰਨਗੀਆਂ ਜਾਂ ਨਹੀਂ, ਪਰ ਅਜਿਹੀ ਖੋਜ ਉਤੇ ਕਈ ਵਰੇ ਨਸ਼ਟ ਕਰਕੇ ਵੀ ਜੇ ਖੋਜੀ ਇਸ ਸਿੱਟੇ ਤੇ ਪਹੁੰਚੇ ਕਿ ਉਸ ਦਾ ਵਿਸ਼ਾ ਅਣ-ਸਾਹਿਤਕ ਹੈ ਤਾਂ ਉਸ ਨੂੰ ਉਹ ਵਿਸ਼ਾ ਛੱਡ ਕੇ ਜ਼ਰੂਰ ਕੋਈ ਹੋਰ ਅਪਣਾ ਲੈਣਾ ਚਾਹੀਦਾ ਹੈ | ਅਜਿਹੇ ਸਮੇਂ ਵਿਸ਼ੇ ਦੀ ਚੋਣ ਦਾ ਮਾਮਲਾ ਥੀਸਿਸ ਦੀ ਆਖਰੀ ਰੂਪ ਰੇਖਾ ਉਲੀਕਣ ਤਕ ਮਸਾਂ ਹੀ ਨਜਿਠਿਆ ਜਾਂਦਾ ਹੈ । ਬਾਜ਼ਨ ਹੋਰੀ ਤਾਂ ਇਥੋਂ ਤਕ ਲਿਖਦੇ ਹਨ ਕਿ ਸਹੀ ਵਿਸ਼ੇ ਦੀ ਚੋਣ ਜਾਂ ਖੋਜ ਅਜਿਹਾ ਕੰਮ ਹੈ ਜਿਹੜਾ ਖੋਜ ਦੇ ਮੁੱਢਲੇ ਕਦਮਾਂ ਤੋਂ ਆਰੰਭ ਹੋ ਕੇ ਥੀਸਿਸ ਦੇ ਆਖਰੀ ਸ਼ਬਦ ਲਿਖਣ ਤਕ ਜਾਰੀ ਰਹਿੰਦਾ ਹੈ।

## ਸਮੱਸਿਆ ਦੀ ਚੋਣ, ਕਥਨ

ਉਪਰੋਕਤ ਸਮੱਸਿਆ ਦੀ ਚੋਣ ਸਾਰੇ ਖੋਜਕਰਤਾਵਾਂ ਦੇ ਲਈ ਇੱਕ ਮੁਸ਼ਕਿਲ ਕਾਰਜ ਹੁੰਦਾ ਹੈ। ਆਰੰਭ ਵਿੱਚ ਸਮੱਸਿਆ ਦੀ ਚੋਣ ਸੰਬੰਧੀ ਜਿਆਦਾਤਰ ਖੋਜਕਰਤਾਵਾਂ ਨੂੰ ਇੱਧਰ-ਉੱਧਰ ਭਟਕਣਾ ਪੈਂਦਾ ਹੈ। ਜਿਆਦਾਤਰ ਉਹ ਇਹ ਇੱਛਾ ਰੱਖਦੇ ਹਨ ਕਿ ਉਹਨਾਂ ਦੇ ਖੋਜ-ਮਾਰਗਦਰਸ਼ਕ ਹੀ ਉਹਨਾਂ ਨੂੰ ਆਪਣੇ ਵੱਲੋਂ ਖੋਜ-ਸਮੱਸਿਆਵਾਂ ਦੇਣਗੇ। ਇਸ ਪ੍ਰਕਾਰ ਦੀ ਸੋਚ ਉਚਿਤ ਨਹੀਂ ਹੈ, ਕਿਉਂਕਿ ਖੋਜ-ਮਾਰਗਦਰਸ਼ਕਾਂ ਦੇ ਲਈ ਵੀ ਇਹ ਕਾਰਜ ਸਰਲ ਨਹੀਂ ਹੁੰਦਾ। ਉਹਨਾਂ ਦੇ ਕੋਲ ਵੀ ਚੋਣੀਆਂ ਹੋਈਆਂ ਖੋਜ-ਸਮੱਸਿਆਵਾਂ ਨਹੀਂ ਹੁੰਦੀਆਂ। ਉਚਿਤ ਸਮੱਸਿਆ ਦੀ ਚੋਣ ਕਰਨ ਸੰਬੰਧੀ ਖੋਜਾਰਥੀ ਨੂੰ ਖੁਦ ਹੀ ਮਿਹਨਤ ਕਰਨੀ ਹੁੰਦੀ ਹੈ ਜੋ ਖੋਜ ਕਰਤਾ ਦੇ ਲਈ ਜਰੂਰੀ ਹੈ। ਬਿਨਾਂ ਮਿਹਨਤ ਅਤੇ ਡੂੰਘੇ ਅਧਿਅਨ ਦੇ ਚੁਣੀਆਂ ਹੋਈਆਂ ਖੋਜ-ਸਮੱਸਿਆਵਾਂ ਜਿਆਦਾਤਰ ਅਜਿਹੀਆਂ ਹੁੰਦੀਆਂ ਹਨ, ਜਿਨ੍ਹਾਂ ਤੇ ਪਹਿਲਾਂ ਹੀ ਖੋਜ-ਕਾਰਜ ਹੋ ਚੁੱਕਾ ਹੁੰਦਾ ਹੈ, ਜੋ ਮਹੱਤਵਹੀਣ ਹੁੰਦੀਆਂ ਹਨ, ਜਿਨ੍ਹਾਂ ਦੇ ਸੰਬੰਧ ਵਿੱਚ ਲੋੜੀਂਦੀ ਜਾਣਕਾਰੀ ਪਹਿਲਾਂ ਤੋਂ ਹੀ ਉਲਪਬਧ ਹੈ, ਅਜਿਹੀਆ ਖੋਜਾ ਤੋਂ ਸਾਰਥਿਕ ਨਤੀਜਿਆ ਦੀ ਸੰਭਾਵਨਾਂ ਬਹੁਤ ਘੱਟ ਹੁੰਦੀ ਹੈ। ਇਸ ਪ੍ਰਕਾਰ ਇਹ ਜਾਣਨਾ ਖੋਜ ਕਰਤਾ ਦੇ ਲਈ ਬਹੁਤ ਜਿਆਦਾ ਜਰੂਰੀ ਹੈ ਕਿ ਖੋਜ-ਸਮੱਸਿਆ ਦੀ ਚੋਣ ਕਿਵੇ ਕਰਨੀ ਹੈ? ਕਿਸ ਪ੍ਰਕਾਰ ਦੀਆਂ ਸਮੱਸਿਆਵਾਂ ਖੋਜ ਸੰਬੰਧੀ ਉਚਿਤ ਹੁੰਦੀਆਂ ਹਨ? ਉਹਨਾਂ ਦੀ ਉਪਲਬਧਤਾ ਦੇ ਸਰੋਤ ਕਿਹੜੇ ਹੁੰਦੇ ਹਨ? ਇਨ੍ਹਾਂ ਸਾਰਿਆਂ ਪ੍ਰਸ਼ਨਾ ਦਾ ਉਤਰ ਅੱਗੇ ਦਿੱਤਾ ਗਿਆ ਹੈ।

ਖੋਜ ਦੀਆਂ ਸਮੱਸਿਆਵਾਂ ਕਈ ਮਾਧਿਅਮਾਂ ਤੋਂ ਉਪਲਬਧ ਹੁੰਦੀਆਂ ਹਨ। ਇਨ੍ਹਾਂ ਵਿੱਚ ਖੋਜ ਕਰਤਾ ਦਾ ਵਿਅਕਤੀਗਤ ਅਨੁਭਵ, ਸੰਦਰਭ ਸਾਹਿਤ ਦਾ ਅਧਿਅਨ, ਪਹਿਲਾਂ ਕੀਤੀਆਂ ਜਾ ਚੁੱਕੀਆਂ ਖੋਜਾਂ ਦਾ ਸਰਵੇਖਣ, ਦੇਸ਼ ਵਿੱਚ ਵਾਪਰ ਰਹੇ ਸਮਾਜਿਕ, ਤਕਨੀਕੀ ਅਤੇ ਵਿਦਿਅਕ ਪਰਿਵਰਤਨ ਆਦਿ ਪ੍ਰਮੁੱਖ ਹਨ।

(ੳ) ਵਿਅਕਤੀਗਤ ਅਨੁਭਵ: ਖੋਜ ਕਰਤਾ ਆਪਣੇ ਅਨੁਭਵ ਦੇ ਆਧਾਰ ਤੇ ਇਹ ਖੋਜਣ ਦਾ ਯਤਨ ਕਰ ਸਕਦਾ ਹੈ ਕਿ ਸਿੱਖਿਆ ਮਨੋਵਿਗਿਆਨ ਅਤੇ ਸਮਾਜਸ਼ਾਸਤਰ ਦੇ ਕਿਸ ਖੇਤਰ ਵਿੱਚ ਕਿਸ ਪ੍ਰਕਾਰ ਦੀਆਂ ਸਮੱਸਿਆਵਾਂ ਹਨ? ਜਿੰਨ੍ਹਾਂ ਦਾ ਹੱਲ ਖੋਜਣਾ ਜਰੂਰੀ ਹੈ? ਕਿੰਨੇ ਅਜਿਹੇ ਪ੍ਰਸ਼ਨ ਹਨ ? ਜਿਨ੍ਹਾਂ ਦੇ ਉੱਤਰ ਕਿਸੇ ਵੀ ਥਾਂ ਉਪਲਬਧ ਨਹੀਂ ਹਨ। ਕਿੰਨੇ ਅਜਿਹੇ ਪ੍ਰਕਰਣ ਅਤੇ ਪ੍ਰਸੰਗ ਹਨ ? ਜਿਨ੍ਹਾਂ ਦੀ ਪੂਰੀ ਜਾਣਕਾਰੀ ਕਿਸੇ ਨੂੰ ਨਹੀਂ ਹੈ। ਜੇਕਰ ਖੋਜਾਰਥੀ ਇਨ੍ਹਾਂ ਖੇਤਰਾਂ/ਵਿਸ਼ਿਆਂ/ਸੱਮਸਿਆਵਾਂ ਵਿੱਚ ਕਾਰਜ ਕਰਦਾ ਹੈ ਤਾਂ ਉਸ ਦੇ ਅਜਿਹੇ ਕਈ ਅਨੁਭਵ ਹੋ ਸਕਦੇ ਹਨ, ਜਿਨ੍ਹਾਂ ਦਾ ਸੰਬੰਧ ਇਸ ਪ੍ਰਕਾਰ ਦੀਆਂ ਸਮੱਸਿਆਵਾਂ, ਪ੍ਰਸ਼ਨਾਂ ਅਤੇ ਲੋੜੀਂਦੀ ਜਾਣਕਾਰੀ ਤੋਂ ਹੁੰਦਾ ਹੈ। ਜੇਕਰ ਉਸ ਦੇ ਅਨੁਭਵ ਵਿੱਚ ਕੋਈ ਅਜਿਹੀ ਸਮੱਸਿਆ ਆਉਂਦੀ ਹੈ ਅਤੇ ਉਸ ਦਾ ਅਨੁਭਵ ਸਮੱਸਿਆ ਦਾ ਕੋਈ ਹੱਲ ਸੁਝਾਉਂਦਾ ਹੈ, ਤਾਂ ਉਸ ਨੂੰ ਲੈ ਕੇ ਖੋਜ ਕੀਤੀ ਜਾ ਸਕਦੀ ਹੈ।

ਇੱਕ ਅਧਿਆਪਕ ਨੂੰ ਵਿਦਿਆਲੇ ਵਿੱਚ ਕੰਮ ਕਰਦੇ ਹੋਏ ਵਿਦਿਆਰਥੀਆਂ, ਸਹਿਯੋਗੀਆਂ, ਵਿਦਿਆਲੇ ਦੇ ਮੁੱਖੀ ਆਦਿ ਦੇ ਨਾਲ ਨਿਰੰਤਰ ਅੰਤਰਕਿਰਿਆ ਦੇ ਫਲਸਰੂਪ ਜਿਹੜੇ ਅਨੁਭਵ ਹੁੰਦੇ ਹਨ, ਉਨ੍ਹਾਂ ਦੇ ਵਿੱਚ ਹੀ ਖੋਜ ਦੀਆਂ ਸਮੱਸਿਆਵਾਂ ਉਪਲਬਧ ਹੋ ਸਕਦੀਆਂ ਹਨ। ਖੋਜ ਕਰਤਾਵਾਂ ਨੂੰ ਮਨੁੱਖੀ ਵਿਵਹਾਰਾਂ ਦੇ ਸੰਬੰਧ ਵਿੱਚ ਜਿਹੜੇ ਅਨੁਭਵ ਹੁੰਦੇ ਹਨ, ਉਹਨਾਂ ਵਿੱਚ ਖੋਜ-ਸਮੱਸਿਆਵਾਂ ਦੇ ਸੰਕੇਤ ਮਿਲ ਸਕਦੇ ਹਨ। ਸਮਾਜ-ਵਿਵਸਥਾ ਅਤੇ ਸੰਸਥਾਵਾਂ ਨਾਲ ਸੰਬੰਧਤ ਅਨੁਭਵਾਂ ਵਿੱਚ ਖੋਜ-ਸਮੱਸਿਆਵਾਂ ਉਪਲਬਧ ਹੋ ਸਕਦੀਆਂ ਹਨ। ਜਿਸ ਥਾਂ ਤੇ ਵੀ ਅਨੁਭਵ ਸੰਬੰਧੀ ਘਟਨਾਵਾਂ, ਪਰਸਥਿਤੀਆਂ, ਵਿਵਹਾਰ, ਤੱਥ ਸਮੱਸਿਆ ਦੇ ਰੂਪ ਵਿੱਚ ਪ੍ਰਤੀਤ ਹੁੰਦੇ ਹਨ ਅਤੇ ਜਿਨ੍ਹਾਂ ਦੇ ਹੱਲ ਉਪਲਬਧ ਨਹੀਂ ਹਨ, ਉਹਨਾਂ ਨੂੰ ਖੋਜ ਸਮੱਸਿਆਵਾਂ ਦੇ ਰੂਪ ਵਿੱਚ ਚੁਣਿਆ ਜਾ ਸਕਦਾ ਹੈ।

(ਅ) ਸੰਬੰਧਤ ਸਾਹਿਤ ਦਾ ਅਧਿਅਨ

ਖੋਜ ਕਰਤਾ ਦਾ ਅਧਿਅਨ ਖੋਜ-ਸਮੱਸਿਆ ਦੀ ਚੋਣ ਦਾ ਦੂਜਾ ਸਰੋਤ ਹੈ। ਹਰ ਖੇਤਰ ਵਿੱਚ ਵਿਭਿੰਨ ਵਿਸ਼ਿਆਂ ਤੇ ਬਹੁਤ ਸਾਰਾ ਸਾਹਿਤ ਉਪਲਬਧ ਹੈ। ਸੰਬੰਧਤ ਸਾਹਿਤ ਦਾ ਅਧਿਅਨ ਕਰਨ ਤੇ ਇਹ ਪਤਾ ਚੱਲ ਜਾਂਦਾ ਹੈ ਕਿ ਉਪਲਬਧ ਗਿਆਨ ਦਾ ਕਿੱਥੇ ਉਪਯੋਗ ਕੀਤਾ ਜਾ ਸਕਦਾ ਹੈ ? ਉਸ ਦੇ ਆਧਾਰ ਤੇ ਕਿਨ੍ਹਾਂ ਘਟਨਾਵਾਂ ਦੀ ਵਿਆਖਿਆ ਕੀਤੀ ਜਾ ਸਕਦੀ ਹੈ ? ਕਿੱਥੇ ਉਸ ਵਿੱਚ ਅਪੂਰਣਤਾ ਹੈ? ਪੜ੍ਹਦੇ-ਪੜ੍ਹਦੇ ਕਈ ਪ੍ਰਕਾਰ ਦੇ ਪ੍ਰਸ਼ਨ ਵੀ ਦਿਮਾਗ ਵਿੱਚ ਉਭਰ ਕੇ ਆਉਂਦੇ ਹਨ, ਜਿਨ੍ਹਾਂ ਦੇ ਉੱਤਰ ਖੋਜਣਾ ਮਹੱਤਵਪੂਰਣ ਹੋ ਸਕਦਾ ਹੈ। ਇਸ ਪ੍ਰਕਾਰ ਉਹਨਾਂ ਨੂੰ ਲੈ ਕੇ ਖੋਜ-ਸਮੱਸਿਆ ਦਾ ਨਿਰਧਾਰਣ ਕੀਤਾ ਜਾ ਸਕਦਾ ਹੈ। ਬੁੱਧੀ ਦੇ ਸਿਧਾਂਤ, ਸਿੱਖਿਆ-ਸਿਧਾਂਤ, ਵਿਅਕਤੀਗਤ-ਸਿਧਾਂਤ ਆਦਿ ਬਹੁਤ ਸਾਰੇ ਸਿਧਾਂਤਾਂ ਦਾ ਨਿਰੂਪਣ ਸਿੱਖਿਆ ਅਤੇ ਮਨੋਵਿਗਿਆਨ ਦੇ ਖੇਤਰ ਵਿੱਚ ਕੀਤਾ ਗਿਆ ਹੈ। ਇਨ੍ਹਾਂ ਦੇ ਆਧਾਰ ਤੇ ਕਈ ਤਰ੍ਹਾਂ ਦੇ ਵਿਵਹਾਰਾਂ, ਪਰਸਥਿਤੀਆਂ ਅਤੇ ਸਮੱਸਿਅਸਾਵਾਂ ਦਾ ਵਰਣਨ ਸੰਭਵ ਹੋ ਸਕਦਾ ਹੈ। ਇਹ ਸੰਭਾਵਨਾਵਾਂ ਵੀ ਖੋਜ-ਸਮੱਸਿਆਵਾ ਦਾ ਰੂਪ ਲੈ ਸਕਦੀਆਂ ਹਨ।

(ੲ) ਪੂਰਣ ਹੋ ਚੁੱਕੀਆਂ ਖੋਜਾਂ ਦਾ ਸਰਵੇਖਣ

ਹਰ ਖੇਤਰ ਵਿੱਚ ਪਹਿਲਾਂ ਹੀ ਬਹੁਤ ਸਾਰੀਆਂ ਖੋਜਾਂ ਹੋ ਚੁੱਕੀਆਂ ਹਨ। ਇਨ੍ਹਾਂ ਖੋਜਾਂ ਦਾ ਅਧਿਅਨ ਕਰਨ ਤੇ ਖੋਜ ਦੀਆਂ ਨਵੀਆਂ ਸਮੱਸਿਆਵਾਂ ਉਭਰ ਕੇ ਸਾਹਮਣੇ ਆਉਦੀਆਂ ਹਨ। ਇਨ੍ਹਾਂ ਖੋਜਾਂ ਦਾ ਅਧਿਅਨ ਕਰਨ ਤੇ ਦਿਮਾਗ ਵਿੱਚ ਇਹ ਗੱਲ ਉਭਰ ਕੇ ਆਉਂਦੀ ਹੈ ਕਿ ਕਿੱਥੇ ਕੁੱਝ ਅਜਿਹਾ ਛੁਟ ਗਿਆ ਹੈ? ਕਿਹੜੀ ਖੋਜ ਪੂਰਣ ਹੋ ਚੁੱਕੀ ਹੈ? ਕਿਸ ਖੋਜ ਨੂੰ ਅੱਗੇ ਵੀ ਵਧਾਇਆ ਜਾ ਸਕਦਾ ਹੈ? ਉਸ ਵਿੱਚ ਦੂਜੇ ਮਹੱਤਵਪੂਰਣ ਪੜਾਵਾਂ ਨੂੰ ਜੋੜ ਕੇ ਦੁਬਾਰਾ ਉਸ ਸਮੱਸਿਆ ਤੇ ਕਾਰਜ ਕੀਤਾ ਜਾ ਸਕਦਾ ਹੈ? ਕਿਸ ਅਧਿਅਨ ਨੂੰ ਦੂਜੇ ਪਰਿਪਰੇਖ ਵਿੱਚ ਵੀ ਕੀਤਾ ਜਾ ਸਕਦਾ ਹੈ? ਆਦਿ। ਇਨ੍ਹਾਂ ਖੋਜਾਂ ਦਾ ਅਧਿਅਨ ਕਰਨ ਤੇ ਇਹ ਵੀ ਪਤਾ ਲੱਗਦਾ ਹੈ ਕਿ ਉਸ ਖੇਤਰ ਵਿੱਚ ਖੋਜ ਦੀਆਂ ਭਾਵੀ ਸੰਭਾਵਨਾਵਾਂ ਕੀ ਹੋ ਸਕਦੀਆਂ ਹਨ, ਕਿਉਂਕਿ ਹਰ ਖੋਜਕਰਤਾ ਆਪਣੇ ਥੀਸਿਸ ਦੇ ਅੰਤ ਵਿੱਚ ਇਸ ਪ੍ਰਕਾਰ ਦੇ ਸੁਝਾਅ ਦਿੰਦਾ ਹੈ। ਇਨ੍ਹਾਂ ਸੁਝਾਵਾਂ ਦੇ ਆਧਾਰ ਤੇ ਖੋਜ ਦੀ ਨਵੀਂ ਸਮੱਸਿਆ ਦੀ ਚੋਣ ਸਰਲ ਹੋ ਸਕਦੀ ਹੈ। ਹਰ ਖੇਤਰ ਵਿੱਚ ਅਜਿਹੇ ਸਰਵੇਖਣ ਪ੍ਰਕਾਸ਼ਿਤ ਹੁੰਦੇ ਹਨ ਜਿਹੜੇ ਪੂਰੇ ਹੋ ਚੁੱਕੀਆਂ ਖੋਜਾਂ ਦਾ ਸੰਖੇਪ ਵਰਣਨ ਪ੍ਰਸਤੁਤ ਕਰਦੇ ਹਨ। ਇਨ੍ਹਾਂ ਦਾ ਵਿਸਤਾਰ ਨਾਲ ਉਲੇਖ ਅੱਗੇ ਕੀਤਾ ਜਾਵੇਗਾ।

(ਸ) ਸਮਾਜਿਕ, ਤਕਨੀਕੀ ਅਤੇ ਵਿਦਿਅਕ ਪਰਿਵਰਤਨ

ਹਰ ਦੇਸ਼ ਵਿੱਚ ਸਮਾਜਿਕ, ਰਾਜਨੀਤਿਕ, ਆਰਥਿਕ, ਧਾਰਮਿਕ, ਤਕਨੀਕੀ, ਵਿਦਿਅਕ ਆਦਿ ਕਈ ਤਰ੍ਹਾਂ ਦੇ ਪਰਿਵਰਤਨ ਹੁੰਦੇ ਰਹਿੰਦੇ ਹਨ। ਇਨ੍ਹਾਂ ਪਰਿਵਰਤਨਾਂ ਦੇ ਕਾਰਨ ਬਹੁਤ ਸਾਰੀਆਂ ਸਮੱਸਿਆਵਾਂ ਵੀ ਉਤਪੰਨ ਹੁੰਦੀਆਂ ਹਨ। ਇਨ੍ਹਾਂ ਸਮੱਸਿਆਵਾਂ ਦਾ ਵੀ ਜਨਮ ਹੁੰਦਾ ਹੈ। ਇਨ੍ਹਾਂ ਪਰਿਵਰਤਨਾਂ ਦਾ ਆਲੋਚਨਾਤਮਕ ਦ੍ਰਿਸ਼ਟੀਕੋਣ ਨਾਲ ਵਰਣਨ ਕਰਨ ਤੇ ਕਿੰਨੀਆਂ ਹੀ ਖੋਜ-ਸਮੱਸਿਆਵਾਂ ਉਪਲਬਧ ਹੋ ਸਕਦੀਆਂ ਹਨ। ਉਦਾਹਰਣ ਦੇ ਲਈ ਨਵੀਂ ਸਿੱਖਿਆ ਨੀਤੀ (1986) ਵਿੱਚ ਸਿੱਖਿਆ ਦੇ ਸਰੂਪ ਨੂੰ ਬਦਲਣ ਦੇ ਕਈ ਸੁਝਾਅ ਦਿੱਤੇ ਗਏ ਹਨ। ਫਲਸਰੂਪ ਕਿੰਨੇ ਹੀ ਨਵੇਂ ਸਵਾਲ ਅਤੇ ਨਵੀਆਂ ਸਮੱਸਿਆਵਾਂ ਉਭਰੀਆਂ ਹਨ, ਜਿਨ੍ਹਾਂ ਦੇ ਉੱਤਰ ਅਤੇ ਹੱਲ ਖੋਜ ਦੁਆਰਾ ਹੀ ਖੋਜੇ ਜਾ ਸਕਦੇ ਹਨ। ਜੀਵਨ-ਮੁੱਲਾਂ ਦਾ ਵਿਘਟਨ, ਵੱਧਦੀ ਹੋਈ ਧਰਮਾਂਧਤਾ, ਲੋਕਤੰਤਰ ਸਮਰਥਕ ਸੁਤੰਤਰਤਾ ਦਾ ਦੁਰਉਪਯੋਗ ਅਤੇ ਬਿਗੜਦਾ ਹੋਇਆ ਸੰਸਥਾਵਾਂ ਦਾ ਵਾਤਾਵਰਣ, ਸੰਸਥਾਵਾਂ ਵਿੱਚ ਵਧਦਾ ਹੋਇਆ ਭਰਿਸ਼ਟਾਚਾਰ, ਸਿੱਖਿਆ ਸੰਸਥਾਵਾਂ ਦੀ ਘਟਦੀ ਸਾਰਥਕਤਾ ਆਦਿ ਕਈ ਅਜਿਹੇ ਪਰਿਵਰਤਨ ਹਨ, ਜਿਨ੍ਹਾਂ ਨੂੰ ਸਾਡੇ ਦੇਸ਼ ਵਿੱਚ ਕਈ ਤਰ੍ਹਾਂ ਦੀਆਂ ਸਮਾਜਸ਼ਾਸਤਰੀ, ਮਨੋਵਿਗਿਆਨਕ ਅਤੇ ਵਿਦਿਅਕ ਸਮੱਸਿਆਵਾਂ ਨੂੰ ਜਨਮ ਦਿੱਤਾ ਹੈ, ਜਿਨ੍ਹਾਂ ਤੇ ਗੰਭੀਰਤਾਪੂਰਣ ਖੋਜ ਕਰਨ ਦੀ ਜਰੂਰਤ ਹੈ।

ਖੋਜ-ਸਮੱਸਿਆਵਾਂ ਦੀ ਉਪਲਬਧੀ ਦੇ ਇਹ ਕੁੱਝ ਸਰਵ-ਮੰਨਣਯੋਗ ਸਰੋਤ ਹਨ ਪਰੰਤੂ ਇਸ ਦਾ ਇਹ ਅਰਥ ਬਿਲਕੁਲ ਵੀ ਨਹੀਂ ਹੈ ਕਿ ਇਨ੍ਹਾਂ ਦੇ ਇਲਾਵਾ ਸਮੱਸਿਆ-ਚੋਣ ਦਾ ਹੋਰ ਕੋਈ ਮਾਧਿਅਮ ਨਹੀਂ ਹੋ ਸਕਦਾ। ਇਹ ਵੀ ਸਵੀਕਾਰ ਕੀਤਾ ਜਾਂਦਾ ਹੀ ਕਿ ਖੋਜਕਰਤਾ ਦੇ ਆਪਣੇ ਆਪ ਦੇ ਡੂੰਘੇ ਅਧਿਅਨ ਅਤੇ ਮਨਨ ਦਾ ਤਾਂ ਕੋਈ ਵਿਕਲਪ ਹੋ ਹੀ ਨਹੀਂ ਸਕਦਾ। ਖੋਜ-ਸਮੱਸਿਆ ਦੀ ਚੋਣ ਸੰਬੰਧੀ ਤੱਤ ਸੰਬੰਧੀ ਗਿਆਨ-ਸਾਗਰ ਵਿੱਚ ਤਾਂ ਉਸ ਨੂੰ ਉਤਰਨਾ ਹੀ ਹੋਵੇਗਾ। ਜਿਸ ਖੇਤਰ ਵਿੱਚ ਖੋਜ ਕਰਨਾ ਹੈ, ਉਸ ਦੇ ਸੰਬੰਧ ਵਿੱਚ ਜੇਕਰ ਖੋਜਕਰਤਾ ਨੂੰ ਜਰੂਰੀ ਲੋੜਵੰਦ ਜਾਣਕਾਰੀ ਨਹੀਂ ਹੈ ਤਾਂ ਉਚਿਤ ਖੋਜ-ਸਮੱਸਿਆ ਦੀ ਚੋਣ ਸੰਭਵ ਨਹੀਂ ਹੋ ਸਕਦੀ।

ਹੋਲਮੇਸ ਦਾ ਮੱਤ ਹੈ ਕਿ ਨਿਮਨਲਿਖਤ ਪ੍ਰਸ਼ਨ ਖੋਜਕਰਤਾ ਨੂੰ ਸਮੱਸਿਆ ਦੀ ਚੋਣ ਵਿੱਚ ਸਹਾਇਤਾ ਪ੍ਰਦਾਨ ਕਰ ਸਕਦੇ ਹਨ

1. ਸੰਬੰਧਤ ਖੇਤਰ ਵਿੱਚ ਜਿਹੜੇ ਵਿਅਕਤੀ ਅਸਲ ਵਿੱਚ ਕਾਰਜ ਕਰ ਰਹੇ ਹਨ, ਉਹਨਾਂ ਦੇ ਸਾਹਮਣੇ ਕਿਸ ਤਰ੍ਹਾਂ ਦੀਆਂ ਸਮੱਸਿਆਵਾਂ ਉਤਪੰਨ ਹੋਈਆਂ ਹਨ ?

2. ਵਰਤਮਾਨ ਵਿੱਚ ਅਤੇ ਪਿਛਲੇ ਕੁੱਝ ਸਾਲਾਂ ਵਿੱਚ ਕਿਨ੍ਹਾਂ ਸਮੱਸਿਆਵਾਂ ਤੇ ਖੋਜ ਕੀਤੀ ਗਈ ਹੈ ?

3. ਸੰਬੰਧਤ ਖੇਤਰ ਵਿੱਚ ਜਿਹੜੀਆਂ ਖੋਜਾਂ ਹੋਈਆਂ ਹਨ, ਉਹਨਾਂ ਵਿੱਚ ਕਿਸ ਪ੍ਰਕਾਰ ਦੇ ਤੱਥ, ਨਿਯਮ ਅਤੇ ਸਧਾਰਣਤਾ ਉਜਾਗਰ ਹੋਈਆਂ ਹਨ ?

4. ਇਨ੍ਹਾਂ ਤੱਥਾਂ, ਨਿਯਮਾ ਅਤੇ ਸਧਾਰਣਤਾਵਾਂ ਦੀ ਵਿਵਹਾਰਿਕ ਉਪਯੋਗਤਾ ਕੀ ਹੋ ਸਕਦੀ ਹੈ ?

5. ਸੰਬੰਧਤ ਖੇਤਰ ਵਿੱਚ ਕੀਤੀਆਂ ਗਈਆਂ ਖੋਜਾਂ ਦੇ ਨਤੀਜਿਆਂ ਦਾ ਵਿਵਹਾਰ ਵਿੱਚ ਕਿੱਥੋਂ ਤੱਕ ਪ੍ਰਯੋਗ ਕੀਤਾ ਗਿਆ ਹੈ ?

6. ਕਿਸ ਤਰ੍ਹਾਂ ਦੀਆਂ ਨਵੀਂ ਸਮੱਸਿਆਵਾਂ ਇਨ੍ਹਾਂ ਖੋਜਾਂ ਦੇ ਦੁਆਰਾ ਉਭਰ ਕੇ ਆਈਆਂ ਹਨ ਅਤੇ ਕਿਨ੍ਹਾਂ ਤੇ ਖੋਜ ਕੀਤੀ ਜਾਣੀ ਬਾਕੀ ਹੈ ?

7. ਸੰਬੰਧਤ ਖੇਤਰ ਵਿੱਚ ਖੋਜ ਕੀਤੇ ਜਾਣ ਦੇ ਮਾਰਗ ਵਿੱਚ ਕਿਹੜੀਆਂ-ਕਿਹੜੀਆਂ ਪ੍ਰਮੁੱਖ ਮੁਸ਼ਕਿਲਾਂ ਹਨ? ਸੰਬੰਧਤ ਖੇਤਰ ਵਿੱਚ ਖੋਜ ਦੀਆਂ ਕਿਹੜੀਆਂ-ਕਿਹੜੀਆਂ ਤਕਨੀਕਾਂ ਅਤੇ ਕਿਰਿਆਵਾਂ ਦਾ ਵਿਕਾਸ ਹੋਇਆ ਹੈ ?

8. ਕਿਹੜੀਆਂ-ਕਿਹੜੀਆਂ ਸੰਕਲਪਨਾਵਾਂ ਹਨ ਜੋ ਸੰਬੰਧਤ ਖੇਤਰ ਵਿੱਚ ਪ੍ਰਚੱਲਤ ਹਨ ?

9. . ਸੰਬੰਧਤ ਖੇਤਰ ਵਿੱਚ ਕੀਤੀਆਂ ਗਈਆਂ ਅਤੇ ਕੀਤੀਆਂ ਜਾ ਰਹੀਆਂ ਖੋਜਾਂ ਵਿੱਚ ਕਿਸ ਤਰ੍ਹਾਂ ਦੀਆਂ ਅਵਧਾਰਣਾਵਾਂ ਦਾ ਸਹਾਰਾ ਲਿਆ ਗਿਆ ਹੈ ?

## ਸਮੱਸਿਆ-ਚੋਣ ਦੀ ਪ੍ਰਕਿਰਿਆ

ਖੋਜ ਸਮੱਸਿਆ ਦੀ ਚੋਣ ਦੀ ਪ੍ਰਕਿਰਿਆ ਵਿੱਚ ਨਿਮਨ ਲਿਖਤ ਕਦਮ ਸ਼ਾਮਿਲ ਹਨ

1. ਸਭ ਤੋਂ ਪਹਿਲਾਂ ਮੋਟੇ ਤੌਰ ਤੇ ਇਹ ਨਿਰਧਾਰਿਤ ਕਰਨਾ ਕਿ ਕਿਸ ਖੇਤਰ ਵਿੱਚ ਖੋਜ ਕਰਨਾ ਹੈ। ਹਰ ਵਿਸ਼ੇ ਦਾ ਗਿਆਨ ਕਈ ਖੇਤਰਾਂ ਵਿੱਚ ਵੰਡਿਆ ਰਹਿੰਦਾ ਹੈ। ਉਦਾਹਰਣ ਦੇ ਲਈ ਸਿੱਖਿਆ-ਵਿਸ਼ੇ ਦੇ ਵਿਸ਼ੇਸ਼ ਖੇਤਰ ਮਨੋਵਿਗਿਆਨ, ਸਿੱਖਿਆ-ਸਮਾਜਸ਼ਾਸਤਰ, ਸਿੱਖਿਆ-ਦਰਸ਼ਨ, ਸਿੱਖਿਆ-ਤਕਨੀਕੀ, ਸਿੱਖਿਆ-ਪ੍ਰਬੰਧ, ਮੁਲਅੰਕਣ ਅਤੇ ਮਾਪਨ, ਅਧਿਆਪਕ-ਸਿੱਖਿਆ, ਸਿੱਖਿਆ-ਕਿਰਿਆ ਆਦਿ ਹੋ ਸਕਦੇ ਹਨ। ਇਸ ਤਰ੍ਹਾਂ ਮਨੋਵਿਗਿਆਨ ਵਿਸ਼ੇ ਦੇ ਇਹ ਖੇਤਰ ਸਿੱਖਿਆ, ਪ੍ਰੇਰਣਾ, ਵਿਵਹਾਰ-ਪਰਿਵਰਤਨ, ਪ੍ਰਯੋਗਾਤਮਕ ਮਨੋਵਿਗਿਆਨ, ਮਾਪਨ ਅਤੇ ਮੁਲਅੰਕਣ, ਸਿਰਜਨਾਤਮਕ, ਵਿਅਕਤੀਗਤ ਅਤੇ ਸੰਸਥਾਗਤ-ਵਿਵਹਾਰ ਆਦਿ ਹੋ ਸਕਦੇ ਹਨ। ਸਮਾਜਸ਼ਾਸਤਰ ਦੇ ਖੇਤਰ ਵਿੱਚ ਇਹ ਸਮਾਜਿਕ ਪਰਿਵਰਤਨ, ਜਾਤੀ-ਸੰਬੰਧ, ਪਰਿਵਾਰ-ਵਿਘਟਨ, ਸੰਸਥਾਵਾਂ ਅਤੇ ਉਹਨਾਂ ਦੀ ਸੰਰਚਨਾ, ਸਮਾਜਿਕ ਵਰਗ-ਭੇਦ, ਸਮਾਜਿਕ ਤਨਾਅ, ਸਮਾਜਿਕ ਰੁੜੀਆਂ, ਆਧੁਨਿਕਕਰਣ, ਸਮਾਜਿਕ ਮਾਨਤਾਵਾਂ ਅਤੇ ਪਰੰਪਰਾਵਾਂ ਆਦਿ ਹੋ ਸਕਦੀਆਂ ਹਨ। ਆਪਣੇ ਅਧਿਅਨ, ਗਿਆਨ ਅਤੇ ਰੁਚੀ ਦੇ ਆਧਾਰ ਤੇ ਖੇਤਰ ਦਾ ਨਿਰਣਾ ਕਰ ਲੈਣ ਦੇ ਬਾਅਦ ਉਸ ਖੇਤਰ ਵਿੱਚੋਂ ਇੱਕ ਸੀਮਿਤ ਅਤੇ ਮਹੱਤਵਪੂਰਣ ਸਮੱਸਿਆ ਦੀ ਖੋਜ ਕਰਨ ਚਾਹੀਦੀ ਹੈ। ਖੇਤਰ, ਗਿਆਨ ਦਾ ਵਿਸਤਰਿਤ ਰੂਪ ਹੁੰਦਾ ਹੈ। ਉਸ ਦੇ ਅਨੁਸਾਰ ਕਈ ਪਰਿਪੇਖ, ਸਿਧਾਂਤ, ਆਯਾਮ, ਪ੍ਰਸ਼ਨ ਅਤੇ ਸਮੱਸਿਆਵਾਂ ਆਉਂਦੀਆਂ ਹਨ। ਇਸ ਪ੍ਰਕਾਰ ਇਹ ਜਰੂਰੀ ਹੁੰਦਾ ਹੈ ਕਿ ਉਸ ਸਾਰੇ ਗਿਆਨਸਾਗਰ ਦਾ ਮੰਥਨ ਕਰਨ ਦੇ ਬਾਅਦ ਉਸ ਸਮੱਸਿਆ ਨੂੰ ਖੋਜ ਕੱਢਿਆ ਜਾਵੇ, ਜਿਸ ਦਾ ਨਿਸ਼ਚਿਤ ਅਤੇ ਨਿਰਵਿਰੋਧ ਸਮਾਧਾਨ ਹੁਣ ਤੱਕ ਉਪਲਬਧ ਨਹੀਂ ਹੋ ਸਕਿਆ ਹੈ।

2. ਇੱਕ ਨਿਸ਼ਚਿਤ ਅਤੇ ਸਪਸ਼ਟ ਸਮੱਸਿਆ ਦੀ ਚੋਣ ਕਰਨ ਵਿੱਚ ਦੂਜਾ ਕਦਮ ਚੁਣੇ ਹੋਏ ਖੇਤਰ ਵਿੱਚ ਜਿਹੜੀਆਂ ਖੋਜਾਂ ਹੋ ਚੁੱਕੀਆਂ ਹਨ, ਉਹਨਾਂ ਦਾ ਸਰਵੇਖਣ ਕਰਨਾ ਹੁੰਦਾ ਹੈ। ਇਸ ਤੋਂ ਇਹ ਪਤਾ ਲੱਗਦਾ ਹੈ ਕਿ ਉਸ ਖੇਤਰ ਵਿੱਚ ਕਿਨ੍ਹਾਂ-ਕਿਨ੍ਹਾਂ ਸਮੱਸਿਆਵਾਂ ਨੂੰ ਲੈ ਕੇ ਕਿੰਨਾ ਅਤੇ ਕਿਸ ਤਰ੍ਹਾਂ ਦਾ ਖੋਜ ਕਾਰਜ ਹੋ ਚੁੱਕਾ ਹੈ। ਨਾਲ ਹੀ ਇਹ ਵੀ ਪਤਾ ਚੱਲਦਾ ਹੈ ਕਿ ਕਿਹੜੇ ਪ੍ਰਸ਼ਨ ਹੁਣ ਤੱਕ ਅਣਉੱਤਰੀ ਹਨ ਅਤੇ ਪੂਰੀ ਤਰ੍ਹਾਂ ਉੱਤਰਪੂਰਣ ਨਹੀਂ ਹਨ। ਇਨ੍ਹਾਂ ਪ੍ਰਸ਼ਨਾਂ ਅਤੇ ਸਮੱਸਿਆਵਾਂ ਵਿੱਚੋਂ ਕਿਸੇ ਇੱਕ ਨਵੇਂ ਖੋਜ ਸੰਬੰਧੀ ਚੋਣ ਕੀਤੀ ਜਾ ਸਕਦੀ ਹੈ।

3. ਪ੍ਰਸ਼ਨ ਅਤੇ ਸਮੱਸਿਆ ਦੀ ਚੋਣ ਕਰ ਲੈਣ ਦਾ ਅਰਥ ਇਹ ਨਹੀਂ ਹੁੰਦਾ ਕਿ ਖੋਜ-ਸਮੱਸਿਆ ਮਿਲ ਗਈ। ਇਸ ਨੂੰ ਕੇਵਲ ਸੰਭਾਵਤ ਸਮੱਸਿਆ ਹੀ ਸਮਝਣਾ ਚਾਹੀਦਾ ਹੈ। ਚੰਗਾ ਇਹ ਰਹਿੰਦਾ ਹੈ ਕਿ ਅਜਿਹੀਆਂ ਕਈ ਸੰਭਾਵਤ ਸਮੱਸਿਆਵਾਂ ਦੀ ਚੋਣ ਕੀਤੀ ਜਾਵੇ।

4. ਇਨ੍ਹਾਂ ਸੰਭਾਵਤ ਸਮੱਸਿਆਵਾਂ ਨੂੰ ਲੈ ਕੇ ਖੋਜ-ਮਾਰਗਦਰਸ਼ਕ ਦੇ ਨਾਲ ਬੈਠ ਕੇ ਗੰਭੀਰਤਾ ਨਾਲ ਉਹਨਾਂ ਤੇ ਵਿਚਾਰ-ਵਟਾਂਦਰਾ ਕਰਨਾ ਚਾਹੀਦਾ ਹੈ। ਇਹ ਸਮੱਸਿਆ-ਚੋਣ ਦੀ ਪ੍ਰਕਿਰਿਆ ਦਾ ਮਹੱਤਵਪੂਰਨ ਪੜਾਅ ਹੈ। ਸਮੱਸਿਆ ਦਾ ਸਮਾਧਾਨ ਖੋਜਣਾ ਇਨ੍ਹਾਂ ਮੁਸ਼ਕਿਲ ਨਹੀਂ ਹੁੰਦਾ, ਜਿੰਨਾ ਕਿ ਸਮੱਸਿਆ ਦੀ ਚੋਣ ਅਤੇ ਉਸ ਦੀ ਸੰਰਚਨਾ ਤਿਆਰ ਕਰਨਾ ਹੁੰਦਾ ਹੈ। ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਮਾਰਗਦਰਸ਼ਕ ਦੀ ਸੂਝ-ਬੂਝ ਅਤੇ ਸੁਝਾਅਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਆਖਰੀ ਰੂਪ ਤੋਂ ਸਮੱਸਿਆ ਦੀ ਚੋਣ ਸਾਰਥਿਕ ਸਿੱਧ ਹੋ ਸਕਦੀ ਹੈ।

## ਚੁਣੀਆਂ ਹੋਈਆਂ ਸਮੱਸਿਆਵਾਂ ਦਾ ਮੁਲਅੰਕਣ

ਖੋਜ ਸੰਬੰਧੀ ਸਮੱਸਿਆ ਨੂੰ ਆਖਰੀ ਰੂਪ ਦੇਣ ਤੋਂ ਪਹਿਲਾਂ ਉਚਿਤ ਤੇ ਗੰਭੀਰਤਾਪੂਰਣ ਵਿਚਾਰ ਕੀਤਾ ਜਾਂਦਾ ਹੈ। ਇਸ ਨੂੰ ਸਮੱਸਿਆ ਦਾ ਮੁਲਅੰਕਣ ਕਹਿੰਦੇ ਹਨ। ਇਸ ਦੇ ਅਨੁਸਾਰ ਇਹ ਵਿਚਾਰ ਕੀਤਾ ਜਾਂਦਾ ਹੈ ਕਿ ਸਮੱਸਿਆ ਖੋਜ ਸੰਬੰਧੀ ਚੰਗੀ ਰਹੇਗੀ ਜਾਂ ਨਹੀਂ। ਕੋਈ ਸਮੱਸਿਆ ਕਦੋਂ ਚੰਗੀ ਜਾਂ ਉਚਿਤ ਸਮਝੀ ਜਾਂਦੀ ਹੈ, ਇਸ ਦੀ ਇੱਕ ਕਸੌਟੀ ਹੁੰਦੀ ਹੈ, ਜਿਸ ਦੇ ਅਨੁਸਾਰ ਕਈ ਬਿੰਦ ਆਉਂਦੇ ਹਨ। ਉਹਨਾਂ ਸਾਰੇ ਬਿੰਦੂਆਂ ਦੇ ਦ੍ਰਿਸ਼ਟੀਕੋਣਾਂ ਤੋਂ ਜੇਕਰ ਸਮੱਸਿਆ ਉਚਿਤ ਲੱਗਦੀ ਹੈ, ਤਾਂ ਹੀ ਉਸ ਨੂੰ ਚੰਗਾ ਸਮਝਿਆ ਜਾਂਦਾ ਹੈ ਅਤੇ ਆਖਰੀ ਰੂਪ ਨਾਲ ਉਸ ਦੀ ਚੋਣ ਕੀਤੀ ਜਾਂਦੀ ਹੈ।

ਫਰਾਂਸਿਸ ਰੂਮੇਲ ਦੇ ਅਨੁਸਾਰ, ਇਸ ਕਸੌਟੀ ਦੇ ਬਿੰਦੂ ਅਤੇ ਸਮੱਸਿਆ ਦੀਆਂ ਚਾਰ ਵਿਸ਼ੇਸ਼ਤਾਵਾਂ ਹਨ-(i) ਖੋਜਕਰਤਾ ਦੀ ਉਸ ਸਮੱਸਿਆ ਵਿੱਚ ਰੁਚੀ ਹੋਣਾ, (ii) ਖੋਜਕਰਤਾ ਵਿੱਚ ਉਹ ਸਾਰੀਆਂ ਯੋਗਤਾਵਾਂ ਹੋਣਾ ਜਿਹੜੀਆਂ ਉਸ ਤੇ ਖੋਜ ਕਰਨ ਦੇ ਲਈ ਜਰੂਰੀ ਹਨ, (iii) ਸਮੱਸਿਆ ਦਾ ਮਹੱਤਵਪੂਰਣ ਹੋਣਾ ਅਤੇ (iv) ਸਮੱਸਿਆ ਸੰਬੰਧੀ ਜਾਣਕਾਰੀ, ਸੂਚਨਾਵਾਂ ਅਤੇ ਦੱਤਾਂ ਦੇ ਉਪਲਬਧ ਹੋਣ ਦੀ ਸੰਭਾਵਨਾ ਹੋਣਾ।

ਮੌਲਿ ਨੇ ਨਿਮਨਲਿਖਤ ਪੰਜ ਬਿੰਦੂਆਂ ਦਾ ਵਰਣਨ ਕੀਤਾ ਹੈ।

1. ਸਮਸਿਆ ਵਿਚ ਰੁਚੀ: ਸਮੱਸਿਆ ਖੋਜਕਰਤਾ ਦੀ ਰੁਚੀ ਦੇ ਅਨੁਸਾਰ ਹੋਣੀ ਚਾਹੀਦੀ ਹੈ ਪਰੰਤੂ ਇਸ ਦਾ ਇਹ ਅਰਥ ਨਹੀਂ ਸਮਝਣਾ ਚਾਹੀਦਾ ਹੈ ਕਿ ਰੁਚੀ ਦੇ ਅਨੁਸਾਰ ਸਮੱਸਿਆ ਨਾ ਹੋਣ ਤੇ ਉਸ ਤੇ ਉੱਤਮ ਪੱਧਰ ਦੀ ਖੋਜ ਨਹੀ ਹੋ ਸਕਦੀ। ਜੇਕਰ ਸਮੱਸਿਆ ਰੁਚੀ ਦੇ ਅਨੁਸਾਰ ਹੈ ਤਾਂ ਬਹੁਤ ਚੰਗਾ ਹੈ, ਪਰੰਤੂ ਜੇਕਰ ਸਮੱਸਿਆ ਮਹੱਤਵਪੂਰਣ ਹੈ ਤਾਂ ਰੁਚੀ ਦੀ ਕਮੀ ਵਿੱਚ ਵੀ ਉਸ ਨੂੰ ਚੋਣਿਆ ਜਾ ਸਕਦਾ ਹੈ। ਉਸ ਦੇ ਸੰਬੰਧ ਵਿੱਚ ਅਧਿਅਨ ਕਰਨ, ਜਿਆਦਾ ਜਾਣਕਾਰੀ ਪ੍ਰਾਪਤ ਕਰ ਲੈਣ ਅਤੇ ਕਾਰਜ ਦੇ ਅੱਗੇ ਵਧਣ ਦੇ ਬਾਅਦ ਰੁਚੀ ਵੀ ਵਿਕਸਿਤ ਹੋ ਜਾਂਦੀ ਹੈ।

2. ਸਮੱਸਿਆ ਦੀ ਮੌਲਿਕਤਾ: ਇਸ ਦਾ ਅਰਥ ਹੈ ਕਿ ਸਮੱਸਿਆ ਅਜਿਹੀ ਹੋਵੇ ਕਿ ਉਸ ਤੇ ਪਹਿਲਾਂ ਉਸੀ ਤਰ੍ਹਾਂ ਦਾ ਖੋਜ-ਕਾਰਜ ਨਾ ਹੋਇਆ ਹੋਵੇ। ਜਿਨ੍ਹਾਂ ਪ੍ਰਸ਼ਨਾਂ ਦੇ ਉੱਤਰ ਖੋਜ ਦੁਆਰਾ ਪ੍ਰਾਪਤ ਕੀਤੇ ਜਾ ਚੁੱਕੇ ਹਨ, ਉਹਨਾਂ ਨੂੰ ਦੁਬਾਰਾ ਪ੍ਰਾਪਤ ਕਰਨ ਦਾ ਕੋਈ ਲਾਭ ਨਹੀਂ ਪਰੰਤੂ ਜੇਕਰ ਪਹਿਲਾਂ ਕੀਤੀਆਂ ਗਈਆਂ ਖੋਜਾਂ ਦੇ ਨਤੀਜੇ ਸੰਦਿਗਧ ਲੱਗਦੇ ਹਨ ਜਾਂ ਉਹਨਾਂ ਦੀ ਖੋਜ-ਪ੍ਰਕਿਰਿਆ ਤਰੁੱਟੀਪੂਰਣ ਪਾਈ ਜਾਂਦੀ ਹੈ ਅਤੇ ਉਹਨਾਂ ਵਿੱਚ ਸਮਾਵਿਸ਼ਟ ਪੜਾਅ ਵਿੱਚ ਪਰਿਵਰਤਨ ਕਰਕੇ ਖੋਜ ਕੀਤੀ ਜਾਂਦੀ ਹੈ ਤਾਂ ਉਸ ਨੂੰ ਵੀ ਮੌਲਿਕਤਾ ਦੀ ਪਰਿਧੀ ਦੇ ਅਨੁਸਾਰ ਰੱਖਿਆ ਜਾ ਸਕਦਾ ਹੈ। ਕਿਸੇ ਵੀ ਖੋਜ ਦੀ ਉਸ ਰੂਪ ਵਿੱਚ ਪੂਰਨਆਵਰਤੀ ਸਮੇਂ ਅਤੇ ਮਨੁੱਖੀ-ਸ਼ਕਤੀ ਦਾ ਫਜ਼ੂਲ ਖਰਚ ਹੀ ਹੈ।

3. ਸਮੱਸਿਆ ਖੋਜ ਦੀ ਸੰਭਵਤਾ: ਇਸ ਦਾ ਅਰਥ ਹੈ ਕਿ ਸਮੱਸਿਆ ਅਜਿਹੀ ਹੋਵੇ ਕਿ ਜਿਸ ਤੇ ਖੋਜ ਕਰਨਾ ਸੰਭਵ ਹੋਵੇ, ਉਸ ਦੇ ਪੜਾਅ ਨੂੰ ਮਾਪਿਆ ਜਾ ਸਕੇ, ਉਸ ਦੇ ਵਿਸ਼ੇ ਵਿੱਚ ਜਰੂਰੀ ਅਤੇ ਲੋੜਵੰਦ ਜਾਣਕਾਰੀ ਪ੍ਰਾਪਤ ਕੀਤੀ ਜਾ ਸਕੇ, ਉਪਲਬਧ ਜਾਣਕਾਰੀ ਦਾ ਵਰਣਨ ਕੀਤਾ ਜਾ ਸਕੇ ਆਦਿ। ਜੇਕਰ ਕਿਸੇ ਕਾਰਨ ਅਜਿਹੇ ਸੰਭਵ ਨਾ ਹੋਵੇ ਤਾਂ ਉਸ ਸਮੱਸਿਆ ਨੂੰ ਖੋਜ ਸੰਬੰਧੀ ਉਚਿਤ ਨਹੀਂ ਸਮਝਿਆ ਜਾਂਦਾ।

4. ਸਮੱਸਿਆ ਮਹੱਤਵਪੂਰਣ ਹੋਣੀ ਚਾਹੀਦੀ ਹੈ: ਹਰ ਖੋਜ ਦਾ ਉਦੇਸ਼ ਹੁੰਦਾ ਹੈ ਸੰਬੰਧਤ ਖੇਤਰ ਵਿੱਚ ਗਿਆਨ ਦਾ ਵਾਧਾ ਕਰਨਾ, ਅਣਉੱਤਰੀ ਪ੍ਰਸ਼ਨਾਂ ਦੇ ਉੱਤਰ ਉਪਲਬਧ ਕਰਾਉਣਾ, ਪਹਿਲਾਂ ਤੋਂ ਸਥਾਪਿਤ ਮਾਨਤਾਵਾਂ ਅਤੇ ਸਿਧਾਂਤਾਂ ਦਾ ਸੱਤਿਆਪਨ ਅਤੇ ਪ੍ਰੀਖਣ ਕਰਨਾ, ਸਮੱਸਿਆਵਾਂ ਦੇ ਸਮਾਧਾਨ ਖੋਜਣਾ ਆਦਿ ਪਰੰਤੂ ਕਿਸੇ ਖੋਜ ਦੇ ਦੁਆਰਾ ਜੇਕਰ ਇਨ੍ਹਾਂ ਵਿੱਚੋਂ ਕਿਸੇ ਵੀ ਉਦੇਸ਼ ਦੀ ਪੂਰਤੀ ਨਹੀਂ ਹੁੰਦੀ ਤਾਂ ਉਸ ਨੂੰ ਮਹੱਤਵਪੂਰਣ ਨਹੀਂ ਸਮਝਿਆ ਜਾਂਦਾ ਹੈ। ਕਈ ਵਾਰ ਖੋਜ-ਸੰਸਥਾਵਾਂ ਤੁੱਛ ਅਤੇ ਨਿਰਰਥਕ ਹੁੰਦੀਆਂ ਹਨ। ਵੋਲਫਲੇ ਅਤੇ ਕਈ ਹੋਰ ਲੇਖਕਾਂ ਨੇ ਇਸ ਪ੍ਰਕਾਰ ਦੀਆਂ ਸਮੱਸਿਆਵਾਂ ਨੂੰ ਲੈ ਕੇ ਖੋਜ ਦੀ ਤਿੱਖੀ ਨਿੰਦਾ ਕੀਤੀ ਹੈ। ਐਨ.ਸੀ.ਈ.ਆਰ.ਟੀ. (ਨਵੀਂ ਦਿੱਲੀ) ਦੇ ਤੀਜੇ (1986) ਅਤੇ ਚੋਥੇ (1991) ਸਿੱਖਿਆ-ਖੋਜ ਸਰਵੇਖਣਾਂ ਵਿੱਚ ਵੀ ਇਸ ਤਰ੍ਹਾਂ ਦੀ ਆਲੋਚਨਾ ਕੀਤੀ ਗਈ ਹੈ। ਖੋਜ ਦੀਆਂ ਮਹੱਤਵਪੂਰਣ ਸਮੱਸਿਆਵਾਂ ਉਹ ਸਮਝੀਆਂ ਜਾਦੀਆਂ ਹਨ, ਜਿਨ੍ਹਾਂ ਦੇ ਦੁਆਰਾ ਉਪਰੋਕਤ ਉਦੇਸ਼ਾਂ ਦੀ ਪੂਰਤੀ ਹੁੰਦੀ ਹੈ ਅਤੇ ਜਿਨ੍ਹਾਂ ਦੇ ਨਤੀਜੇ ਸੰਬੰਧਤ ਖੇਤਰ ਦੀ ਵਰਤਮਾਨ ਕਿਰਿਆਵਾਂ, ਪ੍ਰਥਾਵਾਂ, ਵਿਧੀਆਂ, ਤਕਨੀਕਾਂ, ਕੰਮ ਦੇ ਢੰਗਾਂ ਆਦਿ ਨੂੰ ਉਨੰਤ ਬਣਾਉਣ ਵਿੱਚ ਸਹਾਇਕ ਹੁੰਦੇ ਹਨ। ਜਿਸ ਖੋਜ ਦੇ ਨਤੀਜਿਆਂ ਦੀ ਕੋਈ ਉਪਯੋਗਤਾ ਨਾ ਹੋਵੇ, ਉਹ ਮਹੱਤਵਹੀਣ ਹੈ।

5. ਸਮੱਸਿਆ ਖੋਜ ਕਰਤਾ ਦੀ ਯੋਗਤਾ ਅਤੇ ਸਮਰਥਾਵਾਂ ਦੇ ਅਨੁਸਾਰ ਹੋਣੀ ਚਾਹੀਦੀ ਹੈ: ਕੋਈ ਸਮੱਸਿਆ ਬਹੁਤ ਜਿਆਦਾ ਮਹੱਤਵਪੂਰਣ ਅਤੇ ਮੌਲਿਕ ਹੋ ਸਕਦੀ ਹੈ ਪਰੰਤੂ ਜੇਕਰ ਖੋਜਕਰਤਾ ਵਿੱਚ ਉਹ ਸਾਰੀਆਂ ਯੋਗਤਾਵਾਂ ਅਤੇ ਸਮਰਥਾਵਾਂ ਨਹੀਂ ਹਨ, ਜਿਹੜੀਆਂ ਉਸ ਖੋਜ ਨੂੰ ਪੂਰਾ ਕਰਨ ਦੇ ਲਈ ਜਰੂਰੀ ਹਨ ਤਾਂ ਉਸ ਸਮੱਸਿਆ ਨੂੰ ਉਸ ਖੋਜਕਰਤਾ ਦੇ ਲਈ ਉਚਿਤ ਨਹੀਂ ਕਿਹਾ ਜਾ ਸਕਦਾ। ਇਹ ਬਹੁਤ ਜਿਆਦਾ ਜਰੂਰੀ ਹੈ ਕਿ ਖੋਜਕਰਤਾ ਨੂੰ ਉਸ ਸਮੱਸਿਆ ਨਾਲ ਸੰਬੰਧਤ ਤੱਥਾਂ, ਸਕੰਲਪਨਾਵਾਂ, ਸਿਧਾਂਤਾਂ ਆਦਿ ਦੀ ਚੰਗੀ ਜਾਣਕਾਰੀ ਹੋਵੇ। ਇਹ ਵੀ ਜਰੂਰੀ ਹੈ ਕਿ ਉਸ ਵਿੱਚ ਸੰਬੰਧਤ ਸਾਹਿਤ, ਖੋਜ ਦੀਆਂ ਰਿਪੋਰਟਾਂ, ਜਰਨਲ ਆਦਿ ਨੂੰ ਪੜ੍ਹਨ ਅਤੇ ਸਮਝਣ ਦੀ ਯੋਗਤਾ ਹੋਵੇ, ਨਾਲ ਹੀ ਖੋਜ ਦੀਆਂ ਤਕਨੀਕਾਂ, ਮਨੋਵਿਗਿਆਨਕ ਪ੍ਰੀਖਣਾਂ ਦੇ ਨਿਰਮਾਣ, ਉਹਨਾਂ ਦੇ ਪ੍ਰਸ਼ਾਸਨ ਆਦਿ ਦਾ ਵੀ ਉਸ ਨੂੰ ਅੱਛਾ ਗਿਆਨ ਹੋਣਾ ਚਾਹੀਦਾ ਹੈ। ਖੋਜ-ਸਮੱਗਰੀ ਦੇ ਅੰਕੜਾ ਸੰਬੰਧੀ ਵਰਣਨ ਦੀ ਵਿਧੀਆਂ ਦੀ ਵੀ ਉਸ ਨੂੰ ਚੰਗੀ ਜਾਣਕਾਰੀ ਹੋਣੀ ਚਾਹੀਦੀ ਹੈ। ਜੇਕਰ ਸਮੱਸਿਆ ਅਜਿਹੀ ਹੈ ਕਿ ਉਸ ਤੇ ਖੋਜ ਸੰਬੰਧੀ ਇਨ੍ਹਾਂ ਯੋਗਤਾਵਾਂ ਦੀ ਜਰੂਰਤ ਹੈ ਅਤੇ ਖੋਜ ਕਰਤਾ ਵਿੱਚ ਇਨ੍ਹਾਂ ਦੀ ਕਮੀ ਹੈ ਤਾਂ ਉਹ ਸਮੱਸਿਆ ਉਸ ਦੇ ਲਈ ਉਚਿਤ ਨਹੀਂ ਹੋ ਸਕਦੀ ਹੈ।

## ਸਮੱਸਿਆ-ਕਥਨ

ਸਮੱਸਿਆ-ਕਥਨ ਤੋਂ ਭਾਵ ਹੁੰਦਾ ਹੈ ਸਮੱਸਿਆ ਨੂੰ ਸਿਰਲੇਖ ਦੇਣ ਸੰਬੰਧੀ। ਸਿਰਲੇਖ ਜਿਹੜਾ ਪ੍ਰਸਤਾਵਿਤ ਖੋਜ ਦੀ ਲਿਖਤ ਰੂਪਰੇਖਾ ਦੇ ਅਰੰਭ ਵਿੱਚ ਲਿਖਿਆ ਜਾਂਦਾ ਹੈ ਅਤੇ ਖੋਜ ਪੂਰੀ ਹੋ ਜਾਣ ਤੇ ਥੀਸਿਸ ਅਤੇ ਉਸ ਦੀ ਰਿਪੋਰਟ ਦੇ ਉੱਤੇ ਲਿਖਿਆ ਜਾਂਦਾ ਹੈ।

ਸਮੱਸਿਆ ਨੂੰ ਕਿਸ ਤਰ੍ਹਾਂ ਸਿਰਲੇਖ ਦੇ ਰੂਪ ਵਿੱਚ ਪ੍ਰਸਤੁਤ ਕੀਤਾ ਜਾਣਾ ਚਾਹੀਦਾ ਹੈ ਭਾਵ ਕਿਸ ਤਰ੍ਹਾਂ ਉਸ ਦਾ ਕਥਨ ਕੀਤਾ ਜਾਣਾ ਚਾਹੀਦਾ ਹੈ, ਇਸ ਸੰਬੰਧ ਵਿੱਚ ਵੀ ਕੁੱਝ ਨਿਯਮ ਹਨ ਜੋ ਨਿਮਨ-ਲਿਖਤ ਅਨੁਸਾਰ ਹਨ

1. ਵਾਨ ਡਾਲੇਨ ਦੇ ਅਨੁਸਾਰ, ਸਮੱਸਿਆ ਦੀ ਪ੍ਰਸਤੁਤੀ ਜਾਂ ਤਾਂ ਪ੍ਰਸ਼ਨਾਂ ਦੇ ਰੂਪ ਵਿੱਚ ਕੀਤੀ ਜਾਣੀ ਚਾਹੀਦੀ ਹੈ ਜਾਂ ਸਿੱਧੇ ਅਤੇ ਸਰਲ ਕਥਨਾਂ ਦੇ ਰੂਪ ਵਿੱਚ ਕੀਤੀ ਜਾਣੀ ਚਾਹੀਦੀ ਹੈ। ਜਿਵੇਂ ਕੀ ਬੁੱਧੀ ਬਾਲਕਾਂ ਦੀ ਵਿਦਿਅਕ ਉਪਲਬਧੀ ਨੂੰ ਪ੍ਰਭਾਵਤ ਕਰਦੀ ਹੈ? (ਪ੍ਰਸ਼ਨ ਰੂਪ) ਬੁੱਧੀ ਦਾ ਬਾਲਕਾਂ ਦੀ ਵਿਦਿਅਕ ਉਪਲਬਧੀ ਤੇ ਸਕਾਰਾਤਮਕ ਪ੍ਰਭਾਵ ਪੈਂਦਾ ਹੈ। (ਕਥਨ)

2. ਮੌਲਿ ਦੇ ਅਨੁਸਾਰ, ਸਮੱਸਿਆ ਦੀ ਪ੍ਰਸਤੁਤੀ ਸੰਖੇਪ ਅਤੇ ਨਿਸ਼ਚਿਤ ਰੂਪ ਵਿੱਚ ਕੀਤੀ ਜਾਣੀ ਚਾਹੀਦੀ ਹੈ। ਉਸ ਦੇ ਕਥਨ ਵਿੱਚ ਨਿਰਾਰਥਕ ਅਤੇ ਅਣਜਰੂਰੀ ਸ਼ਬਦਾਂ ਦਾ ਪ੍ਰਯੋਗ ਨਹੀਂ ਕੀਤਾ ਜਾਣਾ ਚਾਹੀਦਾ ਹੈ। ਬਹੁਤ ਮੁਸ਼ਕਲ ਸ਼ਬਦਾਂ ਦਾ ਪ੍ਰਯੋਗ ਵੀ ਉਚਿਤ ਨਹੀਂ ਸਮਝਿਆ ਜਾਂਦਾ।

3. ਸਮੱਸਿਆ ਦਾ ਕਥਨ ਇਸ ਪ੍ਰਕਾਰ ਕੀਤਾ ਜਾਣਾ ਚਾਹੀਦਾ ਹੈ ਕਿ ਉਸ ਨੂੰ ਪੜ੍ਹਦੇ ਹੀ ਪਾਠਕ ਨੂੰ ਇਹ ਸਪਸ਼ਟ ਹੋ ਜਾਵੇ ਕਿ ਸਮੱਸਿਆ ਵਿੱਚ ਕਿਹੜੇ-ਕਿਹੜੇ ਪੜਾਅ ਹਨ, ਜਿਨ੍ਹਾਂ ਦੇ ਅੰਤਰ ਸੰਬੰਧਾ ਦੀ ਖੋਜ ਕਰਨਾ ਖੋਜ ਦਾ ਉਦੇਸ਼ ਹੈ। ਜਿਵੇਂ, ਅੰਗਰੇਜ਼ੀ ਮਾਧਿਅਮ ਦੇ ਵਿਦਿਆਲਿਆਂ ਦਾ ਅਧਿਅਨ ਹੈ । ਇਸ ਪ੍ਰਕਾਰ ਦੇ ਸਮੱਸਿਆ-ਕਥਨ ਵਿੱਚ ਕੁੱਝ ਵੀ ਸਪਸ਼ਟ ਨਹੀਂ ਹੁੰਦਾ ਕਿ ਕਿਸ ਗੱਲ ਦਾ ਅਧਿਅਨ ਕੀਤਾ ਜਾਵੇਗਾ। ਜੇਕਰ ਇਸ ਨੂੰ ਇਸ ਤਰ੍ਹਾਂ ਪ੍ਰਸਤੁਤ ਕੀਤਾ ਜਾਵੇ 'ਅੰਗਰੇਜ਼ੀ ਮਾਧਿਅਮ ਵਾਲੇ ਵਿਦਿਆਲਿਆਂ ਦੇ ਬਾਲਕਾਂ ਅਤੇ ਹੋਰ ਵਿਦਿਆਲਿਆਂ ਦੇ ਬਾਲਕਾ ਦੀ ਵਿਦਿਅਕ ਪ੍ਰਗਤੀ ਦਾ ਤੁਲਨਾਤਮਕ ਅਧਿਅਨ, ਤਾਂ ਖੋਜ ਦਾ ਉਦੇਸ਼ ਸਮੱਸਿਆ ਨੂੰ ਪੜ੍ਹਦੇ ਹੀ ਸਪਸ਼ਟ ਹੋ ਜਾਂਦਾ ਹੈ।

4. ਸਮੱਸਿਆ ਦਾ ਕਥਨ ਇਸ ਤਰ੍ਹਾਂ ਕੀਤਾ ਜਾਣਾ ਚਾਹੀਦਾ ਹੈ ਕਿ ਪੜ੍ਹਦੇ ਹੀ ਖੋਜ-ਖੇਤਰ ਦਾ ਵਿਸਤਾਰ ਸਪਸ਼ਟ ਹੋ ਜਾਵੇ। ਜਿਵੇਂ, "ਪੜ੍ਹਨ ਵਾਲੇ ਬਾਲਕਾ ਦੀ ਬੁੱਧੀ ਦਾ ਸਰਵੇਖਣ। ਇਸ ਕਥਨ ਤੋਂ ਇਹ ਸਪਸ਼ਟ ਨਹੀਂ ਹੁੰਦਾ ਕਿ ਕਿਸ ਕਥਨ ਦੇ ਵਿਦਿਆਲਿਆਂ ਦੇ ਬਾਲਕਾਂ, ਕਿਸ ਜਮਾਤ ਅਤੇ ਉਮਰ ਦੇ ਬਾਲਕਾਂ ਦੀ ਬੁੱਧੀ ਦਾ ਸਰਵੇਖਣ ਕੀਤਾ ਜਾਵੇਗਾ। ਇਸ ਨੂੰ ਜੇਕਰ ਇਸ ਤਰ੍ਹਾਂ ਲਿਖਿਆ ਜਾਵੇ "ਮੇਰਠ ਸ਼ਹਿਰ ਦੇ ਅੱਠਵੀ ਜਮਾਤ ਦੇ ਬਾਲਕਾਂ ਦੀ ਬੁੱਧੀ ਦਾ ਸਰਵੇਖਣ' ਤਾਂ ਖੋਜ ਦੇ ਖੇਤਰ ਦਾ ਵਿਸਤਾਰ ਸਪਸ਼ਟ ਹੋ ਜਾਂਦਾ ਹੈ।

ਖੋਜ ਸਮੱਸਿਆ ਦੇ ਕਥਨ ਵਿੱਚ ਹੀ ਖੋਜ ਕਾਰਜ ਦੀ ਸੰਪੂਰਣ ਰੂਪ ਰੇਖਾ ਸ਼ਾਮਿਲ ਹੁੰਦੀ ਹੈ। ਉਸ ਨੂੰ ਪੜ੍ਹਦੇ ਹੀ ਇਹ ਸਪਸ਼ਟ ਹੋ ਜਾਣਾ ਚਾਹੀਦਾ ਹੈ ਕਿ ਖੋਜ ਦਾ ਪ੍ਰਮੁੱਖ ਉਦੇਸ਼ ਕੀ ਹੈ? ਖੋਜ-ਸਮੱਗਰੀ ਦੇ ਵਰਣਨ ਦੀ ਵਿਧੀ ਕੀ ਹੋਵੇਗੀ?

## <u>ਸਮੱਸਿਆ ਦਾ ਵਰਨਣ ਅਤੇ ਉਸ ਦਾ ਪਰਿਭਾਸ਼ੀਕਰਨ</u>

ਸਮੱਸਿਆ ਦੀ ਆਖਰੀ ਰੂਪ ਤੋਂ ਚੋਣ ਹੋ ਜਾਣ ਤੋਂ ਬਾਅਦ ਉਸਦਾ ਕਥਨ ਕੀਤਾ ਜਾਂਦਾ ਹੈ ਭਾਵ ਆਖਰੀ ਰੂਪ ਵਿੱਚ ਉਸ ਨੂੰ ਲਿਖਿਆ ਜਾਂਦਾ ਹੈ ਅਤੇ ਇਸ ਕਥਨ ਦੇ ਬਾਅਦ ਸਮੱਸਿਆ ਦੀ ਡੂੰਘਾਈ ਨਾਲ ਵਿਸ਼ਲੇਸ਼ਣ ਭਾਵ ਪਰਿਭਾਸ਼ੀਕਰਨ ਅਤੇ ਵਰਣਨ ਕੀਤਾ ਜਾਂਦਾ ਹੈ। ਕਈ ਕਾਰਨਾਂ ਤੋਂ ਅਜਿਹੀ ਕੀਤਾ ਜਾਣਾ ਜਰੂਰੀ ਹੈ। ਸਮੱਸਿਆ ਦਾ ਵਿਸ਼ਲੇਸ਼ਣ ਅਤੇ ਪਰਿਭਾਸ਼ੀਕਰਨ ਖੋਜ ਦੀਆਂ ਦਿਸ਼ਾਵਾਂ ਨੂੰ ਸਪਸ਼ਟ ਕਰਦਾ ਹੈ ਅਤੇ ਇਸ ਗੱਲ ਵੱਲ ਸੰਕੇਤ ਕਰਦਾ ਹੈ ਕਿ ਉਸ ਖੋਜ ਵਿੱਚ ਕਿਸ ਤਰ੍ਹਾਂ ਦੇ ਪੜਾਅ ਸ਼ਾਮਿਲ ਹਨ, ਉਹਨਾਂ ਦਾ ਮਾਪਨ ਕਿਸ ਤਰ੍ਹਾਂ ਕੀਤਾ ਜਾਵੇਗਾ ਅਤੇ ਖੋਜ ਦੀ ਕਿਰਿਆ ਕੀ ਹੋਵੇਗੀ। ਇਸ ਪ੍ਰਕਾਰ ਖੋਜ-ਕਾਰਜ ਦਾ ਸੰਪੂਰਣ ਮਾਨਚਿੱਤਰ ਸਪਸ਼ਟ ਅਤੇ ਨਿਸ਼ਚਿਤ ਹੋ ਜਾਂਦਾ ਹੈ। ਭਿਟਨੀ ਦੇ ਅਨੁਸਾਰ, ਸਮੱਸਿਆ ਦੇ ਪਰਿਭਾਸ਼ੀਕਰਨ ਤੋਂ ਭਾਵ ਹੁੰਦਾ ਹੈ, "ਸਮੱਸਿਆ ਨੂੰ ਇੱਕ ਇਕਾਈ ਦੇ ਅੰਦਰ ਸੀਮਿਤ ਕਰਨਾ, ਉਸ ਨੂੰ ਉਹਨਾਂ ਮਿਲਦੇ-ਜੁਲਦੇ ਪ੍ਰਸ਼ਨਾਂ ਤੋਂ ਭਿੰਨ ਅਤੇ ਅਲੱਗ ਕਰਨਾ ਜਿਹੜੇ ਸੰਬੰਧਤ ਪਰਸਿਥਤੀਆ ਵਿੱਚ ਪਾਏ ਜਾਂਦੇ ਹਨ। ਅਜਿਹਾ ਕਰਨ ਨਾਲ ਖੋਜਕਰਤਾ ਨੂੰ ਸਪਸ਼ਟ ਰੂਪ ਤੋਂ ਪਤਾ ਲੱਗ ਜਾਦਾ ਹੈ ਕਿ ਸਮੱਸਿਆ ਅਸਲ ਵਿੱਚ ਕੀ ਹੈ। ਅਰੰਭ ਵਿੱਚ ਹੀ ਸਮੱਸਿਆ ਦਾ ਇਸ ਤਰ੍ਹਾਂ ਦਾ ਵਿਸ਼ਿਸ਼ਟੀਕਰਣ ਅਤੇ ਵਿਵਹਾਰਿਕ ਸੀਮਾਂਕਰਨ ਬਹੁਤ ਮਹੱਤਵਪੂਰਣ ਹੁੰਦਾ ਹੈ। ਇਸ ਸੰਬੰਧ ਵਿੱਚ ਮਨਰੋ ਅਤੇ ਏਂਗਿਹਾਰਟ ਦਾ ਕਥਨ ਅਨੁਸਾਰ ਸਮੱਸਿਆ ਦੇ ਪਰਿਭਾਸ਼ੀਕਰਨ ਦਾ ਅਰਥ ਹੈ "ਉਸ ਦਾ ਵਿਸਤਰਿਤ ਅਤੇ ਸਹੀ-ਸਹੀ ਵਿਸ਼ਿਸ਼ਟੀਕਰਨ ਕਰਨਾ, ਹਰਕੇ ਮੁੱਖ ਅਤੇ ਗੌਣ ਪ੍ਰਸ਼ਨ ਜਿਸ ਦਾ ਉੱਤਰ ਜਰੂਰੀ ਹੈ, ਦਾ ਸਪਸ਼ਟੀਕਰਣ ਕਰਨਾ ਅਤੇ ਖੋਜ ਦੀਆਂ ਸੀਮਾਵਾਂ ਦਾ ਨਿਰਧਾਰਣ ਕਰਨਾ।" ਇਸ ਦੇ ਲਈ ਉਹਨਾਂ ਦੇ ਅਨੁਸਾਰ, ਇਹ ਜਰੂਰੀ ਹੈ ਕਿ ਜਿਹੜੀਆਂ ਖੋਜਾਂ ਪਹਿਲਾਂ ਹੋ ਚੁੱਕੀਆਂ ਹਨ, ਉਹਨਾਂ ਦੀ ਸਮੀਖਿਆ ਕੀਤੀ ਜਾਵੇ ਤਾਂਕਿ ਇਹ ਨਿਸ਼ਚਿਤ ਕੀਤਾ ਜਾ ਸਕੇ ਕਿ ਕੀ ਕਰਨਾ ਹੈ। ਕਦੀ-ਕਦੀ ਇੱਕ ਅਜਿਹੇ ਵਿਦਿਅਕ ਦ੍ਰਿਸ਼ਟੀਕੋਣ ਅਤੇ ਸਿੱਖਿਆ-ਸਿਧਾਂਤ ਦਾ ਵਿਕਾਸ ਅਤੇ ਨਿਰਮਾਣ ਕਰਨਾ ਵੀ ਜਰੂਰੀ ਹੋ ਸਕਦਾ ਹੈ ਜੋ ਪ੍ਰਸਤਾਵਿਤ ਖੋਜ ਨੂੰ ਇੱਕ ਆਧਾਰ ਪ੍ਰਦਾਨ ਕਰ ਸਕਦੇ। ਇਸ ਦੇ ਅਨੁਸਾਰ ਮੁੱਢਲੀਆ ਧਾਰਨਾਵਾਂ ਨੂੰ ਵੀ ਸਪਸ਼ਟ ਕਰਨਾ ਜਰੂਰੀ ਹੁੰਦਾ ਹੈ।

ਸਧਾਰਣ ਭਾਸ਼ਾ ਵਿੱਚ ਸਮੱਸਿਆ ਦੇ ਪਰਿਭਾਸ਼ੀਕਰਨ ਤੋਂ ਭਾਵ ਉਸ ਦੇ ਵਿਸ਼ਿਸ਼ਟੀਕਰਨ ਅਤੇ ਸੱਪਸ਼ਟੀਕਰਨ ਤੋਂ ਹੀ ਹੁੰਦਾ ਹੈ। ਉਸ ਦਾ ਆਧਾਰ ਸਮੱਸਿਆ ਦਾ ਵਿਸ਼ਲੇਸ਼ਣ ਅਤੇ ਸਪਸ਼ਟ ਵਰਣਨ ਹੁੰਦਾ ਹੈ। ਉਸ ਦੇ ਅਨੁਸਾਰ ਨਿਮਨਲਿਖਤ ਕਾਰਜ ਆਉਂਦੇ ਹਨ

1. ਸਮੱਸਿਆ ਸੰਬੰਧੀ-ਖੋਜ ਕਾਰਜ ਦੇ ਵਿਸਤਾਰ ਨੂੰ ਸੀਮਿਤ ਕਰਨਾ

ਇਸ ਦਾ ਅਰਥ ਹੈ ਕਿ ਸਮੱਸਿਆ ਦਾ ਵਰਣਨ ਇਸ ਤਰ੍ਹਾਂ ਕਰਨਾ ਕਿ ਉਸ ਤੋਂ ਜਿੰਨੇ ਕਾਰਜ ਦਾ ਬੋਧ ਹੁੰਦਾ ਹੈ। ਉਨਾ ਕਾਰਜ ਖੋਜਕਰਤਾ ਦੀ ਸਮਰਥਤਾ ਦੇ ਅੰਦਰ ਹੋਵੇ। ਦੂਜੇ ਸ਼ਬਦਾਂ ਵਿੱਚ, ਇੱਕ ਵਿਸਤਰਿਤ ਅਤੇ ਵਿਆਪਕ ਸਮੱਸਿਆ ਨੂੰ ਕੱਟ-ਛਾਂਟ ਕੇ ਸੀਮਿਤ ਬਣਾਉਣਾ ਇਸ ਦੇ ਅਨੁਸਾਰ ਆਉਂਦਾ ਹੈ। ਉਦਾਹਰਣ ਵਜੋਂ, ਜੇਕਰ ਸਮੱਸਿਆ ਹੈ 'ਸਮੱਸਿਆਤਮਕ ਬਾਲਕਾਂ ਦੇ ਵਿਵਹਾਰਾਂ ਦਾ ਅਧਿਅਨ ਕਰਨਾ, ਤਾਂ ਇਹ ਸਮੱਸਿਆ ਬਹੁਤ ਜਿਆਦਾ ਅਸਪਸ਼ਟ, ਵਿਸਤਰਿਤ ਅਤੇ ਵਿਆਪਕ ਹੈ। ਇਸ ਦੇ ਅਨੁਸਾਰ ਕਈ ਤਰ੍ਹਾਂ ਦੇ ਸਮੱਸਿਆਤਮਕ ਬਾਲਕਾਂ, ਵਿਵਹਾਰ ਦੇ ਕਈ ਪ੍ਰਕਾਰ ਦੇ ਕਾਰਨਾਂ, ਅਧਿਅਨ ਦੀਆਂ ਨਵੀਆਂ ਵਿਧੀਆਂ, ਵਿਭਿੰਨ ਸਥਾਨਾਂ ਅਤੇ ਵਿਭਿੰਨ ਉਮਰ ਦੇ ਬਾਲਕਾਂ ਦਾ ਅਧਿਅਨ ਆਉਂਦਾ ਹੈ। ਇਨ੍ਹਾਂ ਅਧਿਅਨਾਂ ਨੂੰ ਪੂਰਾ ਕਰਨ ਵਿੱਚ ਸਾਲਾਂ ਲੱਗ ਜਾਣਗੇ ਜਿਹੜਾ ਕਿਸੇ ਵੀ ਖੋਜਕਰਤਾ ਦੇ ਲਈ ਸੰਭਵ ਨਹੀਂ ਹੈ। ਇਸ ਪ੍ਰਕਾਰ ਸਮੱਸਿਆ ਨੂੰ ਸੀਮਿਤ, ਸੰਖੇਪ ਅਤੇ ਸੰਕੁਚਿਤ ਕਰਨਾ ਜਰੂਰੀ ਹੈ। ਕਿਸ ਪ੍ਰਕਾਰ ਦੇ ਸਮੱਸਿਆਤਮਕ ਬਾਲਕਾਂ, ਕਿਸ ਉਮਰ ਦੇ, ਕਿਹੜੇ ਵਿਸ਼ੇਸ਼ ਕਾਰਨਾਂ ਆਦਿ ਦਾ ਅਧਿਅਨ ਕੀਤਾ ਜਾਵੇਗਾ, ਇਨ੍ਹਾਂ ਦਾ ਨਿਸ਼ਚਿਤ ਰੂਪ ਤੋਂ ਅਤੇ ਸਪਸ਼ਟ ਰੂਪ ਤੋਂ ਉਲੇਖ ਕੀਤਾ ਜਾਣਾ ਜਰੂਰੀ ਹੈ। ਇਹੀ ਸਮੱਸਿਆ ਦੇ ਪਰਿਭਾਸ਼ੀਕਰਨ ਦਾ ਅਰਥ ਹੈ। ਮੌਲਿ ਦੇ ਅਨੁਸਾਰ, ਜੇਕਰ ਸਮੱਸਿਆ ਸਪਸ਼ਟ ਨਹੀਂ ਹੈ ਤਾਂ ਅੱਗੇ ਚੱਲ ਕੇ ਬਹੁਤ ਸਾਰੀਆਂ ਮੁਸ਼ਕਿਲਾਂ ਉਤਪੰਨ ਹੋ ਜਾਂਦੀਆਂ ਹਨ ਅਤੇ ਨਤੀਜਿਆਂ ਦੇ ਸਾਰਥਕ ਅਤੇ ਮਹੱਤਵਪੂਰਣ ਹੋਣ ਦਾ ਤਾਂ ਪ੍ਰਸ਼ਨ ਹੀ ਨਹੀਂ ਉਠਦਾ। ਇਸ ਪ੍ਰਕਾਰ ਖੋਜ-ਸਮੱਸਿਆ ਬਹੁਤ ਵਿਸਤਰਿਤ ਅਤੇ ਵਿਆਪਕ (ਜਿਵੇਂ, ਅਧਿਆਪਕ ਸਿਖਲਾਈ ਦੀ ਪ੍ਰਭਾਵਕਤਾ ਦਾ ਅਧਿਅਨ) ਨਾ ਹੋ ਕੇ ਵਿਸ਼ੇ ਦੇ ਕੁੱਠ ਮਹੱਤਵਪੂਰਣ ਅਤੇ ਵਿਸ਼ੇਸ਼ ਪੱਖਾਂ ਤੱਕ ਹੀ ਸੀਮਿਤ ਹੋਣੀ ਚਾਹੀਦੀ ਹੈ। ਨਾਲ ਹੀ ਉਸ ਨੂੰ ਇੰਨਾ ਸੰਖੇਪ ਅਤੇ ਸੰਕੁਚਿਤ ਵੀ ਨਹੀਂ ਬਣਾਉਣਾ ਚਾਹੀਦਾ ਕਿ ਉਹ ਸਿਰਫ ਮਜਾਕ ਬਣਕੇ ਰਹਿ ਜਾਵੇ।

2. ਸਮੱਸਿਆ-ਸੰਬੰਧੀ ਵਿਭਿੰਨ ਅੰਗਾਂ ਦਾ ਸਪਸ਼ਟੀਕਰਣ ਅਤੇ ਵਰਣਨ ਕਰਨਾ।

ਖੋਜਕਰਤਾ ਸਮੱਸਿਆ ਦੀ ਜਨਮਭੂਮੀ ਦਾ ਉਲੇਖ ਕਰਦਾ ਹੈ, ਉਸ ਦੇ ਸਿਧਾਂਤਕ ਆਧਾਰ ਦਾ ਵਰਣਨ ਕਰਦਾ ਹੈ ਅਤੇ ਉਹਨਾਂ ਅਵਧਾਰਣਾਵਾਂ ਦਾ ਵੀ ਸਪਸ਼ਟੀਕਰਣ ਕਰਦਾ ਹੈ ਜਿਹੜੀਆਂ ਸਮੱਸਿਆ ਵਿੱਚ ਸ਼ਾਮਿਲ ਹੁੰਦੀਆਂ ਹਨ। ਨਾਲ ਹੀ ਉਹ ਉਹਨਾਂ ਚਰਾਂ, ਤੱਥਾਂ, ਪਰਸਥਿਤੀਆਂ, ਵਿਅਕਤੀਆ ਆਦਿ ਦਾ ਵੀ ਉਲੇਖ ਕਰਦਾ ਹੈ, ਜਿਨ੍ਹਾਂ ਨੂੰ ਸਮੱਸਿਆ ਤੋਂ ਅਲੱਗ ਰੱਖਿਆ ਜਾਣਾ ਹੈ। ਸਮੂਹਿਕ ਰੂਪ ਤੋਂ ਇਨ੍ਹਾਂ ਸਾਰਿਆਂ ਪੱਖਾਂ ਦਾ ਸਪਸ਼ਟੀਕਰਣ ਅਤੇ ਉਲੇਖ ਸਮੱਸਿਆ ਦੇ ਪਰਿਭਾਸ਼ੀਕਰਨ ਵਿਸ਼ਲੇਸ਼ਣ ਅਤੇ ਵਰਣਨ ਦੇ ਅਨੁਸਾਰ ਆਉਂਦਾ ਹੈ।

3. ਸਮੱਸਿਆ ਵਿੱਚ ਪ੍ਰਾਪਤ ਸ਼ਬਦਾਂ ਅਤੇ ਸੰਕਲਪਨਾਵਾਂ ਦੇ ਅਰਥਾਂ ਨੂੰ ਸਪਸ਼ਟ ਕਰਨਾ ਅਤੇ ਉਹਨਾਂ ਨੂੰ ਪਰਿਭਾਸ਼ਿਤ ਕਰਨਾ

ਇਹ ਵੀ ਸਮੱਸਿਆ ਦੇ ਪਰਿਭਾਸ਼ੀਕਰਨ ਦੇ ਅਨੁਸਾਰ ਹੀ ਆਉਂਦਾ ਹੈ। ਜੇਕਰ ਇਨ੍ਹਾਂ ਦੇ ਅਰਥ ਸਪਸ਼ਟ ਨਹੀਂ ਕੀਤੇ ਜਾਂਦੇ ਹਨ ਤਾਂ ਇਹ ਸਮਝਣਾ ਵੀ ਮੁਸ਼ਕਿਲ ਹੋਵੇਗਾ ਕਿ ਸਮੱਸਿਆ ਹੈ ਕੀ? ਕੁੱਝ ਸ਼ਬਦ ਅਤੇ ਸੰਕਲਪਨਾਵਾਂ ਅਜਿਹੀਆਂ ਹੋ ਸਕਦੀਆਂ ਹਨ, ਜਿਨ੍ਹਾਂ ਦੇ ਭਿੰਨ-ਭਿੰਨ ਸੰਬੰਧਾਂ ਵਿੱਚ ਭਿੰਨ-ਭਿੰਨ ਅਰਥ ਹੁੰਦੇ ਹਨ ਅਤੇ ਜਿਨ੍ਹਾਂ ਨੂੰ ਭਿੰਨ-ਭਿੰਨ ਲੇਖਕਾਂ ਅਤੇ ਵਿਸ਼ੇਸ਼ੱਗਾਂ ਨੇ ਭਿੰਨ-ਭਿੰਨ ਪ੍ਰਕਾਰ ਤੋਂ ਪਰਿਭਾਸ਼ਿਤ ਕੀਤਾ ਹੈ। ਬੁੱਧੀ, ਪ੍ਰੇਰਣਾ, ਮਨੋਵਿਗਿਆਨਕ ਜਰੂਰਤਾਂ, ਵਿਅਕਤਿੱਤਵ ਸੰਤੁਲਨ, ਵਾਤਾਵਰਨ ਆਦਿ ਕਈ ਅਜਿਹੀਆਂ ਸੰਕਲਪਨਾਵਾਂ ਹਨ, ਜਿਨ੍ਹਾਂ ਦੇ ਅਲੱਗ-ਅਲੱਗ ਅਰਥ ਅਤੇ ਪਰਿਭਾਸ਼ਾਵਾਂ ਮਿਲਦੀਆਂ ਹਨ। ਇਸ ਪ੍ਰਕਾਰ ਖੋਜਕਰਤਾ ਨੂੰ ਸਮੱਸਿਆ ਦਾ ਪਰਿਭਾਸ਼ੀਕਰਨ ਕਰਦੇ ਸਮੇਂ ਇਹ ਵੀ ਸਪਸ਼ਟ ਕਰਨਾ ਚਾਹੀਦਾ ਹੈ ਕਿ ਉਸ ਦੀ ਸਮੱਸਿਆ ਵਿੱਚ ਸ਼ਾਮਿਲ ਇਨ੍ਹਾਂ ਸ਼ਬਦਾਂ ਅਤੇ ਸੰਕਲਪਨਾਵਾਂ ਨੂੰ ਕਿਸ ਅਰਥ ਵਿੱਚ ਲਿਆ ਗਿਆ ਹੈ। ਅਜਿਹਾ ਕਰਨ ਨਾਲ ਉਹਨਾਂ ਦਾ ਸਹੀ ਢੰਗ ਨਾਲ ਮਾਪ ਕਰਨਾ ਵੀ ਸਰਲ ਹੋ ਜਾਂਦਾ ਹੈ। ਸਧਾਰਣ ਰੂਪ ਤੋਂ ਇਨ੍ਹਾਂ ਨੂੰ ਮੂਰਤ ਅਤੇ ਨਿਸ਼ਚਿਤ ਵਿਵਹਾਰਾਂ ਦੇ ਰੂਪ ਵਿੱਚ ਪਰਿਭਾਸ਼ਿਤ ਕੀਤਾ ਜਾਂਦਾ ਹੈ। ਸਾਹਿਤ ਵਿੱਚ ਉਹਨਾਂ ਨੂੰ ਕਿਸ-ਕਿਸ ਤਰ੍ਹਾਂ ਨਾਲ ਪਰਿਭਾਸ਼ਿਤ ਕੀਤਾ ਗਿਆ ਹੈ, ਉਹਨਾਂ ਸਾਰਿਆਂ ਦਾ ਉਲੇਖ ਕਰਦੇ ਹੋਏ ਵਿਸ਼ੇਸ਼ ਰੂਪ ਤੋਂ ਇਹ ਦੱਸਣਾ ਚਾਹੀਦਾ ਹੈ ਕਿ ਪ੍ਰਸਤਾਵਿਤ ਖੋਜ-ਸਮੱਸਿਆ ਵਿੱਚ ਉਹਨਾਂ ਨੂੰ ਕਿਸ ਅਰਥ ਵਿੱਚ ਲਿਆ ਗਿਆ ਹੈ ਅਤੇ ਉਹਨਾਂ ਦਾ ਮਾਪ ਕਿਸ ਪ੍ਰਕਾਰ ਕੀਤਾ ਜਾਣਾ ਹੈ, ਕਿਹੜੇ-ਕਿਹੜੇ ਤੱਤ, ਵਿਵਹਾਰ, ਪਰਸਥਿਤੀਆਂ, ਘਟਨਾਵਾਂ ਉਹਨਾਂ ਦੇ ਪਰਚਾਰਕ ਹੋਣਗੇ ਆਦਿ। ਉਦਾਹਰਣ ਦੇ ਲਈ, ਜੇਕਰ ਵਿਦਿਆਰਥੀਆਂ ਦੀ "ਵਿਦਿਅਕ ਉਪਲਬਧੀ ਇੱਕ ਚਰਣ ਹੈ, ਤਾਂ ਇਹ ਸਪਸ਼ਟ ਕਰਨਾ ਹੋਵੇਗਾ ਕਿ ਉਸ ਦਾ ਅਰਥ ਵਿਦਿਆਰਥੀਆਂ ਦੇ ਪ੍ਰੀਖਿਆ ਅੰਕਾਂ, ਅਧਿਆਪਕ ਦੁਆਰਾ ਕੀਤੇ ਗਏ ਰੇਟਿੰਗ ਅਤੇ ਪ੍ਰਮਾਪੀਕਰੜ ਨਿਸ਼ਪੱਤੀ-ਪ੍ਰੀਖਿਆਵਾਂ ਤੇ ਪ੍ਰਾਪਤ ਅੰਕ ਆਦਿ ਵਿੱਚੋਂ ਕਿਸੇ ਇੱਕ ਤੋਂ ਹੈ। ਹਿਲਵੇ ਨੇ ਸਮੱਸਿਆ ਦੇ ਪਰਿਭਾਸ਼ੀਕਰਨ ਸੰਬੰਧੀ ਨਿਮਨ ਚਾਰ ਨਿਯਮਾਂ ਵੱਲ ਸੰਕੇਤ ਕੀਤਾ ਹੈ

1. ਇਹ ਨਿਸ਼ਚਿਤ ਕਰਨਾ ਕਿ ਸਮੱਸਿਆ ਦਾ ਵਿਸ਼ਾ-ਖੇਤਰ ਨਾ ਤਾਂ ਬਹੁਤ ਜਿਆਦਾ ਵਿਸਤਰਿਤ ਹੋਵੇ ਅਤੇ ਨਾ ਬਹੁਤ ਜਿਆਦਾ ਸੰਕੁਚਿਤ।

2. ਸਮੱਸਿਆ ਨੂੰ ਵਿਸ਼ੇਸ਼ ਪ੍ਰਸ਼ਨਾਂ ਦੇ ਰੂਪ ਵਿੱਚ ਵਿਅਕਤ ਕਰਨਾ, ਜਿਸ ਦੇ ਨਿਸ਼ਚਿਤ ਉੱਤਰ ਸੰਭਵ ਹੋਣ।

3. ਸਮੱਸਿਆ ਦਾ ਇਸ ਪ੍ਰਕਾਰ ਸੀਮਾਕਰਨ ਕਰਨਾ ਕਿ ਜਿਨ੍ਹਾਂ ਪੱਖਾਂ ਅਤੇ ਤੱਤਾ ਦਾ ਸਮੱਸਿਆ ਨਾਲ ਸੰਬੰਧ ਨਹੀਂ ਹੈ, ਉਹ ਸਪਸ਼ਟ ਰੂਪ ਤੋਂ ਉਸ ਤੋਂ ਅਲੱਗ ਹੋ ਜਾਵੇ।

4. ਉਹਨਾਂ ਸਾਰੇ ਸ਼ਬਦਾਂ ਨੂੰ ਜਿਹੜੇ ਵਿਸ਼ੇਸ਼ ਹਨ ਅਤੇ ਜਿਨ੍ਹਾਂ ਦਾ ਪ੍ਰਯੋਗ ਸਮੱਸਿਆ ਵਿੱਚ ਹੋਇਆ ਹੈ, ਪਰਿਭਾਸ਼ਿਤ ਕਰਨਾ।

ਉਪਰੋਕਤ ਅਨੁਸਾਰ ਸਮੱਸਿਆ ਦਾ ਵਿਸ਼ਲੇਸ਼ਣ ਅਤੇ ਪਰਿਭਾਸ਼ੀਕਰਨ ਕਰਨ ਤੇ ਉਸ ਦੇ ਹਰ ਪੱਖ ਦਾ ਨਿਰਪੱਖ ਚੋਣ ਅਤੇ ਸਪਸ਼ਟੀਕਰਨ ਹੋ ਜਾਂਦਾ ਹੈ। ਉਸ ਸਮੇਂ ਸਮੱਸਿਆ ਦਾ ਕਥਨ ਭਾਵ ਇੰਝ ਕਹੀਏ ਕਿ ਉਸ ਨੂੰ ਜਿਹੜਾ ਸਿਰਲੇਖ ਦਿੱਤਾ ਗਿਆ ਹੈ, ਉਸ ਦਾ ਅਸਲ ਵਿੱਚ ਕੀ ਅਰਥ ਹੈ, ਪੂਰਣ ਤੌਰ ਤੇ ਨਿਸ਼ਚਿਤ ਅਤੇ ਸਪਸ਼ਟ ਹੋ ਜਾਂਦਾ ਹੈ। ਸਧਾਰਣ ਰੂਪ ਤੋਂ ਸਮੱਸਿਆ-ਕਥਨ ਦੇ ਬਾਅਦ ਉਸ ਦੀ ਵਿਸਤਾਰ ਨਾਲ ਵਿਆਖਿਆ ਕੀਤੀ ਜਾਂਦੀ ਹੈ। ਇਸ ਨੂੰ ਸਮੱਸਿਆ ਦਾ ਪਰਿਭਾਸ਼ੀਕਰਨ ਕਰਨਾ ਕਹਿੰਦੇ ਹਨ। ਇਸ ਨੂੰ ਪ੍ਰਸਤਾਵਿਤ ਖੋਜ ਪਰਿਯੋਜਨਾ, ਸਾਰ ਅੰਸ਼ ਰੂਪ ਅਤੇ ਏਜੰਡਮ ਵੀ ਕਿਹਾ ਜਾਂਦਾ ਹੈ, ਜਿਸ ਨੂੰ ਖੋਜ-ਕਾਰਜ ਅਰੰਭ ਕਰਨ ਤੋਂ ਪਹਿਲਾਂ ਹੀ ਤਿਆਰ ਕਰ ਲਿਆ ਜਾਂਦਾ ਹੈ। ਇਸ ਦੇ ਜਰੂਰੀ ਅੰਗ ਨਿਮਨ ਲਿਖਤ ਹੁੰਦੇ ਹਨ

1. ਸਮੱਸਿਆ-ਕਥਨ। 2. ਸਮੱਸਿਆ ਦਾ ਸਿਧਾਂਤ ਆਧਾਰ। 3. ਸਮੱਸਿਆ ਦਾ ਮਹੱਤਵ ਅਤੇ ਵਜੂਦ। 4. ਤਕਨੀਕੀ ਸ਼ਬਦਾਂ ਦੀਆਂ ਪਰਿਭਾਸ਼ਾਵਾਂ। 5. ਆਧਾਰਭੂਤ ਅਵਧਾਰਣਾਵਾਂ। 6. ਖੇਤਰ ਦਾ ਸੀਮਾਕਰਨ|

## ਖੋਜ ਪ੍ਰਬੰਧ ਦੀ ਰੂਪ-ਰੇਖਾ

ਖੋਜ ਪ੍ਰਬੰਧ ਦੀ ਰੂਪ-ਰੇਖਾ ਨੂੰ ਕਿਸੇ ਵੀ ਖੋਜ-ਪ੍ਰਬੰਧ ਦੇ ਤਤਕਰੇ ਰਾਹੀਂ ਸਮਝਿਆ ਜਾ ਸਕਦਾ ਹੈ। ਇਸ ਲਈ ਹੇਠਾਂ ਕੁਝ ਖੋਜ-ਪ੍ਰਬੰਧਾਂ ਦੇ ਤਤਕਰੇ ਦੀ ਉਦਾਹਰਨ ਦਿੱਤੀ ਜਾ ਰਹੀ ਹੈ।

**ਵਿਸ਼ਵੀਕਰਨ ਦੌਰ ਦੇ ਪੰਜਾਬੀ ਨਾਵਲ ਵਿਚ ਨਿਮਨ-ਕਿਸਾਨੀ ਸੰਕਟ** ਨਾਮ ਦੇ ਖੋਜ-ਪ੍ਰਬੰਧ ਦੀ ਰੂਪ-ਰੇਖਾ ਦਾ ਤਤਕਰਾ ਇਸ ਪ੍ਰਕਾਰ ਹੈ :

ਤਤਕਰਾ

ਭੂਮਿਕਾ

ਅਧਿਆਇ ਪਹਿਲਾ:

ਸਿਧਾਂਤਕ ਪਿੱਠ-ਭੂਮੀ

ਅਧਿਆਇ ਦੂਜਾ:

ਵਿਸ਼ਵੀਕਰਨ ਦੌਰ ਦੇ ਨਾਵਲ ਵਿਚ ਨਿਮਨ-ਕਿਸਾਨੀ ਦਾ ਆਰਥਿਕ ਸੰਕਟ

ਅਧਿਆਇ ਤੀਜਾ:

ਵਿਸ਼ਵੀਕਰਨ ਦੌਰ ਦੇ ਨਾਵਲਾਂ ਵਿਚ ਪ੍ਰਸਤੁਤ ਨਿਮਨ-ਕਿਸਾਨੀ ਦਾ ਰਾਜਨੀਤਿਕ ਸੰਕਟ

ਅਧਿਆਇ ਚਾਰ:

ਵਿਸ਼ਵੀਕਰਨ ਦੌਰ ਦੇ ਨਾਵਲਾਂ ਵਿਚ ਪ੍ਰਸਤੁਤ ਨਿਮਨ-ਕਿਸਾਨੀ ਦਾ ਸਭਿਆਚਾਰਕ ਸੰਕਟ

ਅਧਿਆਇ ਪੰਜ:

ਵਿਸ਼ਵੀਕਰਨ ਦੌਰ ਦੇ ਨਾਵਲਾਂ ਵਿਚ ਨਿਮਨ-ਕਿਸਾਨ ਪਰਿਵਾਰ ਦੀ ਔਰਤ ਦੀ ਤ੍ਰਾਸਦਿਕ ਪੇਸ਼ਕਾਰੀ

ਅਧਿਆਇ ਛੇ:

ਵਿਸ਼ਵੀਕਰਨ ਦੌਰ ਦੇ ਨਾਵਲਾਂ ਵਿਚ ਨਿਮਨ-ਕਿਸਾਨਾਂ ਦੇ ਆਸ ਅਤੇ ਆਸਰੇ

ਨਿਸ਼ਕਰਸ਼

ਅੰਤਿਕਾ

ਪੁਸਤਕ ਸੂਚੀ

## ਹਵਾਲੇ

ਹਵਾਲੇ ਦੇਣਾ ਖੋਜ-ਪ੍ਰਬੰਧ ਵਿਚ ਬਹੁਤ ਮਹੱਤਵਪੂਰਨ ਹੁੰਦਾ ਹੈ। ਹਵਾਲੇ ਦੇਣ ਦਾ ਵਿਸ਼ੇਸ਼ ਢੰਗ ਹੁੰਦਾ ਹੈ। ਲਿਖਤ ਵਿਚ ਹਵਾਲੇ ਦੇਣ ਲਈ ਲੇਖਕ/ਵਿਦਵਾਨ ਦੀਆਂ ਸਤਰਾਂ ਨੂੰ ਲਿਖਣ ਤੋਂ ਪਹਿਲਾਂ ਸੌਖਾ ਢੰਗ ਇਹ ਹੈ ਕਿ ਇਸ ਤਰ੍ਹਾਂ ਲਿਖਿਆ ਜਾਵੇ :

ਉਦਾਹਰਨ 1

> ਡਾ. ਸਵਿੰਦਰ ਸਿੰਘ ਉੱਪਲ ਲਿਖਦੇ ਹਨ:
>
> ਜਿਸ ਵਾਰਤਕ-ਰਚਨਾ ਵਿਚ ਲੇਖਕ ਇਕੱਠੇ ਕੀਤੇ ਜਾਂ ਆਪਣੇ ਵਿਚਾਰਾਂ ਨੂੰ ਇੰਜ ਪੇਸ਼ ਕਰ ਜਾਏ ਕਿ ਉਸ ਵਿਚੋਂ ਲੇਖਕ ਦੀ ਨਿਵੇਕਲੀ ਸ਼ਖ਼ਸੀਅਤ ਦੀ ਰੰਗਣ ਅਤੇ ਸਾਹਿਤਕ ਸੇਧ ਨਾ ਦਿਸੇ, ਉਹ ਲੇਖ ਹੈ, ਪਰ ਜਿਸ ਵਾਰਤਕ ਰਚਨਾ ਵਿਚ ਲੇਖਕ ਦੀ ਕਲਾਤਮਕ ਵਿਉਂਤ, ਨਿੱਜੀ ਸ਼ਖ਼ਸੀਅਤ ਦੀ ਮੋਹਰ ਪਾਠਕ ਨਾਲ ਬਣਾਇਆ ਨਿੱਜੀ ਕਲਾਤਮਕ-ਰਿਸ਼ਤਾ ਅਤੇ ਨਿੱਜੀ ਸ਼ੈਲੀ ਦੀ ਸੁਗੰਧ ਪਾਠਕ ਨੂੰ ਮਸ਼ਹੂਰ ਕਰ ਜਾਏ, ਉਹ ਰਚਨਾ ਨਿਬੰਧ ਹੈ।
>
> (ਉੱਪਲ ''ਪ੍ਰਸਿੱਧ ਪੰਜਾਬੀ ਨਿਬੰਧਕਾਰ'' 101)

ਉਦਾਹਰਨ 2

> ਲੇਖ ਵਿਚ ਲਿਖਾਰੀ ਨਿੱਜ ਦਾ ਪ੍ਰਦਰਸ਼ਨ ਕਰਦਾ ਹੈ ਤੇ ਇਸ ਲਈ ਲੇਖ ਇੱਕ ਵਿਅਕਤੀਗਤ ਰਚਨਾ ਹੋ ਕੇ ਰਹਿ ਜਾਂਦੀ ਹੈ। ਲੇਖ ਵਿਚ ਤਾਂ ਲਿਖਾਰੀ ਇਹ ਪ੍ਰਗਟਾਉਂਦਾ ਹੈ ਕਿ ਮੈਂ ਕਿਵੇਂ ਸੋਚਦਾ ਹੈ। ਇਸ 'ਮੈਂ' ਦਾ ਪ੍ਰਤੀਬਿੰਬ ਉਸ ਨੂੰ ਕਈ ਵਾਰੀ ਭਾਵੁਕ ਵਹਿਣਾ ਵਿਚ ਲੈ ਜਾਂਦਾ ਹੈ, ਜਿਸ ਨੂੰ ਵਾਰਤਕਕਾਰੀ ਵਿਚ ਦੋਸ਼ ਸਮਝਿਆ ਜਾਂਦਾ ਹੈ। ਲੇਖ ਵਿਚ ਕਲਪਨਾ ਬੁੱਧੀ ਦੇ ਅਧੀਨ ਨਹੀਂ ਕੰਮ ਕਰਦੀ, ਸਗੋਂ ਇਸ ਦੀ ਆਪਣੀ ਵੱਖਰੀ ਹੋਂਦ ਹੁੰਦੀ ਹੈ। ਕਲਪਨਾ ਦੇ ਆਉਣ ਨਾਲ ਜਿੱਥੇ ਲੇਖ ਵਿਚ ਰੰਗਤ ਆਉਂਦੀ ਹੈ। ਉੱਥੇ ਇਸ ਵਿਚਲਾ ਬੌਧਿਕ ਗੁਣ ਮਰ ਜਾਂਦਾ ਹੈ ਤੇ ਵਾਰਤਕ ਕਾਵਿਮਈ ਹੋ ਕੇ ਰਹਿ ਜਾਂਦੀ ਹੈ। ਲੇਖ ਦਾ ਰੂਪ ਵਿਧਾਨ ਅਜਿਹਾ ਹੈ ਕਿ ਲਿਖਾਰੀ ਆਪਣੇ ਵਿਚਾਰਾਂ ਨੂੰ ਆਪਣੀ ਮਰਜ਼ੀ ਮੁਤਾਬਿਕ, ਕਿਸੇ ਵੀ ਢੰਗ ਵਿਚ ਢਾਲ ਕੇ ਪੇਸ਼ ਕਰ ਸਕਦਾ ਹੈ। (ਕੇਸਰ ''ਪਰਿਭਾਸ਼ਾ ਤੇ ਪ੍ਰਕਿਰਤੀ'' 42)

## ਸਾਰ-ਅੰਸ਼:

ਕਹਿਣ ਦਾ ਭਾਵ ਇਹ ਕਿ ਆਪਣੇ ਅਸਲੀ ਵਿਸ਼ੇ ਬਾਰੇ ਖੋਜੀ ਆਪ ਵੀ ਆਪਣਾ ਥੀਸਿਸ ਲਿਖ ਚੁੱਕਣ ਪਿੱਛੋਂ ਹੀ ਪੂਰੀ ਤਰ੍ਹਾਂ ਚੇਤੰਨ ਹੁੰਦਾ ਹੈ। ਸ਼ੁਰੂ ਸ਼ੁਰੂ ਵਿਚ ਉਹ ਇਕ ਆਰਜ਼ੀ ਜਿਹਾ ਵਿਸ਼ਾ ਮਿੱਥ ਕੇ ਸਾਮੱਗਰੀ ਇਕੱਠੀ ਕਰਦਾ ਰਹਿੰਦਾ ਹੈ, ਉਸ ਦੀ ਇੱਕ ਆਰਜ਼ੀ ਰੂਪ-ਰੇਖਾ (synopsis) ਵੀ ਉਸ ਨੇ ਬਣਾਈ ਹੁੰਦੀ ਹੈ ਤੇ ਕਈ ਵਾਰ ਅਜਿਹੀ ਰੂਪ-ਰੇਖਾ ਕਿਸੇ ਯੂਨੀਵਰਸਿਟੀ ਦੀ ਮੰਗ ਉਤੇ ਹੀ ਬਣਾਈ ਜਾਂਦੀ ਹੈ। ਇਕੱਤਰਤ ਸਾਮੱਗਰੀ ਨੂੰ ਕਿਸੇ ਖਾਸ ਤਰਤੀਬ ਵਿਚ ਵਿਉਂਤਬੱਧ ਕਰਕੇ ਉਹ ਉਸ ਸਾਮੱਗਰੀ ਦੀਆਂ ਸੀਮਾਵਾਂ ਵਿਚੋਂ ਹੀ ਆਪਣਾ ਵਿਸ਼ਾ ਖੋਜਦਾ ਹੈ, ਠੀਕ ਉਸ ਤਰ੍ਹਾਂ ਜਿਵੇਂ ਇਕ ਬੁੱਤਕਾਰ ਅਨਘੜ ਪੱਥਰ ਵਿਚੋਂ ਕੋਈ ਮਨਚਾਹੀ ਸ਼ਕਲ ਘੜ ਲੈਂਦਾ ਹੈ।

ਵਿਸ਼ੇ ਦੀ ਆਰਜ਼ੀ ਚੋਣ, ਜਿਵੇਂ ਮੈਂ ਪਹਿਲਾਂ ਹੀ ਕਿਹਾ ਹੈ, ਦੋ ਤਰ੍ਹਾਂ ਹੋ ਸਕਦੀ ਹੈ : ਜਾਂ ਤਾਂ ਕਿਸੇ ਯੋਗ ਵਿਦਵਾਨ ਨੂੰ ਪੁੱਛ ਕੇ ਕੋਈ ਵਿਸ਼ਾ ਚੁਣਿਆ ਜਾ ਸਕਦਾ ਹੈ ਤੇ ਜਾਂ ਫਿਰ ਕੋਈ ਯੋਗ ਵਿਦਿਆਰਥੀ ਆਪਣੀ ਰੁਚੀ ਦੇ ਮੁਤਾਬਕ ਵਿਸ਼ਾ ਚੁਣ ਸਕਦਾ ਹੈ। ਖੋਜ-ਵਿਧੀ ਤੋਂ ਜਾਣੂ ਵਿਦਵਾਨਾਂ ਦੀ ਰਾਏ ਇਹੋ ਹੈ ਕਿ ਵਿਸ਼ਾ ਵਿਦਿਆਰਥੀ ਨੂੰ ਆਪ ਹੀ ਚੁਣਨਾ ਚਾਹੀਦਾ ਹੈ ਕਿਉਂਕਿ ਬਹੁਤ ਵਾਰੀ ਅਜਿਹਾ ਹੁੰਦਾ ਹੈ ਕਿ ਕਿਸੇ

***ਖੋਜ ਵਿਧੀ***

**ਨਿਗਰਾਨ ਦੇ ਦੱਸੇ ਵਿਸ਼ੇ ਨੂੰ ਜਦੋਂ ਵਿਦਿਆਰਥੀ ਪੂਰੀ ਤਰ੍ਹਾਂ ਦਿਲਚਸਪੀ ਨਾਲ ਖੋਹ ਨਹੀਂ ਸਕਦਾ ਤਾਂ ਉਸ ਦੇ ਲਈ ਉਹ ਬੜਾ ਅਕਾਊ ਬਣ ਜਾਂਦਾ ਹੈ ਤੇ ਖੋਜ ਵਿਚਕਾਰ ਹੀ ਰਹਿ ਜਾਂਦੀ ਹੈ ।**

## ਮੁੱਖ/ਕੇਂਦਰੀ ਸ਼ਬਦ:

ਖੋਜ ਸਮੱਸਿਆ---ਖੋਜ ਦਾ ਸਵਾਲ

ਕਥਨ---ਧਾਰਨਾ

ਸਿਨਾਪਸਿਜ਼---ਆਰਜੀ ਰੂਪ ਰੇਖਾ

ਨਿਗਰਾਨ---ਅਧਿਆਪਕ

## ਸਵੈ-ਮੁਲਾਂਕਣ:

1. ਖੋਜ ਵਿਸ਼ੇ ਦੀ ਚੋਣ ਦਾ ਪਹਿਲਾ ਪੜਾਅ ਕਿਹੜਾ ਹੈ?

ੳ ਸਮੱਸਿਆ ਦੀ ਚੋਣ, ਕਥਨ ਅਤੇ ਪਰਿਭਾਸ਼ੀਕਰਨ।

ਅ ਸਮੱਸਿਆ-ਚੋਣ ਦਾ ਸੰਬੰਧਤ ਸਾਹਿਤ ਦਾ ਸਰਵੇਖਣ।

ੲ ਪਰਿਕਲਾਪਨਾਵਾਂ ਦਾ ਨਿਰਮਾਣ।

ਸ ਖੋਜ-ਸੂਚਨਾਵਾਂ ਜਾਂ ਤੱਥਾ ਦਾ ਸੰਕਲਨ।

2. ਖੋਜ ਵਿਸ਼ੇ ਦੀ ਚੋਣ ਦਾ ਦੂਜਾ ਪੜਾਅ ਕਿਹੜਾ ਹੈ?

ੳ ਸਮੱਸਿਆ ਦੀ ਚੋਣ, ਕਥਨ ਅਤੇ ਪਰਿਭਾਸ਼ੀਕਰਨ।

ਅ ਸਮੱਸਿਆ-ਚੋਣ ਦਾ ਸੰਬੰਧਤ ਸਾਹਿਤ ਦਾ ਸਰਵੇਖਣ।

ੲ ਪਰਿਕਲਾਪਨਾਵਾਂ ਦਾ ਨਿਰਮਾਣ।

ਸ ਖੋਜ-ਸੂਚਨਾਵਾਂ ਜਾਂ ਤੱਥਾ ਦਾ ਸੰਕਲਨ।

3. ਖੋਜ ਵਿਸ਼ੇ ਦੀ ਚੋਣ ਦਾ ਤੀਜਾ ਪੜਾਅ ਕਿਹੜਾ ਹੈ?

ੳ ਸਮੱਸਿਆ ਦੀ ਚੋਣ, ਕਥਨ ਅਤੇ ਪਰਿਭਾਸ਼ੀਕਰਨ।

ਅ ਸਮੱਸਿਆ-ਚੋਣ ਦਾ ਸੰਬੰਧਤ ਸਾਹਿਤ ਦਾ ਸਰਵੇਖਣ।

ੲ ਪਰਿਕਲਾਪਨਾਵਾਂ ਦਾ ਨਿਰਮਾਣ।

ਸ ਖੋਜ-ਸੂਚਨਾਵਾਂ ਜਾਂ ਤੱਥਾ ਦਾ ਸੰਕਲਨ।

4. ਖੋਜ ਵਿਸ਼ੇ ਦੀ ਚੋਣ ਦਾ ਚੌਥਾ ਪੜਾਅ ਕਿਹੜਾ ਹੈ?

ੳ ਸਮੱਸਿਆ ਦੀ ਚੋਣ, ਕਥਨ ਅਤੇ ਪਰਿਭਾਸ਼ੀਕਰਨ।

ਅ ਸਮੱਸਿਆ-ਚੋਣ ਦਾ ਸੰਬੰਧਤ ਸਾਹਿਤ ਦਾ ਸਰਵੇਖਣ।

ੲ ਪਰਿਕਲਪਨਾਵਾਂ ਦਾ ਨਿਰਮਾਣ।

ਸ ਖੋਜ-ਸੂਚਨਾਵਾਂ ਜਾਂ ਤੱਥਾ ਦਾ ਸੰਕਲਨ।

5. ਖੋਜ ਵਿਸ਼ੇ ਦੀ ਚੋਣ ਦਾ ਪੰਜਵਾਂ ਪੜਾਅ ਕਿਹੜਾ ਹੈ?

ੳ ਸਮੱਸਿਆ ਦੀ ਚੋਣ, ਕਥਨ ਅਤੇ ਪਰਿਭਾਸ਼ੀਕਰਨ।

ਅ ਸਮੱਸਿਆ-ਚੋਣ ਦਾ ਸੰਬੰਧਤ ਸਾਹਿਤ ਦਾ ਸਰਵੇਖਣ।

ੲ ਨਤੀਜਿਆਂ ਦੀ ਸਥਾਪਨਾ ਅਤੇ ਸਧਾਰਨੀਕਰਨ।

ਸ ਖੋਜ-ਸਮੱਗਰੀ ਦਾ ਵਰਣਨ

6. ਖੋਜ ਵਿਸ਼ੇ ਦੀ ਚੋਣ ਦਾ ਛੇਵਾਂ ਪੜਾਅ ਕਿਹੜਾ ਹੈ?

ੳ ਸਮੱਸਿਆ ਦੀ ਚੋਣ, ਕਥਨ ਅਤੇ ਪਰਿਭਾਸ਼ੀਕਰਨ।

ਅ ਸਮੱਸਿਆ-ਚੋਣ ਦਾ ਸੰਬੰਧਤ ਸਾਹਿਤ ਦਾ ਸਰਵੇਖਣ।

ੲ ਨਤੀਜਿਆਂ ਦੀ ਸਥਾਪਨਾ ਅਤੇ ਸਧਾਰਨੀਕਰਨ।

ਸ ਖੋਜ-ਸਮੱਗਰੀ ਦਾ ਵਰਣਨ

7. ਖੋਜ ਸਬੰਧੀ ਅੰਦਾਜ਼ਿਆਂ ਨੂੰ ਕੀ ਕਿਹਾ ਜਾਂਦਾ ਹੈ?

ੳ ਹਾਈਪੋਥੀਸਿਸ

ਅ ਥੀਸਿਸ

ੲ ਰੀਸਰਚ ਪੇਪਰ

ਸ ਉਪਰੋਕਤ ਕੋਈ ਨਹੀਂ

8. ਖੋਜ ਚਿੰਤਨ ਪੁਸਤਕ ਦਾ ਲੇਖਕ

ੳ ਪਿਆਰ ਸਿੰਘ

ਅ ਸਤਿੰਦਰ ਸਿੰਘ

ੲ ਕੇਸਰ ਸਿੰਘ ਕੇਸਰ

ਸ ਧਰਮ ਸਿੰਘ

9. ਪੰਜਾਬੀ ਖੋਜ ਸੰਦਰਭ ਪੁਸਤਕ ਦਾ ਲੇਖਕ

ੳ ਪਿਆਰ ਸਿੰਘ

ਅ ਸਤਿੰਦਰ ਸਿੰਘ

ੲ ਕੇਸਰ ਸਿੰਘ ਕੇਸਰ

ਸ ਧਰਮ ਸਿੰਘ

10. ਖੋਜ ਵਿਸ਼ੇ ਦੀ ਚੋਣ ਲਈ ਸਭ ਤੋਂ ਵੱਧ ਯੋਗਦਾਨ ਕਿਸਦਾ ਹੁੰਦਾ ਹੈ?

ੳ ਨਿਗਰਾਨ ਦਾ

ਅ ਖੋਜਾਰਥੀ ਦਾ

ੲ ਲੋੜ ਦਾ

ਸ ਉਪਰੋਕਤ ਸਾਰੇ

11. ਖੋਜ ਕਾਰਜ ਨੂੰ ਆਰੰਭ ਕਰਨ ਤੋਂ ਪਹਿਲਾਂ, ਪਹਿਲਾ ਪੜਾਅ ਕਿਹੜਾ ਹੈ?

ੳ ਸਮੱਸਿਆ-ਕਥਨ

ਅ ਸਮੱਸਿਆ ਦਾ ਸਿਧਾਂਤ ਆਧਾਰ

ੲ ਸਮੱਸਿਆ ਦਾ ਮਹੱਤਵ ਅਤੇ ਵਜੂਦ

ਸ ਤਕਨੀਕੀ ਸ਼ਬਦਾਂ ਦੀਆਂ ਪਰਿਭਾਸ਼ਾਵਾਂ

12. ਖੋਜ ਕਾਰਜ ਨੂੰ ਆਰੰਭ ਕਰਨ ਤੋਂ ਪਹਿਲਾਂ, ਦੂਜਾ ਪੜਾਅ ਕਿਹੜਾ ਹੈ?

ੳ ਸਮੱਸਿਆ-ਕਥਨ

ਅ ਸਮੱਸਿਆ ਦਾ ਸਿਧਾਂਤ ਆਧਾਰ

ੲ ਸਮੱਸਿਆ ਦਾ ਮਹੱਤਵ ਅਤੇ ਵਜੂਦ

ਸ ਤਕਨੀਕੀ ਸ਼ਬਦਾਂ ਦੀਆਂ ਪਰਿਭਾਸ਼ਾਵਾਂ

13. ਖੋਜ ਕਾਰਜ ਨੂੰ ਆਰੰਭ ਕਰਨ ਤੋਂ ਪਹਿਲਾਂ, ਤੀਜਾ ਪੜਾਅ ਕਿਹੜਾ ਹੈ?

ੳ ਸਮੱਸਿਆ-ਕਥਨ

ਅ ਸਮੱਸਿਆ ਦਾ ਸਿਧਾਂਤ ਆਧਾਰ

ੲ ਸਮੱਸਿਆ ਦਾ ਮਹੱਤਵ ਅਤੇ ਵਜੂਦ

ਸ ਤਕਨੀਕੀ ਸ਼ਬਦਾਂ ਦੀਆਂ ਪਰਿਭਾਸ਼ਾਵਾਂ

14. ਖੋਜ ਕਾਰਜ ਨੂੰ ਆਰੰਭ ਕਰਨ ਤੋਂ ਪਹਿਲਾਂ, ਚੌਥਾ ਪੜਾਅ ਕਿਹੜਾ ਹੈ?

ੳ ਸਮੱਸਿਆ-ਕਥਨ

ਅ ਸਮੱਸਿਆ ਦਾ ਸਿਧਾਂਤ ਆਧਾਰ

ੲ ਸਮੱਸਿਆ ਦਾ ਮਹੱਤਵ ਅਤੇ ਵਜੂਦ

ਸ ਤਕਨੀਕੀ ਸ਼ਬਦਾਂ ਦੀਆਂ ਪਰਿਭਾਸ਼ਾਵਾਂ

15. ਖੋਜ ਕਾਰਜ ਨੂੰ ਆਰੰਭ ਕਰਨ ਤੋਂ ਪਹਿਲਾਂ, ਪੰਜਵਾਂ ਪੜਾਅ ਕਿਹੜਾ ਹੈ?

ੳ ਸਮੱਸਿਆ-ਕਥਨ

ਅ ਸਮੱਸਿਆ ਦਾ ਸਿਧਾਂਤ ਆਧਾਰ

ੲ ਸਮੱਸਿਆ ਦਾ ਮਹੱਤਵ ਅਤੇ ਵਜੂਦ

ਸ ਖੇਤਰ ਦਾ ਸੀਮਾਕਰਨ

## ਅਭਿਆਸ ਪ੍ਰਸ਼ਨ

1. ਖੋਜ ਸੱਮਸਿਆ ਚੋਣ ਦਾ ਕੀ ਉਦੇਸ਼ ਹੈ?
2. ਖੋਜ ਪ੍ਰਕਿਰਿਆਂ ਦੇ ਮਹੱਤਵਪੂਰਨ ਪੜਾਵਾ ਦਾ ਵਰਨਣ ਕਰੋ?
3. ਪੂਰਨ ਹੋ ਚੁੱਕੀਆਂ ਖੋਜਾ ਦਾ ਅਧਿਅਨ ਕਿਉਂ ਜਰੂਰੀ ਹੈ?
4. ਵਿਸ਼ਾ ਚੋਣ ਤੋਂ ਕੀ ਭਾਵ ਹੈ?
5. ਸੱਮਸਿਆਂ ਚੋਣ ਵਿਚ ਮਾਰਗਦਰਸ਼ਕ ਦਾ ਕੀ ਯੋਗਦਾਨ ਹੁੰਦਾ ਹੈ? ਨੋਟ ਲਿਖੋ।
6. ਸੱਮਸਿਆਂ ਚੋਣ ਸਮੇਂ ਸੰਬੰਧਿਤ ਸਾਹਿਤ ਦਾ ਅਧਿਐਨ ਕਿਉਂ ਜਰੂਰੀ ਹੈ?
7. ਸੱਮਸਿਆ ਕਥਨ ਤੋਂ ਕੀ ਭਾਵ ਹੈ?
8. ਕੀ ਸਮੱਸਿਆਂ ਚੋਣ ਵਿਚ ਵਿਆਕਤੀਗਤ ਅਨੁਭਵ ਸਹਾਇਕ ਹੁੰਦਾ ਹੈ?
9. ਸਮਾਜਿਕ, ਤਕਨੀਕੀ ਅਤੇ ਵਿਦਿਅਕ ਪਰਿਵਰਤਨ ਸਮੱਸਿਆਵਾਂ ਨੂੰ ਜਨਮ ਦਿੰਦੇ ਹਨ?
10. ਸੱਮਸਿਆ ਸੰਬੰਧੀ ਖੋਜ ਕਾਰਜ ਦੇ ਵਿਸਥਾਰ ਨੂੰ ਸੀਮਿਤ ਕਰਨਾ ਕਿਉਂ ਜਰੂਰੀ ਹੈ?
11. ਮੋਲਿ ਦੇ ਅਨੁਸਾਰ ਸਮੱਸਿਆਂ ਦਾ ਸੱਪਸ਼ਟ ਹੋਣਾ ਕਿਉਂ ਜਰੂਰੀ ਹੈ?
12. ਸਮੱਸਿਆ ਦੇ ਸਰੋਤਾ ਬਾਰੇ ਨੋਟ ਲਿਖੋ?
13. ਡਾ. ਕੇਸਰ ਸਿੰਘ ਕੇਸਰ ਨੇ ਖੋਜ ਵਿਸ਼ੇ ਦੀ ਚੋਣ ਸਬੰਧੀ ਕੀ ਵਿਚਾਰ ਦਿੱਤੇ ਹਨ?
14. ਸੱਮਸਿਆ ਚੋਣ ਸਮੇਂ ਖੋਜਾਰਥੀ ਨੂੰ ਕਿਹੜੀਆ ਕਿਹੜੀਆ ਗੱਲਾ ਦਾ ਧਿਆਨ ਰੱਖਣਾ ਜਰੂਰੀ ਹੈ? ਵਿਸਤ੍ਰਿਤ ਨੋਟ ਲਿਖੋ।

## ਸੰਦਰਭ ਪੁਸਤਕਾਂ:

1) ਖੋਜ:ਸਿਧਾਂਤ ਤੇ ਵਿਹਾਰ, ਪਿਆਰ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, (2010)

2) ਕੇਸਰ ਸਿੰਘ ਕੇਸਰ: ਖੋਜ ਚਿੰਤਨ੍ਹ, ਜਸਬੀਰ ਕੇਸਰ(ਸੰਪਾ.), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, (2006)

3) ਕੇਸਰ ਸਿੰਘ ਕੇਸਰ: ਸਿਧਾਂਤ ਚਿੰਤਨ, ਜਸਬੀਰ ਕੇਸਰ (ਸੰਪਾ.), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ,(2006)

4) ਪੰਜਾਬੀ ਖੋਜ ਦਾ ਇਤਿਹਾਸ, ਧਰਮ ਸਿੰਘ, ਪੰਜਾਬੀ ਅਕਾਦਮੀ ਦਿੱਲੀ,(2004)

5) ਪੰਜਾਬੀ ਖੋਜ ਸੰਦਰਭ, ਧਰਮ ਸਿੰਘ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, (2014)

6) ਪੰਜਾਬੀ ਆਲੋਚਨਾ: ਸਰੂਪ ਅਤੇ ਸੰਭਾਵਨਾਵਾਂ, ਸੰਧੂ, ਸਤਿਨਾਮ ਸਿੰਘ, ਮਦਾਨ ਪਬਲਿਸ਼ਰਜ਼, ਪਟਿਆਲਾ, (1996)

7) ਵਿਹਾਰਕ ਸਮੀਖਿਆ(2005) ,ਪਟਿਆਲਾ ,ਪੰਜਾਬੀ ਯੂਨੀਵਰਸਿਟੀ ,ਸਤਿੰਦਰ ਸਿੰਘ ,

***ਖੋਜ ਵਿਧੀ***

## ਮਹੱਤਵਪੂਰਨ ਲਿੰਕ

https://punjabipedia.org/topic.aspx?txt=%E0%A8%B8%E0%A8%BE%E0%A8%B9%E0%A8%BF%E0%A8%A4

ਉੱਤਰਮਾਲਾ

| | | | | |
|---|---|---|---|---|
| 1. ਸ | 2. ੳ | 3. ਅ | 4. ੲ | 5. ਸ |
| 6. ੲ | 7. ੳ | 8. ੲ | 9. ਸ | 10. ਸ |
| 11.ੳ | 12. ਅ | 13. ੲ | 14. ਸ | 15. ਸ |

# ਅਧਿਆਇ-5 : ਪ੍ਰਮੁੱਖ ਖੋਜ ਵਿਧੀਆਂ, ਰਿਪੋਰਟ ਰਚਨਾ, ਪੋਸਟਰ ਰਚਨਾ ਤੇ ਪੁਸਤਕ ਸੂਚੀ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਖੋਜ ਦੀਆਂ ਪ੍ਰਮੁੱਖ ਵਿਧੀਆਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਖੋਜ ਦੀਆਂ ਪ੍ਰਮੁੱਖ ਵਿਧੀਆਂ ਦੇ ਪ੍ਰਯੋਜਨ ਅਤੇ ਮਹੱਤਵ ਤੋਂ ਜਾਣੂ ਹੋਣਗੇ।
- ਖੋਜ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।
- ਸਾਹਿਤ ਰੂਪਾਂ ਦਾ ਮੁਲਾਂਕਣ ਕਰ ਸਕਣ ਦੇ ਯੋਗ ਹੋਣਗੇ।

## ਪ੍ਰਸਤਾਵਨਾ:

ਗਿਆਨ-ਇਕੱਤਰ ਕਰਨ ਦੀਆਂ ਵਿਧੀਆਂ ਉੱਪਰ ਹੁਣ ਤੱਕ ਜਿੰਨੀ ਵੀ ਚਰਚਾ ਹੋਈ ਹੈ, ਬਹੁਤੇ ਵਿਦਵਾਨਾਂ ਨੇ ਇਹੋ ਸਿੱਟਾ ਕੱਢਿਆ ਹੈ ਕਿ ਕਿਸੇ ਖੋਜ ਨੂੰ ਇੱਕੋ ਹੀ ਵਿਧੀ ਉੱਪਰ ਆਧਾਰਤ ਕਰ ਦੇਣਾ ਉਚਿੱਤ ਨਹੀਂ ਹੈ। ਇਸ ਤਰ੍ਹਾਂ ਕਰਨ ਦੇ ਨਾਲ ਖੋਜ ਇੱਕ ਪਾਸੜ ਹੋ ਜਾਂਦੀ ਹੈ, ਕਿੰਨੇ ਹੀ ਪੱਖ ਅਛੂਤੇ ਰਹਿ ਜਾਂਦੇ ਹਨ। ਜ਼ਰੂਰਤ ਹੁੰਦੀ ਹੈ ਕਿ ਸਥਿਤੀ ਦੇ ਮੁਤਾਬਿਕ ਵਿਧੀ ਦੀ ਵਰਤੋਂ ਕੀਤੀ ਜਾਵੇ ਤੇ ਨਾਲ ਦੀ ਨਾਲ ਇਹ ਵੀ ਧਿਆਨ ਰੱਖਣਾ ਬਣਦਾ ਹੈ ਕਿ ਖੋਜ-ਵਿਧੀ ਨਿਰੋਲ ਪਰੰਪਰਾਵਾਦੀ ਨਾ ਹੋ ਕੇ ਵਿਗਿਆਨਕ ਮਾਡਲ ਉੱਪਰ ਆਧਾਰਤ ਹੋਵੇ। ਵਿਗਿਆਨਕ ਖੋਜ-ਵਿਧੀਆਂ ਦੀ ਵਰਤੋਂ ਵੀਹਵੀਂ ਸਦੀ ਵਿਚ ਹੀ ਹੋਣੀ ਆਰੰਭ ਹੋਈ ਹੈ, ਪਹਿਲਾਂ ਪ੍ਰਚਲਿਤ ਖੋਜ-ਵਿਧੀਆਂ ਨੂੰ ਵਿਗਿਆਨਕ ਨਹੀਂ ਮੰਨਿਆ ਜਾ ਸਕਦਾ, ਇਹ ਅੰਦਾਜ਼ੇ ਉੱਪਰ ਆਧਾਰਤ ਹੁੰਦੀਆਂ ਸਨ। ਵਿਗਿਆਨਕਤਾ ਤੋਂ ਭਾਵ ਸਾਹਿੱਤਿਕ ਖੋਜ ਨੂੰ ਮਕਾਨੀਕਰਨ ਕਰਨਾ ਹਰਗਿਜ਼ ਨਹੀਂ ਹੈ, ਕਿਉਂਕਿ ਇਹ ਮੰਨਣਯੋਗ ਹੈ ਕਿ ਸਾਹਿੱਤਿਕ ਲੱਭਤਾਂ ਨੂੰ ਪ੍ਰਯੋਗਸ਼ਾਲਾ ਵਿਚ ਸਿੱਧ ਨਹੀਂ ਕੀਤਾ ਜਾ ਸਕਦਾ ਪਰੰਤੂ ਇਸ ਦਾ ਇਤਿਹਾਸਕ ਕਾਲ-ਕ੍ਰਮਕਤਾ ਵਿਚ ਦਲੀਲ ਸਹਿਤ ਪੂਰਾ ਉੱਤਰਨਾ ਲਾਜ਼ਮੀ ਹੈ। ਸਾਹਿੱਤਿਕ ਖੋਜ ਵਿਚ ਵਿਧੀਆਂ ਦੀ ਵਰਤੋਂ ਇੱਕ ਤੋਂ ਵਧੀਕ ਇਸ ਕਰ ਕੇ ਵੀ ਜ਼ਰੂਰੀ ਬਣ ਜਾਂਦੀ ਹੈ ਕਿ ਇਹ ਖੋਜ ਸਿਰਫ਼ ਇਕਹਿਰੇ ਆਸੇ ਦੇ ਸਨਮੁੱਖ ਨਹੀਂ ਕੀਤੀ ਜਾਂਦੀ। ਪ੍ਰਯੋਗਸ਼ਾਲਾ ਵਿਚ ਕੀਤੀ ਖੋਜ ਨਾਲੋਂ ਇਸ ਦੀ ਸਮਗਰੀ ਦਾ ਘੇਰਾ ਕਿਤੇ ਵਿਸ਼ਾਲ ਹੁੰਦਾ ਹੈ, ਜਿਸ ਦਾ ਸੂਤਰੀਕਰਨ ਕਰਨ ਲਈ ਵਿਭਿੰਨ ਪੈਰਾਮੀਟਰਾਂ ਦੀ ਲੋੜ ਪੈਂਦੀ ਹੈ।

## ਵਿਸ਼ਾ ਵਸਤੂ:

ਕਿਸੇ ਵੀ ਖੋਜ ਲਈ ਨਿਸ਼ਚਿਤ ਸਮੀਖਿਆ ਦੀ ਲੋੜ ਪੈਂਦੀ ਹੈ।ਗਿਆਨ ਦੇ ਇਕੱਤਰੀਕਰਨ ਦੀਆਂ ਵਿਧੀਆਂ ਉੱਪਰ ਹੁਣ ਤੱਕ ਜਿੰਨੀ ਵੀ ਚਰਚਾ ਹੋਈ ਹੈ, ਬਹੁਤੇ ਵਿਦਵਾਨਾਂ ਨੇ ਇਹੋ ਸਿੱਟਾ ਕੱਢਿਆ ਹੈ ਕਿ ਕਿਸੇ ਖੋਜ ਨੂੰ ਇੱਕੋ ਹੀ ਵਿਧੀ ਉੱਪਰ ਆਧਾਰਿਤ ਕਰ ਦੇਣਾ ਉਚਿੱਤ ਨਹੀਂ ਹੈ।ਇਸ ਤਰ੍ਹਾਂ ਕਰਨ ਦੇ ਨਾਲ ਖੋਜ ਇੱਕ ਪਾਸੜ ਹੋ ਜਾਂਦੀ ਹੈ, ਕਿੰਨੇ ਹੀ ਪੱਖ ਅਛੂਤੇ ਰਹਿ ਜਾਂਦੇ ਹਨ ਲੋੜ ਹੁੰਦੀ ਹੈ ਕਿ ਸਥਿਤੀ ਦੇ ਮੁਤਾਬਿਕ ਵਿਧੀ ਦੀ ਵਰਤੋਂ ਕੀਤੀ ਜਾਵੇ ਤੇ ਨਾਲ ਦੀ ਨਾਲ ਇਹ ਵੀ ਧਿਆਨ ਰੱਖਣਾ ਬਣਦਾ ਹੈ ਕਿ ਖੋਜ-ਵਿਧੀ ਨਿਰੋਲ ਪਰੰਪਰਾਵਾਦੀ ਨਾ ਹੋ ਕੇ ਵਿਗਿਆਨਕ ਮਾਡਲ ਉੱਪਰ ਆਧਾਰਿਤ ਹੋਵੇ।ਸਾਹਿਤਕ ਖੋਜ ਵਿਚ ਵਿਧੀਆਂ ਦੀ ਵਰਤੋਂ ਇੱਕ ਤੋਂ ਵਧੀਕ ਇਸ ਕਰ ਕੇ ਵੀ ਜ਼ਰੂਰੀ ਬਣ ਜਾਂਦੀ ਹੈ ਕਿ ਇਹ ਖੋਜ ਸਿਰਫ਼ ਇਕਹਿਰੇ ਆਸੇ ਦੇ ਸਨਮੁੱਖ ਨਹੀਂ ਕੀਤੀ ਜਾਂਦੀ।ਪ੍ਰਯੋਗਸ਼ਾਲਾ ਵਿਚ ਕੀਤੀ ਖੋਜ ਨਾਲੋਂ ਇਸ ਦੀ ਸਮਗਰੀ ਦਾ ਘੇਰਾ ਕਿਤੇ ਵਿਸ਼ਾਲ ਹੁੰਦਾ ਹੈ, ਜਿਸ ਦਾ ਸੂਤਰੀਕਰਨ ਕਰਨ ਲਈ ਵਿਭਿੰਨ ਪੈਰਾਮੀਟਰ ਦੀ ਲੋੜ ਪੈਂਦੀ ਹੈ।ਇਸ ਖੋਜ ਕਾਰਜ ਦਾ ਮੁੱਖ ਆਧਾਰ ਪਾਠ ਗਤ ਅਧਿਐਨ ਹੈ (Content Analysis) ਹਥਲੇ ਖੋਜ ਕਾਰਜ ਵਿਚ ਹੇਠ ਲਿਖੀਆਂ ਵਿਧੀਆਂ **ਦੀ ਵਰਤੋਂ ਕੀਤੀ ਗਈ ਹੈ।**

**ਸਮਾਜ-ਸ਼ਾਸਤਰੀ ਵਿਧੀ:-**

ਕਿਸੇ ਸਮਾਜ ਦਾ ਡੂੰਘਾਈ ਨਾਲ ਕੀਤਾ ਗਿਆ ਅਧਿਐਨ ਸਮਾਜ ਸ਼ਾਸਤਰ ਕਹਿ ਲਾਉਂਦਾ ਹੈ।ਸਮਾਜ-ਸ਼ਾਸਤਰੀ ਵਿਧੀ ਦੁਆਰਾ ਮਨੁੱਖਾਂ ਦੇ ਸਮਾਜਿਕ ਸੰਬੰਧਾਂ ਦਾ ਅਧਿਐਨ ਕੀਤਾ ਜਾਂਦਾ ਹੈ।ਇਸ ਪ੍ਰਕਾਰ ਸਮਾਜ-ਸ਼ਾਸਤਰ ਗਿਆਨ ਦਾ ਉਹ ਖੇਤਰ ਹੁੰਦਾ ਹੈ ਜਿਸ ਵਿਚ ਸਮਾਜਿਕ ਯਥਾਰਥ ਦੇ ਸਮੁੱਚੇ ਪੱਖਾਂ ਨੂੰ ਜਦੋਂ ਸ਼ਾਸਤਰ ਬੱਧ ਕੀਤਾ ਜਾਂਦਾ ਹੈ।ਇਹ ਇੱਕ ਵਿਸ਼ਾਲ ਵਰਤਾਰਾ ਹੁੰਦਾ ਹੈ ਸਮਾਜ ਸ਼ਾਸਤਰ ਮਨੁੱਖੀ ਜੀਵਨ ਦੇ ਉਨ੍ਹਾਂ ਸਾਰੇ ਪੱਖਾਂ ਦਾ ਅਧਿਐਨ ਕਰਦਾ ਹੈ ਜਿਹੜੇ ਉਸ ਦੇ ਸਮਾਜਿਕ ਸੰਬੰਧਾਂ ਅਤੇ ਸਮਾਜਿਕ ਜੀਵਨ ਨੂੰ ਪ੍ਰਭਾਵਿਤ ਕਰਦੇ ਹਨ।ਮਨੁੱਖੀ ਵਤੀਰੇ ਇਸ ਵਿਧੀ ਦੁਆਰਾ ਮਨੁੱਖੀ ਸਮੂਹਿਕ ਜੀਵਨ ਦੇ ਉਦੇਸ਼ਾਂ ਅਤੇ ਸਰੂਪਾਂ ਨੂੰ ਸਮਝਿਆ ਜਾ ਸਕਦਾ ਹੈ ਕਿ ਕਿਸ ਢੰਗ ਨਾਲ ਵੱਖ-ਵੱਖ ਸਰੂਪ ਹੋਂਦ ਵਿਚ ਆਉਂਦੇ ਹਨ, ਕਿਸ ਤਰ੍ਹਾਂ ਇਸ ਦਾ ਵਿਕਾਸ ਹੁੰਦਾ ਹੈ, ਕਿਸ ਤਰ੍ਹਾਂ ਢਹਿ ਜਾਂਦੇ ਹਨ ਅਤੇ ਕਿਸ ਤਰ੍ਹਾਂ ਮੁੜ ਬਣ ਜਾਂਦੇ

ਹਨ? ਸਮਾਜ-ਸ਼ਾਸਤਰੀ ਵਿਧੀ ਦਾ ਮੁੱਖ ਉਦੇਸ਼ ਧਾਰਮਿਕ, ਰਾਜਨੀਤਕ ਤੱਥਾਂ, ਸਮਾਜਿਕ, ਆਰਥਿਕ, ਘਟਨਾਵਾਂ ਆਦਿ ਦੇ ਵਿਸ਼ੇ ਵਿਚ ਸੱਚ ਦੀ ਖੋਜ ਕਰਨ ਦਾ ਇੱਕ ਯਤਨ ਹੈ।ਸਮਾਜ-ਸ਼ਾਸਤਰੀ ਵਿਧੀ ਦੁਆਰਾ ਲੋਕਾਂ ਵਿਚ ਵਿਚਕਾਰਲੇ ਸਮਾਜਿਕ ਸੰਬੰਧਾਂ, ਲੋਕਾਂ ਦੇ ਸਮੂਹਾਂ ਵਿਚਕਾਰਲੇ ਸਮਾਜਿਕ ਸੰਬੰਧਾਂ, ਲੋਕਾਂ ਦੇ ਸਮੂਹ ਵਿਚ ਕਾਰ ਸੰਚਾਰ ਤੇ ਅੰਤਰ-ਕਿਰਿਆਵਾਂ ਦੇ ਕਾਰਨਾਂ ਅਤੇ ਪ੍ਰਭਾਵਾਂ ਦਾ ਅਧਿਐਨ ਹੁੰਦਾ ਹੈ।

> ਸਮਾਜ-ਸ਼ਾਸਤਰ, ਉਹ ਵਿਗਿਆਨ ਹੈ, ਜਿਹੜਾ ਸਮਾਜਿਕ ਕਿਰਿਆਵਾਂ ਦਾ ਵਿਸ਼ਲੇਸ਼ਣਾਤਮਕ ਬੋਧ ਕਰਾਉਣ ਦਾ ਯਤਨ ਕਰਦਾ ਹੈ, ਤਾਂ ਜੋ ਇਸ ਦੇ ਸਮਾਜਕ ਸਿਲਸਿਲੇ ਅਤੇ ਉਹਨਾਂ ਦੇ ਸਿੱਟਿਆਂ ਦੀ ਕਾਰਨ ਸਾਹਿਤ ਵਿਆਖਿਆ ਕੀਤੀ ਜਾ ਸਕੇ।(ਆਨੰਦ ''ਸਮਾਜ-ਸ਼ਾਸਤਰ ਕਾ ਪਰਿਚਯ" 2)
>
> ਸਮਾਜ ਸ਼ਾਸਤਰ ਸਮਾਜਕ ਸਮੂਹਾਂ ਦਾ ਵਿਗਿਆਨ ਹੈ।(ਜਾਨਸਨ ''ਸਮਾਜ-ਸ਼ਾਸਤਰ ਏਕ ਵਿਧੀਵਤ ਵਿਵੇਚਨ,9)

ਇਸ ਪ੍ਰਕਾਰ ਸਮਾਜ ਸ਼ਾਸਤਰ ਕੇਵਲ ਸਿਧਾਂਤਕ ਪੱਧਰ ਉੱਤੇ ਹੀ ਨਹੀਂ, ਵਿਚਰਦਾ ਸਗੋਂ ਵਿਹਾਰਕ ਪਹੁੰਚ ਨੂੰ ਵੀ ਆਪਣੇ ਕਲਾਵੇ ਵਿਚ ਲੈ ਲੈਂਦਾ ਹੈ।

**ਤੁਲਨਾਤਮਕ ਵਿਧੀ:-**

ਤੁਲਨਾਤਮਕ ਖੋਜ ਵਿਧੀ ਤੋਂ ਭਾਵ ਵੱਖ-ਵੱਖ ਪੱਖਾਂ ਦੀ ਤੁਲਨਾ ਕਰ ਕੇ ਉਨ੍ਹਾਂ ਦੀਆਂ ਭਿੰਨਤਾਵਾਂ ਅਤੇ ਸਮਾਨਤਾਵਾਂ ਦੀ ਸੂਖਮ ਪਰਖ ਕਰਨ ਤੋਂ ਹੈ।

> ਤੁਲਨਾਤਮਕ ਸਾਹਿਤ, ਸਾਹਿਤ ਦਾ ਅਜਿਹਾ ਅਧਿਐਨ ਹੈ ਜਿਸ ਵਿਚ ਇੱਕ ਤੋਂ ਵਧੇਰੇ ਸਾਹਿਤ-ਪਾਠਾਂ/ਧਾਰਾਵਾਂ/ਪ੍ਰਵਿਰਤੀਆਂ ਦਾ ਅਧਿਐਨ ਤੁਲਨਾ ਨੂੰ ਮੁੱਖ ਰੱਖ ਕੇ ਕੀਤਾ ਜਾਂਦਾ ਹੈ ਅਤੇ ਇਹਨਾਂ ਵਿਚਲੀਆਂ ਸਮਾਨਤਾਵਾਂ/ਅਸਮਾਨਤਾਵਾਂ/ ਪ੍ਰਭਾਵਾਂ/ ਵਿਰੋਧਾਂ ਦੀ ਸ਼ਨਾਖ਼ਤ ਕਰ ਕੇ ਵਿਸ਼ਾਲ ਦ੍ਰਿਸ਼ਟੀਕੋਣ/ਵਡੇਰੀ ਸਮਝ ਬਣਾਈ ਜਾ ਸਕਦੀ ਹੈ।ਸਾਹਿਤ ਅਤੇ ਜੀਵਨ ਦੇ ਅੰਤਰ-ਸੰਬੰਧਾਂ ਦੀ ਪਛਾਣ ਕਰ ਕੇ ਸਾਹਿਤ-ਇਤਿਹਾਸ ਦੇ ਕਿਸੇ ਬਿੰਦੂ ਦੀ ਇਤਿਹਾਸਕ ਸਾਪੇਖਤਾ ਬਾਰੇ ਠੋਸ ਸਿੱਟੇ ਕੱਢੇ ਜਾ ਸਕਦੇ ਹਨ।(ਪਰਮਜੀਤ ਸਿੰਘ ''ਵਿਦਰੋਹੀ ਕਾਵਿ (ਪਾਸ਼, ਉਦਾਸੀ, ਮੁਕਤੀ ਬੋਧ ਅਤੇ ਨੇਰੂਦਾ ਦੇ ਸੰਦਰਭ' ਚ)'' 25)

ਇਸ ਖੋਜ ਦੇ ਸੰਦਰਭ ਵਿਚ ਹਰੇਕ ਰਚਨਾ ਦੇ ਵੱਖ-ਵੱਖ ਵਿਸ਼ਿਆਂ ਵਿਚ ਸਮਾਨਤਾਵਾਂ ਅਤੇ ਵਿਭਿੰਨਤਾ ਵਾਂ ਦਾ ਪਤਾ ਇਸ ਖੋਜ ਵਿਧੀ ਦੁਆਰਾ ਕੀਤਾ ਜਾ ਸਕਦਾ ਹੈ। ਵਿਸ਼ੇਸ਼ਤਾਵਾਂ, ਵਿਲੱਖਣਤਾਵਾਂ, ਸਮਾਨਤਾਵਾਂ, ਵਰਤਾਵਾਂ ਆਦਿ ਦਾ ਪਤਾ ਤੁਲਨਾਤਮਕ ਵਿਧੀ ਦੁਆਰਾ ਹੀ ਕੀਤਾ ਜਾ ਸਕਦਾ ਹੈ।ਹਥਲੇ ਖੋਜ ਕਾਰਜ ਵਿਚ ਇਸ ਵਿਧੀ ਦੀ ਵਰਤੋਂ ਕੀਤੀ ਗਈ ਹੈ।

**ਵਿਸਲੇਸ਼ਨਾਤਮਕ ਵਿਧੀ:-**

ਇੱਕ ਸਾਹਿਤਕ ਕਿਰਤ ਤੇ ਸਾਰਥਿਕ ਖੋਜ ਕਰਨ ਲਈ ਜਿੱਥੇ ਤੁਲਨਾਤਮਕ ਤੇ ਮਾਰਕਸਵਾਦੀ ਆਦਿ ਵਿਧੀਆਂ ਦੀ ਜ਼ਰੂਰਤ ਪੈਂਦੀ ਹੈ, ਉੱਥੇ ਵਿਸ਼ਲੇਸ਼ਣਾਤਮਿਕ ਖੋਜ ਵਿਧੀ ਰਾਹੀਂ ਕੀਤੀ ਗਈ ਖੋਜ ਹੋਰ ਵਧੇਰੇ ਸਾਰਥਿਕ ਸਿੱਧ ਹੋ ਸਕਦੀ ਹੈ।ਇਸ ਵਿਧੀ ਰਾਹੀਂ ਖੋਜ ਲਈ ਚੁਣੀ ਗਈ ਸਾਹਿਤਕ ਕਿਰਤ ਦਾ ਵਿਸ਼ਲੇਸ਼ਣ ਕਰਦਾ ਹੋਇਆ ਉਸ ਦੇ ਪ੍ਰਤੱਖ ਅਤੇ ਅਪ੍ਰਤੱਖ ਰੂਪ ਵਿਚ ਛੁਪੇ ਤੱਥਾਂ ਨੂੰ ਲੋਕਾਈ ਅੱਗੇ ਪ੍ਰਸਤੁਤ ਕਰਦਾ ਹੈ।ਵਿਸ਼ਲੇਸ਼ਣਾਤਮਿਕ ਵਿਧੀ ਤੋਂ ਭਾਵ ਵਿਆਖਿਆ ਕਰਨੀ।ਕਿਸੇ ਵਿਸ਼ੇ ਬਾਰੇ ਗਹਿਰਾਈ ਨਾਲ ਕੀਤਾ ਗਿਆ ਅਧਿਐਨ ਵਿਸ਼ਲੇਸ਼ਣਾਤਮਿਕ ਅਧਿਐਨ ਅਖਵਾਉਂਦਾ ਹੈ।ਕਿਸੇ ਵੀ ਸਾਹਿਤ ਰਚਨਾ ਦੇ ਅਧਿਐਨ ਵਿਚ ਦੋ ਚੀਜ਼ਾਂ ਮਹੱਤਵ ਰੱਖਦੀਆਂ ਹਨ।ਪਹਿਲਾ ਵਿਸ਼ਾ ਪੱਖ ਤੇ ਦੂਜਾ ਅਭਿਵਿਅਕਤੀ ਪੱਖ।ਵਿਸ਼ਾ ਵਸਤੂ ਵਿਚ ਜਿਸ ਵਿਸ਼ੇ ਬਾਰੇ ਗੱਲ ਕੀਤੀ ਜਾਂਦੀ ਹੈ ਉਹ ਉਸ ਦਾ ਵਿਸ਼ਾ ਹੁੰਦਾ ਹੈ ਤੇ ਜਿਹੜੇ ਢੰਗ ਨਾਲ ਉਹ ਪਾਠਕਾਂ ਨਾਲ ਸੰਚਾਰ ਕਰਦਾ ਹੈ ਉਹ ਉਸ ਦਾ ਅਭਿਵਿਅਕਤੀ ਪੱਖ ਹੁੰਦਾ ਹੈ।ਜਦੋਂ ਵੀ ਕਿਸੇ ਸਾਹਿਤ ਰਚਨਾ ਦਾ ਵਿਸ਼ਲੇਸ਼ਣ ਕਰਨਾ ਹੋਵੇ ਤਾਂ ਦੋਨੋਂ ਪੱਖਾਂ ਦਾ ਅਧਿਐਨ ਕਰਨਾ ਹੁੰਦਾ ਹੈ।

**ਮਾਰਕਸਵਾਦੀ ਵਿਧੀ:-**

ਮਾਰਕਸਵਾਦ ਇੱਕ ਪ੍ਰਕਾਰ ਦੀ ਦਾਰਸ਼ਨਿਕ ਪਹੁੰਚ ਹੈ ਜੋ ਕਾਰਲ ਮਾਰਕਸ ਅਤੇ ਫ਼ਰੈਡਰਿਕ ਏਂਗਲਜ ਦੇ ਵਿਚਾਰਾਂ 'ਤੇ ਆਧਾਰਿਤ ਅਤੇ ਆਪਣੇ ਸਮਾਜਵਾਦੀ ਸੁਭਾਅ ਹੋਣ ਦੇ ਕਾਰਨ ਸੰਸਾਰ-ਭਰ ਵਿਚ ਬਹੁਤ ਮਕਬੂਲ ਕਬੂਲ ਹੋਈ। ਵਿਦਵਾਨ ਇਸ ਨਾਲ ਜੁੜਨ ਵਿਚ ਮਾਣ

ਮਹਿਸੂਸ ਕਰਨ ਲੱਗੇ। ਵੀਹਵੀਂ ਸਦੀ ਵਿਚ ਮਾਰਕਸਵਾਦ ਦਾ ਪ੍ਰਭਾਵ ਸਾਹਿਤ ਉੱਪਰ ਵੀ ਬਹੁਤ ਜ਼ਿਆਦਾ ਪਿਆ, ਖ਼ਾਸ ਕਰ ਕੇ ਨਾਵਲ ਵਿਚ ਇਸ ਦਾ ਪ੍ਰਭਾਵ ਬੜਾ ਚਿਰ ਸਥਾਈ ਸਾਬਤ ਹੋਇਆ।

**ਮਨੋਵਿਗਿਆਨਿਕ ਵਿਧੀ:-**

ਮਨੋਵਿਗਿਆਨ ਤੋਂ ਭਾਵ ਮਨੁੱਖੀ ਮਨ ਦਾ ਵਿਗਿਆਨਿਕ ਅਧਿਐਨ ਕਰਨਾ ਹੈ।ਇਸ ਵਿਚ ਮਨ ਦੇ ਉਤਰਾਵਾਂ-ਚੜਾਵਾਂ ਨੂੰ ਵਿਗਿਆਨਕ ਪ੍ਰਯੋਗਾਂ ਦੁਆਰਾ ਅਧਿਐਨ ਹੈ। ਆਸਟਰੀਆ ਦੇ ਮਨੋਰੋਗਾਂ ਦੇ ਮਾਹਿਰ ਡਾ. ਸਿਗਮੰਡ ਫਰਾਇਡ (1856 ਈ: ਤੋਂ 1939 ਈ:) ਨੂੰ ਮਨੋਵਿਗਿਆਨ ਦਾ ਪਿਤਾਮਾ ਮੰਨਿਆ ਜਾਂਦਾ ਹੈ। ਇਸ ਤੋਂ ਬਾਅਦ ਐਲਫਰੈਡ ਐਡਲਰ, ਸੀ. ਜੀ. ਜੁੰਗ, ਕਾਰੇਨ ਹੋਰਨੇ ਨੇ ਆਪਣੀਆਂ ਧਾਰਨਾਵਾਂ ਦੇ ਕੇ ਮਨੋਵਿਗਿਆਨ ਦੇ ਖੇਤਰ ਵਿਚ ਵਿਸ਼ੇਸ਼ ਸਥਾਨ ਬਣਾਇਆ।

**ਇਤਿਹਾਸਕ ਖੋਜ ਵਿਧੀ:-**

ਇਤਿਹਾਸਕ ਖੋਜ ਵਿਧੀ ਕਿਸੇ ਵੀ ਵਿਸ਼ੇ ਦਾ ਇਤਿਹਾਸ ਲਿਖਣ ਲਈ ਬਹੁਤ ਮਹੱਤਵਪੂਰਨ ਹੈ। ਇਸ ਸ਼ੋਧ-ਪ੍ਰਬੰਧ ਵਿਚ ਨਿਮਨ-ਕਿਸਾਨਾਂ ਦਾ ਇਤਿਹਾਸਕ ਅਧਿਆਇ ਲਿਖਣ ਲਈ ਇਤਿਹਾਸਕ ਖੋਜ ਵਿਧੀ ਦੀ ਵਰਤੋਂ ਕੀਤੀ ਗਈ ਹੈ ਕਿਉਂਕਿ ਇਸ ਦੀ ਸਹਾਇਤਾ ਤੋਂ ਬਿਨਾਂ ਕਿਸਾਨੀ ਦਾ ਇਤਿਹਾਸਕ ਪੱਖ 'ਤੇ ਖੋਜ ਸੰਪੂਰਨ ਨਹੀਂ ਹੋ ਸਕਦੀ।

**ਤੁਲਨਾਤਮਿਕ ਖੋਜ ਵਿਧੀ:-**

ਤੁਲਨਾਤਮਿਕ ਖੋਜ ਵਿਧੀ ਤੋਂ ਭਾਵ ਵੱਖ-ਵੱਖ ਵਿਸ਼ਿਆਂ ਦੀ ਤੁਲਨਾ ਕਰ ਕੇ ਉਨ੍ਹਾਂ ਦੀਆਂ ਭਿੰਨਤਾਵਾਂ ਅਤੇ ਸਮਾਨਤਾਵਾਂ ਦੀ ਪਰਖ ਕਰਨ ਤੋਂ ਹੈ। ਇਸ ਵਿਚ ਕਿਹੜੀਆਂ-ਕਿਹੜੀਆਂ ਸਮਾਨਤਾਵਾਂ ਅਤੇ ਭਿੰਨਤਾਵਾਂ ਹਨ ਦਾ ਪਤਾ ਤੁਲਨਾਤਮਿਕ ਖੋਜ ਵਿਧੀ ਦੁਆਰਾ ਹੀ ਕੀਤਾ ਜਾ ਸਕਦਾ ਹੈ। ਹਥਲੇ ਖੋਜ ਕਾਰਜ ਵਿਚ ਇਸ ਖੋਜ ਵਿਧੀ ਦੀ ਵਰਤੋਂ ਕੀਤੀ ਹੈ।

**ਡਾ. ਪਿਆਰ ਸਿੰਘ ਅਨੁਸਾਰ :**

ਖੋਜ ਦਾ ਕਾਰਜ ਮਨੁੱਖੀ ਗਿਆਨ ਵਿਚ ਵਾਧਾ ਕਰਨਾ ਹੈ। ਇਸ ਮੰਤਵ ਦੀ ਪੂਰਤੀ ਲਈ ਅਨੇਕਾਂ ਖੋਜ ਵਿਧੀਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਪ੍ਰਸਤਾਵਿਤ ਖੋਜ ਪ੍ਰਬੰਧ ਵਿਚ ਨਿਮਨ ਅੰਕਿਤ ਖੋਜ ਵਿਧੀਆਂ ਨੂੰ ਪ੍ਰਯੋਗ ਵਿਚ ਲਿਆਂਦਾ ਜਾਵੇਗਾ:-

· ਪ੍ਰਾਧਿਕਾਰਵਾਦੀ ਵਿਧੀ ਨੂੰ ਵਰਤਿਆ ਜਾਵੇਗਾ। ਅਨੁਭਵੀ ਸਿਆਣਿਆਂ ਦੇ ਤਜ਼ਰਬਿਆਂ ਵਿਚੋਂ ਨਿਕਲੇ ਅਖਾਣਾ, ਕਥਨਾਂ ਅਤੇ ਵਿਚਾਰਾਂ ਨੂੰ ਗਿਆਨ ਦੇ ਸੋਮੇਂ ਵਜੋਂ ਸਵੀਕਾਰ ਕਰਨਾ ਪ੍ਰਾਧਿਕਾਰਵਾਦੀ ਵਿਧੀ ਅਖਵਾਉਂਦੀ ਹੈ।

· ਸੰਦੇਹਵਾਦੀ ਵਿਧੀ, ਪ੍ਰਾਧਿਕਾਰਵਾਦੀ ਵਿਧੀ ਵਿਰੁੱਧ ਪ੍ਰਤਿਕਰਮ ਦੀ ਉਪਜ ਹੈ। ਨਵੇਂ ਗਿਆਨ ਦੀ ਰੌਸ਼ਨੀ ਵਿਚ ਪਰੰਪਰਾਗਤ ਰੂੜ੍ਹੀਆਂ, ਕਥਨਾਂ, ਸਿੱਟਿਆਂ, ਮਾਨਤਾਵਾਂ ਨੂੰ ਜਾਂਚਣਾਂ , ਪਰਖਣਾਂ ਅਤੇ ਰੱਦ ਕਰਨਾਂ ਇਸ ਵਿਧੀ ਦੀ ਵਿਸ਼ੇਸ਼ਤਾ ਹੈ।

· ਤਰਕਵਾਦੀ ਵਿਧੀ ਅਨੁਸਾਰ ਉਚਿਤ ਸਿਟਿਆਂ ਤੱਕ ਪਹੁੰਚਣ ਲਈ ਵਿਸ਼ਲੇਸ਼ਣ ਨੂੰ ਕਾਰਨ, ਕਾਰਜ ਦੀ ਸੰਗਲੀ ਵਿਚ ਬੰਨਿਆ ਜਾਂਦਾ ਹੈ। ਇਸ ਵਿਧੀ ਦੇ ਦੋ ਵਿਧਾਨ ਹਨ:-

(ੳ) ਨਿਗਮਨਾਤਮਕ ਵਿਧੀ: ਇਹ ਵਿਧੀ ਵਿਆਪਕ ਜਾਂ ਸਰਬ-ਸਾਧਾਰਨ ਸਥਿਤੀ ਤੋਂ ਵਿਸ਼ੇਸ਼ ਸਥਿਤੀ ਤੇ ਪਹੁੰਚਣ ਦਾ ਵਿਧਾਨ ਰਚਦੀ ਹੈ।

(ਅ) ਆਗਮਨਾਤਮਕ ਵਿਧੀ: ਇਹ ਨਿਗਮਨਾਤਮਕ ਵਿਧੀ ਦੇ ਉਲਟ ਹੈ। ਇਹ ਵਿਸ਼ੇਸ਼ ਤੋਂ ਸਰਬਵਿਆਪਕ ਸਿਟਿਆਂ ਤੱਕ ਪਹੁੰਚਣ ਦਾ ਵਿਧਾਨ ਹੈ।

· ਪਾਠਗਤ ਅਧਿਐਨ ਇਸ ਖੋਜ ਦੀ ਬੁਨਿਆਦੀ ਜਰੂਰਤ ਹੈ ਕਿਉਂਕਿ ਸਾਹਿਤ ਰਚਨਾਵਾਂ ਨੂੰ ਆਧਾਰ ਬਣਾ ਕੇ ਖੋਜ ਕੀਤੀ ਜਾਣੀ ਹੈ।

· ਵਿਸ਼ਲੇਸ਼ਣਾਤਮਕ ਵਿਧੀ ਦਾ ਪ੍ਰਯੋਗ ਕੀਤਾ ਜਾਵੇਗਾ। ਇਸ ਵਿਧੀ ਅਨੁਸਾਰ ਉਪਲੱਬਧ ਸਾਹਿਤ ਦਾ ਅਧਿਐਨ ਕਰਕੇ ਵਿਸ਼ਲੇਸ਼ਣ ਕੀਤਾ ਜਾਵੇਗਾ। ਵਿਸ਼ਲੇਸ਼ਣਾਤਮਕ ਵਿਧੀ ਅਧੀਨ ਸਮੀਖਿਅਕ ਅਧਿਐਨ ਕੀਤਾ ਜਾਂਦਾ ਹੈ।

· ਅੰਤਰ-ਅਨੁਸ਼ਾਸਨੀ ਵਿਧੀ ਦੀ ਵਰਤੋਂ ਕੀਤੀ ਜਾਵੇਗੀ ਕਿਉਂਕਿ ਸਾਹਿਤ ਰਚਨਾਵਾਂ ਦਾ ਭਾਸ਼ਾ, ਸਭਿਆਚਾਰ, ਇਤਿਹਾਸ-ਮਿਥਿਹਾਸ ਅਤੇ ਮਨੋਵਿਗਿਆਨ ਨਾਲ ਗੂੜਾ ਸੰਬੰਧ ਹੁੰਦਾ ਹੈ। ਇਨ੍ਹਾਂ ਅਨੁਸ਼ਾਸ਼ਨਾਂ ਨੂੰ ਸਮਝੇ ਬਿਨਾਂ ਸਾਹਿਤ ਰਚਨਾਂ ਦਾ ਉਚਿਤ ਵਿਸ਼ਲੇਸ਼ਣ ਨਹੀਂ ਕੀਤਾ ਜਾ ਸਕਦਾ ਹੈ।

ਖੋਜ ਸੰਦ

· ਸਾਹਿਤ ਸਮੀਖਿਆ

· ਇੰਟਰਵਿਊ

· ਭੇਟ-ਵਾਰਤਾ

· ਇੰਟਰਨੈਟ

ਅਧਿਐਨ ਸਮਗਰੀ

· ਪੁਸਤਕਾਂ

· ਖੋਜ ਪ੍ਰਬੰਧ/ਨਿਬੰਧ

· ਖੋਜ-ਪੱਤਰ

· ਵਿਸ਼ਵਕੋਸ਼

· ਅਖ਼ਬਾਰਾਂ

## ਰਿਪੋਰਟ ਰਚਨਾ

ਰਿਪੋਰਟ ਰਚਨਾ ਤੋਂ ਭਾਵ ਕਿਸੇ ਵਿਸ਼ੇ ਤੇ ਕਿਸੇ ਖਾਸ ਖੇਤਰ ਵਿੱਚ ਜਾ ਕੇ ਵਖ ਵਖ ਲੋਕਾ ਕੋਲੋ ਅਨੁਮਾਨ ਲਗਾ ਕਰਕੇ ਰਿਪੋਰਟ ਤਿਆਰ ਕਰਨੀ। ਸਭ ਤੋਂ ਪਹਿਲਾਂ ਜਾਣਕਾਰੀ ਦਿੱਤੀ ਜਾਂਦੀ ਹੈ ਕਿ ਇਹ ਕੰਮ ਕਿਉ ਕੀਤਾ ਗਿਆ ਕਿ ਕਾਰਨ ਸੀ ਇਸ ਵਿਸ਼ੇ ਤੇ ਲੋਕਾ ਨਾਲ ਗਲ ਕਰਨੀ। ਕਿਸ ਉਦੇਸ਼ ਤੋਂ ਰਿਪੋਰਟ ਤਿਆਰ ਕੀਤੀ ਗਈ ਹੈ। ਅਤੇ ਰਿਪੋਰਟ ਦਾ ਕਿ ਸਿੱਟਾ ਨਿਕਲਿਆ।

ਰਿਪੋਰਟ ਰਚਨਾ ਵਿੱਚ ਤਿਆਰ ਕਰਨ ਲਈ ਵਰਤੇ ਜਾਂਦੇ ਸੰਦ ਕਾਪੀ, ਪੈੱਨ, ਲੈਪਟੋਪ, ਕੈਮਰਾ ਆਦਿ| ਸਵਾਲਾਂ ਦੀ ਪੁਛ ਗਿਛ ਕਰਨ ਤੋਂ ਬਾਅਦ ਤਿੰਨ,ਚਾਰ ਅਜਿਹੇ ਇਨਸਾਨਾ ਤੋਂ ਜਾਣਕਰੀ ਕਰਵਾ ਲੇਣੀ ਚਾਹੀਦੀ ਹੈ ਜਿੰਨ੍ਹਾਂ ਨੂੰ ਖੋਜ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਹੋਵੇ।

## ਪੋਸਟਰ ਰਚਨਾ

ਜਦੋਂ ਚੀਜ਼ਾਂ ਨੂੰ ਚਿਤਰਾਂ ਅਤੇ ਗਰਾਫ ਰਾਹੀ ਸਮਝਿਆ ਜਾ ਸਕੇ ਕਿ ਕਿਹੜੀਆਂ-ਕਿਹੜੀਆਂ ਚੀਜ਼ਾਂ ਮਹੱਤਵਪੂਰਨ ਹਨ। ਉਹ ਸਾਰੀਆਂ ਸ਼ਬਦ(Text, written material)ਦੁਆਰਾ ਸਮਝਾਉਦੇ ਹਾਂ। ਅਕਾਰ ਦੇ ਰੂਪ ਵਿਚ (ਤਸਵੀਰ,ਗਰਾਫ,ਡਰਾਇਗ)ਨਾਵਲ ਨੂੰ ਗਰਾਫ ਰਾਹੀਂ ਨਹੀਂ ਸਮਝਿਆ ਜਾ ਸਕਦਾ। ਇਸ ਲਈ ਸ਼ਬਦਾਂ ਰਾਹੀਂ ਸਮਝਾਇਆ ਜਾ ਸਕਦਾ ਹੈ। ਪੋਸਟਰ ਦਾ ਸਭ ਨਾਲੋਂ ਵਧ ਸੰਬੰਧ ਵਿਗਿਆਨ ਨਾਲ ਹੈ। ਪੋਸਟਰ ਲਿਖਤੀ ਜਾਂ ਡੀਜਾਈਨਰ ਵੀ ਹੋ ਸਕਦਾ ਹੈ। ਪੋਸਟਰ ਦਾ ਮੁਖ ਕਾਰਜ ਲੋਕਾਂ ਤਕ ਇੰਨਫਾਰਮੇਸ਼ਨ ਪਹੁੰਚਾਉਣਾ ਹੈ।

## ਪੁਸਤਕ ਸੂਚੀ

ਪੁਸਤਕ ਸੂਚੀ ਦਾ ਅਰਥ ਅੰਗਰੇਜ਼ੀ ਸ਼ਬਦ 'ਬਿਬਲੀਓਗਰਾਫ਼ੀ' ਤੋਂ ਹੈ ਜੋ ਕੀ ਇੱਕ ਵਆਪਕ ਹੈ, ਅਤੇ ਕਿਸੇ ਇੱਕ ਪਰਿਭਾਸ਼ਾ ਦੇ ਸਬੰਦ ਵਿੱਚ ਵਿਦਵਾਨਾਂ ਨੂੰ ਮਤਭੇਦ ਸੀ। 1961 ਵਿੱਚ ਪੈਰਿਸ ਵਿੱਚ ਯੂਨੈਸਕੋ ਦਾ ਸਹਿਯੋਗ ਦੇ ਨਾਲ 'ਇਫਲਾਂ ' (ਇੰਟਰਨੈਸ਼ਨਲ ਫੈਡਰੇਸ਼ਨ ਆਫ਼ ਲਾਇਬ੍ਰੇਰੀ ਐਸੋਸੀਏਸ਼ਨ) ਨਾਲ ਕਾਨਫਰੰਸ ਹੋਈ ਸੀ। ਉਸਨੇ ਇਸ ਸ਼ਬਦ ਦੀ ਪਰਿਭਾਸ਼ਾ ਤੇ ਵੀ ਪ੍ਰਸ਼ਨ ਤੇ ਵੀ ਵਿਚਾਰ ਕੀਤਾ ਸੀ। ਪਰਿਭਾਸ਼ਾ: ਇਹ ਪ੍ਰਕਾਸ਼ਣ ਵਿੱਚ ਪੁਸਤਕ ਸੂਚੀ ਦਿਤੀ ਗਈ ਹੈ। ਇਹ ਕਿਤਾਬ ਕਿਸੇ ਇੱਕ ਵਿਸ਼ੇ ਨਾਲ ਸਬੰਦਤ ਹੋਣ, ਕਿਸੇ ਇੱਕ

ਸਮੇਂ ਤੇ ਪ੍ਰਕਾਸ਼ਿਤ ਹੋਈ ਹੋਵੇ। ਇਹ ਕਿਤਾਬਾਂ ਦੇ ਸ਼ਬਦਾਂ ਨੂੰ ਭੋਤਿਕ ਪਦਾਰਥਾਂ ਦੇ ਅਧਿਐਨ ਵਿੱਚ ਅਰਥ ਵਿੱਚ ਇਸਤੇਮਾਲ ਕੀਤਾ ਜਾਂਦਾ ਹੈ।

'ਇਫਲਾਂ' ਦੁਆਰਾ ਸਾਰੀਆਂ ਪਰਿਭਾਸ਼ਾ ਵਿੱਚ ਮੁੱਖ 3 ਅਰਥ ਮੋਜੂਦ ਕੀਤੇ ਗਏ ਹਨ।

(1) ਪੁਸਤਕ ਸੂਚੀ ਯਾ ਸਿਸਟੋਮੈਟਿਕ ਅਤੇ ਇਨਯੂਮੇਰੇਟਿਵ ਬੀਬਲੀਓਗਰਾਫ਼ੀ

(2) ਪੁਸਤਕ ਸੂਚੀ ਜਾਂ ਅਨਾਲਿਟਿਕ ਡਿਸਕਰਿਪਟਿਵ ਅਤੇ ਟੈਕਸਟੁਅਲ ਪੁਸਤਕ ਸੂਚੀ

(3) ਸੁੱਚੀ ਦਾ ਭੋਤਿਕ ਪਦਾਰਥਾਂ ਦੇ ਰੂਪ ਵਿੱਚ ਅਧਿਐਨ ਯਾ ਹਿਸਟੋਰਿਕਲ ਬੀਬਲੀਓਗਰਾਫ਼ੀ

ਪੁਸਤਕ ਸੂਚੀ ਬਣਾਉਣ ਦਾ ਢੰਗ ਹੇਠ ਲਿਖੇ ਅਨੁਸਾਰ ਹੈ:

ਲੇਖਕ ਦਾ ਨਾਂ. *ਕਿਤਾਬ ਦਾ ਨਾਂ.* ਪ੍ਰਕਾਸ਼ਨ.

ਪੁਸਤਕ ਸੂਚੀ ਦੇ ਵੱਖ-ਵੱਖ ਪੱਖਾਂ ਦੀ ਉਦਾਹਰਨ ਹੇਠਾਂ ਦਿੱਤੀ ਪੁਸਤਕ ਸੂਚੀ ਰਾਹੀਂ ਸਮਝੀ ਜਾ ਸਕਦੀ ਹੈ।

ਸਹਾਇਕ ਪੁਸਤਕ ਸੂਚੀ

ਆਧਾਰ ਪੁਸਤਕਾਂ

ਅਟਵਾਲ, ਹਰਜੀਤ. *ਸਵਾਰੀ.* ਲੋਕਗੀਤ ਪ੍ਰਕਾਸ਼ਨ, 2005.

---. *ਸਾਊਥਾਲ.* ਸੰਗਮ ਪਬਲੀਕੇਸ਼ਨਜ਼, 2012.

---. *ਹਾਦਸੇ.* ਸੰਗਮ ਪਬਲੀਕੇਸ਼ਨਜ਼, 2019.

---. *ਕਾਲੇ ਰੰਗ ਗੁਲਾਬਾਂ ਦੇ.* ਸੰਗਮ ਪਬਲੀਕੇਸ਼ਨਜ਼, 2017.

---. *ਗੀਤ.* ਸੰਗਮ ਪਬਲੀਕੇਸ਼ਨਜ਼, 2012.

---. *ਜੇਠੂ.* ਸੰਗਮ ਪਬਲੀਕੇਸ਼ਨਜ਼, 2018.

---. *ਬ੍ਰਿਟਿਸ਼ ਬੌਰਨ ਦੇਸੀ.* ਸੰਗਮ ਪਬਲੀਕੇਸ਼ਨਜ਼, 2011.

---. *ਮੁੰਦਰੀ ਡੌਟ ਕੌਮ.* ਸੰਗਮ ਪਬਲੀਕੇਸ਼ਨਜ਼, ਮਿਤੀਹੀਣ.

---. *ਮੋਰ ਉਡਾਰੀ.* ਸੰਗਮ ਪਬਲੀਕੇਸ਼ਨਜ਼, ਮਿਤੀਹੀਣ.

---. *ਰੇਤ.* ਸੰਗਮ ਪਬਲੀਕੇਸ਼ਨਜ਼, 2011.

ਸੇਖਾ, ਜਰਨੈਲ ਸਿੰਘ. *ਦੁਨੀਆਂ ਕੈਸੀ ਹੋਈ.* ਚੇਤਨਾ ਪ੍ਰਕਾਸ਼ਨ, 2002.

---. *ਬੇਗਾਨੇ.* ਚੇਤਨਾ ਪ੍ਰਕਾਸ਼ਨ, 2014.

---. *ਭਗੌੜਾ.* ਚੇਤਨਾ ਪ੍ਰਕਾਸ਼ਨ, 2003.

---. *ਵਿਗੋਚਾ.* ਚੇਤਨਾ ਪ੍ਰਕਾਸ਼ਨ, 2009.

ਧਾਲੀਵਾਲ, ਸੰਤੋਖ. *ਉਖੜੀਆਂ ਪੈੜਾਂ.* ਚੇਤਨਾ ਪ੍ਰਕਾਸ਼ਨ, 2005.

---. *ਸਰਘੀ.* ਚੇਤਨਾ ਪ੍ਰਕਾਸ਼ਨ, 2008.

---. *ਸੁਲਘਦੇ ਸੁਪਨੇ.* ਚੇਤਨਾ ਪ੍ਰਕਾਸ਼ਨ, 2017.

---. *ਰਿਸ਼ਤਿਆਂ ਦੇ ਮਾਰੂਥਲ.* ਚੇਤਨਾ ਪ੍ਰਕਾਸ਼ਨ, 2013.

ਪਰਮਾਰ, ਨਦੀਮ. *ਇੰਦਰ ਜਲ.* ਨਵਯੁੱਗ ਪਬਲਿਸ਼ਰਜ਼, 2004.

---. *ਸਪੌਂਸਰਸ਼ਿਪ.* ਚੇਤਨਾ ਪ੍ਰਕਾਸ਼ਨ, 2009.

---. *ਚਿੱਟੀ ਮੌਤ.* ਚੇਤਨਾ ਪ੍ਰਕਾਸ਼ਨ, 2008.

---. *ਚੁੱਪ.* ਚੇਤਨਾ ਪ੍ਰਕਾਸ਼ਨ, 2019.

---. *ਪੱਤਾ ਰੁੱਖ.* ਚੇਤਨਾ ਪ੍ਰਕਾਸ਼ਨ, 2014.

---. *ਪੇਸ਼ੀ.* ਚੇਤਨਾ ਪ੍ਰਕਾਸ਼ਨ, 2006.

---. *ਰੇਪ.* ਚੇਤਨਾ ਪ੍ਰਕਾਸ਼ਨ, 2012.

**ਸਹਾਇਕ ਪੁਸਤਕਾਂ**

ਉਪਿੰਦਰਜੀਤ. *ਨਵਾਂ ਪੰਜਾਬੀ ਨਾਵਲ : ਪਛਾਣ ਚਿੰਨ੍ਹ.* ਨਾਨਕ ਸਿੰਘ ਪੁਸਤਕਮਾਲਾ, 2011.

ਅਕਾਲ ਅੰਮ੍ਰਿਤ ਕੌਰ (ਡਾ.). *ਪਰਵਾਸੀ ਪੰਜਾਬੀ ਗਲਪ : ਨਵੇਂ ਪਾਸਾਰ.* ਨਾਨਕ ਸਿੰਘ ਪੁਸਤਕਮਾਲਾ, 2003.

---. *ਪਰਵਾਸੀ ਪੰਜਾਬੀ ਨਾਵਲ ਦਾ ਇਤਿਹਾਸ.* ਚੇਤਨਾ ਪ੍ਰਕਾਸ਼ਨ, 2013.

ਅਨੂਪ ਸਿੰਘ (ਡਾ.). *ਸੰਸਾਰੀਕਰਨ, ਉਦਾਰੀਕਰਨ, ਨਿਜੀਕਰਨ.* ਪ੍ਰੇਰਨਾ ਪ੍ਰਕਾਸ਼ਨ, 2000.

---. *ਵਿਸ਼ਵ ਵਪਾਰ ਸੰਸਥਾ: ਪੰਜਾਬ ਦੀ ਕਿਸਾਨੀ.* ਪ੍ਰੇਰਨਾ ਪ੍ਰਕਾਸ਼ਨ, 2001.

ਅੰਮ੍ਰਿਤਪਾਲ ਕੌਰ (ਡਾ.). *ਪੰਜਾਬੀ ਗਲਪ: ਸਭਿਆਚਾਰਕ ਰਿਸ਼ਤਿਆਂ ਦਾ ਪ੍ਰਵਚਨ.* ਚੇਤਨਾ ਪ੍ਰਕਾਸ਼ਨ, 2018.

ਸਤਿੰਦਰ ਕੌਰ (ਡਾ.). *ਨਦੀਮ ਪਰਮਾਰ ਦੀ ਨਾਵਲੀ ਦ੍ਰਿਸ਼ਟੀ.* ਸਪਤਰਿਸ਼ੀ ਪਬਲੀਕੇਸ਼ਨਜ਼ਸ, 2015.

---. *ਪਰਵਾਸੀ ਪੰਜਾਬੀ ਗਲਪ: ਵਸਤੂ ਵਿਵੇਕ.* ਸਪਤਰਿਸ਼ੀ ਪਬਲੀਕੇਸ਼ਨਜ਼, 2015.

---. *ਪਰਵਾਸੀ ਪੰਜਾਬੀ ਨਾਵਲ: ਔਰਤ ਦੀ ਸਥਿਤੀ.* ਸਪਤਰਿਸ਼ੀ ਪਬਲੀਕੇਸ਼ਨਜ਼, 2016.

ਸਰਬਜੋਤ ਸਿੰਘ. *ਵਿਸ਼ਵੀਕਰਨ, ਸਭਿਆਚਾਰਕ ਬਦਲਾਵ ਅਤੇ ਪੰਜਾਬੀ ਨਾਵਲ.* ਲੋਕਗੀਤ ਪ੍ਰਕਾਸ਼ਨ, 2005.

ਸਵਰਨ ਚੰਦਨ. *ਸਾਹਿਤ ਸਮਾਜ ਤੇ ਰਾਜਨੀਤੀ.* ਨੈਸ਼ਨਲ ਬੁੱਕ ਸ਼ਾਪ, 1999.

---. *ਬ੍ਰਤਾਨਵੀ ਪੰਜਾਬੀ ਸਾਹਿਤ ਦੀਆਂ ਸਮੱਸਿਆਵਾਂ.* ਨੈਸ਼ਨਲ ਬੁਕ ਸ਼ਾਪ, 1996.

---. *ਬ੍ਰਤਾਨਵੀ ਪੰਜਾਬੀ ਜਨ-ਜੀਵਨ ਅਤੇ ਸਾਹਿਤ.* ਸੂਰਜ ਪ੍ਰਕਾਸ਼ਨ, 1994.

ਸਵਰਨਜੀਤ ਕੌਰ (ਡਾ.). *ਪਰਵਾਸੀ ਪੰਜਾਬੀ ਨਾਵਲ (ਬਹੁਪੱਖੀ ਵਰਤਾਰੇ ਦੇ ਸੰਦਰਭ ਵਿਚ).* ਲੋਕ ਗੀਤ ਪ੍ਰਕਾਸ਼ਨ, 2016.

ਸ਼ਰਮਾ, ਗੁਰਦੀਪ ਕੁਮਾਰ (ਡਾ.), ਸੰਪਾਦਕ.*ਪੰਜਾਬੀ ਸੱਭਿਆਚਾਰ ਦੇ ਬਦਲਦੇ ਪਰਿਪੇਖ.* ਲੋਕਗੀਤ ਪ੍ਰਕਾਸ਼ਨ, 2011.

ਸਿੱਧੂ, ਪਰਮਜੀਤ ਕੌਰ (ਡਾ.). *ਪੰਜਾਬੀ ਨਾਵਲ : ਸਿਧਾਂਤ ਤੇ ਸਮੀਖਿਆ.* ਚੇਤਨਾ ਪ੍ਰਕਾਸ਼ਨ, 2013.

ਸੁਖਦੀਪ ਕੌਰ (ਡਾ.). *ਪਰਵਾਸੀ ਗਲਪਕਾਰ ਜਰਨੈਲ ਸਿੰਘ ਸੇਖਾ: ਜੀਵਨ ਤੇ ਰਚਨਾ.* ਚੇਤਨਾ ਪ੍ਰਕਾਸ਼ਨ, 2018.

---. *ਵਿਸ਼ਵੀਕਰਨ: ਪੰਜਾਬੀ ਸਭਿਆਚਾਰਕ ਪਰਿਵਰਤਨ.* ਯੂਨੀਸਟਾਰ ਬੁਕਸ, 2015.

ਸੁਖਿੰਦਰ.*ਕੈਨੇਡੀਅਨ ਪੰਜਾਬੀ ਸਾਹਿਤ (ਭਾਗ ਦੂਜਾ).* ਵਿਸ਼ਵਭਾਰਤੀ ਪ੍ਰਕਾਸ਼ਨ, 2011.

---. *ਕੈਨੇਡੀਅਨ ਪੰਜਾਬੀ ਸਾਹਿਤ (ਭਾਗ ਤੀਜਾ).* ਵਿਸ਼ਵਭਾਰਤੀ ਪ੍ਰਕਾਸ਼ਨ, 2013.

ਸੁਰਿੰਦਰ ਪਾਲ ਸਿੰਘ (ਡਾ.). *ਪਠਨ ਪਾਠਨ.* ਨਾਨਕ ਸਿੰਘ ਪੁਸਤਕਮਾਲਾ, 1993.

---, ਸੰਪਾਦਕ.*ਬਦੇਸ਼ੀ ਪੰਜਾਬੀ ਸਾਹਿਤ.* ਗੁਰੂ ਨਾਨਕ ਦੇਵ ਯੂੂਨੀਵਰਸਿਟੀ, 2004.

ਸੇਖੋਂ, ਜੇ.ਬੀ. (ਪ੍ਰੋ.), ਸੰਪਾਦਕ. *ਹਰਜੀਤ ਅਟਵਾਲ ਦਾ ਨਾਵਲ ਸੰਸਾਰ.* ਸੰਗਮ ਪਬਲੀਕੇਸ਼ਨਜ਼, 2012.

ਸੰਧੂ, ਸਤਨਾਮ ਸਿੰਘ, ਸੰਪਾਦਕ. *ਪੰਜਾਬੀ ਗਲਪ ਸਿਰਜਣਾ.* ਰਵੀ ਸਾਹਿਤ ਪ੍ਰਕਾਸ਼ਨ, 1989.

ਸੰਧੂ, ਗੁਰਪਾਲ ਸਿੰਘ. *ਪੰਜਾਬੀ ਨਾਵਲ : ਚਿਹਨ-ਵਿਗਿਆਨਕ ਅਧਿਐਨ.* ਲੋਕਗੀਤ ਪ੍ਰਕਾਸ਼ਨ, 1995.

ਹਰਮੀਤ ਕੌਰ (ਡਾ.). *ਸਵਰਨ ਚੰਦਨ ਦੇ ਨਾਵਲਾਂ ਵਿਚ ਪਰਵਾਸੀ ਚੇਤਨਾ.* ਨੈਸ਼ਨਲ ਬੁਕ ਸ਼ਾਪ, 1999.

ਹੁੰਦਲ, ਰਾਜਵਿੰਦਰ ਕੌਰ (ਡਾ.). *ਪਰਵਾਸੀ ਪੰਜਾਬੀ ਨਾਵਲ ਵਿਚ ਔਰਤ ਦੇ ਸਰੋਕਾਰ.* ਲੋਕਗੀਤ ਪ੍ਰਕਾਸ਼ਨ, 2016.

ਕਾਂਗ, ਅਮਰਜੀਤ ਸਿੰਘ (ਡਾ.), ਸੰਪਾਦਕ. *ਵਿਸ਼ਵੀਕਰਨ ਅਤੇ ਪੰਜਾਬੀ ਸਾਹਿਤ ਸਭਿਆਚਾਰ.* ਸਾਹਿਤ ਅਕਾਦਮੀ, 2005.

ਕਾਂਗ, ਜਸਪਾਲ ਕੌਰ (ਡਾ.). *ਗਲਪ ਚੇਤਨਾ.* ਨਾਨਕ ਸਿੰਘ ਪੁਸਤਕਮਾਲਾ, 1980.

---.*ਪਰਵਾਸੀ ਪੰਜਾਬੀ ਕਾਵਿ ਲੋਕ: ਸਭਿਆਚਾਰਕ ਰੂਪਾਂਤਰਣ.* ਪੰਜਾਬੀ ਅਕਾਦਮੀ, 2007.

ਕਾਂਗ, ਜਸਪਾਲ ਕੌਰ (ਡਾ.), ਅਤੇ ਡਾ.ਅਮਰਜੀਤ ਸਿੰਘ ਕਾਂਗ. *ਗਲਪ ਚੇਤਨਾ ਤੋਂ ਗਲਪ ਸ਼ਾਸਤਰ ਤੱਕ.* ਨਾਨਕ ਸਿੰਘ ਪੁਸਤਕਮਾਲਾ, 2005.

ਕੇਸਰ, ਜਸਬੀਰ (ਡਾ.), ਸੰਪਾਦਕ. *ਖੋਜ ਚਿੰਤਨ.* ਲੋਕਗੀਤ ਪ੍ਰਕਾਸ਼ਨ, 2013.

ਕੈਲਾਸ਼ਪੁਰੀ. *ਬਰਤਾਨੀਆਂ ਵਿਚ ਪੰਜਾਬੀ ਪਰਿਵਾਰਾਂ ਦੀਆਂ ਸਮੱਸਿਆਵਾਂ.* ਸ਼ਿਲਾਲੇਖ ਬੁਕਸ, 2000.

ਕੰਵਲਜੀਤ ਸਿੰਘ (ਡਾ.). *ਵਿਦਿਅਕ ਮਨੋਵਿਗਿਆਨ.* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2007.

ਗਿੱਲ, ਦਰਸ਼ਨ. *ਕੈਨੇਡੀਅਨ ਪੰਜਾਬੀ ਕਵਿਤਾ (ਪੰਜਾਬੀ ਸਭਿਆਚਾਰ ਦੇ ਸੰਦਰਭ ਵਿਚ).* ਰਵੀ ਸਾਹਿਤ ਪ੍ਰਕਾਸ਼ਨ, 1998.

ਗੁਰਜਸਵਿੰਦਰ ਸਿੰਘ, ਸੰਪਾਦਕ. *ਵਿਸ਼ਵੀਕਰਨ ਦਾ ਪ੍ਰਵਚਨ (ਆਰਥਿਕ, ਰਾਜਸੀ ਅਤੇ ਸਭਿਆਚਾਰਕ ਪਰਿਪੇਖ).* ਚੇਤਨਾ ਪ੍ਰਕਾਸ਼ਨ, 2006.

ਗੁਰਭਗਤ ਸਿੰਘ (ਡਾ.). *ਉਤਰ ਆਧੁਨਿਕਵਾਦ.* ਮਦਾਨ ਪਬਲੀਕੇਸ਼ਨਜ਼, ਮਿਤੀਹੀਣ.

ਚੰਦੀ, ਗੁਰਦੇਵ ਸਿੰਘ (ਡਾ.), ਸੰਪਾਦਕ. *ਵਿਸ਼ਵੀਕਰਨ ਅਤੇ ਪੰਜਾਬੀ ਸਾਹਿਤ: ਸੰਕਲਪ, ਸਰੂਪ, ਸਰੋਕਾਰ.* ਰਿਸ਼ਮ ਪ੍ਰਕਾਸ਼ਨ, 2006.

ਛਿੱਬੜ, ਵਿਵੇਕ. *ਪੂੰਜੀਵਾਦ ਦੀ ਏ ਬੀ ਸੀ.* ਤਰਕਭਾਰਤੀ ਪ੍ਰਕਾਸ਼ਨ, 2019.

ਜਸਪਾਲ ਸਿੰਘ (ਡਾ.). *ਪੰਜਾਬੀ ਕਾਵਿ ਵਿਚ ਸਭਿਆਚਾਰਕ ਰੂਪਾਂਤਰਣ.* ਲੋਕਗੀਤ ਪ੍ਰਕਾਸ਼ਨ, 2014.

ਜਸਵਿੰਦਰ ਸਿੰਘ (ਡਾ.). *ਪੰਜਾਬੀ ਸਭਿਆਚਾਰ: ਪਛਾਣ ਚਿੰਨ੍ਹ.* ਗਰੇਸ਼ੀਅਸ ਬੁਕਸ, 2018.

ਜਸਵਿੰਦਰ ਕੁਮਾਰ. *ਅੰਤਰਾਸ਼ਟਰੀ ਰਾਜਨੀਤੀ.* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2016.

ਜਗਜੀਵਨ ਸਿੰਘ (ਡਾ.). *ਵਿਸ਼ਵੀਕਰਣ ਅਤੇ ਆਧੁਨਿਕ ਪੰਜਾਬੀ ਸਾਹਿਤ.* ਯੂਨੀਸਟਾਰ ਪਬਲੀਸ਼ਰਜ਼, 2016.

ਜਗਦੀਪ ਸਿੰਘ (ਡਾ.). *ਪਰਵਾਸੀ ਪੰਜਾਬੀ ਸਾਹਿਤ ਪੁਨਰ-ਸੰਵਾਦ.* ਅਲਕਾ ਸਾਹਿਤ ਸਦਨ, 2006.

---. *ਬਰਤਾਨਵੀ ਪੰਜਾਬੀ ਨਾਵਲ: ਰਿਸ਼ਤਿਆਂ ਦੇ ਬਦਲਦੇ ਸਰੂਪ.* ਰਵੀ ਸਾਹਿਤ ਪ੍ਰਕਾਸ਼ਨ, 2003.

ਜੋਸ਼ੀ, ਜੀਤ ਸਿੰਘ (ਪ੍ਰੋ.). *ਸਭਿਆਚਾਰ ਸਿਧਾਂਤ ਤੇ ਵਿਹਾਰ.* ਵਾਰਿਸ ਸ਼ਾਹ ਫਾਊਡੇਸ਼ਨ, 2013.

ਜੱਜ, ਪਰਮਜੀਤ ਸਿੰਘ (ਡਾ.). *ਪਰਵਾਸੀ ਪੰਜਾਬੀ: ਇਤਿਹਾਸਕ ਤੇ ਸਮਾਜਿਕ ਸੰਦਰਭ.* ਰਵੀ ਸਾਹਿਤ ਪ੍ਰਕਾਸ਼ਨ, 2005.

ਤਾਤਲਾ, ਦਰਸ਼ਨ ਸਿੰਘ, ਸੰਪਾਦਕ. *ਬਰਤਾਨੀਆਂ ਵਿਚ ਪੰਜਾਬੀ ਭਾਸ਼ਾ.* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 1996.

ਥਿੰਦ, ਕਰਨੈਲ ਸਿੰਘ, ਸੰਪਾਦਕ. *ਸਾਹਿਤ ਅਧਿਐਨ ਪ੍ਰਣਾਲੀਆਂ.* ਗੁਰੂ ਨਾਨਕ ਦੇਵ ਯੂਨੀਵਰਸਿਟੀ, 1977.

ਧਨਵੰਤ ਕੌਰ, ਸੰਪਾਦਕ. *ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰਕ ਗਲੋਬਲ ਪਰਿਪੇਖ.* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2003.

ਧਾਲੀਵਾਲ, ਪ੍ਰੇਮ ਪ੍ਰਕਾਸ਼ ਸਿੰਘ (ਡਾ.). *ਪ੍ਰਵਾਸੀ ਪੰਜਾਬੀ ਸਾਹਿਤ: ਮੁੱਲ ਤੇ ਮੁਲਾਂਕਣ.* ਮਦਾਨ ਪਬਲੀਕੇਸ਼ਨਜ਼, 1999.

ਧਾਲੀਵਾਲ, ਬਲਦੇਵ ਸਿੰਘ (ਡਾ.). *ਵਿਸ਼ਵੀਕਰਨ ਅਤੇ ਪੰਜਾਬੀ ਕਹਾਣੀ.* ਲੋਕਗੀਤ ਪ੍ਰਕਾਸ਼ਨ, 2007.

ਨੂਰ, ਜਗੀਰ ਸਿੰਘ (ਡਾ.). *ਪੰਜਾਬੀ ਸਭਿਆਚਾਰਕ ਵਿਰਸਾ.* ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਦਨ,1996.

ਨੂਰ, ਸਤਿੰਦਰ ਸਿੰਘ. *ਪੰਜਾਬੀ ਗਲਪ.* ਚੇਤਨਾ ਪ੍ਰਕਾਸ਼ਨ, 2005.

ਪਰਵਾਨਾ, ਕੇਵਲ ਸਿੰਘ (ਡਾ.). *ਬਦੇਸ਼ੀ ਪੰਜਾਬੀ ਸਾਹਿਤ : ਨਸਲਵਾਦੀ ਪਰਿਪੇਖ.* ਸੁੰਦਰ ਬੁੱਕ ਡਿਪੋ, 2008.

ਪਿਆਰ ਸਿੰਘ (ਡਾ.). *ਖੋਜ ਸਿਧਾਂਤ ਤੇ ਵਿਵਹਾਰ.* ਪਬਲੀਕੇਸ਼ਨ ਬਿਓੂਰੋ, ਪੰਜਾਬੀ ਯੂਨੀਵਰਸਿਟੀ , 2011.

ਪੂਜਾ, ਸੰਪਾਦਕ.*ਅਜੋਕਾ ਪੰਜਾਬੀ ਸਾਹਿਤ:* ਸੰਭਾਵਨਾ ਤੇ ਪਾਸਾਰ. ਕੇ.ਜੀ. ਗ੍ਰਾਫਿਕਸ, 2016.

ਪੂਨੀ, ਬਲਬੀਰ ਸਿੰਘ. *ਪੰਜਾਬੀ ਲੋਕਧਾਰਾ ਅਤੇ ਸਭਿਆਚਾਰ.* ਵਾਰਿਸ ਸ਼ਾਹ ਫਾਉਂਡੇਸ਼ਨ, 2010.

ਫਰੈਂਕ, ਗੁਰਬਖਸ਼ ਸਿੰਘ. *ਸਭਿਆਚਾਰ ਅਤੇ ਪੰਜਾਬੀ ਸਭਿਆਚਾਰ.* ਵਾਰਿਸ ਸ਼ਾਹ ਫਾਉਂਡੇਸ਼ਨ, 2015.

---. *ਸਭਿਆਚਾਰ-ਮੁਢਲੀ ਜਾਣ-ਪਛਾਣ.* ਦਿ ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ, 1984.

ਬ੍ਰਹਮਜਗਦੀਸ਼ ਸਿੰਘ. *ਪੰਜਾਬੀ ਸਭਿਆਚਾਰ ਸੰਦਰਭਮੂਲਕ ਅਧਿਐਨ.* ਵਾਰਿਸ ਸ਼ਾਹ ਫਾਉਂਡੇਸ਼ਨ, 2002.

ਬ੍ਰਹਮਜਗਦੀਸ਼ ਸਿੰਘ (ਪ੍ਰੋ.), ਅਤੇ (ਪ੍ਰੋ.) ਰਾਜਬੀਰ ਕੌਰ. *ਪੰਜਾਬੀ ਸਾਹਿਤ ਦਾ ਇਤਿਹਾਸ.* ਵਾਰਿਸ ਸ਼ਾਹ ਫਾਉਂਡੇਸ਼ਨ, 2011.

ਬਰਾੜ, ਸੁਰਜੀਤ. *ਪੰਜਾਬੀ ਨਾਵਲ : ਸਮਾਜ ਸ਼ਾਸਤਰੀ ਪਰਿਪੇਖ.* ਚੇਤਨਾ ਪ੍ਰਕਾਸ਼ਨ, 2005.

---. *ਪੰਜਾਬੀ ਨਾਵਲ: ਵਸਤੂ ਯਥਾਰਥ ਅਤੇ ਜੁਗਤਾਂ.* ਚੇਤਨਾ ਪ੍ਰਕਾਸ਼ਨ, 2012.

---, ਸੰਪਾਦਕ. *ਨਦੀਮ ਪਰਮਾਰ ਦੇ ਨਾਵਲ: ਵਿਭਿੰਨ ਪਾਸਾਰ ਤੇ ਸਰੋਕਾਰ.* ਚੇਤਨਾ ਪ੍ਰਕਾਸ਼ਨ, 2013.

ਬਰਿੰਦਰ ਕੌਰ (ਡਾ.), ਅਤੇ (ਡਾ.) ਜਸਵਿੰਦਰ ਕੌਰ ਸੱਗੂ, ਸੰਪਾਦਕ. *ਵਿਸ਼ਵੀਕਰਨ ਦੇ ਪ੍ਰਸੰਗ ਵਿਚ ਪਾਠ-ਸਭਿਆਚਾਰਕ ਦਵੰਦ.* ਮਦਾਨ ਪਬਲੀਸ਼ਿੰਗ ਹਾਊਸ, 2017.

ਬਿਨਿੰਗ, ਸਾਧੂ ਅਤੇ ਸੁਖਵੰਤ ਹੁੰਦਲ. *ਸੰਘਰਸ਼ ਦੇ ਸੌ ਵਰ੍ਹੇ: ਕਨੇਡਾ ਵਿਚ ਪੰਜਾਬੀ ਪ੍ਰਗਤੀਸ਼ੀਲ ਲਹਿਰ.* ਚੇਤਨਾ ਪ੍ਰਕਾਸ਼ਨ, 2000.

ਬੇਦੀ, ਹਰਚੰਦ ਸਿੰਘ (ਡਾ.), ਸੰਪਾਦਕ. *ਪਰਵਾਸ ਤੇ ਪਰਵਾਸੀ ਸਾਹਿਤ.* ਗੁਰੂ ਨਾਨਕ ਦੇਵ ਯੂਨੀਵਰਸਿਟੀ, 2005.

---. *ਪਰਵਾਸ ਤੇ ਪਰਵਾਸੀ ਸਾਹਿਤ ਦੇ ਮਸਲੇ.* ਰਵੀ ਸਾਹਿਤ ਪ੍ਰਕਾਸ਼ਨ, 2018.

---. *ਪਰਵਾਸੀ ਸਾਹਿਤ ਦਾ ਸਭਿਆਚਾਰਕ ਪ੍ਰਸੰਗ.* ਗੁਰੂ ਨਾਨਕ ਦੇਵ ਯੂਨੀਵਰਸਿਟੀ, 2007.

*---. ਪਰਵਾਸੀ ਪੰਜਾਬੀ ਸਾਹਿਤ ਦੇ ਮਸਲੇ. ਰਵੀ ਸਾਹਿਤ ਪ੍ਰਕਾਸ਼ਨ,* 2004.

ਬੇਦੀ, ਹਰਚੰਦ ਸਿੰਘ (ਡਾ.), ਅਤੇ ਡਾ. ਗੁਰਬੀਰ ਸਿੰਘ ਬਰਾੜ . *ਸਵਰਨ ਚੰਦਨ: ਸਿਰਜਣ ਤੇ ਸਿਮਰਨ.* ਸੰਗਮ ਪਬਲੀਕੇਸ਼ਨਜ਼, 2013.

ਭੀਮ ਇੰਦਰ ਸਿੰਘ (ਡਾ.). *ਮਾਰਕਸਵਾਦ, ਨਵ-ਮਾਰਕਸਵਾਦ ਅਤੇ ਉਤਰ-ਆਧੁਨਿਕਤਾਵਾਦ.* ਤਰਕਭਾਰਤੀ ਪ੍ਰਕਾਸ਼ਨ, 2004.

---, ਸੰਪਾਦਕ. *ਵਿਸ਼ਵੀਕਰਨ ਵਿਸ਼ਲੇਸ਼ਣ ਅਤੇ ਵਿਵੇਚਨ.* ਕੁਕਨੁਸ ਪ੍ਰਕਾਸ਼ਨ, 2006.

ਭੱਟੀ, ਸੁਰਜੀਤ ਸਿੰਘ. *ਵਿਸ਼ਵੀਕਰਣ ਅਤੇ ਸਾਹਿਤ ਚਿੰਤਨ.* ਚੇਤਨਾ ਪ੍ਰਕਾਸ਼ਨ, 2017.

ਰਜਨੀ ਰਾਣੀ. *ਸਮਕਾਲੀ ਪਰਵਾਸੀ ਪੰਜਾਬੀ ਕਹਾਣੀ ਦੇ ਸਰੋਕਾਰ.* ਮਨਪ੍ਰੀਤ ਪ੍ਰਕਾਸ਼ਨ, 2013.

ਰਜਨੀਸ਼ ਬਹਾਦਰ ਸਿੰਘ. *ਪੰਜਾਬੀ ਸਾਹਿਤ ਚਿੰਤਨ: ਆਧਾਰ ਤੇ ਉਸਾਰ.* ਚੇਤਨਾ ਪ੍ਰਕਾਸ਼ਨ, 2010.

ਰਵਿੰਦਰ ਸਿੰਘ (ਡਾ.). *ਪਰਵਾਸੀ ਪੰਜਾਬੀ ਸਾਹਿਤ: ਪੰਜਾਬੀ ਸਭਿਆਚਾਰਕ ਪਛਾਣ ਦੇ ਮਸਲੇ.* ਲੋਕਗੀਤ ਪ੍ਰਕਾਸ਼ਨ, 2019.

ਰਾਹੀ, ਜੋਗਿੰਦਰ ਸਿੰਘ.*ਪੰਜਾਬੀ ਨਾਵਲ.* ਨਾਨਕ ਸਿੰਘ ਪੁਸਤਕਮਾਲਾ, 1978.

ਰਾਜਿੰਦਰਪਾਲ ਸਿੰਘ, ਸੰਪਾਦਕ. *ਉਤੱਰ ਆਧੁਨਿਕਤਾ.* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2011.

---. *ਪੰਜਾਬੀ ਡਾਇਸਪੋਰਾ ਅਧਿਐਨ ਅਤੇ ਅਧਿਆਪਨ.* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2011.

***ਖੋਜ ਵਿਧੀ***

ਰਾਜਿੰਦਰਪਾਲ ਸਿੰਘ (ਡਾ.), ਅਤੇ ਸਤੀਸ਼ ਕੁਮਾਰ ਵਰਮਾ, ਸੰਪਾਦਕ. *ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਅੰਤਰਰਾਸ਼ਟਰੀ ਸਰੋਕਾਰ.* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2012.

ਰੰਧਾਵਾ, ਸੁਖਵਿੰਦਰ ਸਿੰਘ (ਡਾ.), ਸੰਪਾਦਕ. *ਹਰਜੀਤ ਅਟਵਾਲ ਦੀ ਨਾਵਲ ਦ੍ਰਿਸ਼ਟੀ.* ਸੁੰਦਰ ਬੁੱਕ ਡਿਪੂ, 2005.

ਰੰਧਾਵਾ, ਹਰਸਿਮਰਨ ਸਿੰਘ (ਡਾ.), ਸੰਪਾਦਕ. *ਜਰਨੈਲ ਸਿੰਘ ਸੇਖਾ- ਨਾਵਲ ਸਰੋਕਾਰ ਅਤੇ ਵਿਧੀ ਵਿਧਾਨ.* ਚੇਤਨਾ ਪ੍ਰਕਾਸ਼ਨ, 2013.

ਵੜਿੰਗ, ਅਮਰਜੀਤ ਕੌਰ. *ਗੁਰਦਿਆਲ ਸਿੰਘ ਦੇ ਨਾਵਲ, ਸਭਿਆਚਾਰਕ ਪ੍ਰਸੰਗ.* ਵਾਰਿਸ ਸ਼ਾਹ ਫਾਊਡੇਸ਼ਨ, 2014.

**ਕੋਸ਼**

ਧਰਮ ਸਿੰਘ (ਡਾ.). ਪੰਜਾਬੀ ਖੋਜ ਸੰਦਰਭ. ਰਵੀ ਸਾਹਿਤ ਪ੍ਰਕਾਸ਼ਨ, 2015.

ਨਾਭਾ, ਭਾਈ ਕਾਨ੍ਹ ਸਿੰਘ. ਮਹਾਨਕੋਸ਼. ਤੀਜੀ ਐਡੀਸ਼ਨ, ਭਾਸ਼ਾ ਵਿਭਾਗ, ਪੰਜਾਬ, 2006.

ਬੇਦੀ, ਹਰਚੰਦ ਸਿੰਘ (ਡਾ.). ਪਰਵਾਸੀ ਪੰਜਾਬੀ ਸਾਹਿਤ ਸੰਦਰਭ ਕੋਸ (ਤੀਜਾ ਭਾਗ). ਚੇਤਨਾ ਪ੍ਰਕਾਸ਼ਨ, 2007.

---. ਪਰਵਾਸੀ ਪੰਜਾਬੀ ਸਾਹਿਤ ਸੰਦਰਭ ਕੋਸ਼ (ਭਾਗ ਪੰਜਵਾਂ). ਗੁਰੂ ਨਾਨਕ ਦੇਵ ਯੂਨੀਵਰਸਿਟੀ, 2008.

**English Books -**

Jammu, Parkash Singh. *Globalisation and Punjab*. Punjab Academy of Social Sciences Languages and Culture and Punjabi Bhasha Academy, Desh Bhagat Yadgar Hall, 2001.

Noam Chomsky. *Profit over People*. Madhyam Books, 1998.

Ramesh Chandra (Prof.). *Globalisation, Privatisation and India Polity*. vol. 6. Isha Books, 2004.

Sunanda Sen.*Globalisation and Development*. National Book Trust, 2015.

Teepal, Garry. *Globalization and the Decline of Social Reform*. Humanity Books, 2000.

**ਹਿੰਦੀ ਪੁਸਤਕਾਂ -**

ਅਗਰਵਾਲ, ਜੀ.ਕੇ.(ਡਾ.). *ਸਮਾਜਸ਼ਾਸਤਰ.* ਸਾਹਿਤਯ ਭਵਨ, 1990.

ਉਪਾਧਿਆਏ ਰਮੇਸ਼ ਅਤੇ ਸੰਘਿਆ ਉਪਾਧਿਆਏ, ਸੰਪਾਦਕ. *ਸ਼੍ਰਮ ਕਾ ਭੂਮੰਡਲੀਕਰਨ.* ਸ਼ਬਦਸੰਧਾਨ ਪ੍ਰਕਾਸ਼ਨ, 2004.

**ਰਸਾਲੇ/ਪੱਤ੍ਰਿਕਾਵਾਂ**

ਅਲੋਚਨਾ, ਜੁਲਾਈ- ਸਤੰਬਰ 2001.

ਸਿਰਜਣਾ, ਜਨਵਰੀ- ਮਾਰਚ 2006.

ਸੰਵਾਦ, ਜਨਵਰੀ- ਜੂਨ 2015 ਅਤੇ ਜੁਲਾਈ-ਦਸੰਬਰ 2016.

ਹੁਣ, ਮਈ-ਅਗਸਤ 2008.

ਖੋਜ ਦਰਪਣ, ਜੁਲਾਈ 2002.

ਖੋਜ ਪਤ੍ਰਿਕਾ, ਅੰਕ-40, ਸਤੰਬਰ 1994.

ਸਮਾਜਕ ਵਿਗਿਆਨ ਪੱਤਰ, ਅੰਕ 47-48-49, ਦਸੰਬਰ 1999, ਜੂਨ ਤੇ ਦਸੰਬਰ 2000.

**ਅਖਬਾਰਾਂ**

ਪੰਜਾਬੀ ਟ੍ਰਿਬਿਊਨ, 18 ਅਪ੍ਰੈਲ, 2009.

ਅਜੀਤ, 19 ਅਗਸਤ, 2018.

## ਸਾਰ-ਅੰਸ਼:

ਖੋਜ ਮਤਲਬ "ਰਚਨਾਤਮਕ ਅਤੇ ਸਿਧਾਂਤਕ ਤੌਰ ਤੇ ਕੀਤਾ ਗਿਆ ਕੰਮ ਜੋ ਕਿ ਗਿਆਨ ਦਾ ਭੰਡਾਰ ਵਧਾਉਣ, ਮਨੁੱਖਾਂ, ਸੱਭਿਆਚਾਰ ਅਤੇ ਸਮਾਜ ਦੇ ਗਿਆਨ ਸਮੇਤ ਅਤੇ ਨਵੀਆਂ ਅਰਜ਼ੀਆਂ ਨੂੰ ਬਣਾਉਣ ਲਈ ਗਿਆਨ ਦੇ ਇਸ ਸਟਾਕ ਦੀ ਵਰਤੋਂ ਨੂੰ ਸ਼ਾਮਲ ਕਰਨ ਲਈ ਕੀਤੇ ਜਾਂਦੇ ਹਨ।" ਇਹ ਤੱਥ ਸਥਾਪਿਤ ਕਰਨ ਜਾਂ ਪੁਸ਼ਟੀ ਕਰਨ ਲਈ ਵਰਤਿਆ ਜਾਂਦਾ ਹੈ, ਪਿਛਲੇ ਕੰਮ ਦੇ ਨਤੀਜਿਆਂ ਨੂੰ ਮੁੜ ਪੁਸ਼ਟੀ ਕਰਦਾ ਹੈ, ਨਵੇਂ ਜਾਂ ਮੌਜੂਦਾ ਸਮੱਸਿਆਵਾਂ ਨੂੰ ਹੱਲ ਕਰਦਾ ਹੈ, ਪ੍ਰੋਟੀਮ ਦੀ ਸਹਾਇਤਾ ਕਰਦਾ ਹੈ ਜਾਂ ਨਵੇਂ ਸਿਧਾਂਤ ਵਿਕਸਿਤ ਕਰਦਾ ਹੈ। ਇੱਕ ਖੋਜ ਪ੍ਰੋਜੈਕਟ ਖੇਤਰ ਵਿੱਚ ਪਿਛਲੇ ਕੰਮ 'ਤੇ ਇੱਕ ਵਿਸਥਾਰ ਹੋ ਸਕਦਾ ਹੈ। ਖੋਜ ਪ੍ਰੋਜੈਕਟ ਕਿਸੇ ਵਿਸ਼ੇ ਤੇ ਹੋਰ ਗਿਆਨ ਵਿਕਸਿਤ ਕਰਨ ਲਈ ਜਾਂ ਇੱਕ ਸਕੂਲੀ ਖੋਜ ਪ੍ਰੋਜੈਕਟ ਦੀ ਮਿਸਾਲ ਵਿੱਚ ਵਿਕਸਤ ਕਰਨ ਲਈ ਵਰਤਿਆ ਜਾ ਸਕਦਾ ਹੈ, ਉਹਨਾਂ ਨੂੰ ਭਵਿੱਖ ਦੀਆਂ ਨੌਕਰੀਆਂ ਅਤੇ ਰਿਪੋਰਟਾਂ ਲਈ ਤਿਆਰ ਕਰਨ ਲਈ ਇੱਕ ਵਿਦਿਆਰਥੀ ਦੇ ਖੋਜੀ ਸ਼ਕਤੀ ਨੂੰ ਅੱਗੇ ਵਧਾਉਣ ਲਈ ਵਰਤਿਆ ਜਾ ਸਕਦਾ ਹੈ।


### ਮੁੱਖ/ਕੇਂਦਰੀ ਸ਼ਬਦ:

ਤੁਲਨਾਤਮਕ---ਜਿਸ ਦੀ ਤੁਲਨਾ ਹੋ ਸਕੇ

ਮਾਰਕਸਵਾਦ---ਸਮਾਜ ਸ਼ਾਸਤਰ ਦਾ ਸਿਧਾਂਤ

ਅੰਤਰ-ਸਬੰਧ---ਦੁਵੱਲਾ ਰਿਸ਼ਤਾ

ਸ਼ੈਲੀ --- ਵਿਚਾਰਾਂ ਦੇ ਪ੍ਰਗਟਾਵੇ ਦਾ ਢੰਗ



### ਸਵੈ-ਮੁਲਾਂਕਣ:

1. ਸਾਹਿਤ ਤੇ ਸਮਾਜ ਦਾ ਰਿਸ਼ਤਾ ਦਵੰਦਾਤਮਕ ਹੈ? ਇਹ ਕਿਹੜੀ ਵਿਧੀ ਕਹਿੰਦੀ ਹੈ?

ੳ ਮਾਰਕਸਵਾਦੀ

ਅ ਮਨੋਵਿਗਿਆਨਕ

ੲ ਤੁਲਨਾਤਮਕ

ਸ ਇਤਿਹਾਸਕ

2. ਪੁਰਾਣੇ ਤੱਥਾਂ ਬਾਰੇ ਕਿਹੜੀ ਵਿਧੀ ਖੋਜ ਕਰਦੀ ਹੈ?

ੳ ਮਾਰਕਸਵਾਦੀ

*ਖੋਜ ਵਿਧੀ*

ਅ ਮਨੋਵਿਗਿਆਨਕ

ੲ ਤੁਲਨਾਤਮਕ

ਸ ਇਤਿਹਾਸਕ

3. ਮਾਨਸਿਕ ਪ੍ਰਕਿਰਿਆ ਬਾਰੇ ਖੋਜ ਕਿਹੜੀ ਵਿਧੀ ਕਰਦੀ ਹੈ?

ੳ ਮਾਰਕਸਵਾਦੀ

ਅ ਮਨੋਵਿਗਿਆਨਕ

ੲ ਤੁਲਨਾਤਮਕ

ਸ ਇਤਿਹਾਸਕ

4. ਕਿਹੜੀ ਵਿਧੀ ਤੁਲਨਾ ਕਰਨ ਵਿਚ ਮਦਦ ਕਰਦੀ ਹੈ?

ੳ ਮਾਰਕਸਵਾਦੀ

ਅ ਮਨੋਵਿਗਿਆਨਕ

ੲ ਤੁਲਨਾਤਮਕ

ਸ ਇਤਿਹਾਸਕ

5. ਕਿਹੜੀ ਵਿਧੀ ਦੁਆਰਾ ਮਨੁੱਖਾਂ ਦੇ ਸਮਾਜਿਕ ਸੰਬੰਧਾਂ ਦਾ ਅਧਿਐਨ ਕੀਤਾ ਜਾਂਦਾ ਹੈ।

ੳ ਮਾਰਕਸਵਾਦੀ

ਅ ਮਨੋਵਿਗਿਆਨਕ

ੲ ਤੁਲਨਾਤਮਕ

ਸ ਇਤਿਹਾਸਕ

6. ਕਿਸ ਵਿਧੀ ਤੋਂ ਭਾਵ ਵੱਖ-ਵੱਖ ਪੱਖਾਂ ਦੀ ਤੁਲਨਾ ਕਰ ਕੇ ਉਨ੍ਹਾਂ ਦੀਆਂ ਭਿੰਨਤਾਵਾਂ ਅਤੇ ਸਮਾਨਤਾਵਾਂ ਦੀ ਸੂਖਮ ਪਰਖ ਕਰਨ ਤੋਂ ਹੈ।

ੳ ਮਾਰਕਸਵਾਦੀ

ਅ ਮਨੋਵਿਗਿਆਨਕ

ੲ ਤੁਲਨਾਤਮਕ

ਸ ਇਤਿਹਾਸਕ

7. ਕਿਸ ਵਿਧੀ ਰਾਹੀਂ ਖੋਜ ਲਈ ਚੁਣੀ ਗਈ ਸਾਹਿਤਕ ਕਿਰਤ ਦਾ ਵਿਸ਼ਲੇਸ਼ਣ ਕਰਦਾ ਹੋਇਆ ਉਸ ਦੇ ਪ੍ਰਤੱਖ ਅਤੇ ਅਪ੍ਰਤੱਖ ਰੂਪ ਵਿਚ ਛੁਪੇ ਤੱਥਾਂ ਨੂੰ ਲੋਕਾਈ ਅੱਗੇ ਪ੍ਰਸਤੁਤ ਕਰਦਾ ਹੈ।

ੳ ਵਿਸ਼ਲੇਸ਼ਣੀ

ਅ ਮਨੋਵਿਗਿਆਨਕ

ੲ ਤੁਲਨਾਤਮਕ

ਸ ਇਤਿਹਾਸਕ

8. ਮਾਰਕਸ ਦਾ ਸਬੰਧ ਕਿਸ ਨਾਲ ਹੈ?

ੳ ਮਾਰਕਸਵਾਦੀ

ਅ ਮਨੋਵਿਗਿਆਨਕ

ੲ ਤੁਲਨਾਤਮਕ

ਸ ਇਤਿਹਾਸਕ

9. ਫਰਾਇਡ ਦਾ ਸਬੰਧ ਕਿਸ ਨਾਲ ਹੈ?

ੳ ਮਾਰਕਸਵਾਦੀ

ਅ ਮਨੋਵਿਗਿਆਨਕ

ੲ ਤੁਲਨਾਤਮਕ

ਸ ਇਤਿਹਾਸਕ

10. ਜੁੰਗ ਦਾ ਸਬੰਧ ਕਿਸ ਨਾਲ ਹੈ?

ੳ ਮਾਰਕਸਵਾਦੀ

ਅ ਮਨੋਵਿਗਿਆਨਕ

ੲ ਤੁਲਨਾਤਮਕ

ਸ ਇਤਿਹਾਸਕ

11. ਏਂਗਲਜ਼ ਦਾ ਸਬੰਧ ਕਿਸ ਨਾਲ ਹੈ?

ੳ ਮਾਰਕਸਵਾਦੀ

ਅ ਮਨੋਵਿਗਿਆਨਕ

ੲ ਤੁਲਨਾਤਮਕ

ਸ ਇਤਿਹਾਸਕ

12. ਅਨੁਭਵੀ ਸਿਆਣਿਆਂ ਦੇ ਤਜ਼ਰਬਿਆਂ ਵਿਚੋਂ ਨਿਕਲੇ ਅਖਾਣਾ, ਕਥਨਾਂ ਅਤੇ ਵਿਚਾਰਾਂ ਨੂੰ ਗਿਆਨ ਦੇ ਸੋਮੇਂ ਵਜੋਂ ਸਵੀਕਾਰ ਕਰਨਾ ਕਿਹੜੀ ਵਿਧੀ ਅਖਵਾਉਂਦੀ ਹੈ।

ੳ ਪ੍ਰਾਧਿਕਾਰਵਾਦੀ

ਅ ਸੰਦੇਹਵਾਦੀ

ੲ ਨਿਗਮਨਾਤਮਕ

ਸ ਆਗਮਨਾਤਮਕ

13. ਨਵੇਂ ਗਿਆਨ ਦੀ ਰੌਸ਼ਨੀ ਵਿਚ ਪਰੰਪਰਾਗਤ ਰੂੜ੍ਹੀਆਂ, ਕਥਨਾਂ, ਸਿੱਟਿਆਂ, ਮਾਨਤਾਵਾਂ ਨੂੰ ਜਾਂਚਣਾਂ , ਪਰਖਣਾਂ ਅਤੇ ਰੱਦ ਕਰਨਾਂ ਇਸ ਵਿਧੀ ਦੀ ਵਿਸ਼ੇਸ਼ਤਾ ਹੈ।

ੳ ਪ੍ਰਾਧਿਕਾਰਵਾਦੀ

ਅ ਸੰਦੇਹਵਾਦੀ

ੲ ਨਿਗਮਨਾਤਮਕ

ਸ ਆਗਮਨਾਤਮਕ

14. ਇਹ ਵਿਧੀ ਵਿਆਪਕ ਜਾਂ ਸਰਬ-ਸਾਧਾਰਨ ਸਥਿਤੀ ਤੋਂ ਵਿਸ਼ੇਸ਼ ਸਥਿਤੀ ਤੇ ਪਹੁੰਚਣ ਦਾ ਵਿਧਾਨ ਰਚਦੀ ਹੈ।

ੳ ਪ੍ਰਾਧਿਕਾਰਵਾਦੀ

ਅ ਸੰਦੇਹਵਾਦੀ

ੲ ਨਿਗਮਨਾਤਮਕ

ਸ ਆਗਮਨਾਤਮਕ

15. ਇਹ ਵਿਸ਼ੇਸ਼ ਤੋਂ ਸਰਬਵਿਆਪਕ ਸਿਟਿਆਂ ਤੱਕ ਪਹੁੰਚਣ ਦਾ ਵਿਧਾਨ ਹੈ।

ੳ ਪ੍ਰਾਧਿਕਾਰਵਾਦੀ

ਅ ਸੰਦੇਹਵਾਦੀ

ੲ ਨਿਗਮਨਾਤਮਕ

ਸ ਆਗਮਨਾਤਮਕ

## ਅਭਿਆਸ ਪ੍ਰਸ਼ਨ

1. ਖੋਜ ਵਿਧੀ ਤੋਂ ਕੀ ਭਾਵ ਹੈ?
2. ਖੋਜ ਵਿਧੀ ਦੇ ਮਹੱਤਵ ਦਾ ਸੰਖੇਪ ਵਿਚ ਵਰਣਨ ਕਰੋ।

3. ਤੁਲਨਾਤਮਕ ਖੋਜ ਵਿਧੀ ਦਾ ਵਰਣਨ ਕਰੋ।

4. ਤਰਕਵਾਦੀ ਖੋਜ ਵਿਧੀ ਦਾ ਵਰਣਨ ਕਰੋ।

5. ਆਗਮਨਾਤਮਕ ਖੋਜ ਵਿਧੀ ਦਾ ਵਰਣਨ ਕਰੋ।

6. ਨਿਗਮਨਾਤਮਕ ਖੋਜ ਵਿਧੀ ਦਾ ਵਰਣਨ ਕਰੋ।

7. ਸਰਵੇਖਣ ਖੋਜ ਵਿਧੀ ਦਾ ਵਰਣਨ ਕਰੋ।

8. ਮਾਰਕਸਵਾਦੀ ਖੋਜ ਵਿਧੀ ਦਾ ਆਧਾਰ ਕੀ ਹੈ?

9. ਮਾਰਕਸਵਾਦੀ ਅਤੇ ਮਨੋਵਿਗਿਆਨਕ ਖੋਜ ਵਿਧੀ ਵਿਚ ਕੀ ਅੰਤਰ ਹੈ?

10. ਇਤਿਹਾਸਕ ਖੋਜ ਵਿਧੀ ਕੀ ਹੈ? ਸਪਸ਼ਟ ਕਰੋ।

11. ਵਿਸ਼ਲੇਸ਼ਣਾਤਮਕ ਖੋਜ ਵਿਧੀ ਬਾਰੇ ਵਿਚਾਰ ਪੇਸ਼ ਕਰੋ।

12. ਸਾਹਿਤ ਵਿਚ ਖੋਜ ਵਿਧੀਆਂ ਦੀ ਕੀ ਸਾਰਥਕਤਾ ਹੈ?

13. ਆਗਮਨਾਤਮਕ ਅਤੇ ਨਿਗਮਨਾਤਮਕ ਖੋਜ ਵਿਧੀ ਵਿਚ ਕੀ ਅੰਤਰ ਹੈ?

14. ਸਰਵੇਖਣੀ ਅਤੇ ਇਤਿਹਾਸਕ ਖੋਜ ਵਿਧੀ ਵਿਚ ਕੀ ਅੰਤਰ ਹੈ?

15. ਆਪਣੇ ਖੇਤਰ ਦੇ ਸਾਹਿਤ ਪ੍ਰੇਮੀਆਂ ਦੀ ਸੂਚੀ ਬਣਾਓ ਅਤੇ ਉਨ੍ਹਾਂ ਦੇ ਖੋਜ ਵਿਧੀਆਂ ਸੰਬੰਧੀ ਸਪਸ਼ਟੀਕਰਨ ਦਾ ਸਰਵੇਖਣ ਕਰੋ।

## ਸੰਦਰਭ ਪੁਸਤਕਾਂ:

1) ਖੋਜ:ਸਿਧਾਂਤ ਤੇ ਵਿਹਾਰ, ਪਿਆਰ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, (2010)

2) ਕੇਸਰ ਸਿੰਘ ਕੇਸਰ: ਖੋਜ ਚਿੰਤਨ੍ਹ, ਜਸਬੀਰ ਕੇਸਰ(ਸੰਪਾ.), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, (2006)

3) ਕੇਸਰ ਸਿੰਘ ਕੇਸਰ: ਸਿਧਾਂਤ ਚਿੰਤਨ, ਜਸਬੀਰ ਕੇਸਰ (ਸੰਪਾ.), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ,(2006)

4) ਪੰਜਾਬੀ ਖੋਜ ਦਾ ਇਤਿਹਾਸ, ਧਰਮ ਸਿੰਘ, ਪੰਜਾਬੀ ਅਕਾਦਮੀ ਦਿੱਲੀ,(2004)

5) ਪੰਜਾਬੀ ਖੋਜ ਸੰਦਰਭ, ਧਰਮ ਸਿੰਘ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, (2014)

6) ਪੰਜਾਬੀ ਆਲੋਚਨਾ: ਸਰੂਪ ਅਤੇ ਸੰਭਾਵਨਾਵਾਂ, ਸੰਧੂ, ਸਤਿਨਾਮ ਸਿੰਘ, ਮਦਾਨ ਪਬਲਿਸ਼ਰਜ਼, ਪਟਿਆਲਾ, (1996)

7) ਵਿਹਾਰਕ ਸਮੀਖਿਆ(2005) ,ਪਟਿਆਲਾ ,ਪੰਜਾਬੀ ਯੂਨੀਵਰਸਿਟੀ ,ਸਤਿੰਦਰ ਸਿੰਘ ,

## ਮਹੱਤਵਪੂਰਨ ਲਿੰਕ

https://www.ntm.org.in/languages/punjabi/bibliography.aspx

ਉੱਤਰਮਾਲਾ

| | | | | |
|---|---|---|---|---|
| 1. ੳ | 2. ਸ | 3. ਅ | 4. ੲ | 5. ੳ |
| 6. ੲ | 7. ੳ | 8. ੳ | 9. ਅ | 10. ਅ |
| 11.ੳ | 12. ੳ | 13. ਅ | 14. ੲ | 15. ਸ |

DPBI543

# ਅਧਿਆਇ-6 : ਖੋਜ ਵਿਚ ਇੰਟਰਨੈੱਟ ਦਾ ਯੋਗਦਾਨ ਅਤੇ ਕਾਪੀ ਰਾਈਟਸ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਖੋਜ ਵਿਚ ਇੰਟਰਨੈੱਟ ਦੇ ਯੋਗਦਾਨ ਨੂੰ ਸਮਝਣ ਦੇ ਸਮਰੱਥ ਹੋਣਗੇ।
- ਕਾਪੀਰਾਈਟਸ ਦੇ ਪ੍ਰਯੋਜਨ ਅਤੇ ਮਹੱਤਵ ਤੋਂ ਜਾਣੂ ਹੋਣਗੇ।
- ਖੋਜ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।
- ਸਾਹਿਤ ਰੂਪਾਂ ਦਾ ਮੁਲਾਂਕਣ ਕਰ ਸਕਣ ਦੇ ਯੋਗ ਹੋਣਗੇ।

## ਪ੍ਰਸਤਾਵਨਾ:

ਸਾਹਿਤ ਇੱਕ ਅਜਿਹਾ ਸਾਧਨ ਹੈ ਜਿਸ ਰਾਹੀ ਮਨੁੱਖ ਦੇ ਮਨੋਭਾਵਾਂ, ਮਨੋਵੇਗਾਂ ਅਤੇ ਸਮਾਜਿਕ ਯਥਾਰਥ ਦਾ ਕਲਾਤਮਕ ਪਗਟਾਵਾ ਹੁੰਦਾ ਹੈ। ਸਾਹਿਤ ਹਮੇਸ਼ਾ ਹੀ ਕਿਸੇ ਸਕਾਰਾਤਮਕ ਉਦੇਸ਼ ਦਾ ਧਾਰਨੀ ਹੁੰਦਾ ਹੈ। ਸਮਾਜ ਵਿੱਚ ਆਰਥਿਕ, ਸਮਾਜਕ, ਰਾਜਨੀਤਿਕ, ਧਾਰਮਿਕ ਘਟਨਾਵਾਂ, ਜਦੋ ਮਨੁੱਖੀ ਮਨੋਭਾਵਾਂ ਨਾਲ ਟਕਰਾਉਂਦੀਆਂ ਹਨ ਤਾਂ ਸਾਹਿਤ ਪੈਦਾ ਹੁੰਦਾ ਹੈ। ਲੇਖਕ ਸਮਾਜ ਦੇ ਯਥਾਰਥ ਵਿੱਚ ਕਾਲਪਨਿਕ ਅੰਸ਼ ਪਾ ਕੇ ਸਾਹਿਤਕ ਰਚਨਾ ਦੀ ਉਤਪਤੀ ਕਰਦਾ ਹੈ। ਇਸ ਅਧਿਆਇ ਦਾ ਮੁਖ ਉਦੇਸ਼ ਵਿਦਿਆਰਥੀਆਂ ਨੂੰ ਸਾਹਿਤ ਦੀ ਪਰਿਭਾਸ਼ਾ, ਸਰੂਪ ਅਤੇ ਤੱਤਾਂ ਦੀ ਜਾਣਕਾਰੀ ਦੇਣਾ ਹੈ; ਤਾਂ ਕਿ ਵਿਦਿਆਰਥੀ ਸਾਹਿਤ ਦੀ ਪ੍ਰਕਿਰਤੀ ਨੂੰ ਸਮਝ ਸਕਣ। ਇਸ ਅਧਿਆਇ ਵਿਚ ਸਾਹਿਤ ਦੇ ਪ੍ਰਯੋਜਨ ਸਬੰਧੀ ਭਰਪੂਰ ਚਰਚਾ ਕੀਤੀ ਗਈ ਹੈ ਜਿਸ ਨਾਲ ਵਿਦਿਆਰਥੀ ਸਾਹਿਤ ਦੇ ਮੰਤਵ ਨੂੰ ਸਮਝਦਿਆਂ ਸਾਹਿਤ-ਰੂਪਾਂ ਦਾ ਮੁਲਾਂਕਣ ਕਰ ਸਕਣ ਦੇ ਸਮਰੱਥ ਹੋਣਗੇ।

## ਵਿਸ਼ਾ ਵਸਤੂ:

ਇੰਟਰਨੈੱਟ ਨੂੰ ਕਿਸੇ ਇੱਕ ਵਿਅਕਤੀ ਨੇ ਨਹੀਂ ਬਣਾਇਆ। ਇਸ ਦੀ ਸ਼ੁਰੂਆਤ 1960-1970 ਦੇ ਵਿਚਕਾਰ ਅਮਰੀਕਾ ’ਚ ਹੋਈ, ਜਦੋਂ ਕੁਝ ਵਿਗਿਆਨੀਆਂ ਅਤੇ ਸੁਰੱਖਿਆ ਏਜੰਸੀਆਂ ਨੇ ਮਿਲ ਕੇ ਅਰਪਾਨੈੱਟ (ARPANET) ਭਾਵ ਐਡਵਾਂਸ ਰਿਸਰਚ ਪ੍ਰੋਜੈਕਟ ਏਜੰਸੀ ਨੈੱਟਵਰਕ ਬਣਾਇਆ, ਜਿਸ ਲਈ ਦੋ ਵਿਅਕਤੀਆਂ ਵਿੰਟ ਸੈਰਫ ਅਤੇ ਬੌਬ ਕਾਹਨ ਦਾ ਨਾਂ ਸਭ ਤੋਂ ਉੱਪਰ ਹੈ। ਉਦੋਂ ਸਿਰਫ ਚਾਰ ਕੰਪਿਊਟਰਾਂ ਨੂੰ ਆਪਸ ਵਿੱਚ ਜੋੜ ਕੇ ਇੱਕ ਨੈੱਟਵਰਕ ਬਣਾ ਕੇ ਡੇਟਾ ਸਾਂਝਾ ਕੀਤਾ ਗਿਆ। ਫਿਰ ਅਮਰੀਕਾ ਦੀਆਂ ਹੋਰ ਯੂਨੀਵਰਸਿਟੀਆਂ ਨੂੰ ਇਸ ਨੈੱਟਵਰਕ ਵਿਚ ਸ਼ਾਮਲ ਹੋ ਕੇ ਡੇਟਾ ਸ਼ੇਅਰ ਕਰਨ ਲਈ ਕਿਹਾ ਗਿਆ। ਸ਼ੁਰੂ ਵਿੱਚ ਇਸ ਨੂੰ ਸਿਰਫ ਸੰਚਾਰ, ਖੋਜ ਅਤੇ ਖੁਫੀਆ ਜਾਣਕਾਰੀ ਦੇ ਵਟਾਂਦਰੇ ਲਈ ਬਣਾਇਆ ਸੀ। ਸਮਾਂ ਲੰਘਣ ’ਤੇ ਨਵੀਆਂ ਤਕਨੀਕਾਂ ਦੀ ਖੋਜ ਹੋਣ ਕਰਕੇ ਇਸ ਵਿੱਚ ਸੁਧਾਰ ਹੁੰਦਾ ਗਿਆ ਤੇ ਇਸ ਦਾ ਜਾਲ ਪੂਰੀ ਦੁਨੀਆਂ ਵਿੱਚ ਫੈਲ ਗਿਆ। ਭਾਰਤ ਵਿੱਚ ਇਸ ਦੀ ਸ਼ੁਰੂਆਤ 15 ਅਗਸਤ, 1995 ਨੂੰ ਬੀਐਸਐਨਐਲ ਨੇ ਕੀਤੀ ਅਤੇ ਸ਼ੁਰੂਆਤ ਵਿੱਚ ਇਸ ਦੀ ਵਰਤੋਂ ਕਰਨ ਵਾਲੇ ਸਿਰਫ ਇੱਕ ਹਜ਼ਾਰ ਦੇ ਕਰੀਬ ਯੂਜ਼ਰ ਸਨ। ਇੰਟਰਨੈੱਟ ਕਿਸੇ ਉਪਗ੍ਰਹਿ (ਸੈਟੇਲਾਈਟ) ਰਾਹੀਂ ਕੰਮ ਨਹੀਂ ਕਰਦਾ, ਕਿਉਂਕਿ ਸੰਚਾਰ ਲਈ ਪੁਲਾੜ ਵਿੱਚ ਛੱਡੇ ਗਏ ਉਪਗ੍ਰਹਿ ਧਰਤੀ ਦੀ ਭੂ-ਮੱਧ ਰੇਖਾ ਤੋਂ 22 ਹਜ਼ਾਰ ਮੀਲ ਤੋਂ ਵੀ ਵੱਧ ਫ਼ਾਸਲੇ ’ਤੇ ਹਨ, ਜਿਸ ਕਰਕੇ ਸਿਗਨਲ ਨੂੰ ਧਰਤੀ ਤੋਂ ਸੈਟੇਲਾਈਟ ਤੱਕ ਜਾਣ ਤੇ ਫਿਰ ਵਾਪਸ ਧਰਤੀ ’ਤੇ ਆਉਣ ਲਈ ਕਰੀਬ 44 ਹਜ਼ਾਰ ਮੀਲ ਦਾ ਸਫਰ ਤੈਅ ਕਰਨਾ ਪਵੇਗਾ, ਜੋ ਇੰਟਰਨੈੱਟ ਦੀ ਸਪੀਡ ਲਈ ਉਚਿਤ ਨਹੀਂ। ਦੁਨੀਆਂ ਵਿੱਚ 95 ਫ਼ੀਸਦੀ ਦੇ ਕਰੀਬ ਇੰਟਰਨੈੱਟ ਆਪਟੀਕਲ ਫਾਈਬਰ ਕੇਬਲਾਂ ਰਾਹੀਂ ਚੱਲਦਾ ਹੈ। ਇਨ੍ਹਾਂ ਕੇਬਲਾਂ ਵਿੱਚ ਸਾਡੇ ਵਾਲਾਂ ਦੇ ਸਮਾਨ ਸ਼ੀਸ਼ੇ ਦੇ ਬਣੇ ਹੋਏ ਇੱਕ ਬਰੀਕ ਪਾਈਪ ਦੀ ਤਰ੍ਹਾਂ ਸੈਂਕੜੇ ਦੀ ਗਿਣਤੀ ਵਿੱਚ ਰੇਸ਼ੇ ਹੁੰਦੇ ਹਨ, ਜੋ ਸਿਗਨਲ ਨੂੰ ਇੱਕ ਤੋਂ ਦੂਜੀ ਥਾਂ ਰੋਸ਼ਨੀ ਦੀ ਸਪੀਡ ਨਾਲ ਪਹੁੰਚਾਉਦੇ ਹਨ। ਇਨ੍ਹਾਂ ਆਪਟੀਕਲ ਫਾਈਬਰ ਕੇਬਲਾਂ ਨਾਲ ਦੁਨੀਆ ਦੇ ਸਾਰੇ ਦੇਸ਼ਾਂ ਨੂੰ ਜ਼ਮੀਨ ਅਤੇ ਸਮੁੰਦਰ ਦੇ ਰਸਤੇ ਆਪਸ ਵਿੱਚ ਮਿਲਾਇਆ ਗਿਆ ਹੈ। ਇੰਟਰਨੈੱਟ ਦਾ ਭਾਵੇਂ ਕੋਈ ਇਕ ਮਾਲਕ ਨਹੀਂ, ਪਰ ਇਸ ਨੂੰ ਮੁੱਖ ਤੌਰ ’ਤੇ ਤਿੰਨ ਤਰ੍ਹਾਂ ਦੀਆਂ ਕੰਪਨੀਆਂ ਮਿਲ ਕੇ ਚਲਾਉਂਦੀਆਂ ਹਨ। ਇਹ ਹਨ, ਟੀਆਰ-1 ਕੰਪਨੀਆਂ, ਟੀਆਰ-2 ਤੇ ਟੀ.ਆਰ-3 ਕੰਪਨੀਆਂ ਜੋ ਸੁਮੰਦਰ ਤੋਂ ਲੈ ਕੇ ਵੱਖ-ਵੱਖ ਦੇਸ਼ਾਂ ਤੇ ਦੇਸ਼ ਦੇ ਵੱਖ-ਵੱਖ ਇਲਾਕਿਆਂ ਵਿੱਚ ਆਪਟੀਕਲ ਫਾਈਬਰ ਕੇਬਲਾਂ ਵਿਛਾਉਂਦੀਆਂ ਹਨ ਤੇ ਇਨ੍ਹਾਂ ਨੂੰ ਅਗਾਂਹ ਟਾਵਰਾਂ ਆਦਿ ਨਾਲ ਜੋੜਦੀਆਂ ਹਨ। ਜੇ ਤੁਸੀਂ ਇੰਟਰਨੈੱਟ ਦੀ ਵਰਤੋਂ ਕਰਕੇ ਗੂਗਲ ’ਤੇ ਕੋਈ ਵੀਡੀਓ ਦੇਖ ਰਹੇ ਹੋ ਤਾਂ ਮਤਲਬ ਹੈ ਕਿ ਤੁਸੀਂ ਆਪਟੀਕਲ ਫਾਈਬਰ ਕੇਬਲਾਂ ਰਾਹੀਂ ਗੂਗਲ ਦੇ ਕੈਲੀਫੋਰਨੀਆ (ਅਮਰੀਕਾ) ਵਿਚਲੇ ਡੇਟਾ ਸੈਂਟਰ ਨਾਲ ਜੁੜੇ ਹੋਏ ਹੋ।

ਇੰਟਰਨੈੱਟ ਜਾਂ ਅੰਤਰਜਾਲ ਆਪਸ ਵਿੱਚ ਜੁੜੇ ਕੰਪੀਊਟਰੀ ਜਾਲਾਂ ਦਾ ਇੱਕ ਸਰਬ-ਵਿਆਪੀ ਪ੍ਰਬੰਧ ਹੈ ਜੋ ਦੁਨੀਆ ਭਰ ਦੇ ਕਰੋੜਾਂ ਜੰਤਰਾਂ ਨੂੰ ਜੋੜਨ ਵਾਸਤੇ ਮਿਆਰੀ ਇੰਟਰਨੈੱਟ ਮਸੌਦੇ ਦੇ ਸਿਲਸਿਲੇ ਦੀ ਵਰਤੋਂ ਕਰਦਾ ਹੈ। ਇਹ ਇੱਕ ਕੌਮਾਂਤਰੀ ਜਾਲ਼ਾਂ ਦਾ ਜਾਲ਼ ਹੈ ਜਿਸ ਵਿੱਚ ਲੱਖਾਂ ਨਿੱਜੀ, ਜਨਤਕ, ਸਿੱਖਿਅਕ, ਕਾਰੋਬਾਰੀ ਅਤੇ ਸਰਕਾਰੀ ਜਾਲ਼ ਬਿਜਲਾਣੂ, ਤਾਰਹੀਣ ਅਤੇ ਪ੍ਰਕਾਸ਼ੀ ਜਾਲ਼ ਟੈਕਨਾਲੋਜੀਆਂ ਦੀ ਮੁਕੰਮਲ ਤਰਤੀਬ ਰਾਹੀਂ ਜੁੜੇ ਹੋਏ ਹਨ। ਇੰਟਰਨੈੱਟ ਉੱਤੇ ਜਾਣਕਾਰੀ ਸੋਮਿਆਂ ਅਤੇ ਸੇਵਾਵਾਂ ਦੀ ਖੁੱਲ੍ਹੀ-ਚੌੜੀ ਮੌਜੂਦਗੀ ਹੈ ਜਿਵੇਂ ਕਿ ਵਰਲਡ ਵਾਈਡ ਵੈੱਬ ਦੇ ਆਪਸ 'ਚ ਜੁੜੇ ਹੋਏ ਹਾਈਪਰਟੈਕਸਟ ਦਸਤਾਵੇਜ਼ ਅਤੇ ਐਪਲੀਕੇਸ਼ਨਾਂ, ਈਮੇਲ (ਬਿਜਲਾਣੂ ਡਾਕ) ਦੀ ਸਹਾਇਤਾ ਵਾਸਤੇ ਬੁਨਿਆਦੀ ਢਾਂਚਾ ਅਤੇ ਫ਼ਾਈਲਾਂ ਸਾਂਝੀਆਂ ਕਰਨ ਅਤੇ ਫ਼ੋਨ ਕਰਨ ਵਾਸਤੇ ਆਦਮੀ-ਤੋਂ-ਆਦਮੀ ਜਾਲ਼ ਇੰਟਰਨੈੱਟ ਦਾ ਜਾਲ਼।

ਇੰਟਰਨੈੱਟ ਦੀ ਬੁਨਿਆਦ 1960 ਦੇ ਦਹਾਕੇ ਵਿੱਚ ਸੰਯੁਕਤ ਰਾਜ ਦੀ ਸਰਕਾਰ ਵੱਲੋਂ ਕੰਪਿਊਟਰੀ ਜਾਲਾਂ ਰਾਹੀਂ ਤਕੜੇ ਅਤੇ ਨੁਕਸ ਸਹਿਣਯੋਗ ਆਵਾਜਾਈ ਬਣਾਉਣ ਦੇ ਮਕਸਦ ਨਾਲ ਥਾਪੀ ਗਈ ਘੋਖ ਵਿੱਚ ਮੰਨੀ ਜਾਂਦੀ ਹੈ। ਭਾਵੇਂ ਇਸ ਕੰਮਾ ਨੇ, ਸੰਯੁਕਤ ਬਾਦਸ਼ਾਹੀ ਅਤੇ

ਫ਼ਰਾਂਸ ਵਿੱਚ ਹੋ ਰਹੇ ਕੰਮ ਸਮੇਤ, ਮੋਹਰੀ ਜਾਲਾਂ ਦੀ ਸਿਰਜਣਾ ਕੀਤੀ ਪਰ ਇਹ ਇੰਟਰਨੈੱਟ ਨਹੀਂ ਸਨ। ਇਸ ਬਾਰੇ ਕੋਈ ਇੱਕ-ਮੱਤ ਨਹੀਂ ਹੈ ਕਿ ਅਜੋਕਾ ਇੰਟਰਨੈੱਟ ਕਦੋਂ ਹੋਂਦ ਵਿੱਚ ਆਇਆ ਪਰ ਕਈ ਵਾਰ 1980 ਦੇ ਦਹਾਕੇ ਦੀ ਸ਼ੁਰੂਆਤ ਤੋਂ ਲੈ ਕੇ ਅੱਧ ਤੱਕ ਦੇ ਸਮੇਂ ਨੂੰ ਵਾਜਬ ਮੰਨਿਆ ਜਾਂਦਾ ਹੈ।[2] ਇਸ ਸਮੇਂ ਮਗਰੋਂ ਆਉਂਦੇ ਦਹਾਕਿਆਂ ਵਿੱਚ ਇਸ ਜਾਲ਼ ਵਿੱਚ ਅਦਾਰਕ, ਨਿੱਜੀ ਅਤੇ ਮੋਬਾਈਲ ਕੰਪਿਊਟਰਾਂ ਦੀਆਂ ਪੀੜ੍ਹੀਆਂ ਜੁੜਨ ਨਾਲ਼ ਸ਼ਾਨਦਾਰ ਵਾਧਾ ਹੋਇਆ

ਡਾ. ਸੀ.ਪੀ. ਕੰਬੋਜ ਅਨੁਸਾਰ

ਇੰਟਰਨੈੱਟ ਦੁਨੀਆ ਦੇ ਬਹੁਤ ਸਾਰੇ ਕੰਪਿਊਟਰਾਂ ਦਾ ਇਕ ਵਿਸ਼ਾਲ ਜਾਲ ਹੈ। ਇਸ ਰਾਹੀਂ ਅਸੀਂ ਸੂਚਨਾਵਾਂ ਦਾ ਅਦਾਨ-ਪ੍ਰਦਾਨ ਕਰ ਸਕਦੇ ਹਾਂ। ਇੰਟਰਨੈੱਟ ਸਾਨੂੰ ਬੇਮਿਸਾਲ ਸੁਵਿਧਾਵਾਂ ਪ੍ਰਦਾਨ ਕਰਵਾਉਂਦਾ ਹੈ। ਇਹ ਸੂਚਨਾਵਾਂ ਸਾਡੇ ਸਕੂਲੀ ਪਾਠਕ੍ਰਮ ਤੋਂ ਲੈ ਕੇ ਜ਼ਿੰਦਗੀ ਦੇ ਹਰੇਕ ਖੇਤਰ ਨਾਲ ਸਬੰਧਿਤ ਹੋ ਸਕਦੀਆਂ ਹਨ। ਇੰਟਰਨੈੱਟ ਰਾਹੀਂ ਅਸੀਂ ਆਪਣੇ ਘਰ ਬੈਠੇ ਵਸਤੂਆਂ ਦੀ ਖਰੀਦੋ-ਫਰੋਖਤ ਕਰ ਸਕਦੇ ਹਾਂ। ਇੰਟਰਨੈੱਟ ਰਾਹੀਂ ਔਡੀਓ/ਵੀਡੀਓ ਜਾਂ ਲਿਖਤ ਸੰਦੇਸ਼ ਭੇਜਣੇ ਬਹੁਤ ਆਸਾਨ ਹੋ ਗਏ ਹਨ। ਇਹ ਇਕ ਅਜਿਹੀ ਬੇਮਿਸਾਲ ਸੁਵਿਧਾ ਹੈ ਜਿਸ ਰਾਹੀਂ ਸਮੇਂ ਅਤੇ ਧਨ ਦੀ ਕਾਫ਼ੀ ਬੱਚਤ ਹੁੰਦੀ ਹੈ।

ਇੰਟਰਨੈੱਟ ਕੰਪਿਊਟਰਾਂ ਦਾ ਇਕ ਵਿਸ਼ਵ ਵਿਆਪੀ ਨੈੱਟਵਰਕ (ਜਾਲ) ਹੁੰਦਾ ਹੈ। ਇਹ ਇਕ ਅਜਿਹਾ ਮਾਧਿਅਮ ਹੈ ਜਿਸ ਦੀ ਮਦਦ ਨਾਲ ਪੂਰੀ ਦੁਨੀਆ ਵਿਚਲੇ ਕੰਪਿਊਟਰਾਂ ਨਾਲ ਜੁੜ ਕੇ ਸੂਚਨਾਵਾਂ ਦਾ ਅਦਾਨ-ਪ੍ਰਦਾਨ ਕਰਵਾਇਆ ਜਾ ਸਕਦਾ ਹੈ। ਈ-ਮੇਲ , ਵੈੱਬਸਾਈਟ ਆਦਿ ਇੰਟਰਨੈੱਟ ਦੁਆਰਾ ਪ੍ਰਦਾਨ ਕਰਵਾਈਆਂ ਜਾਣ ਵਾਲੀਆਂ ਸੁਵਿਧਾਵਾਂ ਹਨ।

ਡਾ. ਸੀ.ਪੀ. ਕੰਬੋਜ ਇੰਟਰਨੈੱਟ ਦੇ ਇਤਿਹਾਸ ਬਾਰੇ ਲਿਖਦੇ ਹਨ ਕਿ ਇੰਟਰਨੈੱਟ ਦੇ ਇਤਿਹਾਸ ਦੀਆਂ ਤੰਦਾਂ ਅਮਰੀਕਾ ਦੀ ਐਡਵਾਂਸ ਰਿਸਰਚ ਪ੍ਰੋਜੈਕਟ ਏਜੰਸੀ (ARPA) ਦੀ ਅਰਪਾਨੈੱਟ (ARPANET) ਪ੍ਰਣਾਲੀ ਨਾਲ ਜੁੜੀਆਂ ਹੋਈਆਂ ਹਨ। ਸਾਲ 1969 ਦੇ ਕਰੀਬ ਇੰਟਰਨੈੱਟ ਬਾਰੇ ਮੁੱਢਲਾ ਗਿਆਨ ਅਰਪਾਨੈੱਟ ਤੋਂ ਪ੍ਰਾਪਤ ਹੋਇਆ ਜਿਸ ਦੀ ਵਰਤੋਂ ਯੂਨੀਵਰਸਿਟੀਆਂ ਅਤੇ ਖੋਜ ਸੰਸਥਾਵਾਂ ਨੂੰ ਸੂਚਨਾਵਾਂ ਦੇ ਸੰਚਾਰ ਲਈ ਆਪਸ ਵਿੱਚ ਜੋੜਿਆ ਜਾਣਾ ਸੀ। ਸਾਲ 1989 ਵਿੱਚ ਅਮਰੀਕਾ ਨੇ ਇੰਟਰਨੈੱਟ ਨੂੰ ਵਪਾਰਿਕ ਵਰਤੋਂ ਲਈ ਪ੍ਰਵਾਨਗੀ ਦੇ ਦਿੱਤੀ।

ਭਾਰਤ ਵਿੱਚ ਇੰਟਰਨੈੱਟ ਦੀ ਸ਼ੁਰੂਆਤ 15 ਅਗਸਤ 1995 ਵਿੱਚ ਹੋਈ। ਇਹ ਸੇਵਾ ਭਾਰਤ ਦੀ ਪਹਿਲੀ ਸਭ ਤੋਂ ਵੱਡੀ ਸੰਚਾਰ ਕੰਪਨੀ ਵਿਦੇਸ਼ ਸੰਚਾਰ ਨਿਗਮ ਲਿਮਟਿਡ (VSNL) ਨੇ ਭਾਰਤ ਸੰਚਾਰ ਨਿਗਮ ਲਿਮਟਿਡ (BSNL) ਦੀ ਮਦਦ ਨਾਲ ਸ਼ੁਰੂ ਕੀਤੀ।

ਇੰਟਰਨੈੱਟ ਜਾਂ ਨੈੱਟਵਰਕ ਦੀਆਂ ਆਪਣੀਆਂ ਲਾਭ ਤੇ ਹਾਨੀਆਂ ਹਨ। ਇਸ ਬਾਰੇ ਇਸ ਵਿਸ਼ੇ ਦੇ ਮਾਹਿਰ ਡਾ. ਸੀ.ਪੀ. ਕੰਬੋਜ ਦੀ ਪੰਜਾਬੀ ਪੀਡੀਆ ਦੀ ਲਿਖਤ ਬਹੁਤ ਸਰਲਤਾ ਨਾਲ ਚਾਨਣਾ ਪਾਉਂਦੀ ਹੈ। ਉਹ ਲਿਖਦੇ ਹਨ :

ਨੈੱਟਵਰਕ ਦੇ ਅਨੇਕਾਂ ਲਾਭ ਹਨ। ਜਿਵੇਂ ਕਿ ਸ੍ਰੋਤਾਂ ਦੀ ਸਾਂਝਦਾਰੀ, ਭਰੋਸੇਯੋਗਤਾ ਅਤੇ ਪੈਸੇ ਦੀ ਬਚਤ ਆਦਿ। ਪਰ ਇਸ ਦੇ ਨਾਲ-ਨਾਲ ਇਸ ਦੀਆਂ ਹਾਨੀਆਂ ਜਾਂ ਨੁਕਸਾਨਾਂ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ।

ਨੈੱਟਵਰਕ ਦੇ ਲਾਭ ਹੇਠਾਂ ਲਿਖੇ ਅਨੁਸਾਰ ਹਨ:

1. ਨੈੱਟਵਰਕ ਰਾਹੀਂ ਤੁਸੀਂ ਅੰਕੜਿਆਂ, ਪ੍ਰੋਗਰਾਮਾਂ ਅਤੇ ਵੱਖ-ਵੱਖ ਸ੍ਰੋਤਾਂ ਦੀ ਸਾਂਝ ਕਰ ਸਕਦੇ ਹੋ।

2. ਨੈੱਟਵਰਕ ਸੰਚਾਰ ਦਾ ਇਕ ਵਿਸ਼ਾਲ ਮਾਧਿਅਮ ਹੈ।

3. ਨੈੱਟਵਰਕ ਰਾਹੀਂ ਫਾਈਲਾਂ ਦੀ ਅਖੰਡਤਾ (ਇੰਟੀਗ੍ਰੇਟੀ) ਬਣੀ ਰਹਿੰਦੀ ਹੈ ਜਿਸ ਨਾਲ ਫਾਈਲਾਂ ਦੀ ਵਰਤੋਂ ਅਤੇ ਸਾਂਝ ਤੇਜ਼ੀ ਨਾਲ ਹੋ ਸਕਦੀ ਹੈ।

4. ਨੈੱਟਵਰਕ ਸਾਨੂੰ ਸੁਰੱਖਿਆ ਮੁਹੱਈਆ ਕਰਵਾਉਂਦਾ ਹੈ। ਨੈੱਟਵਰਕ ਨਾਲ ਜੁੜਿਆ ਵਰਤੋਂਕਾਰ ਸਿਰਫ਼ ਉਨ੍ਹਾਂ ਫਾਈਲਾਂ ਜਾਂ ਸ੍ਰੋਤਾਂ ਨੂੰ ਹੀ ਵਰਤ ਸਕਦਾ ਹੈ ਜਿਨ੍ਹਾਂ 'ਤੇ ਉਸ ਨੂੰ ਅਜਿਹੀ ਸੁਵਿਧਾ ਪ੍ਰਾਪਤ ਹੋਈ ਹੋਵੇ।

5. ਨੈੱਟਵਰਕ ਨਾਲ ਜੁੜੇ ਹੋਣ ਦੀ ਸੂਰਤ ਵਿੱਚ ਸਰਵਰ (ਕੇਂਦਰੀ ਕੰਪਿਊਟਰ) ਤੋਂ ਬੈਕਅਪ ਲੈਣਾ ਅਸਾਨ ਹੁੰਦਾ ਹੈ।

6. ਨੈੱਟਵਰਕ ਵਿੱਚ ਅਸੀਂ ਅਲੱਗ-ਅਲੱਗ ਯੰਤਰਾਂ/ਟੂਲਜ਼ ਆਦਿ ਨੂੰ ਜੋੜ ਕੇ ਸੰਚਾਰ ਕਰਵਾ ਸਕਦੇ ਹਾਂ। ਸੋ ਇਸ ਵਿੱਚ ਲਚਕੀਲਾਪਣ (ਫਲੈਕਸੀਬਿਲਟੀ) ਦਾ ਵਿਸ਼ੇਸ਼ ਗੁਣ ਹੈ।

7. ਭਰੋਸੇਯੋਗਤਾ ਨੈੱਟਵਰਕ ਦਾ ਇਕ ਮਹੱਤਵਪੂਰਨ ਗੁਣ ਹੈ। ਨੈੱਟਵਰਕ ਸਾਨੂੰ ਬਹੁਤ ਸਾਰੇ ਸ੍ਰੋਤਾਂ ਤੱਕ ਪਹੁੰਚ ਕਰਨ ਦਾ ਭਰੋਸਾ ਦਿਵਾਉਂਦਾ ਹੈ।

8. ਨੈੱਟਵਰਕ ਦੀ ਮਦਦ ਨਾਲ ਅਸੀਂ ਕੰਪਿਊਟਰ ਦੇ ਵੱਖ-ਵੱਖ ਇਨਪੁਟ ਅਤੇ ਆਉਟਪੁਟ ਸਾਧਨਾਂ ਨਾਲ ਸਾਂਝ ਕਰ ਸਕਦੇ ਹਾਂ। ਸੋ ਨੈੱਟਵਰਕ ਸਾਨੂੰ ਫ਼ਾਲਤੂ ਦੇ ਖ਼ਰਚ ਤੋਂ ਬਚਾਉਂਦਾ ਹੈ।

ਨੈੱਟਵਰਕ ਦੀਆਂ ਹੋਰ ਵੀ ਅਨੇਕਾਂ ਵਿਸ਼ੇਸ਼ਤਾਵਾਂ ਜਾਂ ਲਾਭ ਹਨ ਪਰ ਇਹਨਾਂ ਦੇ ਨਾਲ-ਨਾਲ ਇਸ ਦੇ ਕੁਝ ਨੁਕਸਾਨ ਵੀ ਹਨ ਜੋ ਕਿ ਹੇਠਾਂ ਲਿਖੇ ਅਨੁਸਾਰ ਹਨ :

1. ਨੈੱਟਵਰਕ ਉੱਤੇ ਸੁਰੱਖਿਆ ਦਾ ਸਭ ਤੋਂ ਵੱਡਾ ਖ਼ਤਰਾ ਬਣਿਆ ਰਹਿੰਦਾ ਹੈ। ਅੱਜ ਕੰਪਿਊਟਰ ਹੈਕਰਸਅਤੇ ਕਰੈਕਰਸ ਦੁਆਰਾ ਨੈੱਟਵਰਕ ਵਿੱਚ ਗੈਰ-ਕਾਨੂੰਨੀ ਤੌਰ ਤੇ ਪ੍ਰਵੇਸ਼ ਕਰਕੇ ਅੰਕੜੇ ਚੋਰੀ ਕਰਨ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ।

2. ਜਦੋਂ ਨੈੱਟਵਰਕ ਇਕ ਵਾਰ ਬੰਦ ਹੋ ਜਾਵੇ ਤਾਂ ਸਾਰੀਆਂ ਕੇਂਦਰੀ ਸੁਵਿਧਾਵਾਂ ਠੱਪ ਹੋ ਜਾਂਦੀਆਂ ਹਨ।

3. ਜੇਕਰ ਨੈੱਟਵਰਕ ਵਿਆਪਕ ਹੋਵੇ ਤਾਂ ਇਸ ਦਾ ਪ੍ਰਬੰਧ ਕਰਨਾ ਬਹੁਤ ਔਖਾ ਹੁੰਦਾ ਹੈ।

ਇੰਟਰਨੈੱਟ ਦੀ ਵਰਤੋਂ ਸਮੇਂ ਸਾਵਧਾਨੀਆਂ ਸਰੋਤ : ਕੰਪਿਊਟਰ ਵਿਗਿਆਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
Cautions during the use of Internet

1. ਇੰਟਰਨੈੱਟ ਉੱਤੇ ਵਾਈਰਸ ਪ੍ਰਭਾਵਿਤ ਡਾਟੇ ਅਤੇ ਹੈੱਕਰਸ ਤੋਂ ਬਚਣ ਲਈ ਸੁਰੱਖਿਆ ਦੀ ਬਹੁਤ ਲੋੜ ਹੈ। ਈ-ਮੇਲ ਅਟੈਚਮੈਂਟ ਨੂੰ ਸਿਰਫ਼ ਉਦੋਂ ਹੀ ਖੋਲ੍ਹਣਾ ਚਾਹੀਦਾ ਹੈ ਜਦੋਂ ਤੁਹਾਨੂੰ ਅਗਲੇ (ਵਰਤੋਂਕਾਰ) ਉੱਤੇ ਪੂਰਨ ਵਿਸ਼ਵਾਸ ਹੋਵੇ।

2. ਜੇਕਰ ਨੈੱਟਵਰਕਿੰਗ ਰਾਹੀਂ ਤੁਸੀਂ ਡਾਟਾ ਸ਼ੇਅਰਿੰਗ ਕਰਦੇ ਹੋ ਤਾਂ ਇਸ ਦਾ ਵੀ ਸਾਵਧਾਨੀ ਨਾਲ ਉਪਯੋਗ ਕਰੋ ।

3. ਸਿਰਫ਼ ਤਸੱਲੀਬਖ਼ਸ਼ ਵੈੱਬਸਾਈਟਾਂ ਤੋਂ ਹੀ ਸਮੱਗਰੀ ਡਾਊਨਲੋਡ ਕਰੋ।

4. ਚੈਟਿੰਗ ਕਰਦੇ ਸਮੇਂ ਸਾਵਧਾਨ ਰਹੋ ਤੇ ਭੱਦੀ ਜਾਂ ਅਸ਼ਲੀਲ ਸ਼ਬਦਾਵਲੀ ਤੋਂ ਗੁਰੇਜ ਕਰਦਿਆਂ ਪ੍ਰਯੋਗਕਰਤਾ ਦਾ ਸਨਮਾਨ ਕਰੋ।

5. ਜੇਕਰ ਤੁਸੀਂ ਲੈਂਡ-ਲਾਈਨ ਫੋਨ ਰਾਹੀਂ ਨੈੱਟ ਦਾ ਇਸਤੇਮਾਲ ਕਰ ਰਹੇ ਹੋ ਤੇ ਤੁਹਾਨੂੰ ਲਾਈਨਾਂ ਦੇ ਵਿਅਸਤ ਹੋਣ ਦੀ ਸਮੱਸਿਆ ਨਾਲ ਝੇਲਣਾ ਪੈ ਰਿਹਾ ਹੈ ਤਾਂ ਇਸ ਦਾ ਇਲਾਜ ਇਹੀ ਹੈ ਕਿ ਤੁਸੀਂ ਨੈੱਟ ਸਿਰਫ਼ ਉਦੋਂ ਹੀ ਇਸਤੇਮਾਲ ਕਰੋ ਜਦੋਂ ਲਾਈਨਾਂ ਵਿਅਸਤ ਨਾ ਹੋਣ।

6. ਆਪਣੀ ਈ-ਮੇਲ ਨੂੰ ਪਾਸਵਰਡ ਨਾਲ ਸੁਰੱਖਿਅਤ ਰੱਖੋ। ਈ-ਮੇਲ ਦਾ ਪਾਸਵਰਡ ਅਜਿਹਾ ਹੋਣਾ ਚਾਹੀਦਾ ਹੈ ਜੋ ਯਾਦ ਰੱਖਣ 'ਚੋਂ ਤੁਹਾਡੇ ਲਈ ਸੌਖਾ ਪਰ ਦੂਸਰਿਆਂ ਲਈ ਔਖਾ ਹੋਵੇ।

7. ਇੰਟਰਨੈੱਟ ਨਾਲ ਜੁੜਨ ਲਈ ਵੀ ਪਾਸਵਰਡ ਲਗਾ ਕੇ ਰੱਖੋ। ਜੇਕਰ ਤੁਸੀਂ ਅਜਿਹਾ ਨਹੀਂ ਕਰਦੇ ਤਾਂ ਤੁਹਾਡੇ ਪਾਸਵਰਡ ਦੀ ਵਰਤੋਂ ਕਰਕੇ ਕੋਈ ਤੁਹਾਡੇ ਖਾਤੇ ਰਾਹੀਂ ਇੰਟਰਨੈੱਟ ਵਰਤ ਸਕਦਾ ਹੈ।

8. ਜਦੋਂ ਤੁਸੀਂ ਨੈੱਟ ਬ੍ਰਾਊਜ਼ਰ ਜਿਵੇਂ ਇੰਟਰਨੈੱਟ ਐਕਸਪਲੋਰਰ ਤੋਂ ਬਾਹਰ ਆ ਜਾਂਦੇ ਹੋ ਤਾਂ ਇਹ ਜ਼ਰੂਰੀ ਨਹੀਂ ਕਿ ਤੁਹਾਡਾ ਇੰਟਰਨੈੱਟ ਵੀ ਬੰਦ ਹੋ ਜਾਵੇ। ਜਦੋਂ ਤੁਸੀਂ ਆਪਣਾ ਕੰਮ ਪੂਰਾ ਕਰ ਲਵੋ ਤਾਂ ਕੁਨੈਕਸ਼ਨ ਡਿਸਕੁਨੈਕਟ ਕਰ ਦਿਓ।

9. ਜੇਕਰ ਤੁਸੀਂ ਆਪਣਾ ਡੋਮੇਨ ਨੇਮ ਰਜਿਸਟਰ ਕਰਵਾਇਆ ਹੋਇਆ ਹੈ ਅਰਥਾਤ ਤੁਹਾਡੀ ਆਪਣੀ ਵੈੱਬਸਾਈਟ ਹੈ ਤਾਂ ਆਪਣੀ ਸਾਈਟ ਉੱਤੇ ਇਕਦਮ ਮਹੱਤਵਪੂਰਨ ਡਾਟਾ ਉਪਲਬਧ ਨਾ ਕਰਵਾਓ। ਜੇਕਰ ਗਾਹਕ ਜਾਂ ਵਰਤੋਂਕਾਰ ਤੁਹਾਡੇ ਤੋਂ ਵਿਸਤ੍ਰਿਤ ਜਾਣਕਾਰੀ ਮੰਗਦਾ ਹੈ ਤਾਂ ਉਸ ਦੀ ਪਹਿਚਾਣ ਕਰਕੇ ਹੀ ਅਗਲੀ ਜਾਣਕਾਰੀ ਉਪਲਬਧ ਕਰਵਾਉਣੀ ਚਾਹੀਦੀ ਹੈ। ਕਈ ਵਾਰ ਅਣ ਅਧਿਕਾਰਿਤ ਵਿਅਕਤੀ ਤੁਹਾਡੀ ਵੈੱਬਸਾਈਟ ਨੂੰ ਨੁਕਸਾਨ ਵੀ ਪਹੁੰਚਾ ਸਕਦੇ ਹਨ।

10. ਇੰਟਰਨੈੱਟ ਉੱਤੇ ਵਸਤਾਂ ਦੀ ਖ਼ਰੀਦੋ-ਫ਼ਰੋਖ਼ਤ, ਸੀਟਾਂ ਦੀ ਰਿਜ਼ਰਵੇਸ਼ਨ, ਈ-ਬੈਂਕਿੰਗ ਆਦਿ ਕੰਮ ਬੜੀ ਸਾਵਧਾਨੀ ਨਾਲ ਕਰੋ। ਪਾਸਵਰਡ ਲਗਾ ਕੇ ਰੱਖੋ। ਸੁਰੱਖਿਆ ਲਈ ਆਧੁਨਿਕ ਸਾਫਟਵੇਅਰ ਦਾ ਇਸਤੇਮਾਲ ਕਰੋ। ਕਰੈਡਿਟ ਕਾਰਡ, ਸਮਾਰਟ ਕਾਰਡ, ਈ-ਕਾਰਡ ਆਦਿ ਦੀ ਸੁਰੱਖਿਆ ਨੂੰ ਯਕੀਨੀ ਬਣਾਓ।

11. ਨੈੱਟ ਦੀਆਂ ਕਿਹੜੀਆਂ-ਕਿਹੜੀਆਂ ਸਾਈਟਾਂ ਤੋਂ ਕਿਹੜੀ-ਕਿਹੜੀ ਸਮੱਗਰੀ ਪ੍ਰਾਪਤ ਕਰਨੀ ਹੈ, ਬਾਰੇ ਪਹਿਲਾਂ ਨੋਟ ਕਰ ਲਵੋ। ਅਜਿਹਾ ਕਰਨ ਨਾਲ ਸਮਾਂ ਬਹੁਤ ਘੱਟ ਲੱਗੇਗਾ, ਤੇ ਪੈਸੇ ਦੀ ਬਰਬਾਦੀ ਨਹੀਂ ਹੋਵੇਗੀ ਤੇ ਤੁਸੀਂ ਇਕੋ ਬੈਠਕ ਵਿੱਚ ਹੀ ਬਹੁਤ ਸਾਰਾ ਕੰਮ ਕਰ ਸਕੋਗੇ।

12. ਕਈ ਈ-ਮੇਲ ਸੇਵਾਦਾਤਾ ਕੰਪਨੀਆਂ/ਵੈੱਬਸਾਈਟਾਂ ਇਕ ਨਿਰਧਾਰਿਤ ਸਮੇਂ ਮਗਰੋਂ ਗਾਹਕ ਵੱਲੋਂ ਆਪਣਾ ਈ-ਮੇਲ ਖਾਤਾ ਨਾ ਖੋਲ੍ਹਣ/ਚੈੱਕ ਕਰਨ ਦੀ ਸੂਰਤ ਵਿੱਚ ਖਾਤਾ ਬੰਦ ਕਰ ਦਿੰਦੀਆਂ ਹਨ। ਸੋ ਆਪਣੇ ਈ-ਮੇਲ ਅਕਾਊਂਟ ਨੂੰ ਇਕ ਨਿਰਧਾਰਿਤ ਸਮੇਂ ਬਾਅਦ ਜ਼ਰੂਰ ਚੈੱਕ ਕਰਦੇ ਰਹਿਣਾ ਚਾਹੀਦਾ ਹੈ।

13. ਤੁਹਾਡੇ ਕੰਪਿਊਟਰ ਵਿੱਚ ਇਕ ਵਧੀਆ ਕਿਸਮ ਦੇ ਐਂਟੀ ਵਾਈਰਸ ਸਾਫਟਵੇਅਰ ਦਾ ਹੋਣਾ ਬਹੁਤ ਜ਼ਰੂਰੀ ਹੈ। ਕਿਉਂਕਿ ਅੱਜ ਇੰਟਰਨੈੱਟ ਹੀ ਵਾਈਰਸ ਫੈਲਾਉਣ ਦਾ ਇਕ ਵੱਡਾ ਮਾਧਿਅਮ ਬਣ ਗਿਆ ਹੈ। ਸਮੇਂ-ਸਮੇਂ ਉੱਤੇ ਐਂਟੀ ਵਾਈਰਸ ਪ੍ਰੋਗਰਾਮ ਨੂੰ ਅਪ-ਡੇਟ ਵੀ ਕਰਦੇ ਰਹਿਣਾ ਚਾਹੀਦਾ ਹੈ।

ਕਾਪੀ ਰਾਈਟਸ

ਕਾਪੀ ਰਾਈਟਸ ਦਾ ਖੋਜ ਨਾਲ ਡੂੰਘਾ ਸੰਬੰਧ ਹੈ। **ਕਾਪੀਰਾਈਟ** ਇੱਕ ਕਾਨੂੰਨੀ ਹੱਕ ਹੈ ਜੋ ਇੱਕ ਅਸਲੀ ਕੰਮ ਦੇ ਨਿਰਮਾਤਾ ਨੂੰ ਇਸ ਦੀ ਵਰਤੋਂ ਅਤੇ ਵੰਡ ਲਈ ਵਿਸ਼ੇਸ਼ ਅਧਿਕਾਰ ਦਿੰਦਾ ਹੈ। ਇਹ ਆਮ ਤੌਰ ਤੇ ਸਿਰਫ ਸੀਮਿਤ ਸਮੇਂ ਲਈ ਹੁੰਦਾ ਹੈ ਨਿਰਪੱਖ ਅਧਿਕਾਰ ਸੰਪੂਰਨ

ਨਹੀਂ ਹਨ| ਕਾਪੀਰਾਈਟ ਸਿਰਫ ਵਿਚਾਰਾਂ ਦੀ ਮੂਲ ਪ੍ਰਗਤੀ ਦੀ ਰੱਖਿਆ ਕਰਦਾ ਹੈ, ਨਾ ਕਿ ਅੰਡਰਲਾਈਂਗ ਵਿਚਾਰਾਂ ਦੀ। ਕਾਪੀਰਾਈਟ ਬੌਧਿਕ ਸੰਪਤੀ ਦਾ ਇੱਕ ਰੂਪ ਹੈ, ਜੋ ਰਚਨਾਤਮਕ ਕੰਮ ਦੇ ਕੁਝ ਕਿਸਮਾਂ ਤੇ ਲਾਗੂ ਹੁੰਦਾ ਹੈ। ਕੁਝ, ਪਰ ਸਾਰੇ ਅਧਿਕਾਰ ਖੇਤਰਾਂ ਨੂੰ ਇੱਕ ਠੋਸ ਰੂਪ ਵਿੱਚ "ਫਿਕਸਿੰਗ" ਕਾਪੀਰਾਈਟ ਕੀਤੇ ਕੰਮ ਦੀ ਲੋੜ ਨਹੀਂ ਹੁੰਦੀ। ਇਹ ਅਕਸਰ ਕਈ ਲੇਖਕਾਂ ਵਿਚਾਲੇ ਸ਼ੇਅਰ ਕੀਤਾ ਜਾਂਦਾ ਹੈ| ਕਾਪੀਰਾਈਟਸ ਨੂੰ "ਖੇਤਰੀ ਅਧਿਕਾਰ" ਮੰਨਿਆ ਜਾਂਦਾ ਹੈ, ਜਿਸਦਾ ਮਤਲਬ ਹੈ ਕਿ ਉਹ ਕਿਸੇ ਵਿਸ਼ੇਸ਼ ਅਧਿਕਾਰ ਖੇਤਰ ਦੇ ਖੇਤਰ ਤੋਂ ਅੱਗੇ ਨਹੀਂ ਵਧਦੇ। ਕਾਪੀਰਾਈਟ ਕਨੂੰਨ ਦੇਸ਼ ਦੇ ਅਨੁਸਾਰ ਵੱਖ-ਵੱਖ ਹਨ। ਆਮ ਤੌਰ ਤੇ, ਕਾਪੀਰਾਈਟ ਦੀ ਮਿਆਦ ਲੇਖਕ ਦੇ ਜੀਵਨ ਨੂੰ 50 ਤੋਂ 100 ਸਾਲ ਮਤਲਬ ਕਿ, ਕਾਪੀਰਾਈਟ, ਵਿਸ਼ੇਸ਼ ਤੌਰ 'ਤੇ ਲੇਖਕ ਦੇ ਮਰਨ ਤੋਂ ਬਾਅਦ 50 ਤੋਂ 100 ਸਾਲ ਦੀ ਮਿਆਦ ਖਤਮ ਹੁੰਦੀ ਹੈ|

## ਸਾਰ-ਅੰਸ਼:

**ਸਾਡੀ ਰੋਜ਼ਾਨਾ ਜ਼ਿੰਦਗੀ ਦੇ ਬਹੁਤ ਸਾਰੇ ਕੰਮ ਇੰਟਰਨੈੱਟ ਦੇ ਨਾਲ ਜੁੜੇ ਹੋਏ ਹਨ। ਇਸ ਨੇ ਸਾਡੇ ਜੀਵਨ ਨੂੰ ਸੌਖਾ ਅਤੇ ਗਿਆਨਵਾਨ ਬਣਾ** ਦਿੱਤਾ ਹੈ। ਇਸ ਦੀ **ਮਦਦ ਨਾਲ ਅਸੀਂ ਕੋਈ ਜਾਣਕਾਰੀ ਮਿੰਟਾਂ ਵਿੱਚ ਪ੍ਰਾਪਤ ਕਰ ਸਕਦੇ ਹਾਂ। ਅੱਜ ਦੁਨੀਆਂ ਦਾ ਕੋਈ ਵੀ ਖੇਤਰ ਅਜਿਹਾ** ਨਹੀਂ ਜਿੱਥੇ ਇੰਟਰਨੈੱਟ ਦੀ ਵਰਤੋਂ ਨਾ ਹੁੰਦੀ ਹੋਵੇ। ਆਖ਼ਰ ਇੰਟਰਨੈੱਟ ਹੈ ਕੀ? ਇੰਟਰਨੈੱਟ ਭਾਵ ਦੋ ਜਾਂ ਦੋ ਤੋਂ ਵੱਧ ਕੰਪਿਊਟਰਾਂ ਦਾ ਨੈੱਟਵਰਕ। ਜਦੋਂ ਕਈ ਕੰਪਿਊਟਰ ਕਿਸੇ ਮਾਧਿਅਮ ਰਾਹੀਂ ਆਪਸ ਵਿੱਚ ਜੁੜੇ ਹੋਣ ਅਤੇ ਇਨਫਰਮੇਸ਼ਨ (ਡੇਟਾ) ਨੂੰ ਇੱਕ ਦੂਜੇ ਨਾਲ ਵੰਡਾ (ਸ਼ੇਅਰ ਕਰ) **ਸਕਣ ਤਾਂ ਇੰਟਰਨੈੱਟ ਬਣਦਾ ਹੈ। ਇਸ ਨੂੰ ਇੰਟਰਨੈਸ਼ਨਲ ਕੰਪਿਊਟਰ ਨੈੱਟਵਰਕ ਕਹਿੰਦੇ ਹਨ। ਇੰਟਰਨੈੱਟ ਇੱਕ ਤਰ੍ਹਾਂ** ਆਪਟੀਕਲ ਫਾਈਬਰ ਕੇਬਲਾਂ ਦਾ ਜਾਲ ਹੈ, ਜੋ ਜ਼ਮੀਨ ਤੇ ਸਮੁੰਦਰ ’ਚ ਵਿਛਾਈਆਂ ਹੋਈਆਂ ਹਨ ਅਤੇ ਦੁਨੀਆਂ ਦੇ ਡੇਟਾ ਸੈਂਟਰਾਂ, ਕੰਪਿਊਟਰਾਂ **ਅਤੇ ਮੋਬਾਈਲ ਫੋਨਾਂ ਨੂੰ ਆਪਸ ਵਿੱਚ ਜੋੜਦੀਆਂ ਹਨ। ਸੌਖੇ ਸ਼ਬਦਾਂ ਵਿੱਚ ਜਿਵੇਂ ਜਾਲ਼ ਦੀਆਂ ਤੰਦਾਂ ਆਪਸ ਵਿੱਚ ਇੱਕ-ਦੂਜੀ** ਨਾਲ ਜੁੜੀਆਂ ਹੁੰਦੀਆਂ ਹਨ, ਉਸੇ ਤਰ੍ਹਾਂ ਦੁਨੀਆਂ ਦੇ ਡੇਟਾ ਸੈਂਟਰ (ਸਰਵਰ), ਕੰਪਿਊਟਰ ਅਤੇ ਮੋਬਾਈਲ ਫੋਨ ਇਨ੍ਹਾਂ ਆਪਟੀਕਲ ਫਾਈਬਰ ਕੇਬਲਾਂ ਰਾਹੀਂ ਜੁੜੇ ਹੋਏ ਹਨ, ਜਿਨ੍ਹਾਂ ਰਾਹੀਂ ਅਸੀਂ ਡੇਟਾ (ਇਨਫਾਰਮੇਸ਼ਨ) ਦਾ ਆਦਾਨ-ਪ੍ਰਦਾਨ ਕਰਦੇ ਹਾਂ। **ਡੇਟਾ ਸੈਂਟਰਾਂ ਤੋਂ ਡੇਟਾ ਲੈ ਸਕਦੇ ਹਾਂ ਜਾਂ ਭੇਜ ਸਕਦੇ ਹਾਂ। ਡੇਟਾ** ਵਿਚ ਵੀਡੀਓ, ਆਡੀਓ, ਫੋਟੋਆਂ, ਗ੍ਰਾਫਿਕਸ ਤੇ ਹੋਰ ਬਹੁਤ ਤਰ੍ਹਾਂ ਦੀਆਂ ਫਾਈਲਾਂ ਸ਼ਾਮਲ ਹੁੰਦੀਆਂ ਹਨ, ਜਿਨ੍ਹਾਂ ਨੂੰ ਅਸੀਂ ਰੋਜ਼ਾਨਾ ਜ਼ਿੰਦਗੀ ਵਿੱਚ ਵਰਤਦੇ ਹਾਂ। ਦੁਨੀਆਂ ਦੇ ਬਹੁਤੇ ਡੇਟਾ ਸੈਂਟਰ ਅਮਰੀਕਾ ਵਿੱਚ ਹਨ ਜਿਵੇਂ ਗੂਗਲ, ਯੂਟਿਊਬ, ਫੇਸਬੁੱਕ, ਵਟਸਐਪ, ਟਵਿੱਟਰ ਆਦਿ। ਇਨ੍ਹਾਂ ਡੇਟਾ ਸੈਂਟਰਾਂ ਦੀਆਂ ਅਪਣੀਆਂ ਵੱਡੀਆਂ-ਵੱਡੀਆਂ ਇਮਾਰਤਾਂ ਹਨ ਤੇ ਇਨ੍ਹਾਂ ਵਿੱਚ ਸ਼ਕਤੀਸ਼ਾਲੀ ਕੰਪਿਊਟਰ (ਸਰਵਰ) ਲੱਗੇ ਹਨ। ਇਨ੍ਹਾਂ ਵਿੱਚ ਡੇਟਾ ਨੂੰ ਹਾਰਡ ਡਿਸਕਾਂ ਵਿੱਚ ਸਾਂਭ ਕਰ ਕੇ ਰੱਖਿਆ ਜਾਂਦਾ ਹੈ। ਲੋੜ ਪੈਣ ’ਤੇ ਕੋਈ ਵੀ ਇੰਟਰਨੈੱਟ ਰਾਹੀਂ ਇਸ ਡੇਟਾ ਨੂੰ ਪ੍ਰਾਪਤ ਕਰ ਸਕਦਾ ਹੈ ਜਾਂ ਅੱਗੇ ਕਿਸੇ ਨਾਲ ਸ਼ੇਅਰ ਕਰ ਸਕਦਾ ਹੈ।

### ਮੁੱਖ/ਕੇਂਦਰੀ ਸ਼ਬਦ:

ਈਮੇਲ---ਇਲੈੱਕਟਰਾਨਿਕ ਸੰਦੇਸ਼

ਆਡੀਓ---ਆਵਾਜ਼

ਵੀਡੀਓ---ਦ੍ਰਿਸ਼

ਡੇਟਾ---ਜਾਣਾਕਾਰੀ

### ਸਵੈ-ਮੁਲਾਂਕਣ:

1. ARPA ਦਾ ਪੂਰਾ ਨਾਂ ਕੀ ਹੈ?

ੳ ਐਡਵਾਂਸ ਰਿਸਰਚ ਪ੍ਰੋਜੈਕਟ ਏਜੰਸੀ

ਅ ਵਿਦੇਸ਼ ਸੰਚਾਰ ਨਿਗਮ ਲਿਮਟਿਡ

ੲ ਭਾਰਤ ਸੰਚਾਰ ਨਿਗਮ ਲਿਮਟਿਡ

ਸ ਐਡਵਾਂਸ ਰਿਸਰਚ ਪ੍ਰੋਜੈਕਟ ਏਜੰਸੀ ਨੈੱਟਵਰਕ

2. ARPANET ਦਾ ਪੂਰਾ ਨਾਂ ਕੀ ਹੈ?

ੳ ਐਡਵਾਂਸ ਰਿਸਰਚ ਪ੍ਰੋਜੈਕਟ ਏਜੰਸੀ

ਅ ਵਿਦੇਸ਼ ਸੰਚਾਰ ਨਿਗਮ ਲਿਮਟਿਡ

ੲ ਭਾਰਤ ਸੰਚਾਰ ਨਿਗਮ ਲਿਮਟਿਡ

ਸ ਐਡਵਾਂਸ ਰਿਸਰਚ ਪ੍ਰੋਜੈਕਟ ਏਜੰਸੀ ਨੈੱਟਵਰਕ

3. VSNL ਦਾ ਪੂਰਾ ਨਾਂ ਕੀ ਹੈ?

ੳ ਐਡਵਾਂਸ ਰਿਸਰਚ ਪ੍ਰੋਜੈਕਟ ਏਜੰਸੀ

ਅ ਵਿਦੇਸ਼ ਸੰਚਾਰ ਨਿਗਮ ਲਿਮਟਿਡ

ੲ ਭਾਰਤ ਸੰਚਾਰ ਨਿਗਮ ਲਿਮਟਿਡ

ਸ ਐਡਵਾਂਸ ਰਿਸਰਚ ਪ੍ਰੋਜੈਕਟ ਏਜੰਸੀ ਨੈੱਟਵਰਕ

4. BSNL ਦਾ ਪੂਰਾ ਨਾਂ ਕੀ ਹੈ?

ੳ ਐਡਵਾਂਸ ਰਿਸਰਚ ਪ੍ਰੋਜੈਕਟ ਏਜੰਸੀ

ਅ ਵਿਦੇਸ਼ ਸੰਚਾਰ ਨਿਗਮ ਲਿਮਟਿਡ

ੲ ਭਾਰਤ ਸੰਚਾਰ ਨਿਗਮ ਲਿਮਟਿਡ

ਸ ਐਡਵਾਂਸ ਰਿਸਰਚ ਪ੍ਰੋਜੈਕਟ ਏਜੰਸੀ ਨੈੱਟਵਰਕ

5. ਸੰਚਾਰ ਦਾ ਇਕ ਵਿਸ਼ਾਲ ਮਾਧਿਅਮ ਹੈ।

ੳ ਇੰਟਰਨੈੱਟ

ਅ ਗੂਗਲ

ੲ ਯਾਹੂ

ਸ ਮੋਜ਼ੀਲਾ

6. ਸਰਚ ਇੰਜਣ ਹੈ।

ੳ ਇੰਟਰਨੈੱਟ

ਅ ਗੂਗਲ

ੲ ਯਾਹੂ

ਸ ਮੋਜ਼ੀਲਾ

7. ਈਮੇਲ ਦਾ ਮਾਧਿਅਮ ਹੈ।

ੳ ਇੰਟਰਨੈੱਟ

ਅ ਗੂਗਲ

ੲ ਯਾਹੂ

ਸ ਮੋਜ਼ੀਲਾ

8. ਇੰਟਰਨੈੱਟ ਬਰਾਉਜ਼ਰ ਹੈ।

ੳ ਇੰਟਰਨੈੱਟ

ਅ ਗੂਗਲ

ੲ ਯਾਹੂ

ਸ ਮੋਜ਼ੀਲਾ

9. ਸਾਨੂੰ ਬਹੁਤ ਸਾਰੇ ਸ੍ਰੋਤਾਂ ਤੱਕ ਪਹੁੰਚ ਕਰਨ ਦਾ ਭਰੋਸਾ ਦਿਵਾਉਂਦਾ ਹੈ।

ੳ ਇੰਟਰਨੈੱਟ

ਅ ਗੂਗਲ

ੲ ਯਾਹੂ

ਸ ਮੋਜ਼ੀਲਾ

10. ਕਿਸ ਦੀ ਮਦਦ ਨਾਲ ਅਸੀਂ ਕੰਪਿਊਟਰ ਦੇ ਵੱਖ-ਵੱਖ ਇਨਪੁਟ ਅਤੇ ਆਉਟਪੁਟ ਸਾਧਨਾਂ ਨਾਲ ਸਾਂਝ ਕਰ ਸਕਦੇ ਹਾਂ।

ੳ ਨੈੱਟਵਰਕ

ਅ ਗੂਗਲ

ੲ ਯਾਹੂ

ਸ ਮੋਜ਼ੀਲਾ

11. ਕਾਪੀਰਾਈਟ ਕਿਸ ਸੰਪਤੀ ਦਾ ਇੱਕ ਰੂਪ ਹੈ?

ੳ ਬੌਧਿਕ

ਅ ਜ਼ਮੀਨੀ

ੲ ਮਸ਼ੀਨੀ

ਸ ਉਪਰੋਕਤ ਕੋਈ ਨਹੀਂ

12. ਖੋਜ ਲਈ ਇੰਟਰਨੈੱਟ

ੳ ਪੂਰਨ ਭਰੋਸੇਯੋਗ ਹੈ

ਅ ਘੱਟ ਭਰੋਸੇਯੋਗ ਹੈ

ੲ ਉਪਰੋਕਤ ਦੋਵੇਂ

ਸ ਉਪਰੋਕਤ ਕੋਈ ਨਹੀਂ

13. ਖੋਜ ਚਿੰਤਨ ਪੁਸਤਕ ਦਾ ਲੇਖਕ

ੳ ਪਿਆਰ ਸਿੰਘ

ਅ ਸਤਿੰਦਰ ਸਿੰਘ

ੲ ਕੇਸਰ ਸਿੰਘ ਕੇਸਰ

ਸ ਧਰਮ ਸਿੰਘ

14. ਪੰਜਾਬੀ ਖੋਜ ਸੰਦਰਭ ਪੁਸਤਕ ਦਾ ਲੇਖਕ

ੳ ਪਿਆਰ ਸਿੰਘ

ਅ ਸਤਿੰਦਰ ਸਿੰਘ

ੲ ਕੇਸਰ ਸਿੰਘ ਕੇਸਰ

ਸ ਧਰਮ ਸਿੰਘ

15. ਕੰਪਿਊਟਰ ਸਬੰਧੀ ਪੁਸਤਕਾਂ ਦਾ ਲੇਖਕ

ੳ ਸੀ.ਪੀ. ਕੰਬੋਜ

ਅ ਸਤਿੰਦਰ ਸਿੰਘ

ੲ ਕੇਸਰ ਸਿੰਘ ਕੇਸਰ

ਸ ਧਰਮ ਸਿੰਘ

## ਅਭਿਆਸ ਪ੍ਰਸ਼ਨ

1. ਇੰਟਰਨੈੱਟ ਤੋਂ ਕੀ ਭਾਵ ਹੈ?
2. ਇੰਟਰਨੈੱਟ ਦੇ ਤੱਤਾਂ ਦਾ ਸੰਖੇਪ ਵਿਚ ਵਰਣਨ ਕਰੋ।
3. ਇੰਟਰਨੈੱਟ ਦੇ ਇਤਿਹਾਸ ਦਾ ਵਰਣਨ ਕਰੋ।
4. ਈਮੇਲ ਅਤੇ ਵੈਬਸਾਈਟ ਵਿਚ ਕੀ ਅੰਤਰ ਹੈ?
5. ਇੰਟਰਨੈੱਟ ਦਾ ਮੁੱਖ ਮਕਸਦ ਤਾਲਮੇਲ ਕਰਨਾ ਹੈ: ਸਪਸ਼ਟ ਕਰੋ।
6. ਇੰਟਰਨੈੱਟ ਸਸਤਾ ਤੇ ਸਰਲ ਹੈ: ਸਿੱਧ ਕਰੋ।

7. ਖੋਜ ਵਿਚ ਇੰਟਰਨੱਟ ਦੀ ਕੀ ਸਾਰਥਕਤਾ ਹੈ?

8. ਕਾਪੀ ਰਾਈਟਸ ਤੋਂ ਕੀ ਭਾਵ ਹੈ?

9. ਕਾਪੀ ਰਾਈਟ ਦਾ ਮਾਲਕ ਕੌਣ ਹੁੰਦਾ ਹੈ?

10. ਕਾਪੀ ਰਾਈਟਸ ਕਿੰਨੇ ਸਮੇਂ ਲਈ ਹੁੰਦੇ ਹਨ?

11. ਕਾਪੀ ਰਾਈਟਸ ਕਾਨੂੰਨ ਹੈ ਜਾਂ ਨਹੀਂ?

12. ਕਾਪੀ ਰਾਟੀਟਸ ਉਲੰਘਣਾ ਕੀ ਹੁੰਦੀ ਹੈ?

13. ਸਾਹਿਤ ਦੇ ਕਾਪੀ ਰਾਈਟਸ ਤੋਂ ਕੀ ਭਾਵ ਹੈ?

14. ਕਾਪੀ ਰਾਈਟਸ ਕਿੱਥੇ ਦਰਜ ਹੁੰਦੇ ਹਨ?

15. ਆਪਣੇ ਖੇਤਰ ਦੇ ਸਾਹਿਤ ਪ੍ਰੇਮੀਆਂ ਦੀ ਸੂਚੀ ਬਣਾਓ ਅਤੇ ਉਨ੍ਹਾਂ ਦੇ ਇੰਟਰਨੱਟ ਦੀ ਵਰਤੋਂ ਦੇ ਪ੍ਰਯੋਜਨ ਸੰਬੰਧੀ ਸਪਸ਼ਟੀਕਰਨ ਦਾ ਸਰਵੇਖਣ ਕਰੋ।

## ਸੰਦਰਭ ਪੁਸਤਕਾਂ:


1) ਖੋਜ:ਸਿਧਾਂਤ ਤੇ ਵਿਹਾਰ, ਪਿਆਰ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, (2010)

2) ਕੇਸਰ ਸਿੰਘ ਕੇਸਰ: ਖੋਜ ਚਿੰਤਨ, ਜਸਬੀਰ ਕੇਸਰ(ਸੰਪਾ.), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, (2006)

3) ਕੇਸਰ ਸਿੰਘ ਕੇਸਰ: ਸਿਧਾਂਤ ਚਿੰਤਨ, ਜਸਬੀਰ ਕੇਸਰ (ਸੰਪਾ.), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ,(2006)

4) ਪੰਜਾਬੀ ਖੋਜ ਦਾ ਇਤਿਹਾਸ, ਧਰਮ ਸਿੰਘ, ਪੰਜਾਬੀ ਅਕਾਦਮੀ ਦਿੱਲੀ,(2004)

5) ਪੰਜਾਬੀ ਖੋਜ ਸੰਦਰਭ, ਧਰਮ ਸਿੰਘ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, (2014)

6) ਪੰਜਾਬੀ ਆਲੋਚਨਾ: ਸਰੂਪ ਅਤੇ ਸੰਭਾਵਨਾਵਾਂ, ਸੰਧੂ, ਸਤਿਨਾਮ ਸਿੰਘ, ਮਦਾਨ ਪਬਲਿਸ਼ਰਜ਼, ਪਟਿਆਲਾ, (1996)

7) ਵਿਹਾਰਕ ਸਮੀਖਿਆ(2005) ,ਪਟਿਆਲਾ ,ਯੂਨੀਵਰਸਿਟੀ ਪੰਜਾਬੀ ,ਸਤਿੰਦਰ ਸਿੰਘ ,


## ਮਹੱਤਵਪੂਰਨ ਲਿੰਕ

https://punjabipedia.org/topic.aspx?txt=%E0%A8%87%E0%A9%B0%E0%A8%9F%E0%A8%B0%E0%A8%A8%E0%A9%88%E0%A9%B1%E0%A8%9F

ਉੱਤਰਮਾਲਾ

| | | | | |
|---|---|---|---|---|
| 1. ੳ | 2. ਸ | 3. ਅ | 4. ੲ | 5. ੳ |
| 6. ਅ | 7. ੲ | 8. ਸ | 9. ੳ | 10. ੳ |
| 11.ੳ | 12. ੲ | 13. ੲ | 14. ਸ | 15. ੳ |

DPBI543

# ਅਧਿਆਇ-7 : ਪੰਜਾਬੀ ਖੋਜ ਦਾ ਅਰੰਭ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਪੰਜਾਬੀ ਖੋਜ ਦੇ ਅਰੰਭ ਨੂੰ ਸਮਝਣ ਦੇ ਸਮਰੱਥ ਹੋਣਗੇ।
- ਪੰਜਾਬੀ ਖੋਜ ਦੇ ਇਤਿਹਾਸ ਦੇ ਮਹੱਤਵ ਤੋਂ ਜਾਣੂ ਹੋਣਗੇ।
- ਖੋਜ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।
- ਸਾਹਿਤ ਰੂਪਾਂ ਦਾ ਮੁਲਾਂਕਣ ਕਰ ਸਕਣ ਦੇ ਯੋਗ ਹੋਣਗੇ।

## ਪ੍ਰਸਤਾਵਨਾ:

ਇਸ ਇਕਾਈ ਦੇ ਵਿਚ ਖੋਜ ਦੇ ਇਤਿਹਾਸ ਦੇ ਵਿਸ਼ੇ ਨੂੰ ਆਧਾਰ ਬਣਾ ਕੇ ਇਸ ਵਿੱਚ ਜੋ ਵਿਚਾਰ ਚਰਚਾ ਕੀਤੀ ਜਾਵੇਗੀ ,ਉਸ ਵਿੱਚ ਪੰਜਾਬੀ ਖੋਜ ਦੇ ਆਰੰਭ ਬਾਰੇ ਅਤੇ ਪੰਜਾਬੀ ਦੇ ਪ੍ਰਮੁੱਖ ਖੋਜਕਾਰਾਂ ਦੇ ਨਾਮ , ਜੀਵਨ , ਰਚਨਾਵਾਂ , ਖੋਜਕਾਰਜਾਂ ਅਦਿ ਯੋਗਦਾਨ ਦੇ ਮਹੱਤਵ ਨੂੰ ਪੇਸ਼ ਕੀਤਾ ਗਿਆ ਹੈ। ਪੰਜਾਬੀ ਖੋਜ ਦਾ ਜਨਮ ਅਤੇ ਉਰਦੂ ਸਾਹਿਤਕ ਖੋਜ ਦੇ ਮਿਲੇ ਜੁਲੇ ਪ੍ਰਭਾਵ ਅਧੀਨ ਹੋਇਆ ।ਅੰਗਰੇਜ਼ਾਂ ਦੇ ਪੰਜਾਬ ਉੱਪਰ ਕਬਜ਼ੇ ਤੋਂ ਬਾਅਦ ਅੰਗਰੇਜ਼ਾਂ ਦੀ ਭਾਸ਼ਾ- ਨੀਤੀ ਵਿੱਚ ਸਥਾਨਕ ਭਾਰਤੀ ਭਾਸ਼ਾਵਾਂ ਦਾ ਵਿਕਾਸ ਵੀ ਸ਼ਾਮਿਲ ਸੀ। ਬੇਸ਼ੱਕ ਬਸਤੀਵਾਦੀਆਂ ਦੀ ਇਸ ਵਿੱਚ ਆਪਣੇ ਵੀ ਕੁਝ ਗੁੱਝੇ ਮਨੋਰਥ ਸਨ ।ਅੰਗਰੇਜ਼ਾਂ ਦੁਆਰਾ ਕਾਲਜਾਂ ਵਿੱਚ ਹੋਰਨਾਂ ਭਾਸ਼ਾਵਾਂ ਦੇ ਨਾਲ -ਨਾਲ ਪੰਜਾਬੀ ਦਾ ਅਧਿਆਪਕ ਵੀ ਸਰਕਾਰੀ ਪੱਧਰ ਤੇ ਕੀਤਾ ਜਾਂਦਾ ਸੀ ।ਖਾਲਸਾ ਸਕੂਲਾਂ ਅਤੇ ਕਾਲਜਾਂ ਵਿੱਚ ਵੀ ਪੰਜਾਬੀ ਪੜ੍ਹਾਉਣ ਦੀ ਵਿਵਸਥਾ ਹੋ ਚੁੱਕੀ ਸੀ, ਇਸ ਤੱਥ ਦਾ ਸਬੂਤ ਸਾਨੂੰ 1876 ਈ. ਵਿੱਚ ਪ੍ਰਕਾਸ਼ਿਤ ਪੰਡਿਤ ਸ਼ਿਵ ਨਾਥ ਜੋਗੀ ਦੀ ਪੁਸਤਕ "ਛੰਦ ਰਤਨਾਵਲੀ" ਦੇ ਆਧਾਰ ਤੇ ਦਿੱਤੀ ਸੂਚਨਾ ਦੇ ਰੂਪ ਵਿੱਚ ਮਿਲਦਾ ਹੈ ।ਪੰਜਾਬੀ ਖੋਜ ਦਾ ਜਨਮ ਵੀ ਇਨ੍ਹਾਂ ਅਕਾਦਮਿਕ ਲੋੜਾਂ ਵਿੱਚੋਂ ਹੋਇਆ।

## ਵਿਸ਼ਾ ਵਸਤੂ:

ਖੋਜ ਮਨੁੱਖੀ ਸੱਭਿਅਤਾ ਦੀ ਪੁਨਰ ਪੇਸ਼ਕਾਰੀ ਹੈ। ਮਨੁੱਖੀ ਸੱਭਿਅਤਾ ਦੇ ਵਿਕਾਸ ਦੇ ਰਹੱਸ ਨੂੰ ਜੇ ਇੱਕ ਸ਼ਬਦ ਵਿਚ ਦੱਸਣਾ ਹੋਵੇ ਤਾਂ ਖੋਜ ਹੈ। ਖੋਜ ਨੇ ਇੱਕ ਪਾਸੇ ਮਨੁੱਖ ਦੀ ਜਿੰਦਗੀ ਨੂੰ ਅਸਾਨ ਬਣਾਇਆ ਉੱਥੇ ਹੀ ਹੋਰ ਵਧੇਰੇ ਜਾਨਣ ਦੀ ਇੱਛਾ ਨੂੰ ਵੀ ਜਗਾਇਆ। ਡਾ. ਧਰਮ ਸਿੰਘ ਅਨੁਸਾਰ ਪੰਜਾਬੀ ਖੋਜ ਦਾ ਜਨਮ ਅਤੇ ਉਰਦੂ ਸਾਹਿਤਕ ਖੋਜ ਦੇ ਮਿਲੇ ਜੁਲੇ ਪ੍ਰਭਾਵ ਅਧੀਨ ਹੋਇਆ। ਡਾ. ਧਰਮ ਸਿੰਘ ਨੇ ਪੰਜਾਬੀ ਖੋਜ ਦੇ ਇਤਿਹਾਸ ਨੂੰ ਹੇਠ ਲਿਖੇ ਅਧਿਆਇਆ ਵਿਚ ਵੰਡਿਆ 1) ਪੰਜਾਬੀ ਖੋਜ ਦਾ ਆਰੰਭ ਮੁੱਢਲੇ ਉਰਦੂ ਅਤੇ ਅੰਗਰੇਜ਼ੀ ਪ੍ਰਭਾਵ 2) ਪੰਜਾਬੀ ਵਿੱਚ ਆਲੋਚਨਾਤਮਿਕ ਸੰਪਾਦਨ ਦਾ ਇਤਿਹਾਸ 3) ਪੰਜਾਬੀ ਵਿੱਚ ਉਪਾਧੀ ਸਾਪੇਖ ਖੋਜ ਦਾ ਇਤਿਹਾਸ 4) ਪੰਜਾਬੀ ਦੇ ਇਤਿਹਾਸ ਵਿੱਚ ਪੱਤਰਕਾਰੀ ਦੀ ਭੂਮਿਕਾ 5) ਪਾਕਿਸਤਾਨ ਵਿੱਚ ਪੰਜਾਬੀ ਖੋਜ ਦਾ ਇਤਿਹਾਸ।

ਪੰਜਾਬੀ ਖੋਜ ਦਾ ਆਰੰਭ ਮੁੱਢਲੇ ਉਰਦੂ ਅਤੇ ਅੰਗਰੇਜ਼ੀ ਪ੍ਰਭਾਵ:

ਅੰਗਰੇਜ਼ਾਂ ਦੇ ਪੰਜਾਬ ਉੱਪਰ ਕਬਜ਼ੇ ਤੋਂ ਬਾਅਦ ਅੰਗਰੇਜ਼ਾਂ ਦੀ ਭਾਸ਼ਾ-ਨੀਤੀ ਵਿੱਚ ਸਥਾਨਕ ਭਾਰਤੀ ਭਾਸ਼ਾਵਾਂ ਦਾ ਵਿਕਾਸ ਵੀ ਸ਼ਾਮਿਲ ਸੀ। ਬੇਸ਼ੱਕ ਬਸਤੀਵਾਦੀਆਂ ਦੇ ਇਸ ਵਿੱਚ ਆਪਣੇ ਵੀ ਕਈ ਗੁੱਝੇ ਮਨੋਰਥ ਸਨ। ਅੰਗਰੇਜ਼ਾਂ ਦੁਆਰਾ, ਕਾਲਜਾਂ, ਵਿੱਚ ਹੋਰਨਾਂ ਭਾਸ਼ਾਵਾਂ ਦੇ ਨਾਲ ਨਾਲ ਪੰਜਾਬੀ ਦਾ ਅਧਿਆਪਨ ਵੀ ਸਰਕਾਰੀ ਪੱਧਰ ਤੇ ਕੀਤਾ ਜਾਂਦਾ ਸੀ। ਖ਼ਾਲਸਾ ਸਕੂਲਾਂ ਅਤੇ ਕਾਲਜਾਂ ਵਿੱਚ ਵੀ ਪੰਜਾਬੀ ਪੜਾਉਣ ਦੀ ਵਿਵਸਥਾ ਹੋ ਚੁੱਕੀ ਸੀ, ਇਸ ਤੱਥ ਦਾ ਸਬੂਤ ਸਾਨੂੰ 1876 ਈ. ਵਿੱਚ ਪ੍ਰਕਾਸ਼ਿਤ ਪੰਡਿਤ ਸ਼ਿਵ ਨਾਥ ਜੋਗੀ ਦੀ ਪੁਸਤਕ "ਛੰਦ ਰਤਨਾਵਲੀ" ਦੇ ਆਧਾਰ ਤੇ ਦਿੱਤੀ ਸੂਚਨਾ ਦੇ ਰੂਪ ਵਿੱਚ ਮਿਲਦਾ ਹੈ।

ਪੰਜਾਬੀ ਖੋਜ ਦਾ ਜਨਮ ਵੀ ਇਨ੍ਹਾਂ ਅਕਾਦਮਿਕ ਲੋੜਾਂ ਵਿਚੋਂ ਹੋਇਆ। ਪੰਜਾਬੀ ਖੋਜ ਦਾ ਸਭ ਤੋਂ ਪਹਿਲਾ ਨਮੂਨਾ ਸਾਮੰਤ 1940 ਮੁਤਾਬਿਕ 1883 ਈ. ਵਿੱਚ ਹਿਰਦੇ ਰਾਮ ਭੱਲਾ ਦੇ ਹਨੂਮਾਨ ਨਾਟਕ ਸੰਪਾਦਕ ਹੈ, ਜੋ ਕਿ ਨਾਥ ਜੋਗੀ ਨੇ ਕੀਤੀ। ਪੰਜਾਬੀ ਖੋਜ ਦੇ ਆਰੰਭਲੇ ਦੌਰ ਵਿੱਚ ਹਨੂਮਾਨ ਨਾਟਕ ਤੋਂ ਬਾਅਦ ਦੂਜੀ ਮਹੱਤਵਪੂਰਨ ਖੋਜ ਰਚਨਾ ਹਾਫ਼ਜ਼ਾਬਾਦ ਵਾਲੀ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ, ਜੋ ਪ੍ਰੋ. ਗੁਰਮੁਖ ਸਿੰਘ ਨੇ 1885 ਈ. ਵਿੱਚ ਕੀਤੀ। ਪਹਿਲਾਂ ਇਹੋ ਜਨਮ-ਸਾਖੀ ਕਿਸੇ ਹੋਰ ਨਾਂ ਥੱਲੇ 1882 ਈ. ਵਿੱਚ ਸਿੰਘ ਸਭਾ ਦੇ ਲਾਹੌਰ ਦੇ ਯਤਨਾਂ ਨਾਲ ਵੱਧ ਚੁੱਕੀ ਸੀ। ਮੌਲਾ ਬਖ਼ਸ਼ ਕੁਸ਼ਤਾ ਦੀ ਚਸ਼ਮਾ-ਏ-ਹਯਾਤ ਨੂੰ, ਪੰਜਾਬ ਦੇ ਹੀਰੇ ਅਤੇ 1961 ਈ: ਵਿੱਚ ਪੰਜਾਬੀ ਸ਼ਾਇਰਾਂ ਦਾ ਤਜ਼ਕਰਾ ਨਾਂ ਹੇਠ ਛਾਪਿਆ।

ਪੰਜਾਬੀ ਵਿੱਚ ਆਲੋਚਨਾਤਮਿਕ ਸੰਪਾਦਨ ਦਾ ਇਤਿਹਾਸ:

ਸੰਪਾਦਨਾ ਨੂੰ ਵਧੇਰੇ ਵਿਗਿਆਨਕ ਬਣਾਉਣ ਅਤੇ ਠੀਕ ਅਰਥਾਂ ਵਿੱਚ ਅੱਗੇ ਤੋਰਨ ਦਾ ਸਿਹਰਾ ਭਾਈ ਵੀਰ ਸਿੰਘ ਦੇ ਸਿਰ ਹੀ ਜਾਂਦਾ ਹੈ। ਭਾਈ ਵੀਰ ਸਿੰਘ ਦੀਆਂ ਸੰਪਾਦਿਤ ਰਚਨਾਵਾਂ ਦਾ ਕਾਲ ਕ੍ਰਮ ਅਨੁਸਾਰ ਵੇਰਵਾ:

1) ਪ੍ਰਾਚੀਨ ਗ੍ਰੰਥ ਪ੍ਰਕਾਸ਼।
2) ਸਿੱਖਾਂ ਦੀ ਭਗਤ ਮਾਲਾ।
3) ਪੁਰਾਤਨ ਜਨਮ ਸਾਖੀ।
4) ਗੁਰਪ੍ਰਤਾਪ ਸੂਰਜ ਗ੍ਰੰਥ।
5) ਮਾਲਵਾ ਦੇਸ਼ ਰਤਨ ਦੀ ਸਾਖੀ ਪੋਥੀ।

ਇਨ੍ਹਾਂ ਪੁਸਤਕਾਂ ਵਿੱਚ ਉਹਨਾਂ ਦੁਆਰਾ ਸੰਪਾਦਕ ਅਤਿ ਮਹੱਤਵਪੂਰਨ ਗ੍ਰੰਥ ਸੂਰਜ ਗ੍ਰੰਥ ਦੀ ਚੋਣ ਹੀ ਕੀਤੀ ਹੈ। ਗੁਰ ਪ੍ਰਤਾਪ ਸੂਰਜ ਗ੍ਰੰਥ ਇੱਕ ਵੱਡ-ਆਕਾਰੀ ਗ੍ਰੰਥ ਹੈ। ਜੋ ਉਹਨਾਂ ਨੇ 14 ਜਿਲਦਾਂ ਵਿੱਚ ਸੰਪਾਦਤ ਕਰਕੇ ਛਾਪਿਆ। ਸੰਪਾਦਿਤ ਪੁਸਤਕਾਂ ਦੇ ਮੁੱਖ ਤੌਰ 'ਤੇ ਤਿੰਨ ਭਾਗ ਹੁੰਦੇ ਹਨ:-

1) ਭੂਮਿਕਾ ਜਾਂ ਪ੍ਰਸਤਾਵਨਾ
2) ਮੂਲ ਪਾਠ
3) ਅੰਤਿਕਾਵਾਂ।

ਭਾਈ ਵੀਰ ਸਿੰਘ ਨੇ ਇਨ੍ਹਾਂ ਤਿੰਨਾਂ ਵਿਚੋਂ ਪਹਿਲੇ ਦੋ ਵੱਲ ਵਿਸ਼ੇਸ਼ ਧਿਆਨ ਦਿੱਤਾ। ਭਾਈ ਵੀਰ ਸਿੰਘ ਜੀ ਤੋਂ ਬਾਅਦ ਨਜਾਬਤ ਰਚਿਤ ਨਾਦਰ ਸ਼ਾਹ ਦੀ ਵਾਰ ਪਹਿਲੀ ਵਾਰ ਸੰਪਾਦਿਤ ਰੂਪ ਵਿੱਚ ਜਨਵਰੀ 1920 ਈ. ਵਿੱਚ ਬਾਵਾ ਕਰਤਾਰ ਸਿੰਘ ਦੇ ਨਾਂ ਨਾਲ ਸਾਹਮਣੇ ਆਈ। ਮੁਕਬਲ ਦੀ ਰਚਨਾ ਹੀਰ ਮੁਕਬਲ 1921ਈ: ਅਤੇ ਲਵ ਕੁਸ਼ ਦੀ ਵਾਰ 1946 ਈ. ਦਾ ਸੰਪਾਦਨ ਕੀਤਾ ਗਿਆ। ਬਾਵਾ ਗੰਗਾ ਸਿੰਘ ਬੇਦੀ ਰਾਹੀਂ 'ਹੀਰ-ਦਮੋਦਰ' ਪਹਿਲੀ ਵਾਰ ਸੰਪਾਦਿਤ ਰੂਪ ਵਿੱਚ ਆਪਣੇ ਆਈ ਸੀ। ਡਾ. ਮੋਹਨ ਸਿੰਘ ਦੀਵਾਨਾ ਨੇ ਲੇਖਕ ਦੇ ਆਲੋਚਨਾਤਮਿਕ ਸੰਸਕਰਨ ਸੰਭਾਲਣ ਦਾ ਬੀੜਾ ਉਠਾਇਆ। ਉਸ ਦੀਆਂ ਸੰਪਾਦਿਤ ਮਿਲਦੀਆਂ ਹਨ। ਜਿਵੇਂ:

1) ਕਲਾਮ ਸ਼ਾਹ ਹੁਸੈਨ।

2) ਕਾਫ਼ੀਆਂ ਬੁੱਲ੍ਹੇ ਸ਼ਾਹ।

3) ਹੀਰ ਵਾਰਿਸ।

ਇਸ ਤੋਂ ਬਾਅਦ ਐਸ. ਐਸ. ਅਮੋਲ ਦਾ ਸਭ ਤੋਂ ਅਹਿਮ ਕੰਮ ਧਨੀ ਰਾਮ ਚਾਤ੍ਰਿਕ ਦੀਆਂ ਮੁਕੰਮਲ ਰਚਨਾਵਾਂ ਦਾ ਸੰਗ੍ਰਹਿ ਹੈ। ਧਨੀ ਰਾਮ ਚਾਤ੍ਰਿਕ ਰਚਨਾਵਲੀ ਦੀ ਪਹਿਲੀ ਜਿਲਦ ਵਿੱਚ ਜਿੱਥੇ ਉਸ ਦੀ ਸਾਰੀ ਛਪੀ ਅਤੇ ਅਣਛਪੀ ਕਵਿਤਾ ਨੂੰ ਇਕੱਠਾ ਕਰਕੇ ਸੁਰੱਖਿਆ ਕਰਨ ਦਾ ਉਪਰਾਲਾ ਕੀਤਾ ਗਿਆ ਹੈ।

ਪੰਜਾਬੀ ਵਿੱਚ ਉਪਾਧੀ ਸਾਪੇਖ ਖੋਜ ਦਾ ਇਤਿਹਾਸ:

*ਖੋਜ ਵਿਧੀ*

ਉਪਾਧੀ ਸਾਪੇਖ ਖੋਜ ਦਾ ਮੁੱਢ ਡਾ. ਬਨਾਰਸੀ ਦਾਸ ਜੈਨ ਦਾ ਖੋਜ ਪ੍ਰਬੰਧ, ਮੋਹਨ ਸਿੰਘ ਦੀਵਾਨਾ ਦੇ 'Phonology of Punjabi Sufi poets' (1932 ਈ:), 'The history of Punjabi literature' (1913 ਈ:) ਤੇ ਡਾ. ਸ਼ੇਰ ਸਿੰਘ ਦੇ 'Philosophy Sikhism' (1928 ਈ:) ਇਹ ਸਾਰੇ ਖੋਜ ਪ੍ਰਬੰਧ ਮੂਲ ਰੂਪ ਵਿੱਚ ਅੰਗਰੇਜ਼ੀ ਵਿੱਚ ਲਿਖੇ ਹਨ। ਡਾ. ਸੁਰਿੰਦਰ ਸਿੰਘ ਕੋਹਲੀ ਦਾ ਖੋਜ ਪ੍ਰਬੰਧ ਮਾਰਚ 1958 ਈ: ਵਿੱਚ ਦਿੱਲੀ ਯੂਨੀਵਰਸਿਟੀ ਵੱਲੋਂ ਪ੍ਰਵਾਨਿਤ ਹੈ। 1962 ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ "ਵਿਚ 1969 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਖੋਜ ਕਾਰਜ ਚਲਦੇ ਰਹੇ। 1970 ਤਕ ਪੰਜਾਬੀ ਵਿੱਚ ਖੋਜ ਦਾ ਰੁਝਾਨ ਚੱਲ ਨਿਕਲਿਆ। ਪੰਜਾਬੀ ਸੂਫ਼ੀ ਕਾਵਿ ਸੰਬੰਧੀ ਉਪਾਧੀ ਨਿਰਪੇਖ ਆਲੋਚਨਾ ਦਾ ਇਤਿਹਾਸ 20ਵੀਂ ਸਦੀ ਤੋਂ ਆਰੰਭ ਮੰਨਿਆ। ਬਾਵਾ ਬੁੱਧ ਸਿੰਘ ਦੀ ਪਹਿਲੀ ਪੁਸਤਕ ਹੰਸ ਚੋਗ (1914) ਵਿੱਚ ਪ੍ਰਕਾਸ਼ਿਤ ਹੋਈ। ਜਿਸ ਵਿੱਚ ਹੋਰਨਾਂ ਤੋਂ ਇਲਾਵਾ ਸ਼ੇਖ਼ ਫ਼ਰੀਦ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ, ਅਲੀ ਹੈਦਰ, ਫ਼ਰਦ ਫ਼ਕੀਰ, ਸੁਲਤਾਨ ਬਾਹੂ ਆਦਿ ਸੂਫ਼ੀ ਕਵੀਆਂ ਬਾਰੇ ਦੱਸਦਾ ਹੈ। ਮੌਲਾ ਬਖ਼ਸ਼ ਕੁਸ਼ਤਾ ਦਾ ਕੀਤਾ ਗਿਆ ਖੋਜ ਕਾਰਜ ਅਤੇ ਆਲੋਚਨਾ ਦਾ ਕਾਰਜ ਭਗਵੇਂ ਰੂਪ ਵਿੱਚ 'ਪੰਜਾਬ ਦੇ ਹੀਰੇ' (1932) ਦੇ ਨਾਲ ਸਾਹਮਣੇ ਆਇਆ। ਬਾਵਾ ਬੁੱਧ ਸਿੰਘ ਅਤੇ ਮੌਲਾ ਬਖ਼ਸ਼ ਕੁਸ਼ਤਾ ਅਧਿਐਨ ਵਿਧੀ ਵਿੱਚ ਤਜ਼ਕਰਾ ਨਿਗਰਾਨੀ ਹੈ। ਸ਼ਕਰਗੰਜ (ਸੰਪਾ. ਪ੍ਰੀਤਮ ਸਿੰਘ) ਇਸਲਾਮ ਅਤੇ ਸੂਫ਼ੀਵਾਦ ਬਾਬਾ ਸ਼ੇਖ਼ ਫ਼ਰੀਦ ਦਰਸ਼ਨ ਬਾਬਾ ਫ਼ਰੀਦ ਜੀਵਨ ਸਮਾਂ ਤੇ ਰਚਨਾ (ਸੰਪਾ. ਸੁਰਿੰਦਰ ਸਿੰਘ ਕੋਹਲੀ) ਸ਼ੇਖ਼ ਫ਼ਰੀਦ (ਭਾਸ਼ਾ ਵਿਭਾਗ) ਬੁੱਲ੍ਹੇ ਸ਼ਾਹ ਜੀਵਨ ਤੇ ਰਚਨਾ (ਜੀਤ ਸਿੰਘ ਸੀਤਲ) ਆਦਿ ਕੁੱਝ ਹੋਰ ਮਹੱਤਵਪੂਰਨ ਪੁਸਤਕਾਂ ਹਨ। ਇਸ ਤੋਂ ਇਲਾਵਾ ਇਸ ਵਿੱਚ ਗੁਰੂਆਂ ਦੀਆਂ ਜਨਮ-ਸਾਖੀਆਂ ਅਤੇ ਸਫ਼ਰਨਾਮਾ ਸਾਹਿਤ, ਪੰਜਾਬੀ ਸਫ਼ਰਨਾਮਾ ਆਦਿ ਬਾਰੇ ਚਰਚਾ ਕੀਤੀ ਗਈ ਹੈ।

ਪੰਜਾਬੀ ਦੇ ਇਤਿਹਾਸ ਵਿੱਚ ਪੱਤਰਕਾਰੀ ਦੀ ਭੂਮਿਕਾ:

ਪੰਜਾਬੀ ਖੋਜ ਦੇ ਇਤਿਹਾਸ ਅਤੇ ਵਿਕਾਸ ਵਿੱਚ ਪੰਜਾਬੀ ਪੱਤਰਕਾਰੀ ਦਾ ਬੜਾ ਅਹਿਮ ਯੋਗਦਾਨ ਰਿਹਾ ਹੈ। ਸਭ ਤੋਂ ਪਹਿਲਾਂ ਖੋਜ ਪੱਤਰ ਰਸਾਲਿਆਂ ਦੇ ਰੂਪ ਵਿੱਚ ਜਾਰੀ ਹੁੰਦੇ ਸਨ। ਭਾਈ ਵੀਰ ਸਿੰਘ ਨੇ ਖ਼ਾਲਸਾ ਸਮਾਚਾਰ 1899 ਵਿੱਚ ਜਾਰੀ ਕੀਤਾ। ਪੰਜਾਬੀ ਸਾਹਿਤਕ ਪੱਤਰਕਾਰੀ ਦੀ ਨੀਂਹ ਲਾਭ ਸਿੰਘ ਨਾਰੰਗ ਨੇ ਜਨਵਰੀ 1923 ਵਿੱਚ ਮਾਸਿਕ ਪੱਤਰ ਜਾਰੀ ਕਰਕੇ ਰੱਖੀ। ਇਸ ਤੋਂ ਪਿੱਛੋਂ ਫੁਲਵਾੜੀ (1924), ਕਵੀ(1927), ਬਸੰਤ (1928), ਪ੍ਰੀਤਲੜੀ (1933), ਪੰਜ ਦਰਿਆ (1933), ਜੀਵਨ-ਪ੍ਰੀਤੀ ਅਤੇ ਪੰਜਾਬੀ ਸਾਹਿਤ (1942) ਆਦਿ ਮਾਸਿਕ ਪੱਤਰ ਆਰੰਭ ਹੋਏ। ਆਜ਼ਾਦੀ ਤੋਂ ਬਾਅਦ ਜਾਰੀ ਕੁੱਝ ਪੱਤਰ ਜੋ ਖੋਜ ਦੇ ਮਨੋਰਥ ਨਾਲ ਕੀਤੇ ਗਏ, ਪੰਜਾਬੀ ਦੁਨੀਆ, ਆਲੋਚਨਾ, ਪਰਖ, ਖੋਜ ਪੱਤ੍ਰਿਕਾ ਅਤੇ -ਖੋਜ ਦਰਪਣ ਨਾਂ ਹਨ।

ਪਾਕਿਸਤਾਨ ਵਿੱਚ ਪੰਜਾਬੀ ਖੋਜ ਦਾ ਇਤਿਹਾਸ:

ਪਾਕਿਸਤਾਨ ਵਿੱਚ ਵੀ ਪੰਜਾਬੀ ਸਾਹਿਤ ਦੀ ਖੋਜ ਦਾ ਕੰਮ ਹੋ ਰਿਹਾ ਹੈ। ਪਾਕਿਸਤਾਨ ਵਿੱਚ ਮਾਸਿਕ ਲਹਿਰਾਂ, ਤਿਮਾਰੀ, ਪੰਜਾਬੀ ਅਦਬ ਅਤੇ ਮਾਂ ਬੋਲੀ ਰਸਾਲੇ ਵੀ ਨਿਕਲ ਰਹੇ ਹਨ। ਜਿਹਨਾਂ ਵਿੱਚ ਖੋਜ ਤੇ ਆਲੋਚਨਾ ਮੁੱਖ ਲੇਖ ਲਾਏ ਜਾਂਦੇ ਹਨ। ਹਾਫ਼ਿਜ਼ ਅਬਦੁਲ ਹਮੀਦ ਸਰਮਰ ਦੀ ਦੋ ਆਲੋਚਨਾ ਪੁਸਤਕਾਂ 'ਅਦਬੀ ਰਿਸ਼ਮਾਂ' ਅਤੇ 'ਅਦਬੀ ਵਾਸਾ' ਦਾ ਵੀ ਇਸ ਵਿੱਚ ਜ਼ਿਕਰ ਕੀਤਾ ਜਾ ਸਕਦਾ ਹੈ। ਇਸ ਪੁਸਤਕ ਵਿੱਚ ਪੰਜਾਬੀ ਲੋਕ-ਧਾਰਾ ਦੀ ਖੋਜ ਵਿੱਚ ਸਰ ਰਿਚਰਡ ਟੈਂਪਲ ਦੇ ਨਾਂ ਹਨ। ਪੰਜਾਬੀ ਲੋਕ-ਧਾਰਾ ਬਾਰੇ ਖੋਜ ਦਾ ਕੰਮ ਉਨ੍ਹੀਵੀਂ ਸਦਾ ਦੇ ਦੂਜੇ ਅੱਧ ਵਿੱਚ ਅੰਗਰੇਜ਼ ਵਿਦਵਾਨਾਂ ਨੇ ਸ਼ੁਰੂ ਕੀਤਾ।

**ਸਾਰ-ਅੰਸ਼:**

ਖੋਜ ਮਤਲਬ "ਰਚਨਾਤਮਕ ਅਤੇ ਸਿਧਾਂਤਕ ਤੌਰ ਤੇ ਕੀਤਾ ਗਿਆ ਕੰਮ ਜੋ ਕਿ ਗਿਆਨ ਦਾ ਭੰਡਾਰ ਵਧਾਉਣ, ਮਨੁੱਖਾਂ, ਸੱਭਿਆਚਾਰ ਅਤੇ **ਸਮਾਜ ਦੇ ਗਿਆਨ ਸਮੇਤ ਅਤੇ ਨਵੀਆਂ ਅਰਜ਼ੀਆਂ ਨੂੰ ਬਣਾਉਣ ਲਈ ਗਿਆਨ ਦੇ ਇਸ ਸਟਾਕ ਦੀ ਵਰਤੋਂ ਨੂੰ ਸ਼ਾਮਲ ਕਰਨ ਲਈ ਕੀਤੇ** ਜਾਂਦੇ ਹਨ।" ਇਹ ਤੱਥ ਸਥਾਪਿਤ ਕਰਨ ਜਾਂ ਪੁਸ਼ਟੀ ਕਰਨ ਲਈ ਵਰਤਿਆ ਜਾਂਦਾ ਹੈ, ਪਿਛਲੇ ਕੰਮ ਦੇ ਨਤੀਜਿਆਂ ਨੂੰ ਮੁੜ ਪੁਸ਼ਟੀ ਕਰਦਾ ਹੈ, ਨਵੇਂ ਜਾਂ ਮੌਜੂਦਾ ਸਮੱਸਿਆਵਾਂ ਨੂੰ ਹੱਲ ਕਰਦਾ ਹੈ, ਪ੍ਰੋਟੀਮ ਦੀ ਸਹਾਇਤਾ ਕਰਦਾ ਹੈ ਜਾਂ ਨਵੇਂ ਸਿਧਾਂਤ ਵਿਕਸਿਤ ਕਰਦਾ ਹੈ ਉਪਰੋਕਤ ਕੀਤੀ ਚਰਚਾ ਦੇ ਆਧਾਰ ਤੇ ਇਹ ਸਿੱਟਾ ਨਿਕਲਦਾ ਹੈ , ਕਿ ਪੰਜਾਬੀ ਖੋਜ ਦੇ ਆਗਾਜ਼ ਨਾਲ ਪੰਜਾਬੀ ਦਾ ਖੇਤਰ ਵਿਕਾਸ ਦੀਆਂ ਲੀਹਾਂ ਵੱਲ ਚੱਲਿਆ । ਵੱਖ -ਵੱਖ ਪ੍ਰਮੁੱਖ ਖੋਜਕਾਰਾਂ ਵਲੋਂ ਦਿੱਤੇ ਯੋਗਦਾਨ ਦੇ ਸਦਕਾ ਹੋਰ ਵੀ ਉਤਸ਼ਾਹ ਜਨਕ ਤਰੱਕੀ ਹਾਸਿਲ ਹੋਈ । ਜਿਸਦੀ ਮਿਸਾਲ ਸਮਕਾਲੀ ਸਮੇਂ ਵਿੱਚ ਵੀ ਕਾਇਮ ਹੈ।

## ਮੁੱਖ/ਕੇਂਦਰੀ ਸ਼ਬਦ:

ਸਮਕਾਲ---ਹੁਣ ਦਾ ਸਮਾਂ

ਮਿਸਾਲ---ਉਦਾਹਰਨ

ਅਦਬ---ਸਾਹਿਤ

ਪੱਤ੍ਰਿਕਾ---ਮੈਗਜ਼ੀਨ

## ਸਵੈ-ਮੁਲਾਂਕਣ:

1. ਪੰਜਾਬੀ ਖੋਜ ਦੇ ਅਰੰਭ ਦਾ ਪਹਿਲਾ ਪੜਾਅ ਕਿਹੜਾ ਹੈ?

ੳ ਮੁੱਢਲੇ ਉਰਦੂ ਅਤੇ ਅੰਗਰੇਜ਼ੀ ਪ੍ਰਭਾਵ

ਅ ਪੰਜਾਬੀ ਵਿੱਚ ਆਲੋਚਨਾਤਮਿਕ ਸੰਪਾਦਨ ਦਾ ਇਤਿਹਾਸ

ੲ ਪੰਜਾਬੀ ਵਿੱਚ ਉਪਾਧੀ ਸਾਪੇਖ ਖੋਜ ਦਾ ਇਤਿਹਾਸ

ਸ ਪੰਜਾਬੀ ਦੇ ਇਤਿਹਾਸ ਵਿੱਚ ਪੱਤਰਕਾਰੀ ਦੀ ਭੂਮਿਕਾ

2. ਪੰਜਾਬੀ ਖੋਜ ਦੇ ਅਰੰਭ ਦਾ ਦੂਜਾ ਪੜਾਅ ਕਿਹੜਾ ਹੈ?

ੳ ਮੁੱਢਲੇ ਉਰਦੂ ਅਤੇ ਅੰਗਰੇਜ਼ੀ ਪ੍ਰਭਾਵ

ਅ ਪੰਜਾਬੀ ਵਿੱਚ ਆਲੋਚਨਾਤਮਿਕ ਸੰਪਾਦਨ ਦਾ ਇਤਿਹਾਸ

ੲ ਪੰਜਾਬੀ ਵਿੱਚ ਉਪਾਧੀ ਸਾਪੇਖ ਖੋਜ ਦਾ ਇਤਿਹਾਸ

ਸ ਪੰਜਾਬੀ ਦੇ ਇਤਿਹਾਸ ਵਿੱਚ ਪੱਤਰਕਾਰੀ ਦੀ ਭੂਮਿਕਾ

3 ਪੰਜਾਬੀ ਖੋਜ ਦੇ ਅਰੰਭ ਦਾ ਚੌਥਾ ਪੜਾਅ ਕਿਹੜਾ ਹੈ?

ੳ ਮੁੱਢਲੇ ਉਰਦੂ ਅਤੇ ਅੰਗਰੇਜ਼ੀ ਪ੍ਰਭਾਵ

ਅ ਪੰਜਾਬੀ ਵਿੱਚ ਆਲੋਚਨਾਤਮਿਕ ਸੰਪਾਦਨ ਦਾ ਇਤਿਹਾਸ

ੲ ਪੰਜਾਬੀ ਵਿੱਚ ਉਪਾਧੀ ਸਾਪੇਖ ਖੋਜ ਦਾ ਇਤਿਹਾਸ

ਸ ਪੰਜਾਬੀ ਦੇ ਇਤਿਹਾਸ ਵਿੱਚ ਪੱਤਰਕਾਰੀ ਦੀ ਭੂਮਿਕਾ

4 ਪੰਜਾਬੀ ਖੋਜ ਦੇ ਅਰੰਭ ਦਾ ਤੀਜਾ ਪੜਾਅ ਕਿਹੜਾ ਹੈ?

ੳ ਮੁੱਢਲੇ ਉਰਦੂ ਅਤੇ ਅੰਗਰੇਜ਼ੀ ਪ੍ਰਭਾਵ

ਅ ਪੰਜਾਬੀ ਵਿੱਚ ਆਲੋਚਨਾਤਮਿਕ ਸੰਪਾਦਨ ਦਾ ਇਤਿਹਾਸ

ੲ ਪੰਜਾਬੀ ਵਿੱਚ ਉਪਾਧੀ ਸਾਪੇਖ ਖੋਜ ਦਾ ਇਤਿਹਾਸ

ਸ ਪੰਜਾਬੀ ਦੇ ਇਤਿਹਾਸ ਵਿੱਚ ਪੱਤਰਕਾਰੀ ਦੀ ਭੂਮਿਕਾ

5. ਪ੍ਰਾਚੀਨ ਗ੍ਰੰਥ ਪ੍ਰਕਾਸ਼ ਦੀ ਸੰਪਾਦਨਾ ਕਿਸ ਨੇ ਕੀਤੀ?

ੳ ਭਾਈ ਵੀਰ ਸਿੰਘ

ਅ ਹਿਰਦੇ ਰਾਮ ਭੱਲਾ

ੲ ਮੌਲਾ ਬਖ਼ਸ਼ ਕੁਸ਼ਤਾ

ਸ ਪ੍ਰੋ. ਗੁਰਮੁਖ ਸਿੰਘ

6. ਹਨੂਮਾਨ ਨਾਟਕ ਦੀ ਸੰਪਾਦਨਾ ਕਿਸ ਨੇ ਕੀਤੀ?

ੳ ਭਾਈ ਵੀਰ ਸਿੰਘ

ਅ ਹਿਰਦੇ ਰਾਮ ਭੱਲਾ

ੲ ਮੌਲਾ ਬਖ਼ਸ਼ ਕੁਸ਼ਤਾ

ਸ ਪ੍ਰੋ. ਗੁਰਮੁਖ ਸਿੰਘ

7. ਸਿੱਖਾਂ ਦੀ ਭਗਤ ਮਾਲਾ ਦੀ ਸੰਪਾਦਨਾ ਕਿਸ ਨੇ ਕੀਤੀ?

ੳ ਭਾਈ ਵੀਰ ਸਿੰਘ

ਅ ਹਿਰਦੇ ਰਾਮ ਭੱਲਾ

ੲ ਮੌਲਾ ਬਖ਼ਸ਼ ਕੁਸ਼ਤਾ

ਸ ਪ੍ਰੋ. ਗੁਰਮੁਖ ਸਿੰਘ

8 ਹਾਫ਼ਜ਼ਾਬਾਦ ਵਾਲੀ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਖੋਜ ਕਿਸ ਨੇ ਕੀਤੀ?

ੳ ਭਾਈ ਵੀਰ ਸਿੰਘ

ਅ ਹਿਰਦੇ ਰਾਮ ਭੱਲਾ

ੲ ਮੌਲਾ ਬਖ਼ਸ਼ ਕੁਸ਼ਤਾ

ਸ ਪ੍ਰੋ. ਗੁਰਮੁਖ ਸਿੰਘ

9. ਪੰਜਾਬ ਦੇ ਹੀਰੇ ਕਿਸ ਦੀ ਪੁਸਤਕ ਹੈ?

ੳ ਭਾਈ ਵੀਰ ਸਿੰਘ

ਅ ਹਿਰਦੇ ਰਾਮ ਭੱਲਾ

ੲ ਮੌਲਾ ਬਖ਼ਸ਼ ਕੁਸ਼ਤਾ

ਸ ਪ੍ਰੋ. ਗੁਰਮੁਖ ਸਿੰਘ

10. ਪੁਰਾਤਨ ਜਨਮ ਸਾਖੀ ਦੀ ਸੰਪਾਦਨਾ ਕਿਸ ਨੇ ਕੀਤੀ?

ੳ ਭਾਈ ਵੀਰ ਸਿੰਘ

ਅ ਹਿਰਦੇ ਰਾਮ ਭੱਲਾ

ੲ ਮੌਲਾ ਬਖ਼ਸ਼ ਕੁਸ਼ਤਾ

ਸ ਪ੍ਰੋ. ਗੁਰਮੁਖ ਸਿੰਘ

11. ਗੁਰਪ੍ਰਤਾਪ ਸੂਰਜ ਗ੍ਰੰਥ ਦੀ ਸੰਪਾਦਨਾ ਕਿਸ ਨੇ ਕੀਤੀ?

ੳ ਭਾਈ ਵੀਰ ਸਿੰਘ

ਅ ਹਿਰਦੇ ਰਾਮ ਭੱਲਾ

ੲ ਮੌਲਾ ਬਖ਼ਸ਼ ਕੁਸ਼ਤਾ

ਸ ਪ੍ਰੋ. ਗੁਰਮੁਖ ਸਿੰਘ

12. ਚਸ਼ਮਾ-ਏ-ਹਯਾਤ ਕਿਸ ਦੀ ਪੁਸਤਕ ਹੈ?

ੳ ਭਾਈ ਵੀਰ ਸਿੰਘ

ਅ ਹਿਰਦੇ ਰਾਮ ਭੱਲਾ

ੲ ਮੌਲਾ ਬਖ਼ਸ਼ ਕੁਸ਼ਤਾ

ਸ ਪ੍ਰੋ. ਗੁਰਮੁਖ ਸਿੰਘ

13. ਖੋਜ ਚਿੰਤਨ ਪੁਸਤਕ ਦਾ ਲੇਖਕ

ੳ ਪਿਆਰ ਸਿੰਘ

ਅ ਸਤਿੰਦਰ ਸਿੰਘ

ੲ ਕੇਸਰ ਸਿੰਘ ਕੇਸਰ

ਸ ਧਰਮ ਸਿੰਘ

***ਖੋਜ ਵਿਧੀ***

14. ਪੰਜਾਬੀ ਖੋਜ ਸੰਦਰਭ ਪੁਸਤਕ ਦਾ ਲੇਖਕ

ੳ ਪਿਆਰ ਸਿੰਘ

ਅ ਸਤਿੰਦਰ ਸਿੰਘ

ੲ ਕੇਸਰ ਸਿੰਘ ਕੇਸਰ

ਸ ਧਰਮ ਸਿੰਘ

15. ਪੰਜਾਬੀ ਵਿੱਚ ਉਪਾਧੀ ਸਾਪੇਖ ਖੋਜ ਦਾ ਮੁੱਢ ਕਿਸ ਨਾਲ ਬੱਝਦਾ ਹੈ?

ੳ ਡਾ. ਮੋਹਨ ਸਿੰਘ ਦੀਵਾਨਾ

ਅ ਸਤਿੰਦਰ ਸਿੰਘ

ੲ ਕੇਸਰ ਸਿੰਘ ਕੇਸਰ

ਸ ਧਰਮ ਸਿੰਘ

## ਅਭਿਆਸ ਪ੍ਰਸ਼ਨ

1. ਪੰਜਾਬੀ ਖੋਜ ਦੇ ਅਰੰਭ ਤੋਂ ਕੀ ਭਾਵ ਹੈ?
2. ਪੰਜਾਬੀ ਖੋਜ ਦੇ ਅਰੰਭ ਦਾ ਸੰਖੇਪ ਵਿਚ ਵਰਣਨ ਕਰੋ।
3. ਪੰਜਾਬੀ ਖੋਜ ਦੇ ਅਰੰਭ ਦ ਪਹਿਲੇ ਪੜਾਅ ਦਾ ਵਰਣਨ ਕਰੋ।
4. ਖੋਜ ਅਤੇ ਆਲੋਚਨਾ ਵਿਚ ਕੀ ਅੰਤਰ ਹੈ?
5. ਸਾਹਿਤ ਦਾ ਮੁੱਖ ਪ੍ਰਯੋਜਨ ਪ੍ਰੇਰਨਾਤਮਕ ਹੋਣਾ ਹੈ: ਸਪਸ਼ਟ ਕਰੋ।
6. ਸਾਹਿਤ ਦਾ ਮੁੱਖ ਉਦੇਸ਼ ਸੱਚ ਦਾ ਪ੍ਰਗਟਾਵਾ ਹੈ: ਸਿੱਧ ਕਰੋ।
7. ਪੰਜਾਬੀ ਖੋਜ ਵਿਚ ਸੰਪਾਦਨ ਕਾਰਜ ਬਾਰੇ ਚਰਚਾ ਕਰੋ।
8. ਪੰਜਾਬੀ ਖੋਜ ਵਿਚ ਪੱਤਰਕਾਰੀ ਦੇ ਕਾਰਜ ਬਾਰੇ ਚਰਚਾ ਕਰੋ।
9. ਪੰਜਾਬੀ ਖੋਜ ਵਿਚ ਪਾਕਿਸਤਾਨੀ ਖੋਜ ਬਾਰੇ ਚਰਚਾ ਕਰੋ।
10. ਪੰਜਾਬੀ ਖੋਜ ਦਾ ਆਰੰਭ ਉਰਦੂ ਅਤੇ ਅੰਗਰੇਜ਼ੀ ਪ੍ਰਭਾਵ ਨਾਲ ਹੋਇਆ, ਚਰਚਾ ਕਰੋ।
11. ਪੰਜਾਬੀ ਦੇ ਪ੍ਰਮੁੱਖ ਖੋਜਕਾਰਾਂ ਨਾਮ ਦੱਸਦੇ ਹੋਏ ਉਨ੍ਹਾਂ ਦੀਆਂ ਰਚਨਾਵਾਂ ਬਾਰੇ ਚਰਚਾ ਕਰੋ।

**12.** ਬਾਵਾ ਬੁੱਧ ਸਿੰਘ ਦੇ ਜੀਵਨ ਅਤੇ ਰਚਨਾਵਾਂ ਤੇ ਚਾਨਣਾ ਪਾਉ ।

**13.** ਭਾਈ ਵੀਰ ਸਿੰਘ ਦੇ ਜੀਵਨ ਅਤੇ ਰਚਨਾਵਾਂ ਤੇ ਚਾਨਣਾ ਪਾਉ ।

**14.** ਖਾਲਸਾ ਸਮਾਚਾਰ ਕਿਸ ਨੇ ਸ਼ੁਰੂ ਕੀਤਾ ਸੀ?

**15.** ਆਪਣੇ ਖੇਤਰ ਦੇ ਸਾਹਿਤ ਪ੍ਰੇਮੀਆਂ ਦੀ ਸੂਚੀ ਬਣਾਓ ਅਤੇ ਉਨ੍ਹਾਂ ਦੇ ਪੰਜਾਬੀ ਖੋਜ ਦੇ ਅਰੰਭ ਸੰਬੰਧੀ ਸਪਸ਼ਟੀਕਰਨ ਦਾ ਸਰਵੇਖਣ ਕਰੋ।

## ਸੰਦਰਭ ਪੁਸਤਕਾਂ:

1) ਖੋਜ:ਸਿਧਾਂਤ ਤੇ ਵਿਹਾਰ, ਪਿਆਰ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, (2010)

2) ਕੇਸਰ ਸਿੰਘ ਕੇਸਰ: ਖੋਜ ਚਿੰਤਨ੍ਹ, ਜਸਬੀਰ ਕੇਸਰ(ਸੰਪਾ.), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, (2006)

3) ਕੇਸਰ ਸਿੰਘ ਕੇਸਰ: ਸਿਧਾਂਤ ਚਿੰਤਨ, ਜਸਬੀਰ ਕੇਸਰ (ਸੰਪਾ.), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ,(2006)

4) ਪੰਜਾਬੀ ਖੋਜ ਦਾ ਇਤਿਹਾਸ, ਧਰਮ ਸਿੰਘ, ਪੰਜਾਬੀ ਅਕਾਦਮੀ ਦਿੱਲੀ,(2004)

5) ਪੰਜਾਬੀ ਖੋਜ ਸੰਦਰਭ, ਧਰਮ ਸਿੰਘ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, (2014)

6) ਪੰਜਾਬੀ ਆਲੋਚਨਾ: ਸਰੂਪ ਅਤੇ ਸੰਭਾਵਨਾਵਾਂ, ਸੰਧੂ, ਸਤਿਨਾਮ ਸਿੰਘ, ਮਦਾਨ ਪਬਲਿਸ਼ਰਜ਼, ਪਟਿਆਲਾ, (1996)

7) ਵਿਹਾਰਕ ਸਮੀਖਿਆ(2005) ,ਪਟਿਆਲਾ ,ਪੰਜਾਬੀ ਯੂਨੀਵਰਸਿਟੀ ,ਸਤਿੰਦਰ ਸਿੰਘ ,

## ਮਹੱਤਵਪੂਰਨ ਲਿੰਕ

https://unacademy.com/lesson/pnjaabii-khooj-diiaan-praaptiiaan/YDTUBISH

ਉੱਤਰਮਾਲਾ

| | | | | |
|---|---|---|---|---|
| 1. ੳ | 2. ਅ | 3. ੲ | 4. ਸ | 5. ੳ |
| 6. ਅ | 7. ੳ | 8. ਸ | 9. ੲ | 10. ੳ |
| 11.ੳ | 12. ੲ | 13. ੲ | 14. ਸ | 15. ੳ |

DPBI543

# ਅਧਿਆਇ-08 : ਪ੍ਰਮੁੱਖ ਪੰਜਾਬੀ ਖੋਜਕਾਰ -1

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਪੰਜਾਬੀ ਖੋਜਕਾਰਾਂ ਦੇ ਯੋਗਦਾਨ ਨੂੰ ਸਮਝਣ ਦੇ ਸਮਰੱਥ ਹੋਣਗੇ।
- ਪੰਜਾਬੀ ਖੋਜਕਾਰਾਂ ਦੇ ਪ੍ਰਯੋਜਨ ਅਤੇ ਮਹੱਤਵ ਤੋਂ ਜਾਣੂ ਹੋਣਗੇ।
- ਖੋਜ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।
- ਸਾਹਿਤ ਰੂਪਾਂ ਦਾ ਮੁਲਾਂਕਣ ਕਰ ਸਕਣ ਦੇ ਯੋਗ ਹੋਣਗੇ।

## ਪ੍ਰਸਤਾਵਨਾ:

ਇਸ ਇਕਾਈ ਦੇ ਵਿਚ ਖੋਜ ਦੇ ਇਤਿਹਾਸ ਦੇ ਵਿਸ਼ੇ ਨੂੰ ਆਧਾਰ ਬਣਾ ਕੇ ਇਸ ਵਿੱਚ ਜੋ ਵਿਚਾਰ ਚਰਚਾ ਕੀਤੀ ਜਾਵੇਗੀ ,ਉਸ ਵਿੱਚ ਪੰਜਾਬੀ ਖੋਜ ਦੇ ਆਰੰਭ ਬਾਰੇ ਅਤੇ ਪੰਜਾਬੀ ਦੇ ਪ੍ਰਮੁੱਖ ਖੋਜਕਾਰਾਂ ਦੇ ਨਾਮ , ਜੀਵਨ , ਰਚਨਾਵਾਂ , ਖੋਜਕਾਰਜਾਂ ਅਦਿ ਯੋਗਦਾਨ ਦੇ ਮਹੱਤਵ ਨੂੰ ਪੇਸ਼ ਕੀਤਾ ਗਿਆ ਹੈ। ਪੰਜਾਬੀ ਖੋਜ ਦਾ ਜਨਮ ਅਤੇ ਉਰਦੂ ਸਾਹਿਤਕ ਖੋਜ ਦੇ ਮਿਲੇ ਜੁਲੇ ਪ੍ਰਭਾਵ ਅਧੀਨ ਹੋਇਆ ।ਅੰਗਰੇਜ਼ਾਂ ਦੇ ਪੰਜਾਬ ਉੱਪਰ ਕਬਜ਼ੇ ਤੋਂ ਬਾਅਦ ਅੰਗਰੇਜ਼ਾਂ ਦੀ ਭਾਸ਼ਾ- ਨੀਤੀ ਵਿੱਚ ਸਥਾਨਕ ਭਾਰਤੀ ਭਾਸ਼ਾਵਾਂ ਦਾ ਵਿਕਾਸ ਵੀ ਸ਼ਾਮਿਲ ਸੀ। ਬੇਸ਼ੱਕ ਬਸਤੀਵਾਦੀਆਂ ਦੀ ਇਸ ਵਿੱਚ ਆਪਣੇ ਵੀ ਕੁਝ ਗੁੱਝੇ ਮਨੋਰਥ ਸਨ ।ਅੰਗਰੇਜ਼ਾਂ ਦੁਆਰਾ ਕਾਲਜਾਂ ਵਿੱਚ ਹੋਰਨਾਂ ਭਾਸ਼ਾਵਾਂ ਦੇ ਨਾਲ -ਨਾਲ ਪੰਜਾਬੀ ਦਾ ਅਧਿਆਪਕ ਵੀ ਸਰਕਾਰੀ ਪੱਧਰ ਤੇ ਕੀਤਾ ਜਾਂਦਾ ਸੀ ।ਖਾਲਸਾ ਸਕੂਲਾਂ ਅਤੇ ਕਾਲਜਾਂ ਵਿੱਚ ਵੀ ਪੰਜਾਬੀ ਪੜ੍ਹਾਉਣ ਦੀ ਵਿਵਸਥਾ ਹੋ ਚੁੱਕੀ ਸੀ, ਇਸ ਤੱਥ ਦਾ ਸਬੂਤ ਸਾਨੂੰ 1876 ਈ. ਵਿੱਚ ਪ੍ਰਕਾਸ਼ਿਤ ਪੰਡਿਤ ਸ਼ਿਵ ਨਾਥ ਜੋਗੀ ਦੀ ਪੁਸਤਕ "ਛੰਦ ਰਤਨਾਵਲੀ" ਦੇ ਆਧਾਰ ਤੇ ਦਿੱਤੀ ਸੂਚਨਾ ਦੇ ਰੂਪ ਵਿੱਚ ਮਿਲਦਾ ਹੈ ।ਪੰਜਾਬੀ ਖੋਜ ਦਾ ਜਨਮ ਵੀ ਇਨ੍ਹਾਂ ਅਕਾਦਮਿਕ ਲੋੜਾਂ ਵਿੱਚੋਂ ਹੋਇਆ।

## ਵਿਸ਼ਾ ਵਸਤੂ:

**ਬਾਵਾ ਬੁੱਧ ਸਿੰਘ** (1878-16 ਅਕਤੂਬਰ 1931)

ਬਾਵਾ ਬੁੱਧ ਸਿੰਘ ਪੰਜਾਬੀ ਸਾਹਿਤਕਾਰ ਅਤੇ ਇੰਜਨੀਅਰ ਸਨ। ਉਨ੍ਹਾਂ ਨੇ ਪੰਜਾਬੀ ਸਾਹਿਤ ਦੀ ਇਤਹਾਸਕਾਰੀ ਅਤੇ ਖੋਜ ਦਾ ਮੁਢ ਬੰਨ੍ਹਿਆ ਅਤੇ ਪੰਜਾਬੀ ਵਿੱਚ ਪਹਿਲਾ ਨਾਟਕ ਲਿਖਿਆ। ਬਾਵਾ ਬੁੱਧ ਸਿੰਘ ਤੀਜੇ ਸਿੱਖ ਗੁਰੂ, ਗੁਰੂ ਅਮਰਦਾਸ ਜੀ ਦੇ ਖਾਨਦਾਨ ਵਿੱਚੋਂ ਸਨ। ਉਹ ਬਾਵਾ ਲਹਿਣਾ ਸਿੰਘ ਦੇ ਪੁੱਤਰ ਸਨ। ਮਸੀਤ ਵਿੱਚੋਂ ਫਾਰਸੀ ਸਿੱਖ ਕੇ ਉਹ ਮਿਸ਼ਨ ਸਕੂਲ ਵਿੱਚ ਦਾਖਲ ਹੋ ਗਏ ਅਤੇ ਉਥੋਂ ਦਸਵੀਂ ਪਾਸ ਕੀਤੀ। ਉਸ ਤੋਂ ਬਾਅਦ ਐਫ਼ ਸੀ ਕਾਲਜ, ਲਾਹੌਰ ਵਿੱਚ ਚਲੇ ਗਏ। ਫਿਰ ਉਨ੍ਹਾਂ ਨੇ ਰੁੜਕੀ ਤੋਂ ਇੰਜਨੀਅਰਿੰਗ ਦੀ ਡਿਗਰੀ ਕੀਤੀ। ਉਨ੍ਹਾਂ ਦੀਆਂ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ

ਪੰਜਾਬੀ ਸਾਹਿਤ ਦੀ ਖੋਜ,

ਹੰਸ ਚੋਗ (1913),

ਕੋਇਲ ਕੂ (1916)

ਬੰਬੀਹਾ ਬੋਲ (1925)

ਪ੍ਰੇਮ ਕਹਾਣੀ (1932)

ਰਾਜਾ ਰਸਾਲੂ (1931)

ਪ੍ਰੀਤਮ ਛੋਹ

### ਹੰਸ ਚੋਗ

ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦਾ ਆਗਾਜ਼ ਬਾਵਾ ਬੁੱਧ ਸਿੰਘ ਦੁਆਰਾ ਰਚਿਤ ਪੁਸਤਕ 'ਹੰਸ ਚੋਗ' (1913) ਤੋਂ ਮੰਨਿਆ ਜਾਂਦਾ ਹੈ। ਇਸ ਵਿੱਚ ਬਾਵਾ ਜੀ ਨੇ ਪੰਜਾਬੀ ਸਾਹਿਤ ਦੀਆਂ ਚੋਣਵੀਆਂ ਵੰਨਗੀਆਂ ਦਾ ਬਿਉਰਾ ਅਤੇ ਹਵਾਲਾ ਦੇਣ ਦੇ ਨਾਲ ਨਾਲ ਆਪਣੇ ਵੱਲੋਂ ਇਸ ਦੀ ਕਾਲ ਵੰਡ ਕਰਨ ਦੀ ਵੀ ਕੋਸ਼ਿਸ਼ ਕੀਤੀ ਹੈ। ਇਸ ਪੁਸਤਕ ਵਿੱਚ ਉਨ੍ਹਾਂ ਦੀ ਤਜਵੀਜ਼ ਹੇਠ ਲਿਖੇ ਅਨੁਸਾਰ ਹੈ;

ਪੁਰਾਣਾ ਸਮਾਂ – 11ਵੀਂ ਸਦੀ ਤੋਂ 1800ਵੀਂ ਸਦੀ ਤਕ

ਵਿਚਕਾਰਲਾ ਸਮਾਂ- 1860 ਈ. ਤੋਂ 1925 ਈ. ਤਕ

ਨਵਾਂ ਸਮਾਂ – 1925 ਈ. ਤੋਂ ਅੱਗੇ।

ਬਾਵਾ ਬੁੱਧ ਸਿੰਘ ਨੇ ਹੰਸ ਚੋਗ ਦੀ ਉਥਾਨਕਾ ਵਿੱਚ ਦਾਅਵਾ ਕੀਤਾ ਹੈ ਕਿ ਕਿ ਉਸ ਨੇ ਪੰਜਾਬੀ ਦੇ ਕਵੀਆਂ ਅਤੇ ਕਵਿਤਾ ਦੀ ਵਿਆਖਿਆ ਕੀਤੀ ਹੈ। ਇਸ ਪੁਸਤਕ ਦਾ ਦੂਸਰਾ ਭਾਗ 'ਸਤਿਜੁਗੀ ਦਰਬਾਰ' ਇੱਕ ਨਾਟਕੀ ਦ੍ਰਿਸ਼ ਹੈ। ਜਿਸ ਵਿੱਚ ਗੁਰੂ ਨਾਨਕ ਦੇਵ ਜੀ ਨੂੰ ਪ੍ਰਧਾਨ ਬਣਾਇਆ ਗਿਆ ਹੈ ਅਤੇ ਦੂਸਰੇ ਬਾਣੀਕਾਰਾਂ ਦੀ ਜਾਣ ਪਛਾਣ ਉਸ ਦਰਬਾਰ ਵਿੱਚ ਸਜੇ, ਸੰਤਾਂ ਭਗਤਾਂ ਅਤੇ ਫ਼ਕੀਰਾਂ ਦੇ ਰੂਪ ਵਿੱਚ ਕਰਵਾਈ ਗਈ ਹੈ। ਇਸ ਭਾਗ ਵਿੱਚ ਬਾਵਾ ਬੁੱਧ ਸਿੰਘ ਨੇ ਗੁਰੂ ਸਾਹਿਬ ਦੇ ਗਲਪੀ ਕਾਲਪਨਿਕ ਚਿੱਤਰ ਉਲੀਕੇ ਹਨ। ਇਨ੍ਹਾਂ ਕਾਲਪਨਿਕ ਖ਼ਾਕਿਆਂ ਨੂੰ ਉਹ ਲੋਕ ਮੰਨਤਾਂ ਜਾਂ ਕਰਾਮਾਤੀ ਜਨਮ-ਸਾਖੀਆਂ ਵਿੱਚ ਪੇਸ਼ ਘਟਨਾਵਾਂ ਅਤੇ ਚਰਿਤਰਾਂ ਦੇ ਆਧਾਰ ਉੱਪਰ ਬਣਾਉਂਦਾ ਹੈ।

ਬਾਵਾ ਬੁੱਧ ਸਿੰਘ ਦੀ ਅਧਿਐਨ ਯਾਤਰਾ ਬਾਣੀ ਕਾਰਾਂ ਸੰਬੰਧੀ ਪ੍ਰਚੱਲਿਤ ਲੋਕ ਰਾਇ ਤੋਂ ਸ਼ੁਰੂ ਹੁੰਦੀ ਹੈ ਅਤੇ ਪਹਿਲੇ ਜਾਂ ਦੂਸਰੇ ਤੇ ਸਥਾਪਿਤ ਨਾਂ ਜ਼ਾਤ, ਨਿਵਾਸ, ਅਸਥਾਨ, ਪਿਤਾ ਦਾ ਨਾਂ, ਜਨਮ ਮਿਤੀ, ਵਿਆਹ, ਵਿਸ਼ੇਸ਼ ਬਾਣੀ ਕਾਰਾਂ ਨਾਲ ਜੁੜੀਆਂ ਕਹਾਣੀਆਂ, ਔਲਾਦ, ਅੰਤ, ਪ੍ਰਸਿੱਧੀ ਦੇ ਕਾਰਨਾਂ ਅਤੇ ਪ੍ਰਸਿੱਧ ਰਚਨਾਵਾਂ ਦੁਆਲੇ ਘੁੰਮਦੀ ਹੋਈ ਰਚਨਾਵਾਂ ਸੰਬੰਧੀ ਮੁੱਢਲੀ ਅਤੇ ਸਧਾਰਨ ਬੁੱਧ ਆਧਾਰਤ ਜਾਣ ਪਛਾਣ ਕਰਵਾ ਕੇ ਸਮਾਪਤ ਹੋ ਜਾਂਦੀ ਹੈ। ਇਸ ਸਾਰੀ ਸਾਹਿਤ ਸਮਗਰੀ ਨੂੰ ਲੇਖਕ ਨੇ 'ਪੁਰਾਣਾ ਮੁੱਢ' ਸਿਰਲੇਖ ਦਿੱਤਾ ਹੈ। 'ਵਿਚਲਾ ਸਮਾਂ' ਸਿਰਲੇਖ ਅਧੀਨ ਉਸ ਦੇ ਮੁਗ਼ਲ ਰਾਜ ਦੇ ਅੰਤਿਮ ਸਮੇਂ ਮੁਸਲਮਾਨ ਸਾਹਿਤਕਾਰਾਂ ਦੁਆਰਾ ਰਚੇ ਸਾਹਿਤ ਨੂੰ ਸ਼ਾਮਿਲ ਕੀਤਾ ਹੈ। 'ਨਵਾਂ ਜ਼ਮਾਨਾ' ਸਿਰਲੇਖ ਅਧੀਨ ਉਹ ਆਪਣੇ ਸਮਕਾਲੀ ਸਾਹਿਤ ਨੂੰ ਸ਼ਾਮਿਲ ਕਰਕੇ ਪਰਖਦਾ ਹੈ।

## ਕੋਇਲ ਕੂ

ਕੋਇਲ ਕੂ (1916) ਇਸ ਪੁਸਤਕ ਵਿੱਚ ਬਾਵਾ ਬੁੱਧ ਸਿੰਘ ਨੇ ਉਸ ਸਮੇਂ ਵਿਚਲੇ ਕਵੀਆਂ ਰਚਨਾਵਾਂ ਦਾ ਅਧਿਐਨ ਕੀਤਾ ਹੈ, ਜਿਨ੍ਹਾਂ ਨੇ ਮੁਲਤਾਨੀ ਭਾਸ਼ਾ ਦੇ ਪ੍ਰਭਾਵ ਅਧੀਨ ਸਾਹਿਤ ਰਚਨਾ ਕੀਤੀ। ਇਨ੍ਹਾਂ ਕਵੀਆਂ ਦੀਆਂ ਰਚਨਾਵਾਂ ਨੂੰ ਉਸ ਨੇ 'ਮੁਲਤਾਨੀ ਵੰਡ' ਸਿਰਲੇਖ ਅਧੀਨ ਵਿਚਾਰਿਆ ਹੈ। ਕੋਇਲ ਕੂ ਦੀ ਪਹਿਲੀ ਛਾਪ ਜਦ ਛਪੀ ਸੀ, ਉਸ ਸਮੇਂ ਕਈ ਮੁਗ਼ਲਈ ਕਵੀਆਂ ਦਾ ਪਤਾ ਨਹੀਂ ਸੀ। ਪਿੱਛੋਂ ਖੋਜ ਤੋਂ ਨਵੇਂ ਕਵੀਆਂ ਦੀਆਂ ਰਚਨਾਵਾਂ ਮਿਲੀਆਂ, ਜਿਵੇਂ

ਦਮੋਦਰ ਦੀ ਹੀਰ

ਪੀਲੂ ਦਾ ਮਿਰਜ਼ਾ ਸਾਹਿਬਾ

ਨਜ਼ਾਬਤ ਦੀ ਵਾਰ

ਕੋਇਲ ਕੂ ਦੇ 'ਪ੍ਰੇਮ ਜੰਞ' ਵਾਲੇ ਭਾਗ ਵਿੱਚ ਹੋਰਨਾਂ ਕਿੱਸਾਕਾਰਾਂ ਵਾਂਗ ਉਹ ਵਾਰਿਸ ਸ਼ਾਹ ਦੇ ਵੀ 'ਕਲਮੀ ਚਿੱਤਰ' ਉਸਾਰਦਾ ਹੈ। ਕੋਇਲ ਕੂ ਵਿੱਚ ਕਾਵਿ ਸਿਧਾਂਤ ਜਿਵੇਂ ਕਵਿਤਾ ਕੀ ਹੈ? ਕਾਵਿ ਦੇ ਤੱਤ, ਕਾਵਿ ਦਾ ਪ੍ਰਯੋਜਨ, ਛੰਦ, ਰਸ ਅਲੰਕਾਰ ਦੀ ਨਾਲ ਬੜੀ ਮੁੱਢਲੀ ਕਿਸਮ ਦੀ ਵਾਕਫ਼ੀ ਦਰਜ ਹੈ। ਇਸ ਪੁਸਤਕ ਦੇ ਅਧਿਐਨ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਬਾਵਾ ਬੁੱਧ ਸਿੰਘ ਦਾ ਚਿੰਤਨ ਸੋਮਾ ਉਰਦੂ ਫ਼ਾਰਸੀ ਅਤੇ ਅੰਗਰੇਜ਼ੀ ਅਤੇ ਭਾਰਤੀ ਕਾਵਿ ਸ਼ਾਸਤਰ ਦੇ ਕੁੱਝ ਮੁੱਢਲੇ ਸਿਧਾਂਤ ਹਨ। ਉਹ ਇਨ੍ਹਾਂ ਸਿਧਾਂਤਾਂ ਤੋਂ ਅੰਤਰ ਦ੍ਰਿਸ਼ਟੀਆਂ ਗ੍ਰਹਿਣ ਕਰਕੇ ਪੰਜਾਬੀ ਸਾਹਿਤ ਦੇ ਕਿਸੇ ਮੌਲਿਕ ਸਿਧਾਂਤ ਦੀ ਉਸਾਰੀ ਵੱਲ ਰੁਚਿਤ ਨਹੀਂ। ਇਹ ਅਵਸਥਾ ਕਿਸੇ ਅੰਤਰ ਦ੍ਰਿਸ਼ਟੀ ਦੀ ਮਦਦ ਨਾਲ ਸਾਹਿਤ ਨੂੰ ਸਮਝਣ ਦੀ ਨਹੀਂ. ਗਿਣੇ ਮਿਥੇ ਸਿਧਾਂਤਾਂ ਨੂੰ ਠੋਸਣ ਦੀ ਹੈ। ਇਨ੍ਹਾਂ ਸਿਧਾਂਤਾਂ ਵਿੱਚ ਵਸਤੂ ਅਤੇ ਰੂਪ ਦੀ ਦਵੈਤ ਪ੍ਰਭਾਵਿਤ ਹੈ। ਕਾਵਿ ਦੀ ਪ੍ਰਕਿਰਤੀ ਪਛਾਣ ਤੱਤਾਂ ਦੇ ਸਮੂਹ ਦੇ ਆਧਾਰ ਉੱਪਰ ਕਰਾਈ ਗਈ ਹੈ। ਇਹ ਤੱਤ ਹਨ: ਚੰਗਾ ਖ਼ਿਆਲ, ਚੰਗੇ ਤੇ ਚੋਣਵੇਂ ਪਦ ਅਰ ਉਨ੍ਹਾਂ ਦੀ ਸੋਹਣੀ ਤਰਤੀਬ ਤੇ ਚਾਲ। ਅਲੰਕਾਰ ਅਤੇ ਦੇਸ਼ ਤੇ ਸਮੇਂ ਦਾ ਪ੍ਰਭਾਉ।

## ਬੰਬੀਹਾ ਬੋਲ

ਬਾਵਾ ਬੁੱਧ ਸਿੰਘ ਦੁਆਰਾ ਰਚਿਤ ਪੁਸਤਕ ਬੰਬੀਹਾ ਬੋਲ ਵਿੱਚ ਮੱਧਕਾਲੀ ਕਵਿਤਾ ਦੀ ਵੰਡ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਹੈ।

***ਖੋਜ ਵਿਧੀ***

ਮੁਗ਼ਲਈ ਵੰਡ

ਖ਼ਾਲਸਾਈ ਵੰਡ

ਸਿੱਖ ਸ੍ਰੇਣੀ ਦੀ ਕਵਿਤਾ।

**ਮੁਗ਼ਲਈ ਵੰਡ** ਵਿੱਚ ਪਹਿਲਾ ਦਮੋਦਰ ਦੁਆਰਾ ਰਚਿਤ ਹੀਰ ਰਾਂਝੇ ਦਾ ਕਿੱਸਾ ਹੈ। ਬਾਵਾ ਬੁੱਧ ਨੇ ਦਮੋਦਰ ਦੇ ਕਿੱਸੇ ਦੇ ਸਾਰੇ ਪੱਖ ਵਿਸਥਾਰ ਪੂਰਵਕ ਪੇਸ਼ ਕੀਤੇ ਹਨ। ਪਹਿਲਾ ਦਮੋਦਰ ਬਾਰੇ ਜਾਣਕਾਰੀ ਹੈ ਕਿ ਹੀਰ ਤੇ ਰਾਂਝੇ ਦਾ ਪਿਆਰ ਉਦੇ ਹੋਣਾ ਅਤੇ ਅਖੀਰ ਕੋਟ ਕਬੂਲੇ ਫ਼ੈਸਲਾ ਹੋਣਾ। ਇਹ ਸਾਰਾ ਕਿੱਸਾ ਬਾਵਾ ਜੀ ਨੇ ਪੇਸ਼ ਕੀਤਾ ਹੈ।

ਮੁਗ਼ਲਈ ਵੰਡ ਵਿੱਚ ਦੂਜਾ ਕਿੱਸਾ ਪੀਲੂ ਸ਼ਾਇਰ ਦੁਆਰਾ ਰਚਿਤ ਮਿਰਜ਼ਾ ਸਾਹਿਬਾਂ ਦਾ ਕਿੱਸਾ ਹੈ, ਜਿਸ ਵਿੱਚ ਸਾਰੇ ਪੱਖ ਵਿਸਥਾਰ ਪੂਰਵਕ ਪੇਸ਼ ਕੀਤੇ ਹਨ। ਪਹਿਲਾ ਪੀਲੂ ਸ਼ਾਇਰ ਬਾਰੇ ਜਾਣਕਾਰੀ ਹੈ ਕਿ ਪੀਲੂ ਭਗਤ ਸ੍ਰੀ ਗੁਰੂ ਅਰਜਨ ਸਾਹਿਬ ਦੇ ਵੇਲੇ ਹੋਏ ਹਨ ਤੇ ਫਿਰ 'ਮਿਰਜ਼ਾ ਸਾਹਿਬਾਂ' ਦੇ ਮਿਲਾਪ ਦੀ ਪੇਸ਼ਕਾਰੀ ਤੋਂ ਲੈ ਕੇ ਸਾਹਿਬਾਂ ਨੂੰ ਘਰੋਂ ਕੱਢ ਕੇ ਘੋੜੀ ਤੇ ਟੁਰ ਪੈਣਾ ਮਿਰਜ਼ਾ ਥੱਕਿਆ ਹੋਣ ਕਾਰਨ ਜੰਡ ਹੇਠ ਵਿਸ਼ਰਾਮ ਕਰਨਾ ਤੇ ਚੰਦੜ ਘੋੜੀਆਂ ਲੈ ਕੇ ਚੜ੍ਹਾਈ ਕਰਨਾ, ਸ਼ਮੀਰ ਆਣ ਕੇ ਤੀਰ ਮਾਰ ਕੇ ਮਿਰਜ਼ੇ ਨੂੰ ਫੱਟੜ ਕਰ ਦਿੰਦਾ ਹੈ।

ਮੁਗ਼ਲਈ ਵੰਡ ਵਿੱਚ ਬਾਵਾ ਬੁੱਧ ਸਿੰਘ ਅਗਲਾ ਪੱਖ ਨਜ਼ਾਬਤ ਦੀ ਨਾਦਰਸ਼ਾਹ ਦੀ ਵਾਰ ਹੈ। ਬਾਵਾ ਬੁੱਧ ਸਿੰਘ ਕਵੀ ਦੇ ਜੀਵਨ ਬਾਰੇ ਦੱਸਿਆ ਹੈ। ਉਸ ਤੋਂ ਬਾਅਦ ਬਾਵਾ ਬੁੱਧ ਨੇ ਵਾਰ ਦੇ ਅਸਲ ਕਰਤੇ ਬਾਰੇ ਦੱਸਿਆ ਹੈ ਤੇ ਫੇਰ ਵਾਰ ਦੀ ਪੇਸ਼ਕਾਰੀ ਦਿੱਤੀ ਹੈ। ਵਾਰ ਵਿੱਚ ਵੀਰ ਰਸ ਇੱਕ ਸੋਹਣੀ ਕਵਿਤਾ ਹੈ। ਇਹ ਪੁਰਾਣੇ ਸਮਿਆਂ ਦੀਆਂ ਲੜਾਈਆਂ ਦਾ ਨਕਸ਼ਾ ਮਿਲਦਾ ਹੈ।

**ਖ਼ਾਲਸਾਈ ਵੰਡ** ਵਿੱਚ ਸਿੱਖ ਰਾਜ ਦੇ ਪੰਜਾਬੀ ਦੇ ਕਵੀਆਂ ਦਾ ਹਾਲ ਦੱਸਿਆ ਹੈ। ਇਸ ਵੰਡ ਦੇ ਕਈ ਕਵੀ ਸਿੱਖਾਂ ਦੇ ਰਾਜ ਤੋਂ ਸ਼ੁਰੂ ਹੋ ਕੇ ਅੰਗਰੇਜ਼ਾਂ ਦੇ ਰਾਜ ਤਕ ਰਹੇ। ਖ਼ਾਲਸਾਈ ਵੰਡ ਦਾ ਪਹਿਲਾ ਕਵੀ ਹੈ। ਅਗਰਾ ਇੱਕ ਹਿੰਦੂ ਕਵੀ ਹੋਇਆ ਹੈ। ਜਿਸ ਨੇ ਬਿਕਰਮੀ ਵਿੱਚ ਹਕੀਕਤ ਰਾਏ ਦੀ ਵਾਰ ਬਣਾਈ। ਸਿੱਧੀ ਬੋਲੀ ਵਿੱਚ ਵਾਰ ਲਿਖੀ ਹੈ। ਹਕੀਕਤ ਰਾਏ ਦੀ ਸਭ ਤੋਂ ਪੁਰਾਣੀ ਵਾਰ ਇਹ ਹੀ ਲਿਖੀ ਹੋਈ ਮਿਲਦਾ ਹੈ। ਰਾਜ ਕਵੀ ਹਾਸ਼ਮ ਖ਼ਾਲਸਾਈ ਵੰਡ ਦਾ ਦੂਜਾ ਕਵੀ ਇਹ ਕਵੀ ਜਾਤ ਦੇ ਤਰਖਾਣ, ਪਿਉ ਦਾ ਨਾਉਂ ਕਾਸਮ ਸ਼ਾਹ ਇਨ੍ਹਾਂ ਦੇ ਜੀਵਨ ਦੀ ਪੇਸ਼ਕਾਰੀ ਹੈ। ਇਨ੍ਹਾਂ ਜਦ ਮਹਾਰਾਜਾ ਰਣਜੀਤ ਸਿੰਘ ਜੀ ਦਾ ਪਿਤਾ ਸਵਰਗਵਾਸ ਹੋਏ ਤਾਂ ਇਨ੍ਹਾਂ ਨੇ ਇੱਕ ਵਾਰ 'ਮਰਸੀਆ' ਲਿਖੀ। ਹਾਸ਼ਮ ਨੇ 'ਸੱਸੀ' ਲਿਖੀ, ਜਿਸ ਦੀ ਵਿਸਥਾਰਪੂਰਵਕ ਜਾਣਕਾਰੀ ਮਿਲਦਾ ਹੈ। ਮੀਆਂ ਕਾਦਰਯਾਰ

ਖ਼ਾਲਸਾਈ ਵੰਡ ਦਾ ਤੀਜਾ ਕਵੀ ਮੀਆਂ ਕਾਦਰਯਾਰ ਵੀ ਪੰਜਾਬ ਵਿੱਚ ਸਿੱਖਾਂ ਦੇ ਰਾਜ ਦੇ ਅੰਤਲੇ ਸਮੇਂ ਮਸ਼ਹੂਰ ਕਵੀ ਹੋਏ ਹਨ। ਇਨ੍ਹਾਂ ਦੀਆਂ ਮਸ਼ਹੂਰ ਰਚਿਤ ਪੁਸਤਕਾਂ ਇਹ ਹਨ: 1. ਮਹਿਰਾਜ ਨਾਮਾ 2. ਸੋਹਣੀ 3. ਪੂਰਨ ਭਗਤ 4. ਹਰੀ ਸਿੰਘ ਨਲੂਆ 5. ਰਾਜਾ ਰਸਾਲੂ। ਪੂਰਨ ਭਗਤ ਦੀ ਵਾਰ ਸਭਨਾਂ ਵਿਚੋਂ ਮਸ਼ਹੂਰ ਹੈ।

ਇਨ੍ਹਾਂ ਤੋਂ ਬਿਨਾਂ ਇਸ ਖੰਡ ਵਿਚ ਪੀਰ ਬਖ਼ਸ਼, ਹਾਫ਼ਜ਼ ਮੀਆਂ ਅੱਲਾਹ ਬਖ਼ਸ਼ ਪਿਆਰਾ, ਫ਼ਰੀਦ ਦੀਨ, ਮੀਆਂ ਹੁਸੈਨ, ਮੀਆਂ ਅਸ਼ਰਫ਼, ਮੀਆਂ ਅਮਾਮ ਬਖ਼ਸ਼, ਨਿਹਾਲਾ ਕਵੀ, ਸਾਈ ਦਾਸ, ਅਤੇ ਸ਼ਾਹ ਮੁਹੰਮਦ ਆਦਿ ਕਵੀਆਂ ਦੀ ਜੀਵਨ ਅਤੇ ਰਚਨਾਵਾਂ ਬਾਰੇ ਵੇਰਵੇ ਦਿੱਤੇ ਗਏ ਹਨ।

ਭਾਈ ਵੀਰ ਸਿੰਘ **ਸਿੱਖ ਸ੍ਰੇਣੀ ਦੀ ਕਵਿਤਾ** ਦੇ ਪਹਿਲੇ ਕਵੀ ਹਨ। ਅੱਜ ਤੋਂ ਕੋਈ ਡੇਢ ਸਾਲ ਦੇ ਕਰੀਬ ਹੋਏ ਜਦ ਇਨ੍ਹਾਂ ਨੇ ਇੱਕ ਬਾਰਾਂਮਾਹ ਗੁਰੂ ਗੋਬਿੰਦ ਸਿੰਘ ਜੀ ਦੀ ਮਹਿਮਾ ਵਿੱਚ ਲਿਖਿਆ, ਜੋ ਬੀਰ ਰਸ ਦੀ ਕਵਿਤਾ ਦਾ ਇੱਕ ਸੁੰਦਰ ਨਮੂਨਾ ਹੈ। ਭਾਈ ਲੱਛੀ ਰਾਮ ਸਿੱਖ ਸ੍ਰੇਣੀ ਦੇ ਕਵਿਤਾ ਦੇ ਦੂਜੇ ਕਵੀ ਹਨ। ਇਸ ਕਵੀ ਦਾ ਅੱਗਾ ਪਿੱਛਾ ਨਾ-ਮਾਲੂਮ ਹੈ। ਇਨ੍ਹਾਂ ਦੇ ਕੁੱਝ ਇੱਕ ਸੈਂਚੀ ਲਿਖਤ ਵਿਚੋਂ ਮਿਲੇ ਹਨ। ਇਹ ਗੁਰੂ ਘਰ ਦੇ ਪ੍ਰੇਮੀ ਹਨ। ਆਪਣੀ ਵਾਰ ਦੇ ਮੁੱਢ ਵਿੱਚ ਸਤਿਗੁਰੂ ਅਤੇ ਵਾਹਿਗੁਰੂ ਦੀ ਉਪਮਾ ਕੀਤੀ ਹੈ। ਸ੍ਰੀ ਗੁਰੂ ਅਮਰਦਾਸ ਜੀ, ਗੁਰੂ ਗੋਬਿੰਦ ਸਿੰਘ ਜੀ ਨਾਂ ਦੀ ਵਡਿਆਈ ਨਾਮ ਲੈ ਕੇ ਕੀਤੀ ਹੈ।

## ਬਾਵਾ ਬੁੱਧ ਸਿੰਘ ਦੀ ਸਿਧਾਂਤਕ ਆਲੋਚਨਾ

ਸਿਧਾਂਤਕ ਆਲੋਚਨਾ ਤੋਂ ਭਾਵ ਹੈ ਸਾਹਿਤ ਦੇ ਕਿਸੇ ਵੀ ਰੂਪ ਦੇ ਮੁਲਾਂਕਣ ਲਈ ਕੁਝ ਮਾਪਦੰਡ ਨਿਸ਼ਚਤ ਕਰਨਾ | ਬਾਵਾ ਬੁੱਧ ਸਿੰਘ ਨੇ 1916 ਵਿੱਚ ਪੰਜਾਬੀ ਕਵਿਤਾ ਦੇ ਮੁਲਾਂਕਣ ਲਈ ਕੁਝ ਸਿਧਾਂਤਾ ਦੀ ਕਸਵਟੀ ਦੀ ਹੋਂਦ ਕੀਤੀ ।

## ਕਾਵਿ ਸਿਧਾਂਤ

ਬਾਵਾ ਬੁੱਧ ਸਿੰਘ ਦੇ ਸ਼ਬਦਾਂ ਵਿਚ," ਇੱਕ ਖਿਆਲ ਨੂੰ ਟੋਲ ਕੇ ਕਹਿਣਾ, ਕਵੀ ਦਾ ਕੰਮ ਹੈ |" ਇਸ ਤੋਂ ਬਾਅਦ ਕਵਿਤਾ ਦੇ ਗੁਣਾਂ ਦਾ ਨਿਖੇੜਾ ਕਰਦੇ ਹੋਏ ਲਿਖਦਾ ਹੈ " ਇੱਕ ਬੈਤ ਲਿਖਣ ਲਈ ਪਹਿਲਾਂ ਇੱਕ ਖਿਆਲ ਹੋਣਾ ਚਾਹੀਦਾ ਹੈ ਫੇਰ ਉਸ ਖਿਆਲ ਨੂੰ ਉੱਚੀ ਪਦਵੀ ਤੇ ਪੁੱਜਣ ਲਈ ਸੋਚ ਦੇ ਸਮੁੰਦਰ ਵਿੱਚ ਟੁਬੀ ਮਾਰ ਕੇ ਸੋਹਣੇ ਸੋਹਣੇ ਮੋਤੀ ਤੇ ਜਵਾਹਰ ਕਢਣੇ| ਫੇਰ ਕਾਰੀਗਰੀ ਨਾਲ ਉਹਨਾਂ ਮੋਤੀਆਂ ਤੇ ਜਵਾਹਰ ਨੂੰ ਥਾਉਂ ਥਾਈਂ ਸੋਹਣੀ ਰੀਤੀ ਨਾਲ ਲਾ ਕੇ ਸੁੰਦਰ ਗਹਿਣਾ ਬਣਾ ਦੇਣਾ ਇੱਕ ਚੰਗੇ ਕਵੀ ਦਾ ਕਾਮ ਹੈ |" ਬਾਵਾ ਬੁੱਧ ਸਿੰਘ ਜੀ ਅਨੁਸਾਰ ਇੱਕ ਚੰਗੇ ਕਵੀ ਕੋਲ ਲਿਖਣ ਲਗਿਆ ਤਿੰਨ ਤਤਾਂ ਦਾ ਹੋਣਾ ਚਾਹੀਦਾ ਹੈ : ਭਾਵ, ਕਲਪਨਾ, ਕਾਰੀਗਰੀ।

ਬਾਵਾ ਬੁੱਧ ਸਿੰਘ ਦੇ ਅਨੁਸਾਰ ਖਿਆਲਾਂ ਦਾ ਸੰਬੰਧ ਮਨੁੱਖ ਦੇ ਤਜ਼ਰਬੇ ਤੇ ਵਿਦਿਅਕ ਗਿਆਨ ਨਾਲ ਹੈ | ਮਨੁੱਖ ਕੋਲ ਜਿੰਨੀ ਵਿਦਿਆ ਤੇ ਤਜਰਬਾ ਹੋਵੇਗਾ ਓਨੇ ਹੀ ਉਸਦੇ ਖਿਆਲ ਉਚੇ ਤੇ ਸੁਚੇ ਹੋਣਗੇ |ਇਸ ਤੋਂ ਇਲਾਵਾ ਕੁਝ ਪ੍ਰਭਾਵਸ਼ਾਲੀ ਗੱਲਾਂ ਵੀ ਭਾਵ ਪੈਦਾ ਕਰਨ ਦਾ ਕਰਨ ਬਣਦੀਆਂ ਹਨ | ਬਾਵਾ ਜੀ ਅਨੁਸਾਰ ਕਵੀ ਅਪਣਾ ਮਸਲਾ ਆਪਣੇ ਆਲੇ – ਦੁਆਲੇ ਵਾਪਰਨ ਵਾਲੀਆਂ ਘਟਨਾਵਾਂ ਤੇ ਨਜਾਰਿਆਂ ਤੋਂ ਅਨੁਭਵ ਦੀ ਮਦਦ ਨਾਲ ਗ੍ਰਹਿਣ ਕਰ ਲੈਦਾ ਹੈ | ਡੂੰਘੀ ਸੋਚ ਜਾ ਕਲਪਨਾ ਸ਼ਕਤੀਕਿਤੋਂ ਬਾਹਰੋਂ ਨਹੀਂ ਆਉਂਦੀ | ਇਹ ਇੱਕ ਰੱਬੀ ਦਾਤ ਹੈ,ਮਨੁੱਖ ਜੰਮਦਾ ਹੀ ਨਾਲ ਲੈ ਕੇ ਆਉਦਾ ਹੈ | ਹਰ ਇੱਕ ਕਵੀ ਆਪਣੇ ਆਲੇ ਦੁਆਲੇ ਤੋਂ ਗ੍ਰਹਿਣ ਕੀਤੇ ਖਿਆਲਾਂ ਨੂੰ ਆਪਣੀ ਕਲਪਨਾ ਸ਼ਕਤੀ ਦੁਆਰਾ ਇੱਕ ਨਵਾਂ ਰੰਗ ਦੇ ਦਿੰਦਾ ਹੈ | ਬਾਵਾ ਬੁੱਧ ਸਿੰਘ ਅਨੁਸਾਰ ਕਵੀ ਦਾ ਕੁਦਰਤ ਦੇ ਨਜਾਰਿਆਂ ਨਾਲ ਇੱਕ ਸੁਰ ਹੋਣਾ ਬਹੁਤ ਜਰੂਰੀ ਹੈ ਕਿਉਂਕਿ ਜੇ ਉਹ ਉਹਨਾਂ ਨਜਾਰਿਆਂ ਨਾਲ ਇੱਕਮਿਕ ਨਹੀਂ ਹੋਵੇਗਾ ਤਾਂ ਉਹ ਉਹਨਾ ਨਜਾਰਿਆਂ ਵਿੱਚ ਕਾਵਿ ਰੰਗ ਨਹੀਂ ਭਰ ਸਕੇਗਾ | ਉਹ ਲਿਖਦੇ ਹਨ," ਜਦ ਮਨ ਦੀ ਅਵਸਥਾ ਅਜਿਹੀ ਹੋ ਜਾਵੇ ਜਿਵੇਂ ਇੱਕ ਰਾਗੀ ਦੀ ਸੁਰ ਸਾਜ ਦੀ ਆਵਾਜ਼ ਨਾਲ ਇੱਕ ਲੈਅ ਹੋ ਜਾਂਦੀ ਹੈ ਤਾਂ ਜਾਣੋ ਕਵੀ ਕਵਿਤਾ ਦੀ ਉੱਚੀ ਪਦਵੀ ਤੇ ਪੁੱਜ ਗਿਆ ਹੈਂ।

## ਨਾਟਕ ਸਿਧਾਂਤ

ਪੰਜਾਬੀ ਵਿੱਚ ਮੋਖਿਕ ਨਾਟਕ ਦਾ ਜਨਮ 1909 ਈ . ਵਿੱਚ ਬਾਵਾ ਬੁੱਧ ਸਿੰਘ ਦੇ ਨਾਟਕ ' ਚੰਦਰ ਹਰੀ' ਦੇ ਨਾਲ ਹੋਇਆ ਹੈ |ਉਹਨਾਂ ਅਨੁਸਾਰ ਨਾਟਕ ਜਾਂ ਡਰਾਮਾ ਉਭਾਰਨ ਦਾ ਨਾਂ ਹੈ | ਉਹਨਾਂ ਦਾ ਵਿਚਾਰ ਹੈ ਕਿ " ਨਿਰੀ ਨਕਲ ਨਾਟਕ ਨਹੀਂ.....ਨਾਟਕ ਲਈ ਸਭ ਤਿਨ ਜਰੂਰੀ ਗੱਲ ਇਹ ਹੈ ਕਿ ਨਾਟਕੀ ਕ੍ਰਮ ਪੂਰਾ ਹੋਵੇ ਤੇ ਇਕੋ ਕ੍ਰਮ ਵਿੱਚ ਹੀ ਹੋਵੇ, ਜਿਆਦਾ ਕ੍ਰਮਾਂ ਦੀ ਲੜੀ ਨਾ ਹੋਵੇ |"

ਨਾਟਕਕਾਰ ਦੇ ਪਲਾਂਟ ਵਿੱਚ ਇਹ ਗੁਣ ਹੋਣੇ ਚਾਹੀਦੇ ਹਨ ਜਿਵੇਂ "ਡਰਾਮੇ ਦੇ ਕ੍ਰਮ ਵਿੱਚ ਜਰੂਰੀ ਹੈ ਕਿ ਸੰਖੇਪਤਾ ਹੋਵੇ ਜੋਸ਼ ਹੋਵੇ ਅਤੇ ਦੇਖਣ ਵਾਲਿਆਂ ਦੇ ਦਿਲਾਂ ਤੇ ਅਸਰ ਚੜ੍ਹਦੀ ਕਲਾ ਵਾਂਗ ਹੋਵੇ | ਜਿਉਂ ਜਿਉਂ ਵੇਖਣ ਉਹਨਾ ਦਾ ਤੋਖਲਾ (ਚਿੰਤਾ) ਵਧਦਾ ਜਾਵੇ | ਜਿਹੜਾ ਨਾਟਕ ਦੇ ਵਿਚਕਾਰ ਜਾ ਕੇ ਇਸ ਤੋਖਲੈ ਦੀ ਹੱਦ ਹੋ ਜਾਵੇ | ਜੀਅ ਵਿੱਚ ਸਹਿਮ ਜਿਹਾ ਆ ਜਾਵੇ ਕਿ ਖਵਰੇ ਕੀ ਹੋਣਾ ਹੈ |ਇਹ ਨਾਟਕ ਕ੍ਰਮ ਦੀ ਸਭ ਤੋਂ ਉੱਚੀ ਟੀਸੀ ਹੈ | ਇਸ ਤੋਂ ਬਾਅਦ ਇਹ ਤੋਖਲਾ ਹੋਲੀ ਹੋਲੀ ਘਟ ਕੇ ਅੰਤਿਮ ਸਿਟੇ ਤੇ ਪੁੱਜੇ | ਬਾਵਾ ਬੁੱਧ ਸਿੰਘ ਅਨੁਸਾਰ ਨਾਟਕ ਵਿੱਚ ਹਾਸਾ ਜਿਨ ਮਾਖੋਲ ਬਿਨਾਂ ਲੋੜ ਤੋਂ ਜਬਰਦਸਤੀ ਨਹੀਂ ਭਰਨਾ ਚਾਹੀਦਾ| ਬਾਵਾ ਬੁੱਧ ਸਿੰਘ ਨੇ ਨਾਟਕ ਕਲਾ ਬਾਰੇ ਕੁਝ ਹਦਾਇਤਾਂ ਦਿਤੀਆਂ ਹਨ | ਉਹ ਹਦਾਇਤਾਂ ਪੰਜਾਬੀ ਨਾਟਕ ਦੇ ਸਿਧਾਂਤ ਹਨ | ਨਾਟਕ ਰਚਨਾ ਬਾਰੇ ਇਹਨਾਂ ਦਾ ਖਿਆਲ ਰਖਣਾ ਜਰੂਰੀ ਹੈ।

ਉਪਰੋਕਤ ਵਿਚਾਰ ਚਰਚਾ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਬਾਵਾ ਬੁੱਧ ਸਿੰਘ ਸਿਰਫ ਆਲੋਚਕ ਹੀ ਨਹੀਂ ਸੀ, ਬਲਕਿ ਖੋਜੀ ਵੀ ਸੀ | ਉਹਨਾਂ ਨੇ ਪਹਿਲਾਂ ਤਾਂ ਪੁਰਾਣੇ ਕਵੀਆਂ ਦੀਆ ਰਚਨਾਵਾਂ ਲਭੀਆਂ,ਫੇਰ ਉਹਨਾਂ ਤੇ ਆਲੋਚਨਾਤਮਕ ਟਿਪਣੀਆਂ ਲਿਖ ਕੇ ਉਹਨਾਂ ਨੂੰ ਇੱਕ ਪੁਸਤਕ ਵਿੱਚ ਸੰਕਲਿਤ ਕੀਤਾ |'ਹੰਸ ਚੋਗ'ਵਿੱਚ ਬਾਵਾ ਬੁੱਧ ਸਿੰਘ ਨੇ ਫਰੀਦ ਸਾਨੀ ਤੇ ਸ਼ੇਖ ਫਰੀਦ ਬਾਰੇ ਵਿਦਵਾਨਾਂ ਵਿੱਚ ਪਾਏ ਜਾਣ ਵਾਲੇ ਮਤਭੇਦ ਦਾ ਜਿਕਰ ਕੀਤਾ ਹੈ| ਉਸਨੇ ਪੁਰਾਤਨ ਜਨਮਸਾਖੀਆਂ ਦਾ ਅਧਿਐਨ ਕਰਕੇ ਗੁਰੂ ਗ੍ਰੰਥ ਸਾਹਿਬ ਵਿੱਚ ਫਰੀਦ ਦੇ ਨਾਂ ਹੇਠ ਦਰਜ ਬਾਣੀ ਸੰਬੰਧੀ ਖੋਜ ਦੁਆਰਾ ਇਹ ਸਿੱਟੇ ਕਢਣ ਦੀ ਕੋਸ਼ਿਸ਼ ਕੀਤੀ ਹੈ ਕਿ ਇਹ ਸਲੋਕ ਫਰੀਦ ਸਾਨੀ ਦੇ ਹਨ ਜਾ ਸੇਖ ਫਰੀਦ ਦੇ |

## **ਮੌਲਾ ਬਖ਼ਸ਼ ਕੁਸ਼ਤਾ** (ਜੁਲਾਈ 1876 - 19 ਜੂਨ 1955)

ਮੌਲਾ ਬਖ਼ਸ਼ ਕੁਸ਼ਤਾ ਸਟੇਜੀ ਸ਼ਾਇਰ, ਗ਼ਜ਼ਲਕਾਰ, ਖੋਜ ਸਾਹਿਤਕਾਰ ਅਤੇ ਸੰਪਾਦਕ ਸੀ। ਸਮਾਜਕ ਸ਼ਖ਼ਸੀਅਤ ਵਜੋਂ ਉਹ ਭਾਈਚਾਰਕ ਸਾਂਝ ਲਈ ਸਰਗਰਮੀ ਨਾਲ ਕੰਮ ਕਰਨ ਵਾਲੇ ਸੱਜਣ ਸਨ। ਮਰਹੂਮ ਮੀਆਂ ਮੌਲਾ ਬਖ਼ਸ਼ ਕੁਸ਼ਤਾ ਅੰਮ੍ਰਿਤਸਰੀ (1876-1955) ਪੰਜਾਬੀ ਦੇ ਮੁੱਢਲੇ ਖੋਜੀਆਂ, ਇਤਿਹਾਸਕਾਰਾਂ ਅਤੇ ਤਜ਼ਕਰਾ ਨਿਗਾਰਾਂ ਵਿਚੋਂ ਹਨ। ਕੁਸ਼ਤਾ ਦੀ ਅਸਲੀ ਦੇਣ ਪੰਜਾਬੀ ਸ਼ਾਇਰੀ, ਸਾਹਿਤਕ ਖੋਜ, ਇਤਿਹਾਸਕਾਰੀ, ਤਜ਼ਕਰਾ ਨਿਗਾਰੀ ਅਤੇ ਪੱਤਰਕਾਰੀ ਵਿਚ ਹੈ। ਉਸ ਨੂੰ ਉਰਦੂ ਫ਼ਾਰਸੀ ਅਤੇ ਪੰਜਾਬੀ ਭਾਸ਼ਾ ਉੱਪਰ ਇਕੋ ਜਿੰਨੀ ਪਕੜ ਸੀ। ਉਹ ਅੰਮ੍ਰਿਤਸਰ ਵਿਚ 1926 ਈ. ਵਿਚ ਬਣੀ 'ਪੰਜਾਬੀ ਸਭਾ ਪੰਜਾਬ' ਦੇ ਸੰਸਥਾਪਕਾਂ ਵਿਚੋਂ ਸੀ। ਕੁਸ਼ਤੀ ਨੇ ਪੰਜਾਬੀ ਵਿਚ ਸੀਹਰਫ਼ੀ, ਗ਼ਜ਼ਲ, ਚੌਬਰਗੇ, ਨਜ਼ਮ ਅਤੇ ਕਿੱਸਾ ਹੀਰ ਰਾਂਝਾ ਦੀ ਰਚਨਾ ਕੀਤੀ। ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਅਤੇ ਆਲੋਚਨਾ

ਨਾਲ ਸੰਬੰਧਿਤ ਉਸ ਦੀਆਂ ਦੋ ਪੁਸਤਕਾਂ ਮਿਲਦੀਆਂ ਹਨ- 'ਪੰਜਾਬ ਦੇ ਹੀਰੇ' (1932 ਈ.) ਅਤੇ 'ਪੰਜਾਬੀ ਸ਼ਾਇਰਾਂ ਦਾ ਤਜ਼ਕਰਾ' (1960 ਈ.) ਕੁੱਝ ਪੰਜਾਬੀ ਆਲੋਚਕਾਂ ਨੇ 'ਚਸ਼ਮਾ-ਏ-ਹਯਾਤ' (1913 ਈ.) ਨੂੰ ਕੁਸ਼ਤਾ ਦੀ ਰਚਨਾ ਮੰਨਿਆ ਹੈ। ਦਰਅਸਲ ਇਹ ਰਚਨਾ ਮੀਰ ਕਿਰਾਮਤੁੱਲਾ ਦੀ ਹੈ, ਜੋ ਕੁਸ਼ਤਾ ਦੇ ਕਿੱਸਾ 'ਹੀਰ ਰਾਂਝਾ' (1913 ਈ.) ਵਿਚ ਅੰਤਿਕਾ ਵਜੋਂ ਛਪੀ ਸੀ।

ਡਾ ਰਜਿੰਦਰਪਾਲ ਸਿੰਘ ਅਨੁਸਾਰ

ਮੀਆਂ ਮੌਲਾ ਬਖ਼ਸ਼ ਕੁਸ਼ਤਾ ਪੰਜਾਬ ਦੇ ਹੀਰੇ ਲਿਖ ਕੇ ਪੰਜਾਬ ਦੇ ਮੋਢੀ ਆਲੋਚਕ ਅਤੇ ਇਤਿਹਾਸਕਾਰ ਹੀ ਨਹੀਂ ਬਣਿਆ ਸਗੋਂ ਉਹ ਮੁਢਲੇ ਸਮੇਂ ਦਾ ਸਟੇਜੀ ਕਵੀ ਵੀ ਸੀ। ਉਨ੍ਹਾਂ ਦਾ ਜਨਮ ਪ੍ਰੀਤਮ ਸਿੰਘ ਲੇਖਕ ਕੋਸ਼ ਅਨੁਸਾਰ 1876 ਵਿਚ ਅੰਮ੍ਰਿਤਸਰ ਵਿਖੇ ਹੋਇਆ। 19-6-1955 ਨੂੰ ਪਾਕਿਸਤਾਨ ਵਿਚ ਫੌਤ ਹੋਏ। ਉਨ੍ਹਾਂ ਨੇ 1903 ਵਿਚ ਦੀਵਾਨ ਕੁਸ਼ਤਾ ਵੀ ਛਪਵਾਇਆ ਸੀ ਜਿਸ ਵਿਚ ਉਨ੍ਹਾਂ ਨੇ ਦਾਅਵਾ ਕੀਤਾ ਸੀ ਕਿ ਉਹ ਪੰਜਾਬੀ ਦੀ ਪਹਿਲੀ ਗ਼ਜ਼ਲ ਲਿਖਣ ਵਾਲੇ ਹਨ। ਮੌਲਾ ਬਖ਼ਸ਼ ਕੁਸ਼ਤਾ ਨੇ 1913 ਵਿਚ ਹੀਰ ਰਾਂਝੇ ਦਾ ਕਿੱਸਾ ਉਰਦੂ ਅੱਖਰਾਂ ਵਿਚ ਛਪਵਾਇਆ। ਉਸ ਦੀ ਹੀਰ ਕੁਸ਼ਤਾ ਬਾਰੇ, ਉਸ ਸਮੇਂ ਦੇ ਸਾਰੇ ਪ੍ਰਸਿੱਧ ਦਾਨਿਸ਼ਵਰਾਂ ਮੁਹੰਮਦ ਇਕਬਾਲ , ਚੌਧਰੀ ਸ਼ਹਾਬੂਦੀਨ, ਭਾਈ ਵੀਰ ਸਿੰਘ, ਲਾਲਾ ਧਨੀ ਰਾਮ ਚਾਤ੍ਰਿਕ , ਨਵਾਬ ਗਾਮੂ ਖ਼ਾਂ, ਮੀਆਂ ਹਦਾਇਤ ਉੱਲਾ, ਇਸ਼ਕ ਲਹਿਰ , ਲਹੌਰਾ ਸਿੰਘ, ਪੰਡਤ ਗੌਰੀ ਸ਼ੰਕਰ , ਮੀਆਂ ਚਿਰਾਗ਼ਦੀਨ ਹੋਰਾਂ ਨੇ ਤਾਰੀਫ਼ ਕੀਤੀ ਸੀ। ਇਹ ਕਿੱਸਾ ਆਕਾਰ ਵਿਚ ਕਾਫ਼ੀ ਵੱਡਾ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਹੀਰ ਦੀ ਕਹਾਣੀ ਵਿਚ ਕਈ ਵਾਧੇ ਕੀਤੇ ਗਏ ਹਨ। ਖ਼ਾਸ ਕਰਕੇ ਮਲਕੀ ਦਾ ਪਰਸੰਗ ਲੋੜੋਂ ਵੱਧ ਵਿਸਤਾਰਿਆ ਹੈ। ਅਸਲ ਵਿਚ ਤਾਂ ਕੁਸ਼ਤਾ ਸਾਹਿਬ ਨੇ ਆਪਣੀ ਜ਼ਿੰਦਗੀ ਦੇ ਸਾਰੇ ਅਨੁਭਵ ਇਸ ਹੀਰ ਦੀ ਕਹਾਣੀ ਵਿਚ ਪਾ ਦਿੱਤੇ ਹਨ। ਕਈ ਤਾਂ ਬਿਲਕੁਲ ਨਵੇਂ ਪਰਸੰਗ ਸਿਰਜੇ ਹਨ ਜਿਵੇਂ ਰਾਂਝਾ ਹੀਰ ਨੂੰ ਸਭ ਤੋਂ ਪਹਿਲਾਂ ਸਿਆਲੀਂ ਗਈ ਇਕ ਜੰਞ ਦੇ ਨਾਲ ਜਾ ਕੇ ਦੇਖਦਾ ਹੈ। ਕਿੱਸਾ ਰਚਣ ਦੇ ਨਾਲੋ-ਨਾਲ ਉਨ੍ਹਾਂ ਨੇ ਆਧੁਨਿਕ ਭਾਵਾਂ ਨੂੰ ਵੀ ਬੰਨ੍ਹਿਆ। ਉਹ ਸਟੇਜਾਂ ਉਪਰ ਕਵਿਤਾ ਵੀ ਪੜ੍ਹਦੇ ਸਨ।

ਰਚਨਾਵਾਂ :

ਦੀਵਾਨ-ਕੁਸ਼ਤਾ (1903)

ਕਿੱਸਾ ਹੀਰ ਰਾਂਝਾ (1913)

ਸ਼ਾਅਰਾਏ ਅੰਮ੍ਰਿਤਸਰ ਕੀ ਨਾਅਤੀਆ ਸ਼ਾਇਰੀ

ਪੰਜਾਬ ਦੇ ਹੀਰੇ

ਚਸ਼ਮਾ-ਏ-ਹਯਾਤ:

## ਪੰਜਾਬ ਦੇ ਹੀਰੇ(1932)

ਇਹ ਪੁਸਤਕ ਪਹਿਲੀ ਵਾਰ ਫ਼ਾਰਸੀ ਅੱਖਰਾਂ ਵਿੱਚ ਛਪੀ ਤੇ ਲਾਲਾ ਧਨੀ ਰਾਮ ਚਾਤ੍ਰਿਕ ਨੇ ਇਸ ਦਾ ਲਿਪੀਅੰਤਰਨ ਕੀਤਾ।ਇਸ ਵਿੱਚ 1800ਈ: ਤੱਕ ਦੇ 56 ਕਵੀਆਂ ਦੇ ਵੇਰਵੇ ਦਰਜ ਹਨ ਇਨ੍ਹਾਂ ਵਿੱਚੋਂ ਵਧੇਰੇ ਗਿਣਤੀ (40) ਮੁਸਲਮਾਨ ਕਵੀਆਂ ਦੀ ਹੈ ਅਤੇ 15 ਹਿੰਦੂ ਅਤੇ ਸਿੱਖ ਕਵੀ ਹਨ।

ਪੰਜਾਬ ਦੇ ਹੀਰੇ ਪੁਸਤਕ ਦੇ ਦੋ ਹਿੱਸੇ ਹਨ। ਪਹਿਲਾ ਮੁੱਖ ਬੰਦ ਜੋ ਚੁਰੰਜਾ ਪੰਨਿਆਂ ਉੱਪਰ ਫੈਲਿਆ ਹੋਇਆ ਹੈ ਅਤੇ ਦੂਸਰੇ ਵਿਚ ਉਸ ਸ਼ਾਇਰ ਅਤੇ ਰਚਨਾ ਸੰਬੰਧੀ ਚਰਚਾ ਕੀਤੀ ਹੈ। ਪਹਿਲੇ ਭਾਗ ਵਿਚ ਪੰਜਾਬੀ ਜ਼ੁਬਾਨ, ਹਿੰਦੀ ਪੰਜਾਬੀ ਭਾਸ਼ਾਵਾਂ ਬਾਰੇ ਜਾਣਕਾਰੀ ਦਿੱਤੀ ਹੈ। ਇਸ ਤੋਂ ਬਾਅਦ ਗੁਰਮੁਖੀ ਦੇ ਆਰੰਭ, ਪੰਜਾਬੀ ਅਤੇ ਹਿੰਦੂ, ਪੰਜਾਬੀ ਅਤੇ ਈਸਾਈ, ਪੰਜਾਬੀ ਵਿਦਯਾ ਦਾ ਵਸੀਲਾ, ਲਿਖਣ ਢੰਗ ਦਾ ਪਹਿਲਾ ਝਗੜਾ, ਬੋਲੀ ਵਿਚ ਵਖੇਵੇਂ, ਪੰਜਾਬੀ ਸਰਪ੍ਰਸਤੀ, ਪੰਜਾਬੀ ਦੇ ਜੀਵਨ ਕਾਲ, ਮੁਸ਼ਾਇਰੇ, ਪੰਜਾਬੀ ਅਰੂਜ਼ (ਪਿੰਗਲ), ਪੰਜਾਬੀ ਸ਼ਾਇਰੀ ਅਤੇ ਪੰਜਾਬੀ ਕਵਿਤਾ ਦੇ ਦੋਸ਼, ਪੰਜਾਬੀ ਸ਼ਾਇਰੀ ਆਦਿ ਉਸ ਜ਼ਮਾਨੇ ਦੇ ਭਖਵੇਂ ਮਸਲਿਆਂ ਸੰਬੰਧੀ ਚਰਚਾ ਕੀਤੀ ਹੈ।

ਗੀਤ, ਕਹਾਣੀਆਂ ਅਤੇ ਬੁਝਾਰਤਾਂ, ਅਖਾਣ, ਅਖ਼ਬਾਰਾਂ ਅਤੇ ਰਸਾਲੇ, ਪੰਜਾਬੀ ਵਿਚ ਨਵੇਂ ਸ਼ਬਦਾਂ ਦਾ ਵਾਧਾ, ਪੰਜਾਬੀ ਬੋਲੀ ਦੀ ਤਾਰੀਖ਼, ਮਰਕਜ਼ (ਕੇਂਦਰ), ਅੱਖਰਾਂ ਦਾ ਝਗੜਾ, ਡੋਹੇ, ਕਾਮਨ, ਝੋਕ, ਕਾਫ਼ੀਆਂ, ਸਲੋਕ, ਕਬਿੱਤ, ਅਖਾਣ, ਦੋ ਅਰਥੇ ਸਵਾਲ, ਜ਼ਨਾਨੇ ਗਾਉਣ, ਆਮ ਗੀਤ, ਮਜ਼ਬੀ ਗੀਤ, ਬੁਝਾਰਤਾਂ, ਅਲੰਕਾਰ ਤੇ ਚਮਤਕਾਰੀ ਸ਼ਾਇਰੀ, ਅਰਥ ਅਲੰਕਾਰ, ਚੋਟ ਬਾਜ਼ੀ, ਸ਼ਾਇਰਾਂ ਦੀ ਕੁਲਪਤ੍ਰੀ ਆਦਿ ਨੂੰ ਉਸ ਨੇ ਆਪਣੀ ਸਮਰੱਥਾ ਮੂਜਬ ਪਛਾਣ ਕੇ ਆਪਣੀ ਸਿਧਾਂਤ ਚੇਤਨਾ ਦਾ ਪਰਿਚਯ ਦਿੱਤਾ। 'ਪੰਜਾਬ ਦੇ ਹੀਰੇ' ਪੁਸਤਕ ਵਿਚ

ਕੁੱਲ 55 ਕਵੀਆਂ ਵਿਚੋਂ ਬਾਬਾ ਫ਼ਰੀਦੁੱਦੀਨ ਸ਼ਕਰਗੰਜ, ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਸ਼ਾਹ ਹੁਸੈਨ, ਪੀਲੂ, ਹਜ਼ਰਤ ਬੁੱਲ੍ਹੇ ਸ਼ਾਹ, ਕਾਦਰਯਾਰ, ਸੱਯਦ ਵਾਰਿਸ ਸ਼ਾਹ, ਨਜ਼ਾਬਤ ਕਵੀ, ਹਾਸ਼ਮ ਸ਼ਾਹ, ਮੌਲਵੀ ਅਹਿਮਦ ਯਾਰ, ਬਿਹਬਲ ਦੇ ਨਾਮ ਪ੍ਰਮੁੱਖ ਹਨ।

## ਪੰਜਾਬੀ ਸ਼ਾਇਰਾਂ ਦਾ ਤਜਕਰਾ

ਇਹ ਪੁਸਤਕ 'ਪੰਜਾਬ ਦੇ ਹੀਰੇ' ਪੁਸਤਕ ਦਾ ਹੀ ਵਿਸਤ੍ਰਿਤ ਰੂਪ ਹੈ।ਇਹ ਰਚਨਾ ਸਵਾ ਪੰਜ ਸੋ ਸਫਿਆਂ ਵਿੱਚ ਫੈਲੀ ਹੋਈ ਹੈ।ਇਹ ਪਹਿਲੀ ਵਾਰ ਪਾਕਿਸਤਾਨ ਵਿੱਚ ਛਪੀ। ਉਸ ਨੇ ਸਮੇਂ ਦੀਆਂ ਲੋੜਾਂ ਮੁਤਾਬਿਕ ਪੰਜਾਬੀਆਂ ਨੂੰ ਪੰਜਾਬੀਅਤ ਦੀ ਏਕਤਾ, ਸੈਕੂਲਰ ਦ੍ਰਿਸ਼ਟੀ ਦਾ ਮਾਡਲ ਮੁਹੱਈਆਂ ਕੀਤਾ। ਸ਼ਾਹਮੁਖੀ ਲਿਪੀ ਵਿਚ ਲਿਖੀ ਹੋਈ ਇਹ ਵੱਡ ਆਕਾਰੀ ਹਵਾਲਾ ਪੁਸਤਕ ਮਿਆਰੀ ਖੋਜ-ਪ੍ਰਬੰਧ ਹੈ, ਜਿਸ ਵਿਚੋਂ 242 ਪੁਰਾਤਨ ਕਵੀਆਂ ਅਤੇ ਆਧੁਨਿਕ ਕਵੀਆਂ ਦੇ ਜੀਵਨ ਵੇਰਵੇ ਤੇ ਉਨ੍ਹਾਂ ਦੇ ਕਲਾਮ ਦੇ ਨਮੂਨੇ ਪ੍ਰਮਾਣਿਕ ਰੂਪ ਵਿਚ ਦਿੱਤੇ ਗਏ ਹਨ। ਇਹ ਤਜ਼ਕਰਾ ਪਹਿਲੀ ਵਾਰ 1960 ਈ. ਵਿਚ ਲਾਹੌਰ ਤੋਂ ਪ੍ਰਕਾਸ਼ਿਤ ਹੋਇਆ ਸੀ। ਮੱਧਕਾਲੀ ਪੰਜਾਬੀ ਕਵੀਆਂ ਤੋਂ ਬਿਨਾਂ ਇਸ ਵਿੱਚ ਆਧੁਨਿਕ ਕਵੀ ਜਿਵੇਂ ਭਾਈ ਵੀਰ ਸਿੰਘ ਅਤੇ ਅੰਮ੍ਰਿਤਾ ਪ੍ਰੀਤਮ ਵੀ ਸ਼ਾਮਿਲ ਹਨ ।

## ਮੋਹਨ ਸਿੰਘ ਦੀਵਾਨਾ

ਮੋਹਨ ਸਿੰਘ ਦੀਵਾਨਾ ਦਾ ਜਨਮ 17 ਮਾਰਚ 1899 ਨੂੰ ਜਿਲਾ ਰਾਵਲਪਿੰਡੀ ਵਿੱਚ ਹੋਇਆ। 1912 ਵਿੱਚ ਸੱਯਾਦ ਦੇ ਸਕੂਲ ਤੋਂ ਪੰਜਵੀਂ ਅਤੇ ਸਰਕਾਰੀ ਹਾਈ ਸਕੂਲ ਸਿਆਲਕੋਟ ਤੋਂ ਦਸਵੀਂ ਪਾਸ ਕੀਤੀ। 1916 ਵਿੱਚ ਦਿਆਲ ਸਿੰਘ ਕਾਲਜ ਲਹੌਰ ਤੋਂ ਇੰਟਰ ਕਰਕੇ ਸਰਕਾਰੀ ਕਾਲਜ ਲਾਹੌਰ ਤੋਂ ਅੰਗਰੇਜ਼ੀ ਆਨਰਜ਼ ਨਾਲ ਬੀਏ ਕੀਤੀ। ਉਨ੍ਹਾਂ ਦੀ ਮੌਤ 1984 ਵਿਚ ਹੋਈ, ਉਸ ਵੇਲੇ ਉਨ੍ਹਾਂ ਦੀ ਉਮਰ 85 ਸਾਲ ਸੀ।

ਮੋਹਨ ਸਿੰਘ ਦੀਵਾਨਾ ਪੰਜਾਬੀ ਸਾਹਿਤ ਦੇ ਆਲੋਚਕ, ਪਹਿਲੇ ਇਤਿਹਾਸਕਾਰ ਅਤੇ ਕਵੀ-ਕਹਾਣੀਕਾਰ ਸਨ। ਉਹ ਪੰਜਾਬੀ ਦੇ ਸਾਹਿਤ ਦੇ ਇਤਿਹਾਸ ਦੀ ਪਹਿਲੀ ਠੇਠ ਖੋਜ ਲਈ ਜਾਣੇ ਜਾਂਦੇ ਹਨ। ਉਹਦੀ ਪੁਸਤਕ ਪੰਜਾਬੀ ਸਾਹਿਤ ਦਾ ਇਤਿਹਾਸ(1933) ਉਸਦੇ ਡਾਕਟਰੇਟ ਦੇ ਖੋਜ-ਪੱਤਰ ਤੇ ਅਧਾਰਤ ਸੀ। ਉਸਨੇ ਅੰਗਰੇਜ਼ੀ ਐਮ. ਏ., ਉਰਦੂ ਡਾਕਟਰੇਟ ਤੇ ਪੰਜਾਬੀ ਦੀ ਡੀ.ਲਿਟ ਕੀਤੀ ਹੋਈ ਸੀ। ਇਨ੍ਹਾਂ ਭਾਸ਼ਾਵਾਂ ਤੋਂ ਬਿਨਾਂ ਉਹ ਸੰਸਕ੍ਰਿਤ, ਪ੍ਰਾਕ੍ਰਿਤ, ਪਾਲੀ, ਹਿੰਦੀ, ਬੰਗਾਲੀ, ਮਰਾਠੀ, ਗੁਜਰਾਤੀ, ਫਾਰਸੀ, ਹਿਬਰੂ, ਜਰਮਨ ਤੇ ਫਰੈਂਚ ਵੀ ਜਾਣਦਾ ਸੀ। ਉਹ ਅੰਗਰੇਜ਼ੀ, ਉਰਦੂ ਅਤੇ ਹਿੰਦੀ ਵਿੱਚ 225 ਪੁਸਤਕਾਂ ਤੇ ਪੈਂਫਲਟਾਂ ਦੇ ਲੇਖਕ ਸਨ। 2013 ਵਿੱਚ ਭਾਰਤੀ ਸਾਹਿਤ ਅਕਾਦਮੀ ਨਵੀਂ ਦਿੱਲੀ ਨੇ ਉਸ ਨੂੰ ਭਾਰਤੀ ਸਾਹਿਤ ਦੇ ਉਸਰਈਆਂ ਵਿੱਚ ਸ਼ਾਮਿਲ ਕੀਤਾ ਹੈ।

## ਸਾਹਿਤ ਇਤਿਹਾਸਕਾਰੀ

"ਡਾ. ਮੋਹਨ ਸਿੰਘ ਦੀਵਾਨਾ ਪੰਜਾਬੀ ਦਾ ਪਹਿਲਾ ਪ੍ਰਮਾਣਿਕ ਇਤਿਹਾਸਕਾਰ ਸੀ।" ਡਾ. ਮੋਹਨ ਸਿੰਘ ਦੀਵਾਨਾ ਪ੍ਰਮਾਣਿਕ ਇਸ ਲਈ ਸੀ ਕਿਉਂਕਿ ਇਸ ਤੋਂ ਬਾਵਾ ਬੁੱਧ ਸਿੰਘ, ਮੀਰ ਕਿਰਾਮਤੁੱਲਾ ਅਤੇ ਮੌਲਾ ਬਖ਼ਸ਼ ਕੁਸ਼ਤਾ ਆਦਿ ਨੇ ਕੁੱਝ ਵਿਸ਼ੇਸ਼ ਕਾਰਜ ਕੀਤੇ ਸਨ। ਪਰੰਤੂ ਇਨ੍ਹਾਂ ਸਭ ਵਿਚ ਨਾਂ ਤਾਂ ਉਹ ਸੰਪੂਰਨਤਾ ਸੀ ਨਾ ਗੋਲਾਈ ਸੀ, ਜੋ ਡਾ. ਮੋਹਨ ਸਿੰਘ ਦੇ ਰਚੇ ਪੰਜਾਬੀ ਸਾਹਿਤ ਵਿਚ ਸੀ ਅਤੇ ਨਾ ਹੀ ਉਹ ਕਾਰਜ ਇਕ ਸੰਪੂਰਨ ਇਕਾਈ ਵਜੋਂ ਦੀਰਘ ਦ੍ਰਿਸ਼ਟੀਕੋਣ ਨੂੰ ਮੁੱਖ ਰੱਖ ਕੇ ਕੀਤਾ ਗਿਆ ਸੀ ਪਰੰਤੂ ਡਾ. ਮੋਹਨ ਸਿੰਘ ਨੇ ਇਨ੍ਹਾਂ ਦੀਆਂ ਪੁਸਤਕਾਂ ਵਿਚ ਅਸਾਧਾਰਨ ਪ੍ਰਬੁੱਧਤਾ ਅਤੇ ਇਕ ਪਰਪੱਕ ਤੇ ਪ੍ਰਮਾਣਿਕ ਦ੍ਰਿਸ਼ਟੀਕੋਣ ਨੂੰ ਪ੍ਰਸਤੁਤ ਕਰਨ ਦਾ ਯਤਨ ਕੀਤਾ ਹੈ। "ਡਾ. ਮੋਹਨ ਸਿੰਘ ਦੀਵਾਨਾ ਨੇ ਨਾ ਕੇਵਲ ਤੱਥਾਂ ਨੂੰ ਕਾਲ ਕ੍ਰਮ ਸਜੀਵ ਵਰਤਾਰੇ ਵਿਚ ਸੰਗਠਿਤ ਕੀਤਾ ਹੈ, ਸਗੋਂ ਪ੍ਰਮੁੱਖ ਸਾਹਿਤਕਾਰਾਂ ਅਤੇ ਉਨ੍ਹਾਂ ਦੀਆਂ ਪ੍ਰਮੁੱਖ ਰਚਨਾਵਾਂ, ਉਨ੍ਹਾਂ ਦੇ ਉਥਾਨ ਤੇ ਵਿਕਾਸ ਸੰਬੰਧੀ ਲੋੜੀਂਦੇ ਸਮਾਜਿਕ, ਇਤਿਹਾਸਕ ਤੇ ਸਾਂਸਕ੍ਰਿਤਿਕ ਪਿਛੋਕੜ ਵਿਚ ਆਪਣੀਆਂ ਵਡਮੁੱਲੀਆਂ ਟਿੱਪਣੀਆਂ ਵੀ ਕੀਤੀਆਂ ਹਨ ਅਤੇ ਉਨ੍ਹਾਂ ਵਿਚ ਤੁਲਨਾਤਮਿਕ ਗਿਆਨ ਤੇ ਅਧਿਐਨ ਨੂੰ ਵੀ ਸਨਮੁੱਖ ਰੱਖਿਆ ਹੈ। ਇਨ੍ਹਾਂ ਰਚਨਾਵਾਂ ਦਾ ਮਹੱਤਵ ਜਿੱਥੇ ਇਤਿਹਾਸਕ ਹੈ ਉੱਥੇ ਚਿਰ-ਚਾਲਕ ਵੀ ਹੈ।" ਡਾ. ਮੋਹਨ ਸਿੰਘ ਦੀਵਾਨਾ ਨੇ ਪਹਿਲੀ ਵਾਰ ਪੰਜਾਬੀ ਸਾਹਿਤ ਦੀ ਇਤਿਹਾਸਕ ਵਿਕਾਸ ਗਤੀ ਨੂੰ ਸਮਝਣ ਦਾ ਉੱਦਮ ਕੀਤਾ ਅਤੇ ਇਤਿਹਾਸਕਾਰੀ ਦਾ ਮਾਡਲ ਪੇਸ਼ ਕੀਤਾ ਹੈ। ਡਾ. ਹਰਿਭਜਨ ਸਿੰਘ ਭਾਟੀਆ ਦੇ ਅਨੁਸਾਰ, "ਉਸ ਪਾਸ ਸਾਹਿਤ ਇਤਿਹਾਸਕਾਰੀ ਦਾ ਸਿਧਾਂਤਕ ਚੌਖਟਾ ਮੌਜੂਦ ਸੀ, ਜਿਸ ਦੀ ਸਹਾਇਤਾ ਨਾਲ ਉਸ ਪੰਜਾਬੀ ਸਾਹਿਤ ਪ੍ਰਵਾਹ ਦੀ ਪਛਾਣ ਕਰਦੇ ਹੋਏ ਪੰਜਾਬੀ ਸਾਹਿਤ ਦੇ ਮਹਾਂ ਦ੍ਰਿਸ਼ ਨੂੰ ਉਲੀਕਿਆ। ਉਸ ਦੇ ਯਤਨਾਂ ਸਦਕਾ ਇਤਿਹਾਸਕਾਰੀ ਦੇ ਅਨੁਸ਼ਾਸਨ ਨੂੰ ਪਹਿਲੀ ਵਾਰ ਇਕ ਖ਼ੁਦਮੁਖ਼ਤਾਰ ਜਾਂ ਸੁਤੰਤਰ ਅਨੁਸ਼ਾਸਨ ਦਾ ਰੁਤਬਾ ਹਾਸਲ ਕੀਤਾ।" ਉਸ ਨੇ ਆਪਣੇ ਸਾਹਿਤ ਅਧਿਐਨ ਕਾਰਜ ਵਿਚ ਬੇਸ਼ੱਕ ਪੰਜਾਬੀ ਸਾਹਿਤ ਦੇ ਇਤਿਹਾਸ ਦੇ ਆਦਿ, ਮੱਧ ਅਤੇ ਵਰਤਮਾਨ ਨੂੰ ਇਕ ਨਿਰੰਤਰਤਾ ਜਾਂ ਇਕਾਈ ਵਜੋਂ ਗ੍ਰਹਿਣ ਕਰਨ ਦਾ ਉੱਦਮ ਕੀਤਾ, ਪਰੰਤੂ ਆਦਿ ਕਾਲੀਨ ਪੰਜਾਬੀ ਸਾਹਿਤ ਦੇ ਵਿਭਿੰਨ ਪੱਖਾਂ ਦਾ ਅਧਿਐਨ ਉਸ ਦੀ ਗਿਣਨ ਯੋਗ ਪ੍ਰਾਪਤੀ ਹੈ। ਡਾ. ਮੋਹਨ ਸਿੰਘ ਦੀਵਾਨਾ ਪੂਰਵ ਨਾਨਕ ਕਾਲ ਤੋਂ ਆਧੁਨਿਕ ਕਾਲ ਨੂੰ ਆਪਣੇ ਇਤਿਹਾਸਾਂ ਵਿਚ ਹੇਠ ਲਿਖੇ ਅਨੁਸਾਰ ਸਮੋਇਆ ਹੈ:-

ਏ ਹਿਸਟਰੀ ਆਫ਼ ਪੰਜਾਬੀ ਲਿਟਰੇਚਰ

ਪੂਰਵ ਨਾਨਕ ਕਾਲ:- 1450 ਈ. ਤੋਂ ਪਹਿਲਾਂ

ਨਾਨਕ ਕਾਲ:- 1450 ਈ. ਤੋਂ 1750 ਈ. ਤਕ

ਪਿਛਲਾ ਮੁਗ਼ਲ ਕਾਲ:- 1700 ਈ. ਤੋਂ 1800 ਈ. ਤਕ

ਰਣਜੀਤ ਸਿੰਘ ਕਾਲ:- 1800 ਈ. ਤੋਂ 1850 ਈ. ਤਕ

ਬਰਤਾਨਵੀ ਕਾਲ:- 1850 ਈ. ਅੱਗੇ।

## ਐਨ ਇੰਟਰੋਡਕਸ਼ਨ ਟੂ ਪੰਜਾਬੀ ਲਿਟਰੇਚਰ

ਇਸ ਪੁਸਤਕ ਵਿਚ ਮੋਹਨ ਸਿੰਘ ਦੀਵਾਨਾ ਨੇ ਕਾਲ ਵਕਫ਼ਾ ਤਾਂ ਉਹੀ ਰੱਖਿਆ ਹੈ ਪਰੰਤੂ ਨਾਮਕਰਨ ਤਬਦੀਲ ਕਰ ਦਿੱਤਾ ਹੈ, ਜੋ ਹੇਠ ਲਿਖੇ ਅਨੁਸਾਰ ਹੈ:-

ਗੋਰਖ ਨਾਥ ਕਾਲ:- 1450 ਈ. ਤੋਂ ਪਹਿਲਾਂ

ਨਾਨਕ ਕਾਲ :- 1450 ਈ. ਤੋਂ 1700 ਈ. ਤਕ

ਪ੍ਰੇਮ ਸੁਮਾਰਗ ਕਾਲ:- 1700 ਈ. ਤੋਂ 1800 ਈ. ਤਕ

ਕਾਦਰਯਾਰ ਕਾਲ:- 1800ਈ. ਤੋਂ 1850 ਈ. ਤਕ

ਪਰਿਵਰਤਨ ਕਾਲ:- 1850 ਈ. ਤੋਂ ਅੱਗੇ।[9]

## ਪੰਜਾਬੀ ਅਦਬ ਦੀ ਮੁਖ਼ਤਸਰ ਤਵਾਰੀਖ਼

ਇਸ ਪੁਸਤਕ ਵਿਚ ਡਾ. ਮੋਹਨ ਸਿੰਘ ਦੀਵਾਨਾ ਨੇ ਨਾਮਕਰਨ ਅਤੇ ਕਾਲ ਵੰਡ ਵਿਚ ਕੁੱਝ ਤਬਦੀਲੀ ਕੀਤੀ ਹੈ ਜੋ ਹੇਠ ਲਿਖੇ ਅਨੁਸਾਰ ਹੈ:-

ਨਾਥਾਂ ਜੋਗੀਆਂ ਦਾ ਕਾਲ:- 850 ਈ. ਤੋਂ 1540 ਈ. ਤਕ

ਜਗਤ ਗੁਰੂ ਨਾਨਕ ਦਾ ਅਹਿਦ:- 1540 ਈ. ਤੋਂ 1708 ਈ. ਤਕ

ਦੂਜਾ ਮੁਗ਼ਲਈ ਕਾਲ ਜਾਂ ਵਾਰਿਸ ਸ਼ਾਹ ਕਾਲ:- 1708 ਈ. ਤੋਂ 1800 ਈ. ਤਕ

ਰਣਜੀਤ ਸਿੰਘ ਕਾਲ:- 1800 ਈ. ਤੋਂ 1850 ਈ. ਤਕ

ਬਰਤਾਨਵੀ ਕਾਲ ਜਾਂ ਆਧੁਨਿਕ ਕਾਲ ਜਾਂ ਭਾਈ ਵੀਰ ਕਾਲ:-1850 ਈ. ਤੋਂ ਅੱਗੇ।

ਡਾ. ਮੋਹਨ ਸਿੰਘ ਦੀਵਾਨਾ ਦੀ ਸਾਹਿਤ ਇਤਿਹਾਸਕਾਰੀ ਦੀ ਸਾਰਥਿਕਤਾ ਇਸ ਗੱਲ ਵਿੱਚ ਹੈ ਕਿ ਤੱਥ ਮੂਲਕ ਸਮਗਰੀ ਪੱਖੋਂ ਡਾ. ਮੋਹਨ ਸਿੰਘ ਦੀਵਾਨਾ ਦੇ ਅਗਲੇ ਇਤਿਹਾਸਕਾਰ ਉਸੇ ਦਾ ਹੀ ਅਨੁਕਰਨ ਕਰਦੇ ਦਿਖਾਈ ਦਿੰਦੇ ਹਨ। ਵਿਆਪਕ ਤੱਥ ਮੂਲਕ ਸਮਗਰੀ ਹੋਣ ਕਰਕੇ ਉਸ ਦੁਆਰਾ ਕੀਤਾ ਕਾਰਜ ਇਤਿਹਾਸਕ ਮਹੱਤਵ ਦਾ ਧਾਰਨੀ ਹੈ। ਬਰਤਾਨਵੀ ਸਾਮਰਾਜ ਜਾਂ ਗ਼ੁਲਾਮੀ ਦੇ ਦੌਰ ਵਿਚ ਉਸ ਦੁਆਰਾ ਅੰਗਰੇਜ਼ੀ ਭਾਸ਼ਾ ਵਿਚ ਪੰਜਾਬੀ ਸਾਹਿਤ ਦਾ ਇਤਿਹਾਸ ਲਿਖਣਾ ਅਸਾਧਾਰਨ ਅਤੇ ਇਤਿਹਾਸਕ ਮੁੱਲ ਦੀ ਧਾਰਨੀ ਘਟਨਾ ਹੈ।

ਆਪਣੇ ਇਨ੍ਹਾਂ ਕਾਰਜਾਂ ਵਿਚ ਉਹ ਇਤਿਹਾਸਕਾਰੀ ਲਈ ਇਕ ਵੱਖਰਾ, ਤਕਨੀਕੀ ਅਤੇ ਸੰਕਲਪੀ ਮੁਹਾਵਰਾ ਸਿਰਜਦਾ ਹੈ।

ਆਪਣੀਆਂ ਬਹੁਤ ਸਾਰੀਆਂ ਪਹਿਲ ਕਦਮੀਆਂ ਅਤੇ ਇਤਿਹਾਸਕ ਪ੍ਰਾਪਤੀਆਂ ਦੇ ਨਾਲ-ਨਾਲ ਉਸ ਦੁਆਰਾ ਕੀਤਾ ਕਾਰਜ ਆਪਣੀਆਂ ਸੀਮਾਵਾਂ ਨੂੰ ਵੀ ਸਿਰਜਦਾ ਹੈ

ਡਾ. ਰਤਨ ਸਿੰਘ ਜੱਗੀ ਅਨੁਸਾਰ

ਡਾ. ਮੋਹਨ ਸਿੰਘ ਦੀਵਾਨਾ ਓਜਸਵੀ ਵਿਅਕ- ਤਿਤਵ ਵਾਲਾ ਸੰਤ ਕਵੀ ਸੀ, ਇਸ ਦਾ ਮਜ਼ਾਜ ਸੂਫ਼ੀਆਨਾ ਸੀ। ਅਸਾਧਾਰਣ ਗਿਆਨ ਅਤੇ ਅਸੀਮ ਭਾਵੁਕਤਾ ਦਾ ਸੰਗਮ ਇਸ ਦੇ ਵਿਅਕਤਿਤਵ ਦੀ ਵਿਸ਼ਿਸ਼ਟਤਾ ਸੀ। ਅਸਲ ਵਿਚ, ਇਹ ਅੰਤਰ¬ਵਿਰੋਧਤਾਵਾਂ ਦਾ ਮੁਜਸਮਾ ਸੀ। ਇਸ ਲਈ ਭਿੰਨ ਭਿੰਨ ਲੋਕਾਂ ਨੇ ਉਸ ਨੂੰ ਵਖਰੇ ਵਖਰੇ ਰੂਪ ਵਿਚ ਵੇਖਿਆ। ਇਹ ਇਕ ਅਜਿਹਾ ਸਾਹਿਤ-ਸਾਧਕ ਸੀ, ਜਿਸ ਨੇ ਧਰਮ, ਇਤਿਹਾਸ, ਦਰਸ਼ਨ, ਭਾਸ਼ਾ , ਕਾਵਿ-ਸ਼ਾਸਤ੍ਰ, ਸਭਿਆਚਾਰ ਆਦਿ ਅਨੇਕ ਵਿਸ਼ਿਆਂ ਬਾਰੇ ਵਿਸਤ੍ਰਿਤ ਅਤੇ ਗੰਭੀਰ ਗਿਆਨ ਪ੍ਰਾਪਤ ਕੀਤਾ ਸੀ ਅਤੇ ਇਨ੍ਹਾਂ ਸਭ ਦਾ ਪਰਸਪਰ ਤੁਲਨਾਤਮਕ ਅਧਿਐਨ ਕਰਨ ਵਿਚ ਵੀ ਪੂਰੀ ਤਰ੍ਹਾਂ ਸਮਰਥ ਸੀ। ਇਹ ਇਕੋ ਇਕ ਅਜਿਹਾ ਪੰਜਾਬੀ ਲੇਖਕ ਸੀ, ਜੋ ਪੰਜਾਬੀ ਤੋਂ ਇਲਾਵਾ ਹਿੰਦੀ, ਉਰਦੂ ਅਤੇ ਅੰਗ੍ਰੇਜ਼ੀ ਵਿਚ ਪੂਰੇ ਅਬੂਰ ਅਤੇ ਯੋਗਤਾ ਨਾਲ ਲਿਖ ਸਕਦਾ ਸੀ ਅਤੇ ਕਵਿਤਾ, ਕਹਾਣੀ, ਨਾਟਕ , ਆਲੋਚਨਾ , ਨਿਬੰਧ , ਖੋਜ- ਪੱਤਰਕਾਰੀ ਆਦਿ ਵਖ ਵਖ ਸਾਹਿਤ-ਰੂਪਾਂ ਵਿਚ ਬੜੀ ਨਿਪੁਣਤਾ ਨਾਲ ਰਚਨਾ ਕਰ ਸਕਦਾ ਸੀ।

## **ਡਾ. ਹਰਨਾਮ ਸਿੰਘ** (15 ਸਤੰਬਰ 1923 - 9 ਜੂਨ 2011)

ਡਾ. ਹਰਨਾਮ ਸਿੰਘ ਪ੍ਰਸਿੱਧ ਪੰਜਾਬੀ ਵਿਦਵਾਨ ਸਨ। ਹਰਨਾਮ ਸਿੰਘ ਦਾ ਜਨਮ ਪਿੰਡ ਧਮਿਆਲ, ਜ਼ਿਲ੍ਹਾ ਰਾਵਲਪਿੰਡੀ (ਪਾਕਿਸਤਾਨ) ਵਿਖੇ ਹੋਇਆ। ਉਸ ਨੇ ਐੱਮ.ਏ. (ਅੰਗਰੇਜ਼ੀ) ਪੰਜਾਬ ਯੂਨੀਵਰਸਿਟੀ, ਲਾਹੌਰ ਤੋਂ 1947 ਵਿੱਚ ਕੀਤੀ। ਐੱਮ.ਏ. (ਪੰਜਾਬੀ) ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ 1953 ਵਿੱਚ ਅਤੇ ਪੀਐੱਚ.ਡੀ. ਦੀ ਡਿਗਰੀ ਲੰਡਨ ਯੂਨੀਵਰਸਿਟੀ ਤੋਂ ਸੰਨ 1964 ਵਿੱਚ ਹਾਸਲ ਕੀਤੀ।

ਰਚਨਾਵਾਂ

ਰੋਟੀ ਬੇਟੀ ਦੀ ਸਾਂਝ(1959);

ਪੰਜਾਬੀ ਪਰਖ ਪੜਚੋਲ - ਜਨਮ ਤੇ ਵਿਕਾਸ (1960);

ਪੂਰਨ ਸਿੰਘ ਦਾ ਪੰਜਾਬ ਪਿਆਰ (1968);

ਭਾਈ ਵੀਰ ਸਿੰਘ ਤੇ ਉਨ੍ਹਾਂ ਦੀ ਦੇਣ (1972);

ਭਾਈ ਵੀਰ ਸਿੰਘ ਦਾ ਸੰਦੇਸ਼ (1973);

ਗੁਰੂ ਨਾਨਕ ਦਾ ਸ਼ਾਹਕਾਰ ਜਪਜੀ (1975).

The Sayings of Guru Nanak (1969);

Guru Nanak in His Own Words (1970);

Guru Nanak's Moral Code (1970);

God as Known to Guru Nanak (1971);

Guru Nanak: The Man and His Mission (1974);

So Said Guru Amar Das (1985);

Select Sayings of Guru Gobind Singh (2008)

## ਪ੍ਰੋ. ਪਿਆਰਾ ਸਿੰਘ ਪਦਮ (28 ਦਸੰਬਰ 1921 - 1 ਮਈ 2001)

ਪ੍ਰੋ. ਪਿਆਰਾ ਸਿੰਘ ਪਦਮ ਪੰਜਾਬੀ ਸਾਹਿਤਕਾਰ ਸਨ। ਉਨਾਂ ਦਾ ਜਨਮ 28 ਦਸੰਬਰ 1921 ਨੂੰ ਸ: ਗੁਰਨਾਮ ਸਿੰਘ ਦੇ ਘਰ ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਘੁੰਗਰਾਣੇ ਹੋਇਆ ਸੀ। ਮੁਢਲੀ ਸਿੱਖਿਆ ਤੋਂ ਬਾਅਦ ਪਦਮ ਨੇ ਪ੍ਰਭਾਕਰ ਅਤੇ ਗਿਆਨੀ ਕੀਤੀ। ਫਿਰ ਉਹ ਸਿੱਖ ਮਿਸ਼ਨਰੀ ਕਾਲਜ਼, ਅੰਮ੍ਰਿਤਸਰ ਵਿੱਚ ਦਾਖਲ ਹੋ ਗਏ ਅਤੇ ਬਾਅਦ ਵਿੱਚ ਇਸੇ ਕਾਲਜ ਵਿੱਚ ਲੈਕਚਰਾਰ ਨਿਯੁਕਤ ਹੋ ਗਏ। ਉਹਨਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰੰਬਧਕ ਕਮੇਟੀ ਦੀ ਮਾਸਿਕ ਪੱਤ੍ਰਿਕਾ ਗੁਰਦੁਆਰਾ ਗਜ਼ਟ ਦੀ 1948-49 ਵਿੱਚ ਸੰਪਾਦਨਾ ਕੀਤੀ। ਅਕਤੂਬਰ 1965 ਤੋਂ ਲੈ ਕੇ ਜਨਵਰੀ 1983 ਤੱਕ ਪਦਮ ਜੀ ਪੰਜਾਬੀ ਯੂਨੀਵਰਸਟੀ ਪਟਿਆਲਾ ਵਿਖੇ ਉੱਚੇ ਅਤੇ ਸਨਮਾਨਯੋਗ ਆਹੁਦੇ ਉੱਤੇ ਨਿਯੁਕਤ ਰਹੇ। ਕੁੱਝ ਦੇਰ ਲਈ ਉਹ ਯੂਨੀਵਰਸਿਟੀ ਪਟਿਆਲਾ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਮੁੱਖੀ ਵੀ ਰਹਿ ਚੁੱਕੇ ਹਨ। ਨੌਕਰੀ ਉਤੋਂ ਸੇਵਾ ਮੁਕਤ ਹੋਣ ਮਗਰੋਂ ਵੀ ਪ੍ਰੋ: ਪਿਆਰਾ ਸਿੰਘ ਪਦਮ ਜੀ ਸਾਹਿਤਕ ਕਾਰਜਾਂ ਵਿੱਚ ਲੱਗੇ ਰਹੇ।

ਸਮੁੱਚੇ ਜੀਵਨ ਕਾਲ ਵਿੱਚ ਉਹਨਾਂ ਨੇ ਲਗਪਗ 80/82 ਦੇ ਕਰੀਬ ਪੁਸਤਕਾਂ ਰਚੀਆਂ ਹਨ। ਇਨ੍ਹਾਂ ਵਿੱਚੋਂ ਚੋਣਵੀਆਂ ਦੀ ਸੂਚੀ ਪੇਸ਼ ਹੈ:-

ਸੰਖੇਪ ਸਿੱਖ ਇਤਿਹਾਸ

ਦਸਮ ਗ੍ਰੰਥ ਦਰਸ਼ਨ

ਪੰਜ ਦਰਿਆ

ਜ਼ਫ਼ਰਨਾਮਾ ਸਟੀਕ

ਕਲਾਮ ਭਾਈ ਨੰਦ ਲਾਲ

ਪੰਜਾਬੀ ਬੋਲੀ ਦਾ ਇਤਿਹਾਸ

ਗੁਰਮੁਖੀ ਲਿਪੀ ਦਾ ਇਤਿਹਾਸ

ਪੰਜਾਬੀ ਸਾਹਿਤ ਦੀ ਰੂਪਰੇਖਾ

ਪੰਜਾਬੀ ਡਾਇਰੈਕਟਰੀ

ਪੰਜਾਬੀ ਵਾਰਾਂ

ਪੰਜਾਬੀ ਬਾਰਾਂਮਾਹੇ

ਪੁਸ਼ਪਾਂਜਲੀ

ਖ਼ਲੀਲ ਜ਼ਿਬਰਾਨ ਦੇ ਬਚਨ ਬਿਲਾਸ

ਗੁਰੂ ਗ੍ਰੰਥ ਵਿਚਾਰ ਕੋਸ਼

ਗੁਰੂ ਗ੍ਰੰਥ ਸੰਕੇਤ ਕੋਸ਼

ਗੁਰੂ ਗ੍ਰੰਥ ਮਹਿਮਾ ਕੋਸ਼

ਮਿਰਜ਼ੇ ਦੀਆਂ ਸੱਦਾਂ

ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ

ਕੋਠੀ ਝਾੜ

ਗੁਰੂ-ਸਰ

ਗੁਰੂ ਦਰ

ਰਹਿਤਨਾਮੇ

ਬਚਨ ਸਾਈਂ ਲੋਕਾਂ ਦੇ

ਸਭਿਆਚਾਰ ਦੇ ਗੌਰਵ ਭਰੇ ਵਿਰਸੇ ਨੂੰ ਉਜਾਗਰ ਕਰਨ ਵਾਲੇ ਇਸ ਸਾਹਿਤਕਾਰ ਦਾ ਜਨਮ 28 ਦਸੰਬਰ, 1921 ਨੂੰ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਘੁੰਗਰਾਣਾ ਵਿਖੇ ਹੋਇਆ। ਇਸ ਨੇ ਭਾਸ਼ਾ ਵਿਗਿਆਨਕ ਪੱਖ ਤੋਂ ਪੰਜਾਬੀ ਬੋਲੀ ਦੀ ਪ੍ਰਾਚੀਨ ਮਹੱਤਤਾ ਨੂੰ ਕਲਮਬਧ ਕੀਤਾ ਸੀ ਜੋ ਸਾਹਿਤ ਖੋਜੀਆਂ ਲਈ ਮਹੱਤਵਪੂਰਨ ਸਿੱਧ ਹੋਈ। ਇਸ ਵਿਸ਼ੇ ਤੇ ਇਸ ਦੁਆਰਾ ਲਿਖੀਆਂ 'ਪੰਜਾਬੀ ਬੋਲੀ ਦਾ ਇਤਿਹਾਸ' ਅਤੇ 'ਗੁਰਮੁਖੀ ਲਿਪੀ ਦਾ ਇਤਿਹਾਸ' ਪੁਸਤਕਾਂ ਨੇ ਪਾਠਕਾਂ ਵਿਚਕਾਰ ਮਾਨਤਾ ਪਾਈ। ਇਨ੍ਹਾਂ ਪੁਸਤਕਾਂ ਦੀ ਭਾਰਤ ਦੇ ਉੱਘੇ ਭਾਸ਼ਾ ਵਿਗਿਆਨੀਆਂ ਨੇ ਵੀ ਬਹੁਤ ਸ਼ਲਾਘਾ ਕੀਤੀ।

ਇਸ ਨੇ ਪ੍ਰਾਚੀਨ ਹੱਥ ਲਿਖਤਾਂ ਦਾ ਅਧਿਐਨ ਕਰ ਕੇ ਪੰਜਾਬੀ ਸਾਹਿਤ ਦੀ ਪਰੰਪਰਾ ਨੂੰ ਸੇਧ ਦਿੱਤੀ ਅਤੇ ਵੱਡਮੁੱਲੇ ਗ੍ਰੰਥਾਂ ਦਾ ਸੰਪਾਦਨ ਕੀਤਾ। ਪੰਜਾਬੀ ਮਾਝਾਂ, ਪੰਜਾਬੀ ਬਾਰਾਮਾਹ ਅਤੇ ਪੰਜਾਬੀ ਵਾਰਾਂ ਇਨ੍ਹਾਂ ਵਿਚੋਂ ਪ੍ਰਸਿੱਧ ਹਨ। ਇਸ ਤੋਂ ਇਲਾਵਾ ਪੰਜਾਬੀ ਦੇ ਕਲਾਸੀਕਲ ਕਵੀਆਂ ਦੀਆਂ ਰਚਨਾਵਾਂ ਹਾਸ਼ਮ ਰਚਨਾਵਲੀ ਅਤੇ ਹੁਸੈਨ ਰਚਨਾਵਲੀ ਦਾ ਸ਼ੁੱਧ ਤੇ ਪ੍ਰਮਾਣਿਕ ਪਾਠ ਪੰਜਾਬੀ ਜਗਤ ਨੂੰ ਦੇਣ ਵਾਲਾ ਇਹ ਪਹਿਲਾ ਵਿਦਵਾਨ ਸੀ। ਇਹ ਉਨ੍ਹਾਂ ਵਿਰਲੇ ਵਿਦਵਾਨਾਂ ਵਿਚੋਂ ਇਕ ਹੈ ਜਿਸ ਨੇ ਸਿੱਖ ਧਰਮ ਬਾਰੇ ਆਧੁਨਿਕ ਦ੍ਰਿਸ਼ਟੀਕੋਣ ਤੋਂ ਉੱਚ ਪੱਧਰ ਦੀ ਦਾਰਸ਼ਨਿਕ ਖੋਜ ਕੀਤੀ ਅਤੇ ਸ੍ਰੀ ਗੁਰੂ ਗ੍ਰੰਥ ਪ੍ਰਕਾਸ਼ ਅਤੇ ਦਸਮ ਗ੍ਰੰਥ ਦਰਸ਼ਨ ਉਨ੍ਹਾਂ ਪ੍ਰਸਿੱਧ ਕਿਰਤਾਂ ਵਿਚੋਂ ਹਨ। ਇਸ ਨੇ ਬੜੀ ਮਿਹਨਤ ਅਤੇ ਡੂੰਘੀ ਖੋਜ ਨਾਲ 'ਸਾਡੇ ਗੁਰਦੇਵ' ਪੁਸਤਕ ਲਿਖੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਧਿਐਨ ਕਰਨ ਲਈ 'ਗੁਰਬਾਣੀ ਕੋਸ਼' ਤਿਆਰ ਕੀਤਾ।

ਪੱਤਰਕਾਰੀ ਦੇ ਖੇਤਰ ਵਿਚ ਵੀ ਪਦਮ ਨੇ ਸ਼ਲਾਘਾਯੋਗ ਕੰਮ ਕੀਤਾ। ਇਸ ਨੇ 'ਗੁਰਦੁਆਰਾ ਗਜ਼ਟ', 'ਆਜ ਕੀ ਬਾਤ' ਵਰਗੇ ਬਹੁ ਚਰਚਿਤ ਰੋਜ਼ਾਨਾ ਪੱਤਰਾਂ ਦਾ ਸੰਪਾਦਨ ਕੀਤਾ। ਭਾਸ਼ਾ ਵਿਭਾਗ, ਪੰਜਾਬ ਵਿਚ ਨੌਕਰੀ ਦੌਰਾਨ 'ਪੰਜਾਬੀ ਦੁਨੀਆ' ਅਤੇ 'ਜਨ ਸਾਹਿਤ' ਦੇ ਸੰਪਾਦਨ ਨਾਲ ਵੀ ਸਬੰਧਤ ਰਿਹਾ।

ਇਸ ਨੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ 'ਸੰਖੇਪ ਸਿੱਖ ਇਤਿਹਾਸ' ਲਿਖਿਆ ਜੋ ਸਿੱਖ ਜਗਤ ਵਿਚ ਪ੍ਰਸਿੱਧ ਗ੍ਰੰਥ ਮੰਨਿਆ ਗਿਆ। ਇਸੇ ਧਾਰਮਿਕ-ਇਤਿਹਾਸਕ ਵਿਸ਼ੇ ਸਬੰਧੀ ਇਸ ਦੀ ਪੁਸਤਕ 'ਤੇਗ ਬਹਾਦਰ ਸਿਮਰੀਐ' ਨੇ ਬਹੁਤ ਨਾਮਣਾ ਖੱਟਿਆ। ਇਹ ਇਕ ਬਹੁਪੱਖੀ ਸਾਹਿਤਕਾਰ ਮੰਨਿਆ ਜਾਂਦਾ ਸੀ ਅਤੇ ਇਸ ਨੇ ਪੰਜਾਬੀ ਪ੍ਰਾਚੀਨ ਸਾਹਿਤ ਜੋ ਹਿੰਦੀ ਅਤੇ ਉਰਦੂ ਅੱਖਰਾਂ ਵਿਚ, ਹੱਥ ਲਿਖਤਾਂ ਦੇ ਰੂਪ ਵਿਚ ਮਿਲਦਾ ਹੈ, ਨੂੰ ਗੁਰਮੁਖੀ ਲਿਪੀ ਵਿਚ ਉਲਥਾਇਆ। ਇਸ ਦੇ ਲਿਖੇ ਖੋਜ ਪੱਤਰ ਵੀ ਹਰ ਖੇਤਰ ਵਿਚ ਸਲਾਹੇ ਗਏ। ਇਸ ਦੀਆਂ ਲਿਖੀਆਂ ਹਵਾਲਾ ਪੁਸਤਕਾਂ ਸਾਹਿਤ ਖੇਤਰ ਦੇ ਖੋਜੀਆਂ ਲਈ ਲਾਭਦਾਇਕ ਸਿੱਧ ਹੋਈਆਂ। ਇਸ ਨੇ ਗੁਰਮੁਖੀ ਲਿਪੀ ਵਿਚ ਲਿਖੇ ਹਿੰਦੀ ਸਾਹਿਤ ਦੀ ਖੋਜ ਕਰ ਕੇ ਪੰਜਾਬ ਦੀ ਦੇਣ ਬਾਰੇ ਜਾਣਕਾਰੀ ਦਿੱਤੀ। ਇਸ ਦੀਆਂ ਹੋਰ ਕਿਰਤਾਂ ਵਿਚੋਂ ਕਲਮ ਦੇ ਧਨੀ, ਮਹਾਂਕਵੀ ਸੰਤਰੇਣ, ਪੰਜਾਬੀ ਜੰਞਾਂ, ਪੰਜਾਬੀ ਡਾਇਰੈੱਕਟਰੀ, ਮਿਰਜ਼ੇ ਦੀਆਂ ਸੱਦਾਂ, ਪ੍ਰਾਚੀਨ ਪੰਜਾਬੀ ਗੱਦ, ਹੀਰ ਅਹਿਮਦ, ਹੀਰ ਭਗਵਾਨ ਸਿੰਘ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਰਹਿਤ ਨਾਮੇ, ਆਦਿ ਗ੍ਰੰਥ ਦਰਸ਼ਨ, ਪੰਜ ਦਰਿਆ, ਨਾਨਕ ਸਾਇਰੁ ਏਵ ਕਹਤ ਹੈ, ਗੁਰੂ ਨਾਨਕ ਜਿਨ ਸੁਣਿਆ ਪੇਖਿਆ, ਚਾਰ ਸਾਹਿਬਜ਼ਾਦੇ, ਗੋਬਿੰਦ ਸਾਗਰ, ਪੁਸ਼ਪਾਂਜਲੀ, ਪੰਜਾਬੀ ਮਹਾਰਾਜਾ, ਹਿੰਦੁਸਤਾਨੀ ਕਵੀ, ਹਿੰਦੁਸਤਾਨੀ ਕਲਾ, ਹਿੰਦੁਸਤਾਨੀ ਕਵਿਤਾ, ਮਹਾਂਕਵੀ ਸੰਤੋਖ ਸਿੰਘ ਆਦਿ ਹਨ। ਹਿੰਦੀ ਰਚਨਾਵਾਂ ਵਿਚ ਪ੍ਰਸਿੱਧ ਪੁਸਤਕਾਂ-ਪੰਚ ਨਦ, ਗਿਆਨ ਤ੍ਰਿਬੇਣੀ, ਬਾਣੀ ਗੁਰੂ ਅਰਜਨ ਦੇਵ , ਸਿੱਖ ਧਰਮ ਦੀ ਰੂਪ ਰੇਖਾ, ਕਲਾਕਾਰ ਕਾ ਬਲੀਦਾਨ, ਸਰਬਸਾਂਝਾ ਧਰਮ ਆਦਿ ਹਨ।

ਪਿਆਰਾ ਸਿੰਘ ਪਦਮ ਦੀ ਸਾਹਿਤਕ ਘਾਲਣਾ ਦੇ ਫਲਸਰੂਪ ਇਸ ਨੂੰ ਹਰਿਆਣਾ ਸਰਕਾਰ ਨੇ ਸਰਬ ਹਿੰਦੂ ਭਾਈ ਸੰਤੋਖ ਸਿੰਘ ਪੁਰਸਕਾਰ ਦਿੱਤਾ। ਸੰਨ 1981 ਵਿਚ ਭਾਸ਼ਾ ਵਿਭਾਗ, ਪੰਜਾਬ ਨੇ ਇਸ ਨੂੰ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਵੱਜੋਂ ਸਨਮਾਨਿਆ ਅਤੇ 1999 ਈ. ਵਿਚ ਸਾਹਿਤ ਸ਼੍ਰੋਮਣੀ ਪੁਰਸਕਾਰ ਪ੍ਰਦਾਨ ਕੀਤਾ। ਇਕ ਮਈ, 2001 ਨੂੰ ਇਸ ਦਾ ਦੇਹਾਂਤ ਹੋ ਗਿਆ।

*ਖੋਜ ਵਿਧੀ*

## ਸਾਰ-ਅੰਸ਼:

ਇਨ੍ਹਾਂ ਵਿਦਵਾਨਾਂ ਨੇ ਪੰਜਾਬੀ ਖੋਜ ਇਤਿਹਾਸ ਵਿਚ ਬਹੁਤ ਵੱਡਾ ਯੋਗਦਾਨ ਪਾਇਆ ਹੈ। ਇਕ ਤਰ੍ਹਾਂ ਨਾਲ ਸਾਹਿਤ ਦੀ ਇਤਿਹਾਸਕਾਰੀ, ਆਚੋਲਨਾ ਅਤੇ ਖੋਜ ਨਾਲ-ਨਾਲ ਚਲਦੇ ਰਹੇ ਹਨ। ਇਸ ਇਕਾਈ ਦੇ ਵਿਚ ਖੋਜ ਦੇ ਇਤਿਹਾਸ ਦੇ ਵਿਸ਼ੇ ਨੂੰ ਆਧਾਰ ਬਣਾ ਕੇ ਇਸ ਵਿੱਚ ਜੋ ਵਿਚਾਰ ਚਰਚਾ ਕੀਤੀ ਜਾਵੇਗੀ ,ਉਸ ਵਿੱਚ ਪੰਜਾਬੀ ਖੋਜ ਦੇ ਆਰੰਭ ਬਾਰੇ ਅਤੇ ਪੰਜਾਬੀ ਦੇ ਪ੍ਰਮੁੱਖ ਖੋਜਕਾਰਾਂ ਦੇ ਨਾਮ , ਜੀਵਨ , ਰਚਨਾਵਾਂ , ਖੋਜਕਾਰਜਾਂ ਅਦਿ ਯੋਗਦਾਨ  ਦੇ ਮਹੱਤਵ  ਨੂੰ ਪੇਸ਼ ਕੀਤਾ ਗਿਆ ਹੈ।

## ਮੁੱਖ/ਕੇਂਦਰੀ ਸ਼ਬਦ:

ਸੱਦ---ਜ਼ੋਰ ਨਾਲ ਗਾਉਣ ਵਾਲਾ ਗੀਤ

ਆਗਾਜ਼---ਅਰੰਭ

ਮਹਾਂਕਵੀ---ਵੱਡਾ ਕਵੀ

ਪਦਮ---ਉਤਮ

ਘਾਲਣਾਂ---ਮਿਹਨਤ



## ਸਵੈ-ਮੁਲਾਂਕਣ:

1. ਕੋਇਲ ਕੂ ਪੁਸਤਕ ਦਾ ਲੇਖਕ ਕੌਣ ਹੈ?

ੳ ਬਾਵਾ ਬੁੱਧ ਸਿੰਘ

ਅ ਮੋਹਨ ਸਿੰਘ ਦੀਵਾਨਾ

ੲ ਬਨਾਰਸੀ ਦਾਸ ਜੈਨ

ਸ ਮੌਲਾ ਬਖਸ਼ ਕੁਸ਼ਤਾ

2. ਪੰਜਾਬੀ ਸਾਹਿਤ ਦਾ ਇਤਿਹਾਸ ਪੁਸਤਕ ਦਾ ਲੇਖਕ ਕੌਣ ਹੈ?

ੳ ਬਾਵਾ ਬੁੱਧ ਸਿੰਘ

ਅ ਮੋਹਨ ਸਿੰਘ ਦੀਵਾਨਾ

ੲ ਬਨਾਰਸੀ ਦਾਸ ਜੈਨ

ਸ ਮੌਲਾ ਬਖਸ਼ ਕੁਸ਼ਤਾ

3.ਬੰਬੀਹਾ ਬੋਲ  ਪੁਸਤਕ ਦਾ ਲੇਖਕ ਕੌਣ ਹੈ?

ੳ ਬਾਵਾ ਬੁੱਧ ਸਿੰਘ

ਅ ਮੋਹਨ ਸਿੰਘ ਦੀਵਾਨਾ

ੲ ਬਨਾਰਸੀ ਦਾਸ ਜੈਨ

ਸ ਮੌਲਾ ਬਖਸ਼ ਕੁਸ਼ਤਾ

4 ਪੰਜਾਬ ਦੇ ਹੀਰੇ ਪੁਸਤਕ ਦਾ ਲੇਖਕ ਕੌਣ ਹੈ?

ੳ ਬਾਵਾ ਬੁੱਧ ਸਿੰਘ

ਅ ਮੋਹਨ ਸਿੰਘ ਦੀਵਾਨਾ

ੲ ਬਨਾਰਸੀ ਦਾਸ ਜੈਨ

ਸ ਮੌਲਾ ਬਖਸ਼ ਕੁਸ਼ਤਾ

5. ਪੰਜਾਬੀ ਸ਼ਾਇਰਾਂ ਦਾ ਤਜ਼ਕਰਾ ਪੁਸਤਕ ਦਾ ਲੇਖਕ ਕੌਣ ਹੈ?

ੳ ਬਾਵਾ ਬੁੱਧ ਸਿੰਘ

ਅ ਮੋਹਨ ਸਿੰਘ ਦੀਵਾਨਾ

ੲ ਬਨਾਰਸੀ ਦਾਸ ਜੈਨ

ਸ ਮੌਲਾ ਬਖਸ਼ ਕੁਸ਼ਤਾ

6 ਰਾਜਾ ਰਸਾਲੂ ਪੁਸਤਕ ਦਾ ਲੇਖਕ ਕੌਣ ਹੈ?

ੳ ਬਾਵਾ ਬੁੱਧ ਸਿੰਘ

ਅ ਮੋਹਨ ਸਿੰਘ ਦੀਵਾਨਾ

ੲ ਬਨਾਰਸੀ ਦਾਸ ਜੈਨ

ਸ ਮੌਲਾ ਬਖਸ਼ ਕੁਸ਼ਤਾ

7. History of Panjabi Literature ਪੁਸਤਕ ਦਾ ਲੇਖਕ ਕੌਣ ਹੈ?

ੳ ਬਾਵਾ ਬੁੱਧ ਸਿੰਘ

ਅ ਮੋਹਨ ਸਿੰਘ ਦੀਵਾਨਾ

ੲ ਬਨਾਰਸੀ ਦਾਸ ਜੈਨ

ਸ ਮੌਲਾ ਬਖਸ਼ ਕੁਸ਼ਤਾ

8. ਬੰਬੀਹਾ ਬੋਲ ਪੁਸਤਕ ਦਾ ਲੇਖਕ ਕੌਣ ਹੈ?

ੳ ਬਾਵਾ ਬੁੱਧ ਸਿੰਘ

ਅ ਮੋਹਨ ਸਿੰਘ ਦੀਵਾਨਾ

ੲ ਬਨਾਰਸੀ ਦਾਸ ਜੈਨ

ਸ ਮੌਲਾ ਬਖਸ਼ ਕੁਸ਼ਤਾ

9. ਏ ਹਿਸਟਰੀ ਆਫ਼ ਪੰਜਾਬੀ ਲਿਟਰੇਚਰਅਪੁਸਤਕ ਦਾ ਲੇਖਕ ਕੌਣ ਹੈ?

ੳ ਬਾਵਾ ਬੁੱਧ ਸਿੰਘ

ਅ ਮੋਹਨ ਸਿੰਘ ਦੀਵਾਨਾ

ੲ ਬਨਾਰਸੀ ਦਾਸ ਜੈਨ

ਸ ਮੌਲਾ ਬਖਸ਼ ਕੁਸ਼ਤਾ

10. ਪੰਜਾਬੀ ਸਾਹਿਤ ਦੀ ਰੂਪਰੇਖਾ ਪੁਸਤਕ ਦਾ ਲੇਖਕ ਕੌਣ ਹੈ?

ੳ ਬਾਵਾ ਬੁੱਧ ਸਿੰਘ

ਅ ਮੋਹਨ ਸਿੰਘ ਦੀਵਾਨਾ

ੲ ਪਿਆਰਾ ਸਿੰਘ ਪਦਮ

ਸ ਮੌਲਾ ਬਖਸ਼ ਕੁਸ਼ਤਾ

11. ਸਾਹਿਤ ਇਤਿਹਾਸ ਦੀ ਪ੍ਰਮਾਣਿਕ ਪੁਸਤਕ ਦਾ ਲੇਖਕ ਕੌਣ ਹੈ?

ੳ ਬਾਵਾ ਬੁੱਧ ਸਿੰਘ

ਅ ਮੋਹਨ ਸਿੰਘ ਦੀਵਾਨਾ

ੲ ਬਨਾਰਸੀ ਦਾਸ ਜੈਨ

ਸ ਮੌਲਾ ਬਖਸ਼ ਕੁਸ਼ਤਾ

12. ਪੰਜਾਬੀ ਬੋਲੀ ਦਾ ਇਤਿਹਾਸ ਪੁਸਤਕ ਦਾ ਲੇਖਕ ਕੌਣ ਹੈ?

ੳ ਬਾਵਾ ਬੁੱਧ ਸਿੰਘ

ਅ ਪਿਆਰਾ ਸਿੰਘ ਪਦਮ

ੲ ਬਨਾਰਸੀ ਦਾਸ ਜੈਨ

ਸ ਮੌਲਾ ਬਖਸ਼ ਕੁਸ਼ਤਾ

13. ਗੁਰੂ ਨਾਨਕ ਦਾ ਸ਼ਾਹਕਾਰ ਜਪਜੀ ਪੁਸਤਕ ਦਾ ਲੇਖਕ ਕੌਣ ਹੈ?

ੳ ਬਾਵਾ ਬੁੱਧ ਸਿੰਘ

ਅ ਮੋਹਨ ਸਿੰਘ ਦੀਵਾਨਾ

ੲ ਬਨਾਰਸੀ ਦਾਸ ਜੈਨ

ਸ ਹਰਨਾਮ ਸਿੰਘ

14. ਪੂਰਨ ਸਿੰਘ ਦਾ ਪੰਜਾਬ ਪਿਆਰ ਪੁਸਤਕ ਦਾ ਲੇਖਕ ਕੌਣ ਹੈ?

ੳ ਹਰਨਾਮ ਸਿੰਘ

ਅ ਮੋਹਨ ਸਿੰਘ ਦੀਵਾਨਾ

ੲ ਬਨਾਰਸੀ ਦਾਸ ਜੈਨ

ਸ ਮੌਲਾ ਬਖਸ਼ ਕੁਸ਼ਤਾ

15 **ਐਨ ਇੰਟਰੋਡਕਸ਼ਨ ਟੂ ਪੰਜਾਬੀ ਲਿਟਰੇਚਰ** ਪੁਸਤਕ ਦਾ ਲੇਖਕ ਕੌਣ ਹੈ?

ੳ ਬਾਵਾ ਬੁੱਧ ਸਿੰਘ

ਅ ਮੋਹਨ ਸਿੰਘ ਦੀਵਾਨਾ

ੲ ਬਨਾਰਸੀ ਦਾਸ ਜੈਨ

ਸ ਮੌਲਾ ਬਖਸ਼ ਕੁਸ਼ਤਾ

## ਅਭਿਆਸ ਪ੍ਰਸ਼ਨ

1. ਮੁਢਲੇ ਪੰਜਾਬੀ ਖੋਜਕਾਰਾਂ ਉਪਰ ਨੋਟ ਲਿਖੋ?
2. ਬਾਬਾ ਬੁੱਧ ਸਿੰਘ ਦਾ ਖੋਜ ਵਿਚ ਯੋਗਦਾਨ ਬਾਰੇ ਸੰਖੇਪ ਵਿਚ ਵਰਣਨ ਕਰੋ।
3. ਡਾ. ਮੋਹਨ ਸਿੰਘ ਦੀਵਾਨਾ ਦਾ ਖੋਜ ਵਿਚ ਯੋਗਦਾਨ ਬਾਰੇ ਸੰਖੇਪ ਵਿਚ ਵਰਣਨ ਕਰੋ।
4. ਪਿਆਰਾ ਸਿੰਘ ਪਦਮ ਦਾ ਖੋਜ ਵਿਚ ਯੋਗਦਾਨ ਬਾਰੇ ਸੰਖੇਪ ਵਿਚ ਵਰਣਨ ਕਰੋ।
5. ਹਰਨਾਮ ਸਿੰਘ ਦਾ ਖੋਜ ਵਿਚ ਯੋਗਦਾਨ ਬਾਰੇ ਸੰਖੇਪ ਵਿਚ ਵਰਣਨ ਕਰੋ।
6. ਮੌਲਾ ਬਖਸ਼ ਕੁਸ਼ਤਾ ਦਾ ਖੋਜ ਵਿਚ ਯੋਗਦਾਨ ਬਾਰੇ ਸੰਖੇਪ ਵਿਚ ਵਰਣਨ ਕਰੋ।
7. ਪੰਜਾਬੀ ਸਾਹਿਤ ਦੀ ਮੁਖਤਸਰ ਤਾਰੀਖ ਕਿਸ ਦੀ ਰਚਨਾ ਹੈ?
8. ਬੰਬੀਹਾ ਬੋਲ ਕਿਸ ਦੀ ਰਚਨਾ ਹੈ?
9. ਕੋਇਲ ਕੂ ਕਿਸ ਦੀ ਰਚਨਾ ਹੈ?
10. ਪੰਜਾਬ ਦੇ ਹੀਰੇ ਕਿਸ ਦੀ ਰਚਨਾ ਹੈ?
11. ਗੁਰਮੁਖੀ ਲਿਪੀ ਦਾ ਇਤਿਹਾਸ ਕਿਸ ਦੀ ਰਚਨਾ ਹੈ?
12. ਪੰਜਾਬੀ ਸਾਹਿਤ ਦਾ ਇਤਿਹਾਸ ਕਿਸ ਦੀ ਰਚਨਾ ਹੈ?
13. ਬੁੱਲ੍ਹੇ ਸ਼ਾਹ ਦੀਆਂ ਕਾਫੀਆਂ ਕਿਸ ਦੀ ਰਚਨਾ ਹੈ?

**14.** ਵਾਰਿਸ ਦੀ ਹੀਰ ਕਿਸ ਦੀ ਰਚਨਾ ਹੈ?

**15.** ਆਪਣੇ ਖੇਤਰ ਦੇ ਸਾਹਿਤ ਪ੍ਰੇਮੀਆਂ ਦੀ ਸੂਚੀ ਬਣਾਓ ਅਤੇ ਉਨ੍ਹਾਂ ਦੇ ਪੰਜਾਬੀ ਖੋਜ ਦੇ ਅਰੰਭ ਤੇ ਇਤਿਹਾਸ ਸੰਬੰਧੀ ਸਪਸ਼ਟੀਕਰਨ ਦਾ ਸਰਵੇਖਣ ਕਰੋ।

## ਸੰਦਰਭ ਪੁਸਤਕਾਂ:


1) ਖੋਜ:ਸਿਧਾਂਤ ਤੇ ਵਿਹਾਰ, ਪਿਆਰ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, (2010)

2) ਕੇਸਰ ਸਿੰਘ ਕੇਸਰ: ਖੋਜ ਚਿੰਤਨ੍ਹ, ਜਸਬੀਰ ਕੇਸਰ(ਸੰਪਾ.), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, (2006)

3) ਕੇਸਰ ਸਿੰਘ ਕੇਸਰ: ਸਿਧਾਂਤ ਚਿੰਤਨ, ਜਸਬੀਰ ਕੇਸਰ (ਸੰਪਾ.), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ,(2006)

4) ਪੰਜਾਬੀ ਖੋਜ ਦਾ ਇਤਿਹਾਸ, ਧਰਮ ਸਿੰਘ, ਪੰਜਾਬੀ ਅਕਾਦਮੀ ਦਿੱਲੀ,(2004)

5) ਪੰਜਾਬੀ ਖੋਜ ਸੰਦਰਭ, ਧਰਮ ਸਿੰਘ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, (2014)

6) ਪੰਜਾਬੀ ਆਲੋਚਨਾ: ਸਰੂਪ ਅਤੇ ਸੰਭਾਵਨਾਵਾਂ, ਸੰਧੂ, ਸਤਿਨਾਮ ਸਿੰਘ, ਮਦਾਨ ਪਬਲਿਸ਼ਰਜ਼, ਪਟਿਆਲਾ, (1996)

7) ਵਿਹਾਰਕ ਸਮੀਖਿਆ(2005) ,ਪਟਿਆਲਾ ,ਪੰਜਾਬੀ ਯੂਨੀਵਰਸਿਟੀ ,ਸਤਿੰਦਰ ਸਿੰਘ ,


## ਮਹੱਤਵਪੂਰਨ ਲਿੰਕ

https://panjpedia.org/pa/wiki/%E0%A8%AC%E0%A8%BE%E0%A8%B5%E0%A8%BE-%E0%A8%AC%E0%A9%81%E0%A9%B1%E0%A8%A7-%E0%A8%B8%E0%A8%BF%E0%A9%B0%E0%A8%98

ਉੱਤਰਮਾਲਾ

| | | | | |
|---|---|---|---|---|
| 1. ੳ | 2. ਅ | 3. ੳ | 4. ਸ | 5. ਸ |
| 6. ੳ | 7. ਅ | 8. ੳ | 9. ਅ | 10. ੳ |
| 11.ਅ | 12. ੲ | 13. ਸ | 14. ੳ | 15. ਅ |

DPBI543

# ਅਧਿਆਇ-09 : ਪ੍ਰਮੁੱਖ ਪੰਜਾਬੀ ਖੋਜਕਾਰ -2

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ

## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਪੰਜਾਬੀ ਖੋਜਕਾਰਾਂ ਦੇ ਯੋਗਦਾਨ ਨੂੰ ਸਮਝਣ ਦੇ ਸਮਰੱਥ ਹੋਣਗੇ।
- ਪੰਜਾਬੀ ਖੋਜਕਾਰਾਂ ਦੇ ਪ੍ਰਯੋਜਨ ਅਤੇ ਮਹੱਤਵ ਤੋਂ ਜਾਣੂ ਹੋਣਗੇ।
- ਖੋਜ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।
- ਸਾਹਿਤ ਰੂਪਾਂ ਦਾ ਮੁਲਾਂਕਣ ਕਰ ਸਕਣ ਦੇ ਯੋਗ ਹੋਣਗੇ।

## ਪ੍ਰਸਤਾਵਨਾ:

ਇਸ ਇਕਾਈ ਦੇ ਵਿਚ ਖੋਜ ਦੇ ਇਤਿਹਾਸ ਦੇ ਵਿਸ਼ੇ ਨੂੰ ਆਧਾਰ ਬਣਾ ਕੇ ਇਸ ਵਿੱਚ ਜੋ ਵਿਚਾਰ ਚਰਚਾ ਕੀਤੀ ਜਾਵੇਗੀ ,ਉਸ ਵਿੱਚ ਪੰਜਾਬੀ ਖੋਜ ਦੇ ਆਰੰਭ ਬਾਰੇ ਅਤੇ ਪੰਜਾਬੀ ਦੇ ਪ੍ਰਮੁੱਖ ਖੋਜਕਾਰਾਂ ਦੇ ਨਾਮ , ਜੀਵਨ , ਰਚਨਾਵਾਂ , ਖੋਜਕਾਰਜਾਂ ਅਦਿ ਯੋਗਦਾਨ ਦੇ ਮਹੱਤਵ ਨੂੰ ਪੇਸ਼ ਕੀਤਾ ਗਿਆ ਹੈ। ਪੰਜਾਬੀ ਖੋਜ ਦਾ ਜਨਮ ਅਤੇ ਉਰਦੂ ਸਾਹਿਤਕ ਖੋਜ ਦੇ ਮਿਲੇ ਜੁਲੇ ਪ੍ਰਭਾਵ ਅਧੀਨ ਹੋਇਆ ।ਅੰਗਰੇਜ਼ਾਂ ਦੇ ਪੰਜਾਬ ਉੱਪਰ ਕਬਜ਼ੇ ਤੋਂ ਬਾਅਦ ਅੰਗਰੇਜ਼ਾਂ ਦੀ ਭਾਸ਼ਾ- ਨੀਤੀ ਵਿੱਚ ਸਥਾਨਕ ਭਾਰਤੀ ਭਾਸ਼ਾਵਾਂ ਦਾ ਵਿਕਾਸ ਵੀ ਸ਼ਾਮਿਲ ਸੀ। ਬੇਸ਼ੱਕ ਬਸਤੀਵਾਦੀਆਂ ਦੀ ਇਸ ਵਿੱਚ ਆਪਣੇ ਵੀ ਕੁਝ ਗੁੱਝੇ ਮਨੋਰਥ ਸਨ ।ਅੰਗਰੇਜ਼ਾਂ ਦੁਆਰਾ ਕਾਲਜਾਂ ਵਿੱਚ ਹੋਰਨਾਂ ਭਾਸ਼ਾਵਾਂ ਦੇ ਨਾਲ -ਨਾਲ ਪੰਜਾਬੀ ਦਾ ਅਧਿਆਪਕ ਵੀ ਸਰਕਾਰੀ ਪੱਧਰ ਤੇ ਕੀਤਾ ਜਾਂਦਾ ਸੀ ।ਖਾਲਸਾ ਸਕੂਲਾਂ ਅਤੇ ਕਾਲਜਾਂ ਵਿੱਚ ਵੀ ਪੰਜਾਬੀ ਪੜ੍ਹਾਉਣ ਦੀ ਵਿਵਸਥਾ ਹੋ ਚੁੱਕੀ ਸੀ, ਇਸ ਤੱਥ ਦਾ ਸਬੂਤ ਸਾਨੂੰ 1876 ਈ. ਵਿੱਚ ਪ੍ਰਕਾਸ਼ਿਤ ਪੰਡਿਤ ਸ਼ਿਵ ਨਾਥ ਜੋਗੀ ਦੀ ਪੁਸਤਕ "ਛੰਦ ਰਤਨਾਵਲੀ" ਦੇ ਆਧਾਰ ਤੇ ਦਿੱਤੀ ਸੂਚਨਾ ਦੇ ਰੂਪ ਵਿੱਚ ਮਿਲਦਾ ਹੈ ।ਪੰਜਾਬੀ ਖੋਜ ਦਾ ਜਨਮ ਵੀ ਇਨ੍ਹਾਂ ਅਕਾਦਮਿਕ ਲੋੜਾਂ ਵਿੱਚੋਂ ਹੋਇਆ।

## ਵਿਸ਼ਾ ਵਸਤੂ:

**ਡਾ. ਸੁਰਿੰਦਰ ਸਿੰਘ ਕੋਹਲੀ** (1 ਜਨਵਰੀ 1920 - 20 ਜੁਲਾਈ 2003)

ਇਹ ਪੰਜਾਬੀ ਲੇਖਕ, ਆਲੋਚਕ, ਖੋਜੀ ਅਤੇ ਅਧਿਆਪਕ ਸਨ। ਕੋਹਲੀ ਦਾ ਜਨਮ 1 ਜਨਵਰੀ 1920 ਨੂੰ ਜ਼ਿਲ੍ਹਾ ਰਾਵਲਪਿੰਡੀ ਦੇ ਪਿੰਡ ਨੂਰਪੁਰ ਸ਼ਾਹਾਂ ਵਿੱਚ ਹੋਇਆ। ਮੁਢਲੀ ਵਿਦਿਆ ਆਪਣੇ ਪਿੰਡ ਵਿੱਚ ਕਰਨ ਉੱਪਰੰਤ ਉਸ ਨੇ ਗਾਰਡਨ ਕਾਲਜ, ਰਾਵਲਪਿੰਡੀ ਤੋਂ ਬੀ.ਏ. ਦੀ ਪਰੀਖਿਆ ਪਾਸ ਕੀਤੀ ਅਤੇ ਫਿਰ 1942 ਈ. ਵਿੱਚ ਪੰਜਾਬ ਯੂਨੀਵਰਸਿਟੀ ਤੋਂ ਐਮ.ਏ. ਅੰਗਰੇਜ਼ੀ ਕੀਤੀ। 1944 ਵਿੱਚ ਫਰੈਂਚ ਭਾਸ਼ਾ ਦਾ ਅਧਿਐਨ ਕੀਤਾ ਅਤੇ ਖ਼ਾਲਸਾ ਕਾਲਜ ਰਾਵਲਪਿੰਡੀ ਵਿੱਚ ਪੰਜਾਬੀ ਅਤੇ ਫਰੈਂਚ ਪੜ੍ਹਾਉਣ ਲੱਗ ਪਿਆ। 1958 ਵਿੱਚ ਇਸ ਨੇ ਦਿੱਲੀ ਯੂਨੀਵਰਸਿਟੀ ਤੋਂ ਪੀਐਚਡੀ ਕੀਤੀ। 1959 ਵਿੱਚ ਉਹ ਦਿੱਲੀ ਯੂਨੀਵਰਸਿਟੀ ਵਿੱਚ ਪੰਜਾਬੀ ਦਾ ਰੀਡਰ ਰਿਹਾ ਅਤੇ ਫਿਰ ਸੰ 1961 ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਪੰਜਾਬੀ ਦਾ ਪਹਿਲਾ ਪ੍ਰੋਫੈਸਰ ਬਣਿਆ ਅਤੇ 31 ਦਸੰਬਰ 1979 ਨੂੰ ਉਥੋਂ ਸੇਵਾ ਮੁਕਤ ਹੋਇਆ।

ਰਚਨਾਵਾਂ

ਗੁਰੂਦੇਵ (ਮਹਾਕਾਵਿ, 1944)

ਪਾਰੋਂ ਆਏ ਚਾਰ ਜਣੇ (ਨਾਵਲ,1952)

ਪੰਜਾਬੀ ਸਾਹਿਤ ਦਾ ਇਤਿਹਾਸ

ਪੰਜਾਬੀ ਸਾਹਿਤ ਵਸਤੂ ਤੇ ਵਿਚਾਰ

ਪ੍ਰੋ.ਪੂਰਨ ਸਿੰਘ ਜੀਵਨ ਤੇ ਰਚਨਾ

ਭਾਈ ਮਨੀ ਸਿੰਘ ਜੀਵਨੀ ਤੇ ਰਚਨਾ

Dictionary of Sri Guru Granth Sahib (1996)[3]

Dictionary of Mythological References in Guru Granth Sahib

The Sikh Philosophy (1992)

Outlines of Sikh thought (1966)

Life and Ideals of Guru Gobind Singh (1986)

Philosophy of Guru Nanak (1969)

Travels of Guru Nanak (1969)

Sikhism and Guru Granth Sahib (1990)

A conceptual Encyclopaedia of Guru Granth Sahib (1992)

The Sikh and Sikhism

Ritualism and its Rejection in Sikhism

Sikh Predictions

'ਦਸਮ ਗ੍ਰੰਥ' ਦਾ ਅੰਗਰੇਜ਼ੀ ਅਨੁਵਾਦ (ਤਿੰਨ ਜਿਲਦਾਂ ਵਿਚ, 2003).

ਇਸ ਦੀ ਸਾਹਿਤਿਕ ਘਾਲਣਾ ਵਿਚ ਕਵਿਤਾ, ਕਹਾਣੀ, ਨਾਵਲ, ਖੋਜ, ਸੰਪਾਦਨਾ, ਤੇ ਆਲੋਚਨਾ ਸਮੇਤ ਇਤਿਹਾਸਕ, ਵਿੱਦਿਅਕ ਅਤੇ ਧਾਰਮਿਕ ਰਚਨਾਵਾਂ ਅਤੇ ਬੱਚਿਆਂ ਦੀਆਂ ਪੁਸਤਕਾਂ ਸ਼ਾਮਲ ਹਨ। ਇਸ ਨੇ 70 ਤੋਂ ਵੱਧ ਪੁਸਤਕਾਂ ਲਿਖੀਆਂ ਅਤੇ ਸੰਪਾਦਤ ਕੀਤੀਆਂ ਹਨ, ਜਿਨ੍ਹਾਂ ਵਿਚ ਪੰਜਾਬੀ ਅਤੇ ਅੰਗਰੇਜ਼ੀ ਦੀਆਂ ਪੁਸਤਕਾਂ ਸ਼ਾਮਲ ਹਨ। 'ਇਸ ਦੀ ਸ਼ੈਲੀ ਸਪੱਸ਼ਟ ਅਤੇ ਆਲੋਚਨਾਤਮਕ ਹੈ।

ਡਾ. ਕੋਹਲੀ ਨੇ ਆਪਣੇ ਜੀਵਨ ਦੇ 46 ਵਰ੍ਹੇ ਖੋਜ ਵਿਚ ਲਾਏ ਹਨ। ਪੰਜਾਬੀ ਸਾਹਿਤ ਵਿਚ ਸਿੱਖ ਧਰਮ ਵਿਚ ਇਸ ਨੂੰ ਮੁਹਾਰਤ ਹਾਸਲ ਹੈ। ਇਸ ਨੇ ਪੰਜਾਬੀ ਯੂਨੀਵਰਸਿਟੀ ਦੇ ਖੋਜ ਬੁਲੇਟਿਨ ਦੇ 30 ਅੰਕਾਂ ਦਾ ਸੰਪਾਦਨ ਕੀਤਾ ਹੈ। ਇਸ ਨੇ ਅਲੱਗ ਅਲੱਗ ਰਸਾਲਿਆਂ, ਕਿਰਤਾਂ, ਸੰਸਥਾਵਾਂ, ਵਿਚਾਰ-ਗੋਸ਼ਟੀਆਂ ਸਮਾਗਮਾਂ ਲਈ 100 ਤੋਂ ਵੱਧ ਲੇਖ ਲਿਖੇ ਹਨ। ਹਾਲ ਵਿਚ ਹੀ ਇਸ ਨੇ ਸਾਹਿਤ ਅਕਾਦਮੀ ਲਈ 'ਏ ਮੋਨੋਗ੍ਰਾਫ਼ ਔਨ ਬੁਲ੍ਹੇ ਸ਼ਾਹ' ਅਤੇ ਮੂਲ ਸ੍ਰੋਤ ਦੇ ਆਧਾਰ ਤੇ 'ਲਾਈਫ਼ ਐਂਡ ਆਈਡੀਅਲਜ਼ ਆਫ਼ ਗੁਰੂ ਗੋਬਿੰਦ ਸਿੰਘ' ਨਾਮੀ ਦੋ ਪੁਸਤਕਾਂ ਲਿਖੀਆਂ ਹਨ। ਅੱਜਕੱਲ੍ਹ ਇਹ 'ਏ ਕਾਨਸੈਪਚੂਅਲ ਡਿਕਸ਼ਨਰੀ ਆਫ਼ ਦੀ ਆਦਿ-ਗ੍ਰੰਥ' ਤਿਆਰ ਕਰ ਰਿਹਾ ਹੈ।

**ਗੋਪਾਲ ਸਿੰਘ ਦਰਦੀ,** (1917-1990 ਈ.)

ਅੰਤਰ-ਰਾਸ਼ਟਰੀ ਪ੍ਰਸਿੱਧੀ ਦੇ ਲੇਖਕ ਅਤੇ ਚਿੰਤਕ ਡਾ. ਗੋਪਾਲ ਸਿੰਘ ਦਾ ਜਨਮ 29 ਨਵੰਬਰ 1917 ਈ. ਨੂੰ ਹਿੰਦੁਸਤਾਨ ਦੇ ਪਛਮੋਤਰੀ ਸਰਹੱਦੀ ਸੂਬੇ ਦੇ ਜ਼ਿਲ੍ਹਾ ਹਜ਼ਾਰਾ ਦੇ ਪਿੰਡ ਸਰਾਏ ਨਿਆਮਤ ਖ਼ਾਨ ਵਿਚ ਸ. ਆਤਮਾ ਸਿੰਘ ਦੇ ਘਰ ਮਾਤਾ ਨਾਨਕੀ ਦੇਈ ਦੀ ਕੁੱਖੋਂ ਹੋਇਆ। ਅੰਗ੍ਰੇਜ਼ੀ ਵਿਚ ਐਮ.ਏ. ਕਰਨ ਤੋਂ ਬਾਦ ਇਸ ਨੇ ਪੀ-ਐਚ.ਡੀ. ਦੀ ਉਪਾਧੀ ਪ੍ਰਾਪਤ ਕੀਤੀ। ਸੰਨ 1962 ਈ. ਵਿਚ ਇਸ ਨੂੰ ਛੇ ਸਾਲਾਂ ਲਈ ਰਾਜ ਸਭਾ ਦਾ ਮੈਂਬਰ ਨਾਮਜ਼ਦ ਕੀਤਾ ਗਿਆ। ਫਿਰ ਸੰਨ 1970 ਈ. ਤੋਂ 1976 ਈ. ਤਕ ਬੁਲਗਾਰੀਆ ਅਤੇ ਕੈਰਿਬੀਅਨ ਦੇਸ਼ਾਂ ਵਿਚ ਭਾਰਤੀ ਦੂਤ ਦੀ ਜ਼ਿੰਮੇਵਾਰੀ ਨਿਭਾਉਂਦਾ ਰਿਹਾ। ਸੰਨ 1980 ਤੋਂ 1984 ਈ. ਤਕ ਇਹ ਘਟ ਗਿਣਤੀਆਂ, ਅਨੁਸੂਚਿਤ ਜਾਤੀਆਂ ਅਤੇ ਕਬੀਲਿਆਂ ਦੇ ਕਮਿਸ਼ਨ ਦਾ ਚੇਅਰਮੈਨ ਰਿਹਾ। ਗੋਆ ਰਾਜ ਵਿਚ ਇਸ ਨੇ ਲੈਫ਼. ਗਵਰਨਰ ਦੀ ਹੈਸੀਅਤ ਵਿਚ ਸੇਵਾ ਕੀਤੀ। ਪੰਜਾਬ ਸਕੂਲ ਸਿਖਿਆ ਬੋਰਡ ਦਾ ਇਹ ਚੇਅਰਮੈਨ ਵੀ ਰਿਹਾ। ਇਸ ਨੂੰ ਵਖ ਵਖ ਧਰਮਾਂ ਦਾ ਡੂੰਘਾ ਗਿਆਨ ਸੀ ਅਤੇ ਇਨ੍ਹਾਂ ਦੇ ਤੁਲਨਾਤਮਕ

ਅਧਿਐਨ ਵਿਚ ਬਹੁਤ ਰੁਚੀ ਲੈਂਦਾ ਸੀ। ਇਸ ਨੂੰ ਪੋਪ ਨਾਲ ਵਿਚਾਰ-ਵਟਾਂਦਰਾ ਕਰਨ ਦਾ ਵੀ ਮੌਕਾ ਮਿਲਿਆ। ਅਨੇਕ ਦੇਸ਼ਾਂ ਦੀਆਂ ਯੂਨੀਵਰਸਿਟੀਆਂ ਅਤੇ ਕਾਨਫ੍ਰੰਸਾਂ ਵਿਚ ਜਾ ਕੇ ਇਸ ਨੇ ਬੜੇ ਪ੍ਰਭਾਵਸ਼ਾਲੀ ਲੈਕਚਰ ਦਿੱਤੇ ਅਤੇ ਸਿੱਖ ਧਰਮ ਬਾਰੇ ਲੋਕਾਂ ਨੂੰ ਜਾਣਕਾਰ ਕੀਤਾ।

ਡਾ. ਗੋਪਾਲ ਸਿੰਘ ਦੀ ਸਭ ਤੋਂ ਉਤਮ ਰਚਨਾ ਉਸ ਦੁਆਰਾ ਕੀਤਾ ਗੁਰੂ ਗ੍ਰੰਥ ਸਾਹਿਬ ਦਾ ਅੰਗ੍ਰੇਜ਼ੀ ਅਨੁਵਾਦ ਹੈ ਜਿਸ ਬਾਰੇ ਹੋਰਾਂ ਤੋਂ ਇਲਾਵਾ ਡਾ. ਰਾਧਾ ਕ੍ਰਿਸ਼ਨਨ ਅਤੇ ਆਰਨਲਡ ਟਾਇਨਬੀ ਨੇ ਬੜੀ ਪ੍ਰਸ਼ੰਸਾ ਕੀਤੀ। ਇਸ ਤੋਂ ਇਲਾਵਾ ਸਿੱਖ ਧਰਮ ਬਾਰੇ ਇਸ ਦੀਆਂ ਹੋਰ ਰਚਨਾਵਾਂ ਹਨ— ਏ ਹਿਸਟਰੀ ਆਫ਼ ਦੀ ਸਿੱਖ ਪੀਪਲ, ਦੀ ਰਿਲਿਜਨ ਆਫ਼ ਦੀ ਸਿੱਖਸ ਆਦਿ। ਇਸ ਨੇ ਅੰਗ੍ਰੇਜ਼ੀ ਵਿਚ ਕਵਿਤਾ ਵੀ ਲਿਖੀ। ਇਸ ਸੰਬੰਧ ਵਿਚ ਦੋ ਪੁਸਤਕਾਂ ਉਲੇਖਯੋਗ ਹਨ— 'ਦੀ ਅਨਸਟਰੱਕ ਮੈਲੋਡੀ' ਅਤੇ 'ਦੀ ਮੈਨ ਹੂ ਨੈਵਰ ਡਾਈਡ'।

ਇਸ ਨੇ 'ਗੁਰੂ ਗ੍ਰੰਥ ਸਾਹਿਬ ਦੀ ਸਾਹਿਤਿਕ ਵਿਸ਼ੇਸ਼ਤਾ' (1958 ਈ.) ਬਾਰੇ ਪੁਸਤਕ ਤੋਂ ਇਲਾਵਾ 'ਸਾਹਿਤ ਦੀ ਪਰਖ ' (1953 ਈ.) ਨਾਂ ਦੀ ਕਿਤਾਬ ਵੀ ਲਿਖੀ ਜਿਸ ਵਿਚ ਸਾਹਿਤਿਕ ਆਲੋਚਨਾ ਲਈ ਪੱਛਮੀ ਮਾਨਦੰਡਾਂ ਦਾ ਪਰਿਚਯ ਦਿੱਤਾ। ਇਕ ਅੰਗ੍ਰੇਜ਼ੀ ਪੰਜਾਬੀ ਕੋਸ਼ ਵੀ ਤਿਆਰ ਕੀਤਾ। ਇਸ ਬਹੁ-ਪੱਖੀ ਪ੍ਰਤਿਭਾ ਵਾਲੇ ਵਿਦਵਾਨ ਨੂੰ ਵਿਸ਼ਵ ਭਰ ਵਿਚ ਬਹੁਤ ਮਾਨਤਾ ਮਿਲੀ। ਕਿਤਨੇ ਤਮਗ਼ੇ ਅਤੇ ਮਾਨ-ਪੱਤਰ ਪ੍ਰਾਪਤ ਹੋਏ। ਡਾ. ਦਰਦੀ ਦਾ ਦੇਹਾਂਤ 8 ਅਗਸਤ 1990 ਈ. ਨੂੰ ਦਿੱਲੀ ਵਿਚ ਹੋਇਆ।

**ਬਨਾਰਸੀ ਦਾਸ ਜੈਨ**

ਬਨਾਰਸੀ ਦਸ ਜੈਨ (1889-1954) ਇੱਕ ਉਘੇ ਭਾਸ਼ਾ ਵਿਗਿਆਨੀ ਰਹੇ ਹਨ। ਡਾ. ਬਨਾਰਸੀ ਖ਼ੁਦ ਕਹਿੰਦੇ ਹਨ ਕਿ ਮੈਂ ਪਹਿਲਾ ਪੰਜਾਬੀ ਹਾਂ ਜਿਸਨੇ ਭਾਰਤ ਦੇ ਪ੍ਰਦੇਸ਼ ਵਿੱਚ ਵਿਗਿਆਨਕ ਤੌਰ 'ਤੇ ਪੜ੍ਹਨ ਤੇ ਘੋਖਣ ਦਾ ਯਤਨ ਕੀਤਾ ਹੈ। ਜੈਨ ਨੇ ਪੰਜਾਬੀ ਦੀਆਂ ਉਪ-ਭਾਖਾਵਾਂ ਦਾ ਤੁਲਨਾਤਮਕ ਅਧਿਐਨ ਵੀ ਕੀਤਾ।

ਡਾ. ਬਨਾਰਸੀ ਦਾਸ ਜੈਨ ਦਾ ਜਨਮ ਦਸੰਬਰ 1889 ਵਿੱਚ ਲਾਲਾ ਸ਼ਿਵ ਚੰਦ ਜੈਨ ਦੇ ਘਰ ਲੁਧਿਆਣਾ ਵਿੱਖੇ ਹੋਇਆ ਸੀ। ਇਹਨਾਂ ਨੇ ਆਪਣੀ ਮੁਢਲੀ ਸਿੱਖਿਆ ਲੁਧਿਆਣਾ ਤੋਂ ਪ੍ਰਾਪਤ ਕੀਤੀ। 1912 ਈ. ਵਿੱਚ ਬੀ.ਏ. ਦੀ ਸਿੱਖਿਆ ਗੋਰਮਿੰਟ ਕਾਲਜ ਲਾਹੋਰ ਤੋਂ ਪ੍ਰਾਪਤ ਕੀਤੀ। ਇਸ ਕਾਲਜ ਦੇ ਪ੍ਰਿੰਸੀਪਲ ਡਾ. ਵੂਲਨਰ ਤੋਂ ਜੈਨ ਨੂੰ ਪ੍ਰੇਰਣਾ ਮਿਲੀ। ਡਾ. ਬਨਾਰਸੀ ਨੂੰ ਤਿੰਨ ਸਾਲ ਲਈ ਮੇਉ ਪਟਿਆਲਾ ਖੋਜ-ਵਜੀਫਾ ਮਿਲਦਾ ਰਿਹਾ। ਇਸ ਤੋਂ ਬਾਅਦ ਇਹਨਾਂ ਨੇ ਪੰਜਾਬੀ ਵਿਗਿਆਨਕ ਅਧਿਐਨ ਦੋਰਾਨ ਥੇਹ ਵਿਗਿਆਨ ਦੀ ਚੋਖੀ ਜਾਣਕਾਰੀ ਪ੍ਰਾਪਤ ਕੀਤੀ। 1915 ਵਿੱਚ ਡਾ. ਜੈਨ ਨੇ ਸੰਸਕ੍ਰਿਤ ਭਾਸ਼ਾ ਵਿੱਚ ਐਮ.ਏ. ਦੀ ਡਿਗਰੀ ਪ੍ਰਾਪਤ ਕੀਤੀ ਅਤੇ ਫਿਰ ਡਾ. ਜੈਨ ਅੰਗ੍ਰੇਜ਼ੀ ਦੇ ਅਧਿਆਪਕ ਵਜੋਂ ਨਿਯੁਕਤ ਹੋਏ। 1919 ਵਿੱਚ ਪੰਜਾਬ ਯੂਨੀਵਰਸਿਟੀ ਦੁਆਰਾ ਇਹਨਾਂ ਨੂੰ ਪੰਜਾਬੀ-ਅੰਗਰੇਜੀ ਕੋਸ਼ ਤਿਆਰ ਕਰਾਉਣ ਲਈ ਇੰਚਾਰਜ ਨਿਯੁਕਤ ਕੀਤਾ। 1924 ਈ. ਵਿੱਚ ਡਾ. ਜੈਨ ਭਾਸ਼ਾ ਵਿਗਿਆਨ ਦੀ ਉਚੇਰੀ ਸਿੱਖਿਆ ਲਈ ਵਲਾਇਤ ਗਏ। 1926 ਵਿੱਚ ਲੰਦਨ ਯੂਨੀਵਰਸਿਟੀ ਤੋਂ ਪਈਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ।[1]

ਬਨਾਰਸੀ ਦਾਸ ਜੈਨ ਪ੍ਰਮੁੱਖ ਰੂਪ ਵਿਚ ਇੱਕ ਭਾਸ਼ਾ ਵਿਗਿਆਨੀ ਸੀ। ਅਤੇ ਇਸੇ ਖੇਤਰ ਵਿਚ ਹੀ ਉਸ ਨੂੰ ਉਹਦੀਆਂ ਰਚਨਾਵਾਂ ਪੰਜਾਬੀ ਫੋਨੇਲਾਜੀ, ਲੁਧਿਆਣੀ ਫੋਨੈਟਿਕ ਰੀਡਰ ਅਤੇ ਪੰਜਾਬੀ ਅੰਗਰੇਜ਼ੀ ਡਿਕਸ਼ਨਰੀ ਸਦਕਾ ਵਧੇਰੇ ਮਕਬੂਲੀਅਤ ਹਾਸਲ ਹੋਈ। ਡਾਕਟਰ ਬਨਾਰਸੀ ਦਾਸ ਜੀ ਐਮ. ਏ. ਪੀ. ਐਚ. ਡੀ (ਜੋ ਪੰਜਾਬ ਯੂਨੀਵਰਸਿਟੀ ਵਲੋਂ ਪੰਜਾਬੀ ਡਿਕਸ਼ਨਰੀ ਮੁਕੰਮਲ ਕਰਨ ਲਈ ਲੱਗੇ ਹੋਏ ਸਨ) ਨੇ ਪੰਜਾਬੀ ਲਿਟਰੇਚਰ ਦੇ ਸਿਰਲੇਖ ਹੇਠ ਦੋ ਮਜ਼ਮੂਨ ਲਿਖੇ ਹਨ ਪਰ ਉਹਨਾਂ ਵਿੱਚ ਅਕਸਰ ਉਕਾਈਆਂ ਦਿਸਦੀਆਂ ਹਨ।

ਸਾਹਿਤ ਇਤਿਹਾਸਕਾਰੀ ਨਾਲ ਸੰਬਧਤ ਜਿਨਾਂ ਮਹੱਤਵਪੂਰਨ ਰਚਨਾਵਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਉਨਾਂ ਵਿਚ ਬਨਾਰਸੀ ਦਾਸ ਜੈਨ ਦੀ ਰਚਨਾ "ਪੰਜਾਬੀ ਜ਼ਬਾਨ ਤੇ ਉਹਦਾ ਲਿਟਰੇਚਰ" ਦਾ ਅਹਿਮ ਸਥਾਨ ਹੈ। ਇਹ ਰਚਨਾ ਵੀ ਮੀਰ ਕਿਗਮਤੁਲਾ ਦੀ ਰਚਨਾਵਾਂ ਅਤੇ ਮੌਲਾ ਬਖ਼ਸ਼ ਕੁਸ਼ਤਾ ਦੀਆਂ ਇੱਕ ਤੋਂ ਵੱਧ ਰਚਨਾਵਾਂ ਵਾਂਗ ਫ਼ਾਰਸੀ ਅੱਖਰਾਂ ਵਿਚ ਹੈ।

ਉਹਨਾਂ ਨੇ ਕਿਸੇ ਉਪਾਧੀ ਸਾਪੇਖ ਜਾਂ ਉਚ ਵਿੱਦਿਆ ਤੋਂ ਪ੍ਰੇਰਿਤ ਕਿਸੇ ਅਕਾਦਮਿਕ ਪ੍ਰਯੋਜਨ ਨਾਲ ਜੁੜ ਕੇ ਸਾਹਿਤ ਇਤਿਹਾਸ ਦੀ ਸਿਰਜਣਾ ਨਹੀਂ ਕੀਤੀ ਬਲਕਿ ਉਹਦਾ ਪ੍ਰਯੋਜਨ ਤਾਂ "ਪੰਜਾਬੀ ਭਰਾਵਾਂ" ਨੂੰ ਆਪਣੀ ਭਾਸ਼ਾ ਸਾਹਿਤ ਤੇ ਇਤਿਹਾਸ ਸੰਬੰਧੀ ਵਾਕਫ਼ੀ ਪ੍ਰਦਾਨ ਕਰਨਾ ਅਤੇ ਸਾਂਝੇ ਵਿਰਸੇ ਪ੍ਰਤਿ ਉਨਾਂ ਦੀ ਚੇਤਨਾ ਨੂੰ ਜਗਾਉਣਾ ਹੀ ਸੀ। ਇਹ ਐਸਾ ਕੁੰਜੀ ਨੁਕਤਾ ਹੈ ਜਿਸ ਨੂੰ ਧਿਆਨ ਵਿਚ ਰੱਖੇ ਬਗੈਰ ਜੈਨ ਦੀ ਸਾਹਿਤ ਇਤਿਹਾਸਕਾਰੀ ਦਾ ਕਿਸੇ ਕਿਸਮ ਦਾ ਅਧਿਐਨ ਮੁਮਕਿਨ ਪ੍ਰਤੀਤੀ ਨਹੀਂ ਹੁੰਦਾ। ਉਹਨਾਂ ਦੀ ਇੱਕ ਰਚਨਾ ਪੰਜਾਬੀ

ਜ਼ੁਬਾਨ ਤੇ ਉਹਦਾ ਲਿਟਰੇਚਰ ਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਕਿਵੇਂ ਮੰਨਿਆ ਜਾ ਸਕਦਾ ਹੈ।ਇਸ ਪ੍ਰਸ਼ਨ ਦਾ ਉਤਰ ਖੁਦ ਡਾ. ਜੈਨ ਦੀ ਟਿੱਪਣੀ ਵਿਚੋਂ ਹੀ ਮਿਲ ਜਾਦਾ ਹੈ। ਜੋ ਉਸ ਨੇ ਇਸ ਰਚਨਾ ਦੇ ਅੰਦਰਲੇ ਵਿਸ਼ੇ ਸੰਬੰਧੀ ਕੀਤੀ ਹੈ-"ਇਸ ਪੁਸਤਰ ਵਿਚ ਪੰਜਾਬੀ ਲਿਟਰੇਚਰ ਦਾ ਸਿਲਸਿਲੇਵਾਰ ਮੁਖਤਸਰ ਜਿਹਾ ਹਾਲ ਦਿੱਤਾ ਗਿਆ ਹੈ। ਪਰ ਉਂਜ ਇਹ ਨੂੰ ਹਰ ਪਹਿਲੂ ਤੋਂ ਮੁਕੰਮਲ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।

ਜੀਤ ਸਿੰਘ ਜੋਸ਼ੀ, ਅਨੁਸਾਰ

ਬਨਾਰਸੀ ਦਾਸ ਜੈਨ ਨੇ ਉਸ ਵਕਤ ਇਤਿਹਾਸਕਾਰੀ ਦਾ ਕਾਰਜ ਕੀਤਾ ਜਦੋਂ ਨਾ ਤਾਂ ਸਾਡੀ ਸਿਧਾਤਕ ਸੂਝ ਹੀ ਪੈਦਾ ਹੋਈ ਸੀ ਤੇ ਨਾ ਹੀ ਇਤਿਹਾਸਕ ਚੇਤਨਾ ਨੇ ਵਿਕਾਸ ਕੀਤਾ ਸੀ।ਇਸ ਸਥੀਤੀ ਵਿਚ ਉਹ ਦੇ ਵੱਲੋਂ ਕੀਤਾ ਗਿਆ ਕਾਰਜ ਤਾਂ ਮਹੱਤਵਪੂਰਨ ਹੈ ਹੀ ਨਾਲ ਹੀ ਨਾਲ ਉਸ ਨੇ ਭਵਿੱਖ ਵਿਚ ਵਿਦਵਾਨਾਂ ਨੂੰ ਇਸ ਖੇਤਰ ਵਿਚ ਨਿਤਰਣ ਤੇ ਆਪਣੇ ਸਾਹਿਤ ਤੇ ਵਿਰਸੇ ਦਾ ਇਤਿਹਾਸ ਲਿਖਣ ਦੀ ਪ੍ਰੇਰਨਾ ਤੇ ਉਤਸ਼ਾਹ ਵੀ ਪ੍ਰਦਾਨ ਕੀਤਾ।ਨਿਸ਼ਚੇ ਹੀ ਉਸ ਦੀ ਇਸ ਪ੍ਰੇਰਨਾ ਤੇ ਉਤਸ਼ਾਹ ਨੇ ਭਵਿੱਖ ਵਿਚ ਇਤਿਹਾਸਕਾਰੀ ਦੇ ਕਾਰਜ ਨੂੰ ਰਾਤੀ ਪ੍ਰਦਾਨ ਕੀਤੀ। ਕੁਲ ਮਿਲਾ ਕੇ ਆਪਣੀਆਂ ਕੁਝ ਊਣਤਾਈਆਂ ਦੇ ਬਾਵਜੂਦ ਪੰਜਾਬੀ ਸਾਹਿਤ ਇਤਿਹਾਸਕਾਰੀ ਦੇ ਮੁੱਖਲੀ ਵਿਕਾਸ ਦੇ ਪ੍ਰਸੰਗ ਵਿਚ ਡਾ. ਜੈਨ ਦੀ ਵਿਚਾਰਧੀਨ ਰਚਨਾ ਘੋਖਣ ਤੇ ਗੌਲਣਯੋਗ ਹੈ।

1949 ਵਿੱਚ ਡਾ. ਜੈਨ ਪੈਪਸੂ ਦੇ ਪੰਜਾਬੀ ਵਿਭਾਗ ਵਿੱਚ ਪੰਜਾਬੀ ਕੋਸ਼ਕਾਰੀ ਦੇ ਸੁਪਰਵਾਇਜ਼ਰ ਨਿਯੁਕਤ ਰਹਿ ਕੇ ਪੰਜਾਬੀ ਕੋਸ਼ਕਾਰੀ ਦਾ ਕਾਰਜ ਕਰਦੇ ਰਹੇ। ਡਾ. ਜੈਨ ਨੇ ਪੰਜਾਬੀ ਸਾਹਿਤ ਦੇ ਇਤਿਹਾਸ ਦੀ ਕਾਲਵੰਡ ਵੀ ਕੀਤੀ। 12 ਅਪਰੈਲ 1954 ਈ. ਨੂੰ ਡਾ. ਜੈਨ ਦੀ ਮੌਤ ਹੋ ਗਈ। ਡਾ. ਜੈਨ ਦੀ ਇਸ ਇਤਿਹਾਸ ਦੀ ਸਿਰਜਣਾ ਅਤੇ ਪ੍ਰੇਰਣਾ ਸੋਮੇ ਸੰਬੰਧੀ ਇਹ ਟਿੱਪਣੀ ਮਹੱਤਵਪੂਰਨ ਹੈ। ਉਹਦੇ ਵੱਲੋਂ ਪੰਜਾਬੀ ਨੂੰ "ਵਿਚਾਰੀ ਪੰਜਾਬੀ" ਕਹਿਣਾ, ਇਸ ਦੇ ਮਾੜੇ ਭਾਗਾਂ ਦੀ ਗੱਲ ਕਰਨਾ ਅਤੇ ਇਸ ਗੱਲ ਨੂੰ ਅਫ਼ਸੋਸ ਨਾਲ ਅੰਕਿਤ ਕਰਨਾ ਕਿ ਪੰਜਾਬੀ ਹੀ ਪੰਜਾਬੀ ਭਾਸ਼ਾ ਦੇ ਲਿਟਰੇਚਰ ਪ੍ਰਤਿ ਬੇਪਰਵਾਹੀ ਵਰਤ ਰਹੇ ਹਨ। ਉਹਦੇ ਇਸ ਭਾਸ਼ਾ ਤੇ ਇਹਦੇ ਲਿਟਰੇਚਰ ਪ੍ਰਤਿ ਮੋਹ-ਪਿਆਰ ਦਾ ਸੂਚਕ ਹੈ। ਜੇਕਰ ਪੰਜਾਬੀ ਪਾਠਕਾਂ ਨੂੰ (ਕਿਸੇ ਵਿਸ਼ੇਸ਼ ਫਿਰਕੇ ਦੇ ਲੋਕਾਂ ਨੂੰ ਨਹੀ) ਪੰਜਾਬੀ ਜ਼ਬਾਨ ਤੇ ਲਿਟਰੇਚਰ ਬਾਬਤ ਕੋਈ ਕੁਝ ਪੁੱਛੇ ਤਾਂ ਉਨਾਂ ਨੂੰ "ਸ਼ਰਮਿੰਦਾ ਨਾ ਹੋਣਾ ਪਵੇ"।

**ਅਤਰ ਸਿੰਘ** (1932-1994)

ਅਤਰ ਸਿੰਘ ਦਾ ਨਾਂ, ਪੰਜਾਬੀ ਸਾਹਿਤ ਚਿੰਤਨ ਦੀ ਇਤਿਹਾਸ ਰੇਖਾ ਵਿੱਚ ਇਤਿਹਾਸਿਕ ਮਹੱਤਵ ਦਾ ਧਾਰਨੀ ਹੈ। ਉਹ ਪੰਜਾਬੀ ਦੇ ਵਿਦਵਾਨ ਲੇਖਕ ਅਧਿਆਪਕ ਅਤੇ ਸਾਹਿਤ ਆਲੋਚਕ ਸਨ। ਭਾਰਤ ਸਰਕਾਰ ਨੇ ਉਨ੍ਹਾਂ ਨੂੰ ਪਦਮ ਸ਼੍ਰੀ ਦੀ ਉਪਾਧੀ ਨਾਲ ਨਿਵਾਜਿਆ ਸੀ। ਪੰਜਾਬੀ ਤੋਂ ਇਲਾਵਾਂ ਉਨ੍ਹਾਂ ਨੇ ਅੰਗਰੇਜੀ ਵਿੱਚ ਵੀ ਕਈ ਪੁਸਤਕਾਂ ਲਿਖਿਆਂ। ਉਨ੍ਹਾਂ ਦੇ ਵਿਸ਼ਿਆਂ ਦਾ ਖੇਤਰ ਬਹੁਤ ਵਿਸ਼ਾਲ ਸੀ। ਉਨ੍ਹਾਂ ਨੇ ਨਿਰੰਤਰ ਮਿਹਨਤ, ਲਗਨ ਅਤੇ ਕੰਮ ਸੱਭਿਆਚਾਰ ਪ੍ਰਤੀ ਪ੍ਰਤੀਬੱਧਤਾ ਨਾਲ ਬਤੌਰ ਚਿੰਤਕ, ਭਾਸ਼ਾ ਵਿਗਿਆਨੀ, ਕੋਸ਼ਕਾਰ, ਸਾਹਿਤ ਇਤਿਹਾਸਕਾਰ, ਸਾਹਿਤ ਸਮੀਖਿਅਕ ਅਤੇ ਖੋਜੀ ਵਜੋਂ ਆਪਣੀ ਨਿਵੇਕਲੀ ਪਛਾਣ ਸਥਾਪਤ ਕੀਤੀ। ਉਨ੍ਹਾਂ ਦੇ ਅਧਿਆਪਨ ਅਤੇ ਖੋਜ ਦਾ ਘੇਰਾ ਸਾਹਿਤ ਚਿੰਤਨ ਮੱਧਕਾਲੀਨ ਤੇ ਆਧੁਨਿਕ ਪੰਜਾਬੀ ਸਾਹਿਤ ਤੋਂ ਇਲਾਵਾ ਪਾਕਿਸਤਾਨੀ ਪੰਜਾਬੀ ਸਾਹਿਤ, ਪਰਵਾਸੀ ਪੰਜਾਬੀ ਸਾਹਿਤ, ਪੰਜਾਬੀ ਭਾਸ਼ਾ, ਸਿੱਖ ਧਰਮ ਤੇ ਦਰਸ਼ਨ, ਆਧੁਨਿਕ ਭਾਰਤੀ ਸਾਹਿਤ ਅਤੇ ਭਾਰਤ ਦੇ ਸੱਭਿਆਚਾਰਕ ਇਤਿਹਾਸ ਤਕ ਫੈਲਿਆ ਹੋਇਆ ਸੀ। ਡਾ.ਅਤਰ ਸਿੰਘ ਦਾ ਨਾਂ ਬੜੇ ਸਤਿਕਾਰ ਨਾਲ ਉਨ੍ਹਾਂ ਪੰਜਾਬੀ ਸਮੀਖਿਆਕਾਰਾਂ ਵਿੱਚ ਵੀ ਸ਼ਾਮਿਲ ਕੀਤਾ ਜਾਂਦਾ ਹੈ ਜਿਨ੍ਹਾਂ ਨੇ ਪੰਜਾਬੀ ਸਾਹਿਤ ਸਮੀਖਿਆ ਦੇ ਅੰਤਰਗਤ ਨਵੇਂ ਪ੍ਰਤੀਮਾਨ ਸਿਰਜੇ। ਉਨ੍ਹਾਂ ਨੇ ਆਪਣੀ ਪਹਿਲੀ ਪੁਸਤਕ ਕਾਵਿ ਅਧਿਐਨ (1959) ਤੋਂ ਲੈ ਕੇ ਆਖਰੀ ਪੁਸਤਕ ਸੈਕੂਲਰ ਆਈਜੇਸ਼ਨ ਆਫ਼ ਮਾਡਰਨ ਪੰਜਾਬੀ ਪੋਇਟਰੀ ਤਕ ਵਿਭਿੰਨ ਕਾਲਾਂ ਦੇ ਪੰਜਾਬੀ ਸਾਹਿਤ ਦੇ ਅਨੇਕਾਂ ਵਿਸ਼ਿਆਂ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ। ਸਾਹਿਤ-ਰੂਪਾਂ ਵਿਚੋਂ ਉਨ੍ਹਾਂ ਦੀ ਪ੍ਰਮੁੱਖ ਰੁਚੀ ਭਾਵੇਂ ਕਾਵਿ ਸਮੀਖਿਆ ਵਿੱਚ ਰਹੀ ਪਰ ਉਨ੍ਹਾਂ ਨੇ ਪੰਜਾਬੀ ਨਾਟਕ ਅਤੇ ਗਲਪ ਸੰਬੰਧੀ ਵੀ ਬੜੇ ਮੁਸਵਾਨ ਲੇਖ ਲਿਖੇ,ਜਿਨਾਂ ਤੋਂ ਪੰਜਾਬੀ ਨਾਟ-ਸਾਸ਼ਤਰ ਅਤੇ ਬਿਰਤਾਂਤ ਸ਼ਾਸਤਰ ਸੰਬੰਧੀ ਅੰਤਰ ਦ੍ਰਿਸ਼ਟੀ ਪ੍ਰਾਪਤ ਹੋ ਸਕਦੀ ਹੈ।

1982-85 ਦੌਰਾਨ ਡਾਕਟਰ.ਅਤਰ ਸਿੰਘ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਹੀ ਸਕੂਲ ਆਫ਼ ਪੰਜਾਬੀ ਸਟੱਡੀਜ਼ ਦੇ ਚੇਅਰਮੈਨ ਵਜੋਂ ਕਾਰਜ ਕਰਦੇ ਰਹੇ। 1992ਈ. ਵਿੱਚ ਉਹ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪ੍ਰੋਫ਼ੈਸਰ ਦੇ ਅਹੁਦੇ ਤੋਂ ਸੇਵਾ ਮੁਕਤ ਹੋ

ਗਏ। ਇਸ ਉਪਰੰਤ ਉਨ੍ਹਾਂ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪ੍ਰੋਫ਼ੈਸਰ ਆਫ਼ ਐਮੀਨੈਂਸ ਦੇ ਅਹੁਦੇ ਉਤੇ ਨਿਯੁਕਤ ਕੀਤਾ ਗਿਆ ਸੀ।

ਸਾਹਿਤ ਚਿੰਤਨ ਦੇ ਖੇਤਰ ਵਿੱਚ ਉਨ੍ਹਾਂ ਨੇ ਕਾਵਿ-ਅਧਿਐਨ (1959) ਪੁਸਤਕ ਰਾਹੀ ਪ੍ਰਵੇਸ਼ ਕੀਤਾ। ਪੰਜਾਬੀ ਭਾਸ਼ਾ ਵਿੱਚ ਅਤਰ ਸਿੰਘ ਨੇ ਚਾਰ ਮੌਲਿਕ ਪੁਸਤਕਾਂ ਕਾਵਿ ਅਧਿਅਨ (1959), ਦ੍ਰਿਸ਼ਟੀਕੋਣ (1963), ਸਮਦਰਸ਼ਨ (1975) ਅਤੇ ਸਾਹਿਤ ਸੰਵੇਦਨਾ (1984), ਤੋਂ ਇਲਾਵਾ ਟਿੱਪਣੀਆਂ, ਭੂਮਿਕਾਵਾਂ, ਰੀਵਿਊ, ਮੁਖਬੰਦ, ਸੰਪਾਦਕੀਆਂ, ਮਜ਼ਮੂਨ ਅਤੇ ਖੋਜ ਪੱਤਰਾਂ ਦੀ ਰਚਨਾ ਕੀਤੀ। ਉਸ ਨੇ ਜਿੰਨੇ ਸਿਰੜ ਅਤੇ ਲਗਾਤਾਰਤਾ ਨਾਲ ਲਿਖਿਆ ਠੀਕ ਉਸ ਸ਼ਿੱਦਤ ਨਾਲ ਅਜਿਹੀ ਬਹੁਤ ਸਾਰੀ ਸਮਗਰੀ ਨੂੰ ਹਰਭਜਨ ਸਿੰਘ ਭਾਟੀਆ ਨੇ ਡਾ. ਅਤਰ ਸਿੰਘ : ਸਾਹਿਤ ਚਿੰਤਨ ਸਿਰਲੇਖ ਹੇਠ ਸੰਪਾਦਿਤ ਕੀਤਾ ਹੈ।

ਸੰਤ ਸਿੰਘ ਸੇਖੋਂ ਨੇ ਕਾਵਿ ਅਧਿਅਨ ਦੀ ਭੂਮਿਕਾ ਵਿੱਚ ਅਤਰ ਸਿੰਘ ਨੂੰ ਵਰਤਮਾਨ ਪੀੜ੍ਹੀ ਦੇ ਸਮੀਖਿਆਕਾਰ ਵਿਦਵਾਨਾਂ ਦਾ ਮੋਹਰੀ ਦੱਸਦੇ ਹੋਏ ਇਹ ਸਥਾਪਨਾ ਪੇਸ਼ ਕੀਤੀ ਕਿ ਉਸ ਦੇ ਆਗਮਨ ਨਾਲ ਪੰਜਾਬੀ ਸਮੀਖਿਆ ਨੂੰ ਪ੍ਰਭਾਵਸ਼ਾਲੀ ਉਤਪਾਦਕ ਤੇ ਰਚਨਾਕਾਰ ਮਿਲ ਗਿਆ ਹੈ। ਟੀ.ਆਰ. ਵਿਨੋਦ ਨੇ ਕਿਹਾ ਕਿ ਉਸ ਕੋਲ ਨਰੋਆ ਨਜ਼ਰੀਆ ਵੀ ਹੈ, ਨਰੋਈ ਨਜ਼ਰ ਵੀ। ਕੇਸਰ ਸਿੰਘ ਕੇਸਰ ਨੂੰ ਉਸ ਦੀ 'ਸਮੀਖਿਆ ਵਿੱਚ ਸਿਰਜਣ, ਅਧਿਆਪਨ ਤੇ ਚਿੰਤਨ ਇੱਕ ਦੂਜੇ ਦੇ ਪੂਰਕ ਤੇ ਇਸ ਲਈ ਅਨਿੱਖੜ' ਵਿਖਾਈ ਦਿੱਤੇ। ਪੰਜਾਬੀ ਵਿੱਚ ਬਹੁਤ ਸਾਰੇ ਅਜਿਹੇ ਚਿੰਤਕ ਹਨ ਜਿਹੜੇ ਉਸ ਦੇ ਚਿੰਤਨ ਕਾਰਜ ਨੂੰ ਸੇਖੋਂ-ਸਮੀਖਿਆ ਦੇ ਸਮੀਖਿਆਤਮਿਕ ਆਦਰਸ਼ ਦੇ ਨੇੜੇ-ਨੇੜੇ ਵਿਚਰਦਾ ਦਿਖਾਉਂਦੇ ਹਨ। ਪਰੰਤੂ ਸੇਖੋਂ-ਸਮੀਖਿਆ ਨਾਲ ਉਸ ਦੇ ਚਿੰਤਨ ਦੀ ਇਸ ਸਾਂਝ ਦੇ ਨਾਲ-ਨਾਲ ਉਸ ਦੇ ਚਿੰਤਨ ਦੀਆਂ ਕੁਝ ਕੁ ਖ਼ੂਬੀਆਂ ਵੀ ਪਛਾਣੀਆਂ ਗਈਆਂ ਜਿਵੇਂ ਹਰਿਭਜਨ ਸਿੰਘ ਅਕਸਰ 'ਉਹਨਾਂ ਨੂੰ ਨਾ ਰਾਜਨੀਤਿਕ ਲਾਈਨ ਦੀ ਮਜਬੂਰੀ ਹੈ, ਨਾ ਆਤਮ ਸਿਰਮੌਰਤਾ ਦੀ', 'ਸਮੁੱਚੇ ਪੰਜਾਬੀ ਸਾਹਿਤ ਨੂੰ ਇੱਕ ਇਕਾਈ ਵਾਂਗ ਗ੍ਰਹਿਣ ਕਰ ਸਕਣ ਦੀ ਸਮਰੱਥਾ ਉਸ ਵਿੱਚ ਕਿਸੇ ਨਾਲੋਂ ਵੀ ਵਧੀਕ ਹੈ', 'ਉਸ ਦੀ ਆਲੋਚਨਾ ਵਿੱਚ ਫ਼ਾਸਲਾ ਬਣਾਈ ਰੱਖਣ ਦੀ ਯੋਗਤਾ ਵੀ ਅਨੁਕਰਨਯੋਗ ਹੈ' ਅਤੇ 'ਰਚਨਾ ਦੀ ਸੰਰਚਨਾ ਨੂੰ ਪਛਾਣਨ ਦੀ ਸਮਰੱਥਾ ਉਸ ਵਿੱਚ ਸਭ ਤੋਂ ਵਧੀਕ ਹੈ' ਆਦਿ।

ਹਰਿਭਜਨ ਸਿੰਘ ਭਾਟੀਆ, ਅਨੁਸਾਰ

ਅਸਲ ਗੱਲ ਇਹ ਹੈ ਕਿ ਸਿਧਾਂਤਿਕ ਧਰਾਤਲ ਉਪਰ ਅਤਰ ਸਿੰਘ ਆਪਣੇ ਸਿਧਾਂਤਿਕ ਆਧਾਰਾਂ ਨੂੰ ਬਦਲਦਾ ਰਿਹਾ। ਅਤਰ ਸਿੰਘ ਸ਼ੁਰੂ-ਸ਼ੁਰੂ ਵਿੱਚ ਪੰਜਾਬੀ ਮਾਰਕਸਵਾਦੀ ਆਲੋਚਨਾ ਦੀ ਧਾਰਾ ਨਾਲ ਜੁੜਦਾ ਹੈ ਪਰੰਤੂ ਉਸ ਨਾਲ ਪੱਕਾ ਨਾਤਾ ਸਥਾਪਿਤ ਨਹੀਂ ਕਰਦਾ, ਪੰਜਾਬੀ ਰੂਪਵਾਦੀ ਆਲੋਚਨਾ ਦੀਆਂ ਮੂਲ ਸਿਧਾਂਤਿਕ ਧਾਰਨਾਵਾਂ ਨੂੰ ਅਪਨਾਉਂਦਾ ਹੈ ਪਰੰਤੂ ਉਹਨਾਂ ਤਕ ਸੀਮਿਤ ਨਹੀਂ ਰਹਿੰਦਾ। ਇਹ ਚਿੰਤਕ ਆਪਣੇ ਸਿਧਾਂਤਿਕ ਆਧਾਰਾਂ ਨੂੰ ਮੁੜ-ਮੁੜ ਬਦਲਦਾ ਹੈ ਅਤੇ ਇਹ ਬਦਲਾਓ ਇਸ ਹੱਦ ਤੱਕ ਉਸ ਦੇ ਚਿੰਤਨ ਵਿੱਚ ਵਿਆਪਦਾ ਹੈ ਕਿ ਅਕਸਰ ਉਹ ਆਪਣੀਆਂ ਹੀ ਸਥਾਪਨਾਵਾਂ ਨੂੰ ਕਾਂਟੇ ਹੇਠ ਲੈ ਆਉਂਦਾ ਹੈ। ਜ਼ਰੂਰਤ ਉਸ ਦੇ ਚਿੰਤਨ ਵਿੱਚੋਂ ਮਾਰਕਸਵਾਦ, ਸੁਹਜਵਾਦ, ਰੂਪਵਾਦ, ਮਾਨਵਵਾਦ, ਅਸਤਿਤਵਵਾਦ ਅਤੇ ਪੰਜਾਬੀਅਤ ਦੇ ਤੱਤਾਂ/ਮੁਹਾਂਦਰਿਆਂ ਨੂੰ ਤਲਾਸ਼ ਕਰਨ ਦੀ ਨਹੀਂ ਇਹਨਾਂ ਸਭਨਾਂ ਦੀ ਹੋਂਦ ਰਾਹੀਂ ਉਸ ਦੇ ਚਿੰਤਨ ਦੀ ਜਟਿਲਤਾ ਅਤੇ ਮਿਸ਼ਰਤ ਸੁਭਾਅ ਨੂੰ ਸਮਝਣ ਦੀ ਹੈ।

**ਕਿਸ਼ਨ ਸਿੰਘ** (1911–1993) :

ਸਾਹਿਤ ਦੇ ਸੋਮੇ, ਸਾਹਿਤ ਦੀ ਸਮਝ, ਗੁਰਬਾਣੀ ਦਾ ਸੱਚ, ਗੁਰਦਿਆਲ ਸਿੰਘ ਦੀ ਨਾਵਲ ਚੇਤਨਾ, ਆਏ ਇਨਕਲਾਬ ਕੁਰਾਹੇ ਕਿਉਂ?, ਕਲਚਰਲ ਇਨਕਲਾਬ ਅਤੇ ਸਚੁ ਪੁਰਾਣਾ ਨਾ ਥੀਐ ਪੁਸਤਕਾਂ ਦਾ ਰਚੇਤਾ ਕਿਸ਼ਨ ਸਿੰਘ ਪੰਜਾਬੀ ਆਲੋਚਨਾ ਦੇ ਖੇਤਰ ਦਾ ਉੱਘਾ ਵਿਦਵਾਨ ਸੀ। ਇਹਨਾਂ ਆਲੋਚਨਾ ਪੁਸਤਕਾਂ ਤੋਂ ਇਲਾਵਾ ਸਿੱਖ ਲਹਿਰ ਅਤੇ ਸਿੱਖ ਇਨਕਲਾਬ ਦਾ ਮੋਢੀ : ਗੁਰੂ ਨਾਨਕ ਪੁਸਤਕਾਂ ਰਾਹੀਂ ਵੀ ਕਿਸ਼ਨ ਸਿੰਘ ਨੇ ਸਿੱਖ ਧਰਮ ਅਤੇ ਗੁਰਮਤਿ ਫ਼ਲਸਫ਼ੇ ਦੀ ਵਿਆਖਿਆ ਕੀਤੀ ਹੈ। ਗੁਰਬਾਣੀ ਦੇ ਸਿਧਾਂਤਾਂ ਨੂੰ ਮਾਰਕਸਵਾਦੀ ਪਹੁੰਚ ਤੋਂ ਲੋਕ-ਹਿਤੈਸ਼ੀ ਰੂਪ ਵਿੱਚ ਸਮਝਣ ਦਾ ਮੁਢਲਾ ਤੇ ਨਵੇਕਲਾ ਕਾਰਜ ਕਿਸ਼ਨ ਸਿੰਘ ਦੀ ਵੱਖਰੀ ਪਛਾਣ ਦਾ ਆਧਾਰ ਬਣਦਾ ਹੈ।

10 ਅਗਸਤ 1911 ਨੂੰ ਪਿੰਡ ਬਰਵਾਲਾ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਬੀਬੀ ਭਾਨੀ ਦੀ ਕੁੱਖੋਂ ਸ. ਦੰਮਾਂ ਸਿੰਘ ਦੇ ਘਰ ਪੈਦਾ ਹੋਇਆ ਕਿਸ਼ਨ ਸਿੰਘ ਦਿੱਲੀ ਦੇ ਦਿਆਲ ਸਿੰਘ ਈਵਨਿੰਗ ਕਾਲਜ ਵਿਖੇ ਲੰਬਾ ਅਰਸਾ ਅੰਗਰੇਜ਼ੀ ਪੜ੍ਹਾਉਣ ਦਾ ਕਾਰਜ ਨਿਭਾਉਂਦਾ

ਰਿਹਾ। ਕਿਸ਼ਨ ਸਿੰਘ ਨੂੰ ਉਹਨਾਂ ਦੀ ਆਲੋਚਨਾ ਨੂੰ ਵੱਡੀ ਦੇਣ ਕਾਰਨ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ 1992 ਵਿੱਚ ਕਰਤਾਰ ਸਿੰਘ ਧਾਲੀਵਾਲ ਪੁਰਸਕਾਰ ਦੇ ਕੇ ਸਨਮਾਨਿਆ ਗਿਆ। ਪੰਜਾਬੀ ਚਿੰਤਨ ਦੇ ਖੇਤਰ ਦਾ ਇਹ ਯੋਧਾ 27 ਨਵੰਬਰ 1993 ਨੂੰ ਸੰਸਾਰ ਤੋਂ ਵਿਦਾ ਹੋਇਆ।

ਕਿਸ਼ਨ ਸਿੰਘ ਦੀ ਸੰਸਾਰ ਅਤੇ ਸਾਹਿਤ ਨੂੰ ਦੇਖਣ ਦੀ ਮਾਰਕਸੀ ਵਿਚਾਰਧਾਰਿਕ ਪ੍ਰਤਿਬੱਧਤਾ ਵਾਲੀ ਪਹੁੰਚ ਉਸ ਦੀਆਂ ਆਲੋਚਨਾ ਪੁਸਤਕਾਂ ਨੂੰ ਪੰਜਾਬੀ ਸਾਹਿਤ ਆਲੋਚਨਾ ਵਿੱਚ ਨਵੇਕਲਾ ਬਣਾਉਂਦੀ ਹੈ। ਉਹ ਆਪਣੀ ਵਿਚਾਰਧਾਰਿਕ ਪ੍ਰਤਿਬੱਧਤਾ ਨੂੰ ਕੱਟੜਤਾ ਨਾਲ ਨਿਭਾਉਂਦਿਆਂ ਹੋਇਆਂ ਮੱਧ-ਕਾਲੀ ਸਾਹਿਤ ਖ਼ਾਸ ਕਰ ਗੁਰਮਤਿ ਸਾਹਿਤ ਨੂੰ ਵੀ ਇਸੇ ਪੁਸ਼ਟੀ ਤੋਂ ਵਿਸ਼ਲੇਸ਼ਿਤ ਕਰਦਾ ਹੈ। ਉਹ ਆਪਣੀ ਪੁਸਤਕ ਸਿੱਖ ਇਨਕਲਾਬ ਦਾ ਮੋਢੀ : ਗੁਰੂ ਨਾਨਕ ਵਿੱਚ ਇਸ ਧਾਰਨਾ ਨੂੰ ਸਥਾਪਿਤ ਕਰ ਕੇ ਚੱਲਦਾ ਹੈ ਕਿ ਬਾਣੀ ਜਗੀਰੂ ਕਦਰਾਂ-ਕੀਮਤਾਂ ਦੇ ਵਿਰੁੱਧ ਇਨਕਲਾਬੀ ਚੇਤੰਨਤਾ ਹੈ। ਪਰ ਕਿਸ਼ਨ ਸਿੰਘ ਇਸ ਗੱਲੋਂ ਵੀ ਸੁਚੇਤ ਹੈ ਕਿ ਗੁਰਬਾਣੀ ਦਾ ਅਸਲ ਸੱਚ ਬਾਣੀ ਵਿਚਲੇ 'ਉਸ ਦੇ ਦਿਮਾਗ਼ੀ ਖ਼ਿਆਲਾਂ ਦੇ ਖਰੜੇ ਵਿੱਚ ਨਹੀਂ' ਕਵਿਤਾ ਦਾ ਸੱਚ ਤਾਂ ਜਜ਼ਬੇ ਦਾ ਸੱਚ ਹੁੰਦਾ ਹੈ। ਕਿਸ਼ਨ ਸਿੰਘ ਦੇ ਇਸ ਵਿਚਾਰ ਦੇ ਆਧਾਰ `ਤੇ ਕਿਸ਼ਨ ਸਿੰਘ ਦੀ ਸਾਹਿਤ ਅਤੇ ਵਿਚਾਰ ਦੇ ਸੰਬੰਧਾਂ ਬਾਰੇ ਸੂਝ ਦੀ ਗੱਲ ਕਰੀਏ ਤਾਂ ਇਹ ਸਪਸ਼ਟ ਹੈ ਕਿ ਕਾਵਿ ਜਾਂ ਸਾਹਿਤ ਵਿੱਚ ਵਿਚਾਰ ਤੇ ਤੱਥ ਸਿੱਧੇ ਰੂਪ ਵਿੱਚ ਹਾਜ਼ਰ ਨਹੀਂ ਹੁੰਦੇ ਸਗੋਂ ਜਜ਼ਬੇ ਦੀ ਤੀਬਰਤਾ ਵੀ ਕਵਿਤਾ ਦੇ ਸੱਚ ਨੂੰ ਘੜਦੀ ਹੈ।

ਕਿਸ਼ਨ ਸਿੰਘ ਸਿੱਖ ਲਹਿਰ ਅਤੇ ਗੁਰਬਾਣੀ ਨੂੰ ਸਮਾਂਤਰ ਦੇਖਦੇ ਹੋਇਆਂ ਬਾਣੀ ਨੂੰ ਸਿੱਖ ਲਹਿਰ ਦੀ ਵਿਚਾਰਧਾਰਾ ਵਜੋਂ ਪੇਸ਼ ਕਰਦਾ ਹੈ। ਉਹ ਆਪਣੀ ਚਰਚਿਤ ਪੁਸਤਕ ਸਿੱਖ ਵਿਚਾਰਧਾਰਾ ਦਾ ਮੋਢੀ : ਗੁਰੂ ਨਾਨਕ ਦਾ ਅੰਤ ਇਹਨਾਂ ਸ਼ਬਦਾਂ ਵਿੱਚ ਕਰਦਾ ਹੈ, ਗੁਰੂ ਨਾਨਕ ਸੱਚ ਦਾ, ਗੁਰਬਾਣੀ ਦੇ ਲਫ਼ਜ਼ਾਂ ਵਿੱਚ ਸਦਾ ਰਹਿਣ ਵਾਲੇ ਸੱਚ ਦਾ ਸਰੂਪ ਸਨ। ਉਹਨਾਂ ਨੇ ਉਹ ਸੱਚ ਪ੍ਰਗਟ ਕੀਤਾ। ਉਸੇ ਸੱਚ ਦਾ ਸਰੂਪ ਹੋਏ ਇਨਸਾਨਾਂ-ਗੁਰਮੁਖਾਂ ਦੀ ਲਹਿਰ ਦਾ ਉਹਨਾਂ ਮੁੱਢ ਬੱਧਾ, ਉਸ ਦੀ ਉਸਾਰੀ ਕੀਤੀ। ਉਸ ਦੀ ਅਗਵਾਈ ਕੀਤੀ। ਉਹ ਉਸ ਸੱਚ ਦੇ ਵਾਹਿਦ ਮਾਲਕ ਹਨ-ਸਤਿਗੁਰੂ ਸਨ। ਇਸ ਵਾਸਤੇ ਉਹਨਾਂ ਦੇ ਮਗਰੋਂ ਦਸਵੀਂ ਪੀੜ੍ਹੀ ਤੱਕ ਜੋ ਸੱਚ ਦਾ ਸੋਮਾ ਹੋਇਆ ਉਹ ਨਾਨਕ ਹੀ ਹੋਇਆ।

ਉਮਿੰਦਰ ਜੌਹਲ ਅਨੁਸਾਰ

ਕਿਸ਼ਨ ਸਿੰਘ ਦੀ ਕਾਰਜ-ਸ਼ੈਲੀ ਦੀ ਵਡਿਆਈ ਇਸ ਗੱਲ ਵਿੱਚ ਦੇਖੀ ਜਾ ਸਕਦੀ ਹੈ ਕਿ ਉਸ ਨੇ ਆਪਣੀ ਵਿਚਾਰਧਾਰਾ ਅਨੁਸਾਰ ਜੋ ਠੀਕ ਜਾਣਿਆ, ਉਸ ਉਪਰ ਪੂਰੀ ਸਿਦਕ ਦਿਲੀ ਨਾਲ ਪਹਿਰਾ ਦਿੱਤਾ ਅਤੇ ਗੁਰਬਾਣੀ ਦੇ ਸਮਾਜਿਕ ਨਕਸ਼ਾਂ ਨੂੰ ਪਛਾਣਨ ਦੇ ਨਵੇਕਲੇ ਚਿੰਤਨੀ ਕਾਰਜ ਨਾਲ ਪੰਜਾਬੀ ਆਲੋਚਨਾ ਨੂੰ ਨਵਾਂ ਵਿਸਤਾਰ ਦਿੱਤਾ। ਕਿਸ਼ਨ ਸਿੰਘ ਦਾ ਇਹ ਕਾਰਜ ਸੰਤ ਸਿੰਘ ਸੇਖੋਂ ਦੀ ਆਲੋਚਨਾ ਨਾਲ ਸੰਵਾਦ ਵਿੱਚੋਂ ਸਾਮ੍ਹਣੇ ਆਉਂਦਾ ਪਛਾਣਿਆ ਜਾ ਸਕਦਾ ਹੈ। ਇਹ ਸੰਵਾਦ ਉਸ ਦੀਆਂ ਪੁਸਤਕਾਂ ਰਾਹੀਂ ਵੀ ਪੇਸ਼ ਹੋਇਆ ਅਤੇ 'ਸੇਧ' ਰਸਾਲੇ ਦੀਆਂ ਲੇਖ-ਲੜੀਆਂ ਵਜੋਂ ਵੀ ਪੰਜਾਬੀ ਆਲੋਚਨਾ ਨੂੰ ਸੇਧ ਦਿੰਦਾ ਰਿਹਾ ਹੈ। 'ਸੇਧ' ਦੇ ਕੁਸ਼ਲ ਸੰਪਾਦਨ ਦੀ ਗੂੜ੍ਹੀ ਪਿਰਤ ਵੀ ਕਿਸ਼ਨ ਸਿੰਘ ਦੀ ਕੁਸ਼ਲ ਪ੍ਰਤਿਭਾ ਦਾ ਇੱਕ ਹੋਰ ਵਿਸਤਾਰ ਹੈ। ਸੇਧ ਵਰਗੇ ਗਹਿਰ-ਗੰਭੀਰ ਸੰਪਾਦਕੀ ਕਾਰਜ ਅੱਜ ਵੀ ਪੰਜਾਬੀ ਸਾਹਿਤਿਕ ਪੱਤਰਕਾਰੀ ਦਾ ਮਾਰਗ ਦਰਸ਼ਕ ਹਨ।

ਗੁਰਬਾਣੀ ਦਾ ਸੱਚ ਪੁਸਤਕ ਗੁਰਬਾਣੀ ਦੇ ਮੂਲ ਸੰਕਲਪਾਂ ਹੁਕਮ, ਬਦੀ, ਵਿਜੋਗ ਅਤੇ ਸਰਬੱਤ ਦੀ ਵਿਆਖਿਆ ਪ੍ਰਸਤੁਤ ਕਰਦੀ ਹੋਈ ਗੁਰਬਾਣੀ ਦੀ ਅਸਲ ਸੂਝ ਦੇ ਨਕਸ਼ ਪਛਾਣਨ ਦਾ ਨਵਾਂ ਰਾਹ ਸੁਝਾਉਂਦੀ ਹੈ। ਉਸ ਦੀ ਪੁਸਤਕ ਗੁਰਦਿਆਲ ਸਿੰਘ ਦੀ ਨਾਵਲ-ਚੇਤਨਾ ਵਰਣਨਯੋਗ ਹੈ। ਪਰ ਗਲਪ ਆਲੋਚਕ ਵਜੋਂ ਕਿਸ਼ਨ ਸਿੰਘ ਦਾ ਵੱਖਰਾ ਆਲੋਚਨਾਤਮਿਕ ਮੁਹਾਵਰਾ ਨਜ਼ਰ ਨਹੀਂ ਆਉਂਦਾ। ਕਿਸ਼ਨ ਸਿੰਘ ਦੀ ਅਸਲ ਮਾਨਤਾ ਦਾ ਖੇਤਰ ਗੁਰਬਾਣੀ ਅਤੇ ਸਿੱਖ ਧਰਮ ਦੀ ਵਿਆਖਿਆ ਤੇ ਵਿਸ਼ਲੇਸ਼ਣ ਦਾ ਖੇਤਰ ਹੀ ਬਣਦਾ ਹੈ, ਇਸੇ ਲਈ ਕਿਸ਼ਨ ਸਿੰਘ ਦਾ ਇਹ ਆਲੋਚਨਾ ਕਾਰਜ ਉਸ ਦੀ ਪਛਾਣ ਦਾ ਆਧਾਰ ਹੈ।

**ਗੁਲਵੰਤ ਸਿੰਘ**

ਗੁਲਵੰਤ ਸਿੰਘ ਇੱਕ ਪੰਜਾਬੀ ਲੇਖਕ ਅਤੇ ਉਰਦੂ-ਫ਼ਾਰਸੀ ਦੇ ਸ਼ਾਇਰ ਸਨ। ਓਹ ਅਠਾਰਾਂ ਬੋਲੀਆਂ ਜਾਣਦੇ ਸਨ।ਗੁਲਵੰਤ ਸਿੰਘ ਦਾ ਜਨਮ 13 ਜੁਲਾਈ 1920 ਨੂੰ ਫਿਰੋਜ਼ਪੁਰ ਇਲਾਕੇ ਵਿੱਚ ਦੌਲਤਪੁਰ ਨੀਵਾਂ ਪਿੰਡ ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਮ ਸ. ਬੋਘਾ ਸਿੰਘ ਅਤੇ

ਮਾਤਾ ਦਾ ਪ੍ਰਤਾਪ ਕੌਰ ਸੀ। ਉਨ੍ਹਾਂ ਦੇ ਪੁਰਖਿਆਂ ਦਾ ਕਿੱਤਾ ਤਰਖਾਣਾ ਲੁਹਾਰਾ ਸੀ। ਗੁਲਵੰਤ ਸਿੰਘ 1945 ਨੂੰ ਖਾਲਸਾ ਕਾਲਜ਼ ਅੰਮ੍ਰਿਤਸਰ ਵਿਖੇ ਫਾਰਸੀ ਦੇ ਲੈਕਚਰਾਰ ਲੱਗ ਗਏ ਅਤੇ ਫਿਰ ਅਧੀ ਸਦੀ ਅਧਿਆਪਕ ਵਜੋਂ ਇਲਮ ਕਮਾਉਂਦਿਆਂ ਅਤੇ ਵੰਡਦਿਆਂ ਇੱਕੋ ਧੁਨ ਵਿੱਚ ਸਾਰਾ ਜੀਵਨ ਲਾ ਦਿੱਤਾ। ਮਹਿੰਦਰਾ ਕਾਲਜ ਪਟਿਆਲਾ, ਗੌਰਮਿੰਟ ਕਾਲਜ ਲੁਧਿਆਣਾ ਵਿਖੇ ਅਧਿਆਪਨ ਕਾਰਜ ਕਰਨ ਉਪਰੰਤ ਪੰਜਾਬੀ ਯੂਨੀਵਰਸਿਟੀ ਵਿੱਚ 31 ਅਕਤੂਬਰ 1966 ਨੂੰ ਨਵੇਂ ਖੁੱਲ੍ਹੇ ਫਾਰਸੀ ਵਿਭਾਗ ਦੇ ਮੁਖੀ ਵਜੋਂ ਜਾਇਨ ਕਰ ਲਿਆ। 1976 ਨੂੰ ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਮੁਖੀ ਬਣੇ।

ਰਚਨਾਵਾਂ

ਇਸਲਾਮ ਤੇ ਸੂਫ਼ੀਵਾਦ

ਕਾਦਰਯਾਰ - ਜੀਵਨ ਤੇ ਰਚਨਾ

ਪੰਜਾਬੀ - ਫਾਰਸ਼ੀ ਕੋਸ਼

ਸੂਫ਼ੀਵਾਦ

ਪੰਜਾਬੀ ਪਰਿਆਇ ਤੇ ਵਿਪਰਿਆਇ ਕੋਸ਼ [ਸੰਪਾਦਨ]

ਗੁਰਮਤਿ ਸਾਹਿਤ ਚਿੰਤਨ

ਕਾਫ਼ੀਆਂ ਖ੍ਵਾਜਾ ਗੁਲਾਮ ਫ਼ਰੀਦ[2]

**ਡਾ. ਹਰਿਭਜਨ ਸਿੰਘ** (18 ਅਗਸਤ 1920 - 21 ਅਕਤੂਬਰ 2002)

ਡਾ. ਹਰਿਭਜਨ ਸਿੰਘ ਇੱਕ ਪੰਜਾਬੀ ਕਵੀ, ਆਲੋਚਕ, ਸਾਂਸਕ੍ਰਿਤਕ ਟੀਕਾਕਾਰ, ਅਤੇ ਅਨੁਵਾਦਕ ਸੀ। ਅੰਮ੍ਰਿਤਾ ਪ੍ਰੀਤਮ ਦੇ ਨਾਲ ਹਰਭਜਨ ਨੂੰ ਪੰਜਾਬੀ ਕਵਿਤਾ ਦੀ ਸ਼ੈਲੀ ਵਿੱਚ ਕ੍ਰਾਂਤੀ ਲਿਆਉਣ ਦਾ ਸੇਹਰਾ ਜਾਂਦਾ ਹੈ। ਨਾ ਧੁੱਪੇ ਨਾ ਛਾਵੇਂ ਲਈ 1969 ਵਿੱਚ ਉਸ ਨੂੰ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ।

ਆਧੁਨਿਕ ਪੰਜਾਬੀ ਸਾਹਿਤ ਵਿੱਚ ਹਰਿਭਜਨ ਸਿੰਘ ਇੱਕ ਕਵੀ ਅਤੇ ਆਲੋਚਕ ਵਜੋਂ ਸਥਾਪਿਤ ਨਾਂ ਹੈ। ਇਸ ਤੋਂ ਇਲਾਵਾ ਇੱਕ ਚੰਗੇ ਸੰਪਾਦਕ ਅਤੇ ਅਨੁਵਾਦਕ ਵਜੋਂ ਵੀ। ਹਰਿਭਜਨ ਸਿੰਘ ਦਾ ਜਨਮ 1920 ਨੂੰ ਲੰਮਡਿੰਗ, ਅਸਾਮ ਵਿੱਚ ਪਿਤਾ ਸ. ਗੰਢਾ ਸਿੰਘ ਅਤੇ ਮਾਤਾ ਕਰਮ ਕੌਰ ਦੇ ਘਰ ਹੋਇਆ। ਪਿਤਾ ਦੇ ਚਲਾਣੇ ਤੋਂ ਬਾਅਦ ਉਹ ਪੰਜਾਬ ਆ ਗਿਆ ਅਤੇ ਉੱਥੇ ਮੁੜ ਜਾਣ ਦਾ ਮੌਕਾ ਨਹੀਂ ਬਣਿਆ। ਹਰਿਭਜਨ ਸਿੰਘ ਦੀ ਵਿੱਦਿਅਕ ਯੋਗਤਾ ਐਮ.ਏ., ਪੀ-ਐਚ.ਡੀ. ਸੀ। 1942–43 ਵਿੱਚ ਉਸ ਨੇ ਕਲਰਕੀ ਕੀਤੀ, 1943–51 ਵਿੱਚ ਸਕੂਲ ਅਧਿਆਪਕ ਰਿਹਾ, 1951–67 ਵਿੱਚ ਕਾਲਜ ਲੈਕਚਰਾਰ ਲੱਗਾ ਅਤੇ 1968–84 ਵਿੱਚ ਪ੍ਰੋਫ਼ੈਸਰ ਆਫ਼ ਪੰਜਾਬੀ, ਦਿੱਲੀ ਯੂਨੀਵਰਸਿਟੀ ਵਜੋਂ ਰਿਟਾਇਰ ਹੋਇਆ। ਹਰਿਭਜਨ ਸਿੰਘ ਨੇ ਅੰਤਲਾ ਸਮਾਂ ਦਿੱਲੀ ਵਿੱਚ ਹੀ ਗੁਜ਼ਾਰਿਆ ਅਤੇ 21 ਅਕਤੂਬਰ 2002 ਨੂੰ ਉਸ ਦਾ ਦਿਹਾਂਤ ਹੋ ਗਿਆ।

ਡਾ. ਹਰਿਭਜਨ ਸਿੰਘ ਪੰਜਾਬੀ ਦਾ ਪਹਿਲਾ ਸੰਰਚਨਾਵਾਦੀ ਅਤੇ ਰੂਪਵਾਦੀ ਆਲੋਚਕ ਹੈ।ਡਾ. ਹਰਿਭਜਨ ਸਿੰਘ ਨੇ ਪੰਜਾਬੀ ਚਿੰਤਨ ਕਾਰਜ ਨੂੰ ਅਸਲੋਂ ਵੱਖਰੇ ਤੇ ਨਿਵੇਕਲੇ ਮਾਰਗ ਉੱਪਰ ਤੋਰਿਆ। ਪੂਰਵ ਮਿਥਿਤ ਧਾਰਨਾਵਾਂ ਦਾ ਤਿਆਗ, ਨਿਸ਼ਚੇਵਾਦੀ ਮੁੱਲਵਾਦੀ ਵਿਧੀ ਤੋਂ ਗੁਰੇਜ਼, ਲੇਖਕ ਦੇ ਜੀਵਨ ਤੇ ਰਚਨਾ ਦੇ ਪ੍ਰਭਾਵ ਤੋਂ ਲਾਂਭੇ ਵਿਚਰਨਾ, ਸਾਹਿਤਕਤਾ ਦੀ ਪਹਿਚਾਣ, ਵਸਤੂ ਤੇ ਰੂਪ ਦੀ ਅਦਵੈਤ ਅਤੇ ਰੂਪ ਵਿਧਾਨਕ ਸ਼ਬਦਾਬਲੀ ਦਾ ਪ੍ਰਯੋਗ ਆਦਿ ਉਸਦੀ ਅਧਿਐਨ ਵਿਧੀ ਦੇ ਪਛਾਨਣ ਯੋਗ ਨੁਕਤੇ ਹਨ। ਡਾ. ਹਰਿਭਜਨ ਸਿੰਘ ਦਾ ਸਭ ਤੋਂ ਮਹੱਤਵਪੂਰਨ ਪੱਖ ਉਸਦੀ ਵਿਹਾਰਕ ਸਮੀਖਿਆ ਦਾ ਹੈ ਜਿਹੜਾ ਕਵਿਤਾ, ਕਹਾਣੀ, ਨਾਵਲ ਅਤੇ ਨਾਟਕ ਤਕ ਫੈਲ ਕੇ ਉਸਦੀ ਸਮੁੱਚੀ ਪੰਜਾਬੀ ਸਮੀਖਿਆ ਦੇ ਇਤਿਹਾਸ ਵਿੱਚ ਵਿਲੱਖਣਤਾ ਨੂੰ ਸਿਰਜਦਾ ਹੈ।

ਡਾ. ਹਰਿਭਜਨ ਸਿੰਘ ਪੱਛਮੀ ਸਾਹਿਤ ਚਿੰਤਨ ਵਿੱਚ ਪ੍ਰਚਲਿਤ ਦ੍ਰਿਸ਼ਟੀਆਂ ਸੰਰਚਨਾਤਮਕ ਭਾਸ਼ਾ ਵਿਗਿਆਨ, ਰੂਸੀ ਰੂਪਵਾਦ, ਅਮਰੀਕੀ ਨਵੀਨ ਆਲੋਚਨਾ, ਚਿੰਨ੍ਹ ਵਿਗਿਆਨ ਆਦਿ ਦੇ ਮੂਲ ਸੰਕਲਪਾਂ ਨੂੰ ਸਿਧਾਂਤਕ ਪੱਤਰ 'ਤੇ ਗ੍ਰਹਿਣ ਕਰਕੇ ਜਿੱਥੇ ਪੰਜਾਬੀ ਸਾਹਿਤ

ਆਲੋਚਨਾ ਖੇਤਰ ਵਿੱਚ ਨਵੇਂ ਪ੍ਰਤਿਮਾਨ ਸਥਾਪਿਤ ਕਰਦਾ ਹੈ, ਉੱਥੇ ਇਨ੍ਹਾਂ ਦੇ ਅਧਾਰ 'ਤੇ ਪੰਜਾਬੀ ਸਾਹਿਤ ਦੇ ਵਿਭਿੰਨ ਰੂਪਾਂ ਨੂੰ ਆਪਣੇ ਸਿਧਾਂਤਕ ਤੇ ਵਿਹਾਰਕ ਅਧਿਐਨ ਦਾ ਕੇਂਦਰ ਬਣਾਉਂਦਾ ਹੈ। ਡਾ. ਗੁਰਚਰਨ ਸਿੰਘ "ਨਵੀਨ ਪੰਜਾਬੀ ਆਲੋਚਨਾ ਦੀਆਂ ਪ੍ਰਵਿਰਤੀਆਂ" ਸਿਰਲੇਖ ਅਧੀਨ "ਸਾਹਿਤ ਸ਼ਾਸਤਰ ਅਨੁਸਾਰ ਸਾਹਿਤ ਨੂੰ ਪੜ੍ਹਨ-ਪੜ੍ਹਾਉਣ ਦੀ ਪਿਰਤ ਦਾ ਆਰੰਭ" ਡਾ. ਹਰਿਭਜਨ ਸਿੰਘ ਤੋਂ ਮੰਨਦਾ ਹੈ। ਰਘਬੀਰ ਸਿੰਘ ਹਰਿਭਜਨ ਸਿੰਘ ਨੂੰ ਦੂਜੀ ਪੀੜ੍ਹੀ ਦੇ ਪੰਜਾਬੀ ਆਲੋਚਕਾਂ ਵਿੱਚ "ਇਕੋ ਇੱਕ ਗਿਣਨਯੋਗ ਵਿਦਵਾਨ" ਕਹਿੰਦਾ ਹੈ, ਜਿਸਨੇ ਮਾਰਕਸਵਾਦ ਦੀਆਂ ਪ੍ਰਚਲਿਤ ਦਿਸ਼ਾਵਾਂ ਤੋਂ ਹਟ ਕੇ ਆਪਣਾ ਵੱਖਰਾ ਰਾਹ ਚੁਣਿਆ। ਡਾ. ਜੀਤ ਸਿੰਘ ਸੀਤਲ, ਡਾ. ਹਰਿਭਜਨ ਸਿੰਘ ਨਾਲ ਨਵੀਨ ਆਲੋਚਨਾਂ ਨੂੰ "ਆਪਣੇ ਸਿਖਰ 'ਤੇ ਪੂਰੇ ਜੋਬਨ 'ਪੁੱਜਦੀ" ਕਹਿੰਦਾ ਹੈ।

ਡਾ. ਹਰਿਭਜਨ ਸਿਘ ਨੇ ਆਲੋਚਨਾਂ ਨੂੰ ਆਧਾਰ ਬਣਾ ਕੇ ਕਈ ਆਲੋਚਨਾਤਮਕ ਪੁਸਤਕਾਂ ਪੰਜਾਬੀ ਸਾਹਿਤ ਨੂੰ ਦਿੱਤੀਆਂ, ਜਿਵੇਂ-

ਅਧਿਐਨ ਤੇ ਅਧਿਆਪਨ (1970) ਮੁਲ ਤੇ ਮੁਲੰਕਣ (1972) ਸਾਹਿਤ ਸ਼ਾਸ਼ਤਰ (1973) ਸਾਹਿਤ ਤੇ ਸਿਧਾਂਤ (1973) ਪਾਰਗਾਮੀ (1976) ਰਚਨਾ ਸੰਰਚਨਾ (1977) ਰੂਪਕੀ (1977) ਸਾਹਿਤ ਵਿਗਿਆਨ (1978) ਸਿਸਟਮੀ (1979) ਸਾਹਿਤ ਅਧਿਐਨ (1981) ਪਤਰਾਂਜਲੀ(1981) ਆਦਿ।

ਹਰਿਭਜਨ ਸਿੰਘ ਦੀ ਆਲੋਚਨਾ ਬਾਰੇ ਇਹ ਧਾਰਨਾ ਪ੍ਰਚਲਿਤ ਰਹੀ ਕਿ ਉਸ ਦੀ ਆਲੋਚਨਾ ਸਾਹਿਤ ਨੂੰ ਸਮਾਜ ਨਾਲੋਂ ਤੋੜ ਕੇ ਵੇਖਣ ਵਾਲੀ, ਸਾਹਿਤ ਦੀ ਮੁਖ਼ਤਿਆਰੀ ਅਤੇ ਜੁਗਤਾਂ ਵਿੱਚ ਘਿਰੀ/ਮਹਿਦੂਦ ਆਲੋਚਨਾ ਹੈ। ਅਸਲ ਵਿੱਚ ਹਰਿਭਜਨ ਸਿੰਘ ਦੀਆਂ ਆਲੋਚਨਾ ਵਿਧੀਆਂ ਅਤੇ ਸਿਧਾਂਤ ਮਾਰਕਸਵਾਦੀ ਆਲੋਚਨਾ ਦੇ ਵਿਰੋਧ ਵਿੱਚ ਉਪਜਦੇ ਹਨ। ਇਸੇ ਕਾਰਨ ਹੀ ਇਸ ਆਲੋਚਨਾ ਉੱਤੇ ਮਾਰਕਸਵਾਦੀ ਆਲੋਚਨਾ ਦੇ ਤਿੱਖੇ ਵਾਰ ਵੀ ਹੋਏ।

ਬਲਕਾਰ ਸਿੰਘ, ਅਨੁਸਾਰ

ਹਰਿਭਜਨ ਸਿੰਘ ਨੇ ਆਪਣੀ ਯੋਗਤਾ ਅਤੇ ਕਾਬਲੀਅਤ ਸਦਕਾ ਅਕਾਦਮਿਕ ਖੇਤਰ ਵਿੱਚ ਵਿਲੱਖਣ ਪਛਾਣ ਬਣਾਈ। ਉਸ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਵਿਜ਼ਿਟਿੰਗ ਪ੍ਰੋਫ਼ੈਸਰਸ਼ਿਪ ਪ੍ਰਦਾਨ ਕੀਤੀ ਗਈ ਅਤੇ ਦਿੱਲੀ ਯੂਨੀਵਰਸਿਟੀ ਵੱਲੋਂ ਪ੍ਰੋਫ਼ੈਸਰ ਅਮੈਰਿਟਸ ਵਜੋਂ ਮਾਣ ਪ੍ਰਾਪਤ ਹੋਇਆ। ਇਸ ਤੋਂ ਇਲਾਵਾ ਗਿਆਨੀ ਗੁਰਮੁਖ ਸਿੰਘ ਅਵਾਰਡ, ਕਰਤਾਰ ਸਿੰਘ ਧਾਲੀਵਾਲ ਅਵਾਰਡ, ਪੰਜਾਬ ਸਟੇਟ ਅਵਾਰਡ, ਸੋਵੀਅਤ ਲੈਂਡ ਨਹਿਰੂ ਅਵਾਰਡ, ਕਬੀਰ ਸਨਮਾਨ ਅਤੇ ਹੋਰ ਬਹੁਤ ਪੁਰਸਕਾਰ ਮਿਲੇ ਹਨ। ਹਰਿਭਜਨ ਸਿੰਘ ਦੀ ਸਾਹਿਤ-ਯੋਜਨਾ ਸਦਕਾ ਉਸ ਨੂੰ ਸੁਹਜ ਸਿਰਜੀ, ਸੁਖ਼ਨਵਰ, ਸਾਹਿਤ-ਸੰਦ, ਉਸਤਾਦ, ਕਵੀ, ਆਲੋਚਕ, ਅਨੁਵਾਦਕ ਅਤੇ ਸੰਪਾਦਕ ਵਜੋਂ ਅੱਜ ਵੀ ਯਾਦ ਕੀਤਾ ਜਾਂਦਾ ਹੈ। ਉਹ ਤੰਗ ਸੋਚਣੀ ਅਤੇ ਸੰਕੀਰਨਤਾ ਤੋਂ ਮੁਕਤ ਲੇਖਕ ਸੀ ਜੋ ਕਿਸੇ ਇੱਕ ਵਾਦ-ਵਿਚਾਰਧਾਰਾ ਨਾਲ ਜੁੜਨ ਦੀ ਥਾਂ ਨਵੀਆਂ ਸੋਚਾਂ ਨੂੰ ਗ੍ਰਹਿਣ ਕਰਦਾ ਅਤੇ ਅਪਣਾਉਂਦਾ ਰਿਹਾ ਹੈ। ਕਿਸੇ ਇੱਕ ਵਾਦ-ਵਿਚਾਰਧਾਰਾ ਨਾਲ ਪ੍ਰਤਿਬੱਧਤਾ ਦੀ ਥਾਂ ਉਸ ਦੀ ਸ਼ਖ਼ਸੀਅਤ, ਲੇਖਣੀ ਅਤੇ ਸੁਭਾਉ ਬਹੁ-ਰੰਗੀ ਅਤੇ ਡੱਬ-ਖੜੱਬਾ ਹੈ।

**ਸੁਤਿੰਦਰ ਸਿੰਘ ਨੂਰ** (5 ਅਕਤੂਬਰ 1940 - 9 ਫਰਵਰੀ 2011)

ਆਪ ਪੰਜਾਬੀ ਵਿਦਵਾਨ, ਉਘੇ ਆਲੋਚਕ ਅਤੇ ਚਿੰਤਕ ਸਨ। ਆਲੋਚਨਾ ਪੁਸਤਕ 'ਕਵਿਤਾ ਦੀ ਭੂਮਿਕਾ' ਲਈ ਉਨਾਂ ਨੂੰ ਸਾਹਿਤ ਅਕਾਦਮੀ ਇਨਾਮ ਨਾਲ ਸਨਮਾਨਿਤ ਕੀਤਾ ਗਿਆ ਸੀ। ਉਹ ਦਿੱਲੀ ਯੂਨੀਵਰਸਿਟੀ 'ਚ ਵੀ ਪੰਜਾਬੀ ਵਿਭਾਗ ਦੇ ਮੁਖੀ ਅਤੇ ਪੰਜਾਬੀ ਅਕਾਦਮੀ ਦੇ ਰਸਾਲੇ 'ਸਮਦਰਸ਼ੀ' ਦੇ ਸੰਪਾਦਕ ਵੀ ਰਹੇ।

ਉਨ੍ਹਾਂ ਨੇ ਡਾ. ਹਰਿਭਜਨ ਸਿੰਘ ਦੀ ਨਿਗਰਾਨੀ ਹੇਠ ਪੀਐਚ.ਡੀ. ਦੀ ਡਿਗਰੀ ਲਈ । ਨੂਰ ਤਾਂ ਹਮੇਸ਼ਾ ਨਵਾਂ ਸੋਚਣ ਦਾ ਆਦੀ ਸੀ। ਉੱਤਰ-ਸੰਰਚਨਾਵਾਦ, ਉੱਤਰ ਮਾਰਕਸਵਾਦ, ਉੱਤਰ ਆਧੁਨਿਕਤਾਵਾਦ, ਉੱਤਰ ਬਸਤੀਵਾਦ ਸਬੰਧੀ ਉਹ ਬੜਾ ਸਪੱਸ਼ਟ ਸੀ।

ਸੁਰਜੀਤ ਪਾਤਰ ਅਨੁਸਾਰ

"ਡਾ. ਨੂਰ ਇੱਕ ਗੋਭਲਾ ਜਿਹਾ ਬੱਬਰ ਸ਼ੇਰ ਹੈ।'' ਦੇਖਣ ਨੂੰ ਬੜਾ ਨਰਮ ਜਿਹਾ ਲਗਦੈ, ਪਰ ਜਦੋਂ ਭਬਕੀ ਮਾਰਦਾ ਹੈ ਤਾਂ ਵੱਡੇ-ਵੱਡੇ ਥੰਮ ਹਿਲਾ ਦਿੰਦਾ ਹੈ।"

***ਖੋਜ ਵਿਧੀ***

ਸੰਤ ਸਿੰਘ ਸੇਖੋਂ, ਅਤਰ ਸਿੰਘ, ਡਾ. ਹਰਿਭਜਨ ਸਿੰਘ ਤੋਂ ਬਾਅਦ ਡਾ. ਨੂਰ ਹੀ ਸੀ ਜਿਸ ਨੂੰ ਪੰਜਾਬੀ ਵਿਚ ਏਨਾ-ਮਾਣ ਸਨਮਾਨ ਮਿਲਿਆ ਹੋਵੇ।

ਰਚਨਾਵਾਂ

ਬਿਰਖ ਨਿਪੱਤਰੇ

ਕਵਿਤਾ ਦੀ ਜਲਾਵਤਨੀ

ਸਰਦਲ ਦੇ ਆਰ-ਪਾਰ

ਮੌਲਸਰੀ

ਨਾਲ-ਨਾਲ਼ ਤੁਰਦਿਆਂ

ਆਲੋਚਨਾ

ਕਵਿਤਾ ਦੀ ਭੂਮਿਕਾ (2005)

ਮੋਹਨ ਸਿੰਘ ਦਾ ਕਾਵਿ-ਜਗਤ

**ਸੰਪਾਦਿਤ**

ਗੁਰਦਿਆਲ ਸਿੰਘ ਦਾ ਰਚਨਾ-ਸੰਸਾਰ

ਚਿਹਨ ਵਿਗਿਆਨ

ਪੂਰਨ ਸਿੰਘ

ਪਾਕਿਸਤਾਨੀ ਪੰਜਾਬੀ ਸਾਹਿਤ

ਬਲਵੰਤ ਗਾਰਗੀ

ਸਮਕਾਲੀ ਪੱਛਮੀ ਚਿੰਤਨ

ਸਮਕਾਲੀ ਪੰਜਾਬੀ ਸਾਹਿਤ ਦੇ ਸਰੋਕਾਰ

ਸਮਕਾਲੀ ਪੂਰਬਵਾਦੀ ਚਿੰਤਨ

**ਡਾ. ਰਵਿੰਦਰ ਸਿੰਘ ਰਵੀ** (1943-1989),

ਇਹ ਪੰਜਾਬੀ ਲੇਖਕ, ਸਾਹਿਤ ਆਲੋਚਕ, ਅਧਿਆਪਕ ਅਤੇ ਖੱਬੇ-ਪੱਖੀ ਲਹਿਰ ਦਾ ਸਰਗਰਮ ਕਾਰਕੁਨ ਅਤੇ ਉੱਘਾ ਮਾਰਕਸਵਾਦੀ ਚਿੰਤਕ ਸੀ। ਉਹ ਆਪਣੀ ਵਿਚਾਰਧਾਰਕ ਪ੍ਰਤਿਬਧਤਾ ਅਤੇ ਸਾਹਿਤ ਚਿੰਤਨ ਦੇ ਖੇਤਰ ਵਿੱਚ ਆਪਣੀ ਸਿਧਾਂਤਕ ਪਕੜ ਲਈ ਜਾਣਿਆ ਜਾਂਦਾ ਹੈ।

ਉਸ ਦਾ ਜਨਮ 1943 ਵਿੱਚ ਲੁਧਿਆਣਾ ਜਿਲ੍ਹੇ ਦੇ ਪਿੰਡ ਕਿਲਾ ਹਾਂਸ ਵਿਖੇ ਹੋਇਆ। ਪੰਜਾਬੀ ਯੂਨੀਵਰਸਿਟੀ ਤੋਂ ਪੀ ਐਚ ਡੀ ਦੀ ਉਪਾਧੀ ਹਾਸਿਲ ਕਰਨ ਵਾਲਾ ਉਹ ਪਹਿਲਾ ਖੋਜਾਰਥੀ ਸੀ। ਪੰਜਾਬ ਸੰਕਟ ਦੇ ਦਿਨਾ ਵਿੱਚ ਉਸ ਨੇ ਲੇਖਕਾਂ ਵਿੱਚ ਪ੍ਰਗਤੀਸ਼ੀਲ ਧਰਮਨਿਰਪੱਖ ਵਿਚਾਰਧਾਰਾ ਦਾ ਪ੍ਰਚਾਰ ਪ੍ਰਸਾਰ ਕੀਤਾ। ਪੰਜਾਬ ਸੰਕਟ ਦੇ ਸਿਖਰ ਦੇ ਦਿਨਾਂ ਵਿੱਚ ਉਸ ਨੇ ਆਪਣੀ ਧਰਮ ਨਿਰਪੱਖ ਸੋਚ ਉੱਪਰ ਡਟ ਕੇ ਪਹਿਰਾ ਦਿਤਾ।

ਡਾ. ਰਵਿੰਦਰ ਸਿੰਘ ਰਵੀ ਦੂਜੀ ਪੀੜ੍ਹੀ ਦਾ ਮੁਖ ਮਾਰਕਸਵਾਦੀ ਆਲੋਚਕ ਸੀ। ਉਸ ਦੀ ਦਿਲਚਸਪੀ ਸਾਹਿਤ ਸਿਧਾਂਤ ਅਤੇ ਕਵਿਤਾ ਦੇ ਖੇਤਰ ਵਿੱਚ ਵਧੇਰੇ ਸੀ। ਇਸ ਤੋਂ ਇਲਾਵਾ ਉਸ ਨੇ ਪੰਜਾਬੀ ਸਭਿਆਚਾਰ ਦੇ ਸੁਹਜਸ਼ਾਸਤਰ ਅਤੇ ਪੰਜਾਬੀ ਭਾਸ਼ਾ ਦੇ ਵਿਕਾਸ ਦੀਆ ਸਮਸਿਆਵਾਂ ਬਾਰੇ ਬੜੇ ਮੌਲਿਕ ਵਿਚਾਰ ਪੇਸ਼ ਕੀਤੇ। ਉਹ ਪੰਜਾਬੀ ਦਾ ਸ਼ਾਇਦ ਇਕੋ ਇੱਕ ਅਜਿਹਾ ਅਲੋਚਕ ਹੈ ਜਿਸ ਨੇ ਉਸ ਆਲੋਚਨਾ ਪ੍ਰਣਾਲੀ ਬਾਰੇ ਪੂਰੀ ਕਿਤਾਬ ਲਿਖੀ ਹੈ ਜਿਸ ਪ੍ਰਤਿ ਉਸ ਦਾ ਰਵਈਆ ਆਲੋਚਨਾਤਮਕ ਸੀ। ਪੰਜਾਬੀ ਵਿੱਚ ਆਮ ਕਰ ਕੇ ਸਾਹਿਤ ਆਲੋਚਨਾ ਪ੍ਰਣਾਲੀਆਂ ਬਾਰੇ ਲਿਖੀਆਂ ਕਿਤਾਬਾਂ ਵਿਆਖਿਆਤਮਕ ਅਤੇ ਪ੍ਰਸ਼ੰਸਾਤਮਕ ਹਨ ਕਿਉਂਕਿ ਇਹ ਉਨ੍ਹਾਂ ਆਲੋਚਨਾ ਪ੍ਰਣਾਲੀਆਂ ਦੇ ਸਮਰਥਕਾਂ ਜਾਂ ਪੈਰੋਕਾਰਾਂ ਦੁਆਰਾ ਲਿਖੀਆਂ ਗਈਆਂ ਹਨ। ਰਵੀ ਨੇ ਨਵੀਨ ਅਮਰੀਕੀ ਅਲੋਚਨਾ ਪ੍ਰਣਾਲੀ ਦੇ ਮੁਖ ਸਿਧਾਂਤਕਾਰਾਂ ਕਲਿੰਥ ਬਰੁਕਸ, ਵਿਮਸੈਟ, ਐਲੇਨ ਟੇਟ ਅਤੇ ਆਈ ਏ ਰਿਚਰਡਜ਼ ਦੀਆਂ ਲਿਖਤਾਂ ਦਾ ਆਲੋਚਨਾਤਮਕ ਵਿਸ਼ਲੇਸ਼ਣ ਕੀਤਾ ਹੈ ਅਤੇ ਸਾਹਿਤਕ ਪਾਠ ਦੇ ਅਧਿਐਨ ਵਿੱਚ ਇਨਾਂ ਸਿਧਾਂਤਕਾਰਾਂ ਦੇ ਸੰਕਲਪਾਂ ਅਤੇ ਮਾਡਲਾਂ ਦੀ ਸਾਰਥਕਤਾ ਦੇ ਪ੍ਰਸ਼ਨ ਨੂੰ ਨਜਿਠਣ ਦੀ ਕੋਸ਼ਿਸ਼ ਕੀਤੀ ਹੈ। ਇੰਝ ਹੀ ਉਸ ਨੇ ਰੋਲਾਂ ਬਾਰਥ ਦੀ ਕਿਤਾਬ ਰਾਈਟਿੰਗ ਡਿਗਰੀ ਜ਼ੀਰੋ ਦਾ ਵਿਸ਼ਲੇਸ਼ਣ ਕੀਤਾ ਹੈ ਅਤੇ ਬਾਰਥ ਦੀ ਵਿਧੀ ਦੇ ਮਹੱਤਵ ਅਤੇ ਸੀਮਾਵਾਂ ਨੂੰ ਉਘਾੜਿਆ ਹੈ।

ਡਾ. ਰਵੀ ਡਾ.ਕਿਸ਼ਨ ਸਿੰਘ ਦੀ ਵਿਆਖਿਆ ਵਿਧੀ ਦਾ ਅਨੁਗਾਮੀ ਸੀ। ਇਸ ਕਰ ਕੇ ਮਧਕਾਲੀ ਪੰਜਾਬੀ ਸਾਹਿਤ ਨੂੰ ਉਹ ਲੋਕ ਹਿਤੀ ਪੈਂਤੜੇ ਵਾਲਾ ਮੰਨਦਾ ਸੀ। ਆਧੁਨਿਕ ਕਾਵਿ ਵਿਚੋਂ ਜੁਝਾਰਵਾਦੀ ਕਾਵਿ ਦਾ ਉਸ ਦਾ ਅਧਿਐਨ ਮਹਤਵਪੂਰਨ ਹੈ। ਉਸ ਨੇ ਇਸ ਕਾਵਿ ਧਾਰਾ ਨੂੰ ਇਤਿਹਾਸ ਚੇਤਨਾ ਮੁਖੀ ਕਾਵਿ ਧਾਰਾ ਕਿਹਾ ਪਰ ਨਾਲ ਹੀ ਇਸ ਦੀ ਕਾਵਿ-ਭਾਸ਼ਾ ਵਿਚਲੀਆਂ ਜਗੀਰੂ ਸੁਰਾਂ ਦੀ ਪਛਾਣ ਕੀਤੀ ਅਤੇ ਇਸ ਦੇ ਵਿਚਾਰਧਾਰਾਈ ਸਰੂਪ ਅਤੇ ਸੀਮਾਵਾਂ ਬਾਰੇ ਚਰਚਾ ਕੀਤੀ। ਪੰਜਾਬੀ ਸਾਹਿਤ ਦੀ ਇਤਹਾਸਕਾਰੀ ਬਾਰੇ ਉਸ ਦਾ ਆਲੇਖ ਮਹਤਵਪੂਰਣ ਹੈ ਜਿਸ ਵਿੱਚ ਉਨ੍ਹਾਂ ਪੰਜਾਬੀ ਸਾਹਿਤਕ ਪਰੰਪਰਾਵਾਂ ਨੂੰ ਪੂਰਬਲੀਆਂ ਅਤੇ ਸਮਕਾਲੀ ਭਾਰਤੀ ਸਾਹਿਤਕ ਪਰੰਪਰਾਵਾਂ ਨਾਲ ਜੋੜ ਕੇ ਸਮਝਣ ਦਾ ਸੁਝਾਅ ਦਿਤਾ। ਉਸ ਅਨੁਸਾਰ ਪੰਜਾਬੀ ਸਾਹਿਤ ਦੀ ਇਤਹਾਸਕਾਰੀ ਤਥ-ਲਭਤ ਤੋਂ ਲੈ ਕੇ ਸਾਹਿਤਕ ਗਤੀ ਦੀ ਪਛਾਣ ਅਤੇ ਸਾਹਿਤ ਵਿਸ਼ਲੇਸ਼ਣ ਪਖੋਂ ਹਾਲੇ ਕਾਫੀ ਪਛੜੀ ਹੋਈ ਹੈ।

ਮੁੱਖ ਪੁਸਤਕਾਂ

ਪੰਜਾਬੀ ਰਾਮ-ਕਾਵਿ

ਵਿਰਸਾ ਅਤੇ ਵਰਤਮਾਨ

ਨਵੀਨ ਅਮਰੀਕੀ ਆਲੋਚਨਾ ਪ੍ਰਣਾਲੀ

ਪ੍ਰਗਤੀਵਾਦ ਤੇ ਪੰਜਾਬੀ ਸਾਹਿਤ

ਰਵੀ ਚੇਤਨਾ (ਉਸ ਦੇ ਖੋਜ-ਪਤਰਾਂ ਦਾ ਸੰਪਾਦਿਤ ਸੰਗ੍ਰਹਿ)

**ਹਰਿਭਜਨ ਸਿੰਘ ਭਾਟੀਆ** (ਜਨਮ 22 ਮਈ 1955)

ਇਹ ਇੱਕ ਪੰਜਾਬੀ ਵਿਦਵਾਨ, ਸਾਹਿਤ ਆਲੋਚਕ ਅਤੇ ਮੈਟਾ-ਆਲੋਚਕ ਹੈ। ਉਸਨੂੰ ਪੰਜਾਬ ਸਰਕਾਰ ਵਲੋਂ ਸ਼੍ਰੋਮਣੀ ਪੰਜਾਬੀ ਆਲੋਚਕ ਪੁਰਸਕਾਰ-2010 ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। ਪਿਛਲੇ 40 ਸਾਲਾਂ ਦਾ ਅਧਿਆਪਨ ਕਾਰਜ ਅਤੇ 4 ਦਹਾਕਿਆਂ ਤੋਂ ਵੱਧ ਦਾ ਸਮੀਖਿਆ ਕਾਰਜ ਕੀਤਾ ਹੈ। 24 ਪੀਐਚਡੀ ਤੇ 40 ਤੋਂ ਵੱਧ ਐਮਫਿਲ ਦੇ ਵਿਦਿਆਰਥੀਆਂ ਨੂੰ ਪੜ੍ਹਾਇਆ। ਭਾਟੀਆ ਇਸ ਵੇਲੇ ਸਾਹਿਤ

ਅਕੈਡਮੀ ਸਲਾਹਕਾਰ ਬੋਰਡ 'ਤੇ ਹੋਣ ਦੇ ਇਲਾਵਾ ਗਿਆਨਪੀਠ ਅਵਾਰਡ ਕਮੇਟੀ ਦਾ ਮੈਂਬਰ ਹੈ। ਉਹ ਹੁਣ ਤੱਕ 100 ਖੋਜ ਪੱਤਰਾਂ ਤੋਂ ਇਲਾਵਾ 21 ਕਿਤਾਬਾਂ ਪ੍ਰਕਾਸ਼ਿਤ ਕਰ ਚੁੱਕਾ ਹੈ।

ਹਰਿਭਜਨ ਸਿੰਘ ਭਾਟੀਆ ਦਾ ਜਨਮ 22 ਮਈ 1955 ਨੂੰ ਅੰਮ੍ਰਿਤਸਰ ਵਿਖੇ ਹੋਇਆ। ਉਸਨੇ 1981 ਵਿੱਚ ਡਾ. ਆਤਮਜੀਤ ਸਿੰਘ ਦੀ ਨਿਗਰਾਨੀ ਹੇਠ ਪੀ.ਐੱਚ.ਡੀ. ਦੀਆਂ ਡਿਗਰੀ ਹਾਸਲ ਕੀਤੀ। ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਭਾਸ਼ਾ ਫੈਕਲਟੀ ਦੇ ਡੀਨ ਰਹਿਣ ਤੋਂ ਇਲਾਵਾ ਯੂਨੀਵਰਸਿਟੀ ਦੀ ਸੈਨਟ ਤੇ ਸਿੰਡੀਕੇਟ ਦੇ ਮੈਂਬਰ ਵੀ ਰਿਹਾ ਹੈ। ਉਸ ਨੇ ਯੂਨੀਵਰਸਿਟੀ ਦੇ ਅਕਾਦਮਿਕ ਸਟਾਫ ਕਾਲਿਜ ਵਿਖੇ ਵੀ ਚਾਰ ਵਰ੍ਹੇ ਬਤੌਰ ਡਾਇਰੈਕਟਰ ਜ਼ਿੱਮੇਵਾਰੀ ਨਿਭਾਈ ਹੈ। ਉਹ ਪੰਜਾਬੀ ਅਧਿਐਨ ਸਕੂਲ ਦਾ ਮੁਖੀ ਵੀ ਰਹਿ ਚੁੱਕਿਆ ਹੈ। ਪੰਜਾਬ ਸਰਕਾਰ ਦੇ ਅਦਾਰੇ ਭਾਸ਼ਾ ਵਿਭਾਗ, ਪੰਜਾਬ ਵੱਲੋਂ ਉਸ ਨੂੰ 'ਸ਼ਿਰੋਮਣੀ ਪੰਜਾਬੀ ਆਲੋਚਕ ਪੁਰਸਕਾਰ ਮਿਲਿਆ ਹੈ।

ਰਚਨਾਵਾਂ

ਪੰਜਾਬੀ ਗਲਪ: ਪੜਚੋਲ ਦਰ ਪੜਚੋਲ,

ਸੰਵਾਦ ਪੁਨਰ-ਸੰਵਾਦ,

ਚਿੰਤਨ ਪੁਨਰ-ਚਿੰਤਨ,

ਪੰਜਾਬੀ ਸਾਹਿਤ ਆਲੋਚਨਾ ਦਾ ਇਤਿਹਾਸ ,

ਪੰਜਾਬੀ ਗਲਪ : ਸੰਵਾਦ ਤੇ ਸਮੀਖਿਆ,

ਪੰਜਾਬੀ ਆਲੋਚਨਾ: ਸਿਧਾਂਤ ਤੇ ਵਿਹਾਰ,

ਮੌਲਾ ਬਖਸ਼ ਕੁਸ਼ਤਾ: ਜੀਵਨ ਤੇ ਰਚਨਾ

## <u>ਸਾਰ-ਅੰਸ਼:</u>

ਖੋਜ ਮਤਲਬ "ਰਚਨਾਤਮਕ ਅਤੇ ਸਿਧਾਂਤਕ ਤੌਰ ਤੇ ਕੀਤਾ ਗਿਆ ਕੰਮ ਜੋ ਕਿ ਗਿਆਨ ਦਾ ਭੰਡਾਰ ਵਧਾਉਣ, ਮਨੁੱਖਾਂ, ਸੱਭਿਆਚਾਰ ਅਤੇ ਸਮਾਜ ਦੇ ਗਿਆਨ ਸਮੇਤ ਅਤੇ ਨਵੀਆਂ ਅਰਜ਼ੀਆਂ ਨੂੰ ਬਣਾਉਣ ਲਈ ਗਿਆਨ ਦੇ ਇਸ ਸਟਾਕ ਦੀ ਵਰਤੋਂ ਨੂੰ ਸ਼ਾਮਲ ਕਰਨ ਲਈ ਕੀਤੇ ਜਾਂਦੇ ਹਨ।" ਇਹ ਤੱਥ ਸਥਾਪਿਤ ਕਰਨ ਜਾਂ ਪੁਸ਼ਟੀ ਕਰਨ ਲਈ ਵਰਤਿਆ ਜਾਂਦਾ ਹੈ, ਪਿਛਲੇ ਕੰਮ ਦੇ ਨਤੀਜਿਆਂ ਨੂੰ ਮੁੜ ਪੁਸ਼ਟੀ ਕਰਦਾ ਹੈ, ਨਵੇਂ ਜਾਂ ਮੌਜੂਦਾ ਸਮੱਸਿਆਵਾਂ ਨੂੰ ਹੱਲ ਕਰਦਾ ਹੈ, ਪ੍ਰੇਟੀਮ ਦੀ ਸਹਾਇਤਾ ਕਰਦਾ ਹੈ ਜਾਂ ਨਵੇਂ ਸਿਧਾਂਤ ਵਿਕਸਿਤ ਕਰਦਾ ਹੈ। ਇੱਕ ਖੋਜ ਪ੍ਰੋਜੈਕਟ ਖੇਤਰ ਵਿੱਚ ਪਿਛਲੇ ਕੰਮ 'ਤੇ ਇੱਕ ਵਿਸਥਾਰ ਹੋ ਸਕਦਾ ਹੈ। ਖੋਜ ਪ੍ਰੋਜੈਕਟ ਕਿਸੇ ਵਿਸ਼ੇ ਤੇ ਹੋਰ ਗਿਆਨ ਵਿਕਸਿਤ ਕਰਨ ਲਈ ਜਾਂ ਇੱਕ ਸਕੂਲੀ ਖੋਜ ਪ੍ਰੋਜੈਕਟ ਦੀ ਮਿਸਾਲ ਵਿੱਚ ਵਿਕਸਤ ਕਰਨ ਲਈ ਵਰਤਿਆ ਜਾ ਸਕਦਾ ਹੈ, ਉਹਨਾਂ ਨੂੰ ਭਵਿੱਖ ਦੀਆਂ ਨੌਕਰੀਆਂ ਅਤੇ ਰਿਪੋਰਟਾਂ ਲਈ ਤਿਆਰ ਕਰਨ ਲਈ ਇੱਕ ਵਿਦਿਆਰਥੀ ਦੇ ਖੋਜੀ ਸ਼ਕਤੀ ਨੂੰ ਅੱਗੇ ਵਧਾਉਣ ਲਈ ਵਰਤਿਆ ਜਾ ਸਕਦਾ ਹੈ। ਯੰਤਰਾਂ, ਪ੍ਰਕਿਰਿਆਵਾਂ ਜਾਂ ਪ੍ਰਯੋਗਾਂ ਦੀ ਪ੍ਰਮਾਣਿਕਤਾ ਦੀ ਜਾਂਚ ਕਰਨ ਲਈ, ਖੋਜ ਪ੍ਰਾਜੈਕਟ ਦੇ ਪ੍ਰੋਜੈਕਟਾਂ ਜਾਂ ਪ੍ਰੋਜੈਕਟ ਦੇ ਪੂਰੇ ਤੱਤ ਦੀ ਨਕਲ ਕਰ ਸਕਦੀ ਹੈ। ਬੁਨਿਆਦੀ ਖੋਜਾਂ ਦੇ ਪ੍ਰਮੁੱਖ ਉਦੇਸ਼ ਮਨੁੱਖੀ ਗਿਆਨ ਦੀ ਤਰੱਕੀ ਲਈ ਦਸਤਾਵੇਜ਼ਾਂ ਅਤੇ ਪ੍ਰਣਾਲੀਆਂ ਦੇ ਦਸਤਾਵੇਜ਼, ਖੋਜ, ਵਿਆਖਿਆ ਜਾਂ ਖੋਜ ਅਤੇ ਵਿਕਾਸ (ਆਰ ਐਂਡ ਡੀ) ਹਨ। ਖੋਜ ਦੇ ਕਈ ਰੂਪ ਹਨ: ਵਿਗਿਆਨਕ, ਮਨੁੱਖਤਾ, ਕਲਾਤਮਕ, ਆਰਥਿਕ, ਸਮਾਜਿਕ, ਵਪਾਰ, ਮਾਰਕਿਟਿੰਗ, ਪ੍ਰੈਕਟੀਸ਼ਨਰ ਖੋਜ, ਜੀਵਨ, ਤਕਨਾਲੋਜੀ, ਆਦਿ.।

ਖੋਜ ਇਕ ਰਚਨਾਤਮਕ ਕਾਰਜ ਹੈ ਤੇ ਇਸ ਦੀ ਰਚਨਾਤਮਕਾ ਇਸ ਗੱਲ ਵਿਚ ਹੈ ਕਿ ਇਹ ਯਥਾਰਥ ਤੇ ਸਿਧਾਂਤ, ਦੋਹਾਂ ਨੂੰ ਤਬਦੀਲ ਕਰਨ ਵਿਚ ਮਨੁੱਖ ਦੀ ਸਹਾਇਤਾ ਕਰਦੀ ਹੈ।

ਇਕ ਸਿਧਾਂਤਕ ਭਾਸ਼ਾ ਨੂੰ ਸਿਧਾਂਤ ਵਿਚ ਤੇ ਇਕ ਸਿਧਾਂਤ ਨੂੰ ਇਕ ਹੋਰ ਸਿਧਾਂਤ ਵਿਚ ਪਰਿਵਰਤਿਤ ਕਰਨ ਵਿਚ ਸਮਰੱਥਾ ਦਾ ਨਾਂ ਹੀ ਖੋਜ ਹੈ।

ਵਿਧੀ ਵਿਗਿਆਨ ਵਿਗਿਆਨਾਂ ਦਾ ਵਿਗਿਆਨ ਹੈ।

ਅੱਜ ਦੀ ਖੋਜ ਨੂੰ ਮਰਜ਼ੀ ਨਹੀ ਮੁਦਰਾ ਕੰਟਰੋਲ ਕਰਦੀ ਹੈ।

ਮੁਦਰਾ ਦੇ ਵਰਤਾਰੇ ਦਾ ਮੁੱਖ ਵਸੀਲਾ ਹਨ ਵਿਦਿਅਕ ਸੰਸਥਾਵਾਂ; ਇਹ ਸੰਸਥਾਵਾਂ ਖੋਜ-ਪ੍ਰੋਗ੍ਰਾਮ ਬਣਾਉਂਦੀਆਂ ਹਨ ਤੇ ਖੋਜ-ਕਾਮਾ ਤੇ ਵਿਗਿਆਨਕ ਤੋਂ ਵਿਗਿਆਨਕ ਵਿਧੀ ਨੂੰ ਵੀ ਕਿਸੇ ਸੰਸਥਾ ਦੇ ਮਨੋਰਥਾਂ-ਹਿੱਤ ਢਾਲ ਲੈਂਦਾ ਹੈ।

## ਮੁੱਖ/ਕੇਂਦਰੀ ਸ਼ਬਦ:

ਆਚੋਲਕ---ਗੁਣ-ਔਗੁਣ ਦੱਸਣ ਵਾਲਾ

ਆਲੋਚਨਾ---ਗੁਣ-ਔਗੁਣ ਦਾ ਨਿਤਾਰਾ

ਅਨੁਭਵ---ਤਜੱਰਬਾ

ਕਲਪਾਨਤਮਿਕ---ਕਾਲਪਨਿਕ

ਸ਼ੈਲੀ --- ਵਿਚਾਰਾਂ ਦੇ ਪ੍ਰਗਟਾਵੇ ਦਾ ਢੰਗ

## ਸਵੈ-ਮੁਲਾਂਕਣ:

1. ਪਾਰੋਂ ਆਏ ਚਾਰ ਜਣੇ ਪੁਸਤਕ ਦਾ ਲੇਖਕ ਕੌਣ ਹੈ?

ੳ ਡਾ. ਸੁਰਿੰਦਰ ਸਿੰਘ ਕੋਹਲੀ

ਅ ਗੋਪਾਲ ਸਿੰਘ ਦਰਦੀ

ੲ ਅਤਰ ਸਿੰਘ

ਸ ਕਿਸ਼ਨ ਸਿੰਘ

2. ਏ ਹਿਸਟਰੀ ਆਫ਼ ਦੀ ਸਿੱਖ ਪੀਪਲ ਪੁਸਤਕ ਦਾ ਲੇਖਕ ਕੌਣ ਹੈ?

ੳ ਡਾ. ਸੁਰਿੰਦਰ ਸਿੰਘ ਕੋਹਲੀ

ਅ ਗੋਪਾਲ ਸਿੰਘ ਦਰਦੀ

ੲ ਅਤਰ ਸਿੰਘ

ਸ ਕਿਸ਼ਨ ਸਿੰਘ

3 ਦ੍ਰਿਸ਼ਟੀਕੋਣ ਪੁਸਤਕ ਦਾ ਲੇਖਕ ਕੌਣ ਹੈ?

ੳ ਡਾ. ਸੁਰਿੰਦਰ ਸਿੰਘ ਕੋਹਲੀ

ਅ ਗੋਪਾਲ ਸਿੰਘ ਦਰਦੀ

ੲ ਅਤਰ ਸਿੰਘ

ਸ ਕਿਸ਼ਨ ਸਿੰਘ

4. ਪ੍ਰੋ.ਪੂਰਨ ਸਿੰਘ ਜੀਵਨ ਤੇ ਰਚਨਾ ਪੁਸਤਕ ਦਾ ਲੇਖਕ ਕੌਣ ਹੈ?

ੳ ਡਾ. ਸੁਰਿੰਦਰ ਸਿੰਘ ਕੋਹਲੀ

ਅ ਗੋਪਾਲ ਸਿੰਘ ਦਰਦੀ

ੲ ਅਤਰ ਸਿੰਘ

ਸ ਕਿਸ਼ਨ ਸਿੰਘ

5. ਸਾਹਿਤ ਦੀ ਪਰਖ ਪੁਸਤਕ ਦਾ ਲੇਖਕ ਕੌਣ ਹੈ?

ੳ ਡਾ. ਸੁਰਿੰਦਰ ਸਿੰਘ ਕੋਹਲੀ

ਅ ਗੋਪਾਲ ਸਿੰਘ ਦਰਦੀ

ੲ ਅਤਰ ਸਿੰਘ

ਸ ਕਿਸ਼ਨ ਸਿੰਘ

6. Dictionary of Sri Guru Granth Sahib ਪੁਸਤਕ ਦਾ ਲੇਖਕ ਕੌਣ ਹੈ?

ੳ ਡਾ. ਸੁਰਿੰਦਰ ਸਿੰਘ ਕੋਹਲੀ

ਅ ਗੋਪਾਲ ਸਿੰਘ ਦਰਦੀ

ੲ ਅਤਰ ਸਿੰਘ

ਸ ਕਿਸ਼ਨ ਸਿੰਘ

7. ਸਮਦਰਸ਼ਨ ਪੁਸਤਕ ਦਾ ਲੇਖਕ ਕੌਣ ਹੈ?

ੳ ਡਾ. ਸੁਰਿੰਦਰ ਸਿੰਘ ਕੋਹਲੀ

ਅ ਗੋਪਾਲ ਸਿੰਘ ਦਰਦੀ

ੲ ਅਤਰ ਸਿੰਘ

ਸ ਕਿਸ਼ਨ ਸਿੰਘ

8. ਸਾਹਿਤ ਦੇ ਸੋਮੇ ਪੁਸਤਕ ਦਾ ਲੇਖਕ ਕੌਣ ਹੈ?

ੳ ਡਾ. ਸੁਰਿੰਦਰ ਸਿੰਘ ਕੋਹਲੀ

ਅ ਗੋਪਾਲ ਸਿੰਘ ਦਰਦੀ

ੲ ਅਤਰ ਸਿੰਘ

ਸ ਕਿਸ਼ਨ ਸਿੰਘ

9 'ਦਸਮ ਗ੍ਰੰਥ' ਦਾ ਅੰਗਰੇਜ਼ੀ ਅਨੁਵਾਦ ਪੁਸਤਕ ਦਾ ਲੇਖਕ ਕੌਣ ਹੈ?

ੳ ਡਾ. ਸੁਰਿੰਦਰ ਸਿੰਘ ਕੋਹਲੀ

ਅ ਗੋਪਾਲ ਸਿੰਘ ਦਰਦੀ

ੲ ਅਤਰ ਸਿੰਘ

ਸ ਕਿਸ਼ਨ ਸਿੰਘ

10. ਸਾਹਿਤ ਸੰਵੇਦਨਾ ਪੁਸਤਕ ਦਾ ਲੇਖਕ ਕੌਣ ਹੈ?

ੳ ਡਾ. ਸੁਰਿੰਦਰ ਸਿੰਘ ਕੋਹਲੀ

ਅ ਗੋਪਾਲ ਸਿੰਘ ਦਰਦੀ

ੲ ਅਤਰ ਸਿੰਘ

ਸ ਕਿਸ਼ਨ ਸਿੰਘ

11. ਸਾਹਿਤ ਦੀ ਸਮਝ ਪੁਸਤਕ ਦਾ ਲੇਖਕ ਕੌਣ ਹੈ?

ੳ ਡਾ. ਸੁਰਿੰਦਰ ਸਿੰਘ ਕੋਹਲੀ

ਅ ਗੋਪਾਲ ਸਿੰਘ ਦਰਦੀ

ੲ ਅਤਰ ਸਿੰਘ

ਸ ਕਿਸ਼ਨ ਸਿੰਘ

12. ਸਿੱਖ ਇਤਿਹਾਸ ਨਾਲ ਸਬੰਧਿਤ ਪੁਸਤਕਾਂ ਦਾ ਲੇਖਕ ਕੌਣ ਹੈ?

***ਖੋਜ ਵਿਧੀ***

ੳ ਡਾ. ਸੁਰਿੰਦਰ ਸਿੰਘ ਕੋਹਲੀ

ਅ ਗੋਪਾਲ ਸਿੰਘ ਦਰਦੀ

ੲ ਅਤਰ ਸਿੰਘ

ਸ ਕਿਸ਼ਨ ਸਿੰਘ

13. ਸਾਹਿਤ ਦੇ ਅਧਿਐਨ ਪੁਸਤਕ ਦਾ ਲੇਖਕ ਕੌਣ ਹੈ?

ੳ ਡਾ. ਸੁਰਿੰਦਰ ਸਿੰਘ ਕੋਹਲੀ

ਅ ਗੋਪਾਲ ਸਿੰਘ ਦਰਦੀ

ੲ ਅਤਰ ਸਿੰਘ

ਸ ਕਿਸ਼ਨ ਸਿੰਘ

14. ਗੁਰਬਾਣੀ ਦਾ ਸੱਚ ਪੁਸਤਕ ਦਾ ਲੇਖਕ ਕੌਣ ਹੈ?

ੳ ਡਾ. ਸੁਰਿੰਦਰ ਸਿੰਘ ਕੋਹਲੀ

ਅ ਗੋਪਾਲ ਸਿੰਘ ਦਰਦੀ

ੲ ਅਤਰ ਸਿੰਘ

ਸ ਕਿਸ਼ਨ ਸਿੰਘ

15. ਗੁਰਦਿਆਲ ਸਿੰਘ ਦੀ ਨਾਵਲ ਚੇਤਨਾ ਪੁਸਤਕ ਦਾ ਲੇਖਕ ਕੌਣ ਹੈ?

ੳ ਡਾ. ਸੁਰਿੰਦਰ ਸਿੰਘ ਕੋਹਲੀ

ਅ ਗੋਪਾਲ ਸਿੰਘ ਦਰਦੀ

ੲ ਅਤਰ ਸਿੰਘ

ਸ ਕਿਸ਼ਨ ਸਿੰਘ

## ਅਭਿਆਸ ਪ੍ਰਸ਼ਨ

1. ਮੁਢਲੇ ਪੰਜਾਬੀ ਖੋਜਕਾਰਾਂ ਉਪਰ ਨੋਟ ਲਿਖੋ?
2. ਸੁਰਿੰਦਰ ਸਿੰਘ ਕੋਹਲੀ ਦਾ ਖੋਜ ਵਿਚ ਯੋਗਦਾਨ ਬਾਰੇ ਸੰਖੇਪ ਵਿਚ ਵਰਣਨ ਕਰੋ।
3. ਬਨਾਰਸੀ ਦਾਸ ਜੈਨ ਦਾ ਖੋਜ ਵਿਚ ਯੋਗਦਾਨ ਬਾਰੇ ਸੰਖੇਪ ਵਿਚ ਵਰਣਨ ਕਰੋ।
4. ਡਾ. ਹਰਿਭਜਨ ਸਿੰਘ ਦਾ ਖੋਜ ਵਿਚ ਯੋਗਦਾਨ ਬਾਰੇ ਸੰਖੇਪ ਵਿਚ ਵਰਣਨ ਕਰੋ।

5. ਸਤਿੰਦਰ ਸਿੰਘ ਨੂਰ ਦਾ ਖੋਜ ਵਿਚ ਯੋਗਦਾਨ ਬਾਰੇ ਸੰਖੇਪ ਵਿਚ ਵਰਣਨ ਕਰੋ।

6. ਰਵਿੰਦਰ ਰਵੀ ਦਾ ਖੋਜ ਵਿਚ ਯੋਗਦਾਨ ਬਾਰੇ ਸੰਖੇਪ ਵਿਚ ਵਰਣਨ ਕਰੋ।

7. ਹਰਭਜਨ ਸਿੰਘ ਭਾਟੀਆ ਦਾ ਖੋਜ ਵਿਚ ਯੋਗਦਾਨ ਬਾਰੇ ਸੰਖੇਪ ਵਿਚ ਵਰਣਨ ਕਰੋ।

8. ਕਿਸ਼ਨ ਸਿੰਘ ਦਾ ਖੋਜ ਵਿਚ ਯੋਗਦਾਨ ਬਾਰੇ ਸੰਖੇਪ ਵਿਚ ਵਰਣਨ ਕਰੋ।

9. ਅਤਰ ਸਿੰਘ ਦਾ ਖੋਜ ਵਿਚ ਯੋਗਦਾਨ ਬਾਰੇ ਸੰਖੇਪ ਵਿਚ ਵਰਣਨ ਕਰੋ।

10. ਰਵੀ ਚੇਤਨਾ ਕਿਸ ਦੀ ਰਚਨਾ ਹੈ?

11. ਵਿਰਸਾ ਤੇ ਵਰਤਮਾਨ ਕਿਸ ਦੀ ਰਚਨਾ ਹੈ?

12. ਗੁਰਮੁਖੀ ਲਿਪੀ ਦਾ ਇਤਿਹਾਸ ਕਿਸ ਦੀ ਰਚਨਾ ਹੈ?

13. ਪੰਜਾਬੀ ਸਾਹਿਤ ਦਾ ਇਤਿਹਾਸ ਕਿਸ ਦੀ ਰਚਨਾ ਹੈ?

14. ਬੁੱਲ੍ਹੇ ਸ਼ਾਹ ਦੀਆਂ ਕਾਫੀਆਂ ਕਿਸ ਦੀ ਰਚਨਾ ਹੈ?

15. ਆਪਣੇ ਖੇਤਰ ਦੇ ਸਾਹਿਤ ਪ੍ਰੇਮੀਆਂ ਦੀ ਸੂਚੀ ਬਣਾਓ ਅਤੇ ਉਨ੍ਹਾਂ ਦੇ ਪੰਜਾਬੀ ਖੋਜ ਦੇ ਅਰੰਭ ਤੇ ਇਤਿਹਾਸ ਸੰਬੰਧੀ ਸਪਸ਼ਟੀਕਰਨ ਦਾ ਸਰਵੇਖਣ ਕਰੋ।

## ਸੰਦਰਭ ਪੁਸਤਕਾਂ:


1) ਖੋਜ:ਸਿਧਾਂਤ ਤੇ ਵਿਹਾਰ, ਪਿਆਰ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, (2010)

2) ਕੇਸਰ ਸਿੰਘ ਕੇਸਰ: ਖੋਜ ਚਿੰਤਨ੍ਹ, ਜਸਬੀਰ ਕੇਸਰ(ਸੰਪਾ.), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, (2006)

3) ਕੇਸਰ ਸਿੰਘ ਕੇਸਰ: ਸਿਧਾਂਤ ਚਿੰਤਨ, ਜਸਬੀਰ ਕੇਸਰ (ਸੰਪਾ.), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ,(2006)

4) ਪੰਜਾਬੀ ਖੋਜ ਦਾ ਇਤਿਹਾਸ, ਧਰਮ ਸਿੰਘ, ਪੰਜਾਬੀ ਅਕਾਦਮੀ ਦਿੱਲੀ,(2004)

5) ਪੰਜਾਬੀ ਖੋਜ ਸੰਦਰਭ, ਧਰਮ ਸਿੰਘ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, (2014)

6) ਪੰਜਾਬੀ ਆਲੋਚਨਾ: ਸਰੂਪ ਅਤੇ ਸੰਭਾਵਨਾਵਾਂ, ਸੰਧੂ, ਸਤਿਨਾਮ ਸਿੰਘ, ਮਦਾਨ ਪਬਲਿਸ਼ਰਜ਼, ਪਟਿਆਲਾ, (1996)

7) ਵਿਹਾਰਕ ਸਮੀਖਿਆ(2005) ,ਪਟਿਆਲਾ ,ਪੰਜਾਬੀ ਯੂਨੀਵਰਸਿਟੀ ,ਸਤਿੰਦਰ ਸਿੰਘ ,


## ਮਹੱਤਵਪੂਰਨ ਲਿੰਕ

https://unacademy.com/lesson/pnjaabii-khooj-dee-prmuhkh-adaaree/JAK24J91

ਉੱਤਰਮਾਲਾ

| | | | | |
|---|---|---|---|---|
| 1. ਅ | 2. ੳ | 3. ੲ | 4. ੲ | 5. ਸ |
| 6. ੳ | 7. ਅ | 8. ਅ | 9. ਸ | 10. ਸ |
| 11.ਸ | 12. ੳ | 13. ਸ | 14. ੳ | 15. ੲ |

DPBI543

# ਅਧਿਆਇ-10 : ਪੰਜਾਬੀ ਖੋਜ ਦੀਆਂ ਸੰਭਾਵਨਾਵਾਂ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਪੰਜਾਬੀ ਖੋਜ ਦੀਆਂ ਸੰਭਾਵਨਾਵਾਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਪੰਜਾਬੀ ਖੋਜ ਦੇ ਭਵਿੱਖ ਦੇ ਮਹੱਤਵ ਤੋਂ ਜਾਣੂ ਹੋਣਗੇ।
- ਖੋਜ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।
- ਸਾਹਿਤ ਰੂਪਾਂ ਦਾ ਮੁਲਾਂਕਣ ਕਰ ਸਕਣ ਦੇ ਯੋਗ ਹੋਣਗੇ।

## ਪ੍ਰਸਤਾਵਨਾ:

ਪੰਜਾਬੀ ਖੋਜ ਦੀਆਂ ਸੰਭਾਵਨਾਵਾਂ ਇਸ ਦੇ ਇਤਿਹਾਸ ਵਿੱਚ ਹੀ ਪਈਆਂ ਹਨ ਅਤੇ ਇਸ ਦੇ ਵਰਤਮਾਨ ਦੀ ਸਥਿਤੀ ਨੂੰ ਇੱਕ ਨਵੀਂ ਦਿਸ਼ਾ ਦੇਣੀ ਹੁੰਦੀ ਹੈ। ਜਿਨ੍ਹਾਂ ਸਥਿਤੀਆਂ ਨੂੰ ਇਨ੍ਹਾਂ ਸੰਭਾਵਨਾਵਾਂ ਦੁਬਾਰਾ ਅੱਗੇ ਜਾ ਕੇ ਇੱਕ ਨਵੀਂ ਸੇਧ ਜਾਂ ਨਵਾਂ ਮੋੜ ਦੇਣਾ ਹੁੰਦਾ ਹੈ। ਸਾਹਿਤ ਮਨੁੱਖੀ ਮਨ ਦੇ ਭਾਵਾਂ ਵਿਚਾਰਾਂ ਨੂੰ ਲਿਖਤੀ ਰੂਪ ਵਿਚ ਅਭਿਵਿਅਕਤ ਕਰਨ ਇੱਕ ਮਹੱਤਵਪੂਰਨ ਕਲਾ ਹੈ।ਜਿਸ ਵਿਚ ਸਾਹਿਤਕਾਰ ਸਮੇਂ ਦੇ ਸੱਚ, ਯਥਾਰਥ ਨੂੰ ਚਿਤਾਰਦੇ ਹਨ।ਲੋਕ ਹਿਤ ਪ੍ਰੇਰਨਾ ਦੇਣ ਵਾਲੀ ਇੱਕ ਵਡਮੁੱਲੀ ਰਚਨਾ ਹੈ ਸਾਹਿਤ।ਸਾਹਿਤ ਨੂੰ ਸਮਾਜਿਕ ਵਰਤਾਰੇ ਦਾ ਦਰਪਣ ਕਿਹਾ ਜਾਂਦਾ ਹੈ।ਸਾਹਿਤ ਰਾਹੀਂ ਹੀ ਲੇਖਕ ਸਮਾਜ ਦੀ ਚੰਗੇਰੀ ਤੇ ਮਾੜੀ ਤਸਵੀਰ ਅਭਿਵਿਅਕਤ ਕਰਵਾਉਂਦੇ ਹਨ।ਵਾਰਤਕ ਨੂੰ ਸਾਹਿਤ ਦੀਆਂ ਪ੍ਰਮੁੱਖ ਵਿਧਾਵਾਂ ਵਿਚ ਨਾ ਕੇਵਲ ਬਦਲਦੀਆਂ ਸਮਾਜਿਕ, ਸਭਿਆਚਾਰਕ, ਰਾਜਨੀਤਕ, ਆਰਥਿਕ ਅਤੇ ਧਾਰਮਿਕ ਪ੍ਰਸਥਿਤੀਆਂ ਦੀ ਉਪਜ ਮੰਨਿਆ ਜਾਂਦਾ ਹੈ ਸਗੋਂ ਅਜੋਕੇ ਸਮਾਜ ਦੇ ਬਦਲਦੀਆਂ ਪ੍ਰਸਥਿਤੀਆਂ ਅਤੇ ਪਰਿਵਰਤਨ ਨੂੰ ਯਥਾਰਥਕ ਰੂਪ ਵਿਚ ਪੇਸ਼ ਕਰਨ ਦੇ ਸਮਰੱਥ ਹੈ, ਵਾਰਤਕ ਦੀ ਵਿਧਾ ਅਧੀਨ ਨਿਬੰਧ ਬਹੁਤ ਮਹੱਤਵਪੂਰਨ ਅੰਗ ਹੈ।ਜਿਸ ਵਿਚ ਨਾ ਤਾਂ ਇਤਿਹਾਸ ਅਤੇ ਕਲਪਨਾ ਦੇ ਘੋੜੇ ਦੁੜਾਏ ਜਾ ਸਕਦੇ ਹਨ ਅਤੇ ਨਾ ਹੀ ਇਹ ਪੂਰਨ ਰੂਪ ਵਿਚ ਭਾਵਾਂ ਵਿਚ ਰਹਿ ਕੇ ਲਿਖਿਆ ਜਾ ਸਕਦਾ ਹੈ।ਨਿਬੰਧ ਪੰਜਾਬੀ ਸਾਹਿਤ ਦਾ ਇੱਕ ਅਜਿਹਾ ਸਾਹਿਤ ਰੂਪ ਹੈ ਜਿਹੜਾ ਕਿਸੇ ਵੀ ਵਿਸ਼ੇ ਉੱਪਰ ਲਿਖਿਆ ਜਾ ਸਕਦਾ ਹੈ ਪਰ ਉਸ ਵਿਚ ਤਰਕ ਮਈ ਢੰਗ ਪੇਸ਼ ਕੀਤਾ ਜਾਣਾ ਜ਼ਰੂਰੀ ਹੈ ਅਤੇ ਮਨੁੱਖੀ ਭਾਵ ਨਿਬੰਧਕਾਰ ਦੇ ਪ੍ਰਗਟਾਵੇ ਦਾ ਆਧਾਰ ਬਣਦੇ ਹਨ ਜੋ ਬਿਨਾਂ ਖਿੰਡੇ ਪਾਠਕਾਂ ਦੇ ਗਿਆਨ ਵਿਚ ਵਾਧੇ ਦੇ ਨਾਲ-ਨਾਲ ਉਨ੍ਹਾਂ ਨੂੰ ਸਾਹਿਤਕ ਅਨੰਦ ਪ੍ਰਦਾਨ ਕਰਦੇ ਹਨ।

## ਵਿਸ਼ਾ ਵਸਤੂ:

**ਪੰਜਾਬੀ ਖੋਜ ਦਾ ਆਰੰਭ / ਇਤਿਹਾਸ**

ਪੰਜਾਬੀ ਖੋਜ ਦਾ ਇਤਿਹਾਸ ਡਾ ਧਰਮ ਸਿੰਘ ਦੁਆਰਾ ਲਿਖਿਆ ਗਿਆ ਹੈ ਪੰਜਾਬੀ ਅਕਾਦਮੀ ਦਿੱਲੀ ਦੁਆਰਾ ਪ੍ਰਕਾਸ਼ਿਤ ਕੀਤਾ ਹੈ ਖੋਜ ਮਨੁੱਖੀ ਸੱਭਿਅਤਾ ਦੀ ਪੁਨਰ ਪੇਸ਼ਕਾਰੀ ਹੈ। ਮਨੁੱਖੀ ਸਭਿਅਤਾ ਦੇ ਵਿਕਾਸ ਦੇ ਰਹੱਸ ਨੂੰ ਜੇ ਇੱਕ ਸ਼ਬਦ ਵਿੱਚ ਦੱਸਣਾ ਹੋਵੇ ਤਾਂ ਉਹ ਖੋਜ ਹੈ ਖੋਜ ਨੇ ਇੱਕ ਪਾਸੇ ਮਨੁੱਖ ਦੀ ਜ਼ਿੰਦਗੀ ਨੂੰ ਅਸਾਨ ਤੋਂ ਸਮਾਨੰਤਰ ਬਣਾਇਆ ਤਾਂ ਉੱਥੇ ਹੋਰ ਅਗੇਰੇ ਜਾਣ ਲਈ ਇਸ ਦੀ ਜਗਿਆਸਾ ਨੂੰ ਵੀ ਟੁੰਬਿਆ ਸ਼ਾਇਦ ਵਿਸ਼ੇ ਲਈ ਗੁਰਬਾਣੀ ਵਿੱਚ ਖੋਜੀ ਨੂੰ ਵਿਵਾਦੀ ਨਾਲੋਂ ਉੱਤਮ ਕਿਹਾ ਗਿਆ ਹੈ ਜਿਵੇਂ ਕਿ :-

ਖੋਜੀ ਉਪਜੈ ਬਾਦੀ ਬਿਨਸੈ ॥

**ਪੰਜਾਬੀ ਖੋਜ ਦੇ ਖੇਤਰ**

1. ਮੱਧ ਕਾਲ ਦੀਆਂ ਚਾਰ ਪ੍ਰਮੁੱਖ ਕਾਵਿ ਧਾਰਾਵਾਂ ਸਬੰਧੀ ਖੋਜ

• ਸੂਫ਼ੀ ਕਾਵਿ ਧਾਰਾ

• ਗੁਰਮਤਿ ਕਾਵਿ ਧਾਰਾ

• ਕਿੱਸਾ ਕਾਵਿ ਧਾਰਾ

• ਵੀਰ ਕਾਵਿ ਧਾਰਾ ਆਦਿ।

2. ਆਧੁਨਿਕ ਕਾਵਿ ਧਾਰਾ ਦੀਆਂ ਪ੍ਰਮੁੱਖ ਵਿਧਾਵਾਂ

3. ਸੱਭਿਆਚਾਰ ਅਤੇ ਲੋਕਧਾਰਾ

4. ਕੋਸ਼ਕਾਰੀ

**ਸਥਿਤੀ**

1. ਕਿਤਾਬੀ ਖੋਜ ਵਿੱਚ ਵੱਧ ਰਿਹਾ ਰੁਝਾਨ

2. ਖੇਤਰੀ ਖੋਜ ਦੀ ਘਾਟ

3. ਦੁਨੀਆਂ ਦੀਆਂ 15 ਯੂਨੀਵਰਸਿਟੀਆਂ ਜਿਵੇਂ ਅਮਰੀਕਨ , ਕੈਨੇਡੀਅਨ , ਲਾਹੌਰ ਯੂਨੀਵਰਸਿਟੀ ਆਦਿ ।

**ਸੰਭਾਵਨਾਵਾਂ**

1. ਮੱਧ ਕਾਲ ਦੀਆਂ ਚਾਰ ਧਾਰਾਵਾਂ ਦੀ ਪੁਨਰ ਵਿਆਖਿਆ ਦੀ ਲੋੜ ਹੈ । ਬਾਬਾ ਸ਼ੇਖ ਫਰੀਦ ਜੀ ਤੋਂ ਲੈ ਕੇ ਗੁਰੂ ਨਾਨਕ ਦੇਵ ਜੀ ਤੱਕ ਦੇ ਕਾਲ ਦੇ ਦਰਮਿਆਨ / ਵਿਚਕਾਰਲੇ ਸਮੇਂ ਦੀ ਪੁਨਰ ਖੋਜ ਦੀ ਲੋੜ ਹੈ ਅਤੇ ਵਿਸ਼ੇਸ਼ ਖੋਜ ਅਤੇ ਵਿਆਖਿਆ ਕਰਨ ਦੀ ਲੋੜ ਹੈ ।

2. ਪੰਜਾਬੀ ਭਾਸ਼ਾ ਅਤੇ ਕੰਪਿਊਟਰੀਕਾਰਨ

3. ਪੰਜਾਬੀ ਭਾਸ਼ਾ ਅਤੇ ਇੰਟਰਨੈੱਟ

3. ਫ਼ਿਲਮਾਂ / ਦ੍ਰਿਸ਼ ਮਾਧਿਅਮ ਅਤੇ ਸੋਸ਼ਲ ਮੀਡੀਆ ਨੂੰ ਭਾਸ਼ਾ ਨਾਲ ਜੋੜਕੇ

4. ਨਵੀਆਂ ਭਾਸ਼ਾਈ ਚੁਣੌਤੀਆਂ

5.ਕੰਪਿਊਟਰ ਨਾਲ ਤਬਦੀਲੀਆਂ , ਨਵੇਂ ਫੌਂਟਾਂ ਜਾਂ ਸਾਫਟਵੇਅਰ ਆਦਿ ।

**ਪੰਜਾਬੀ ਭਾਸ਼ਾ** :- ਪੰਜਾਬੀ ਭਾਰਤੀ ਆਰੀਆ ਪਰਿਵਾਰ ਦੀ ਭਾਸ਼ਾ ਹੈ। ਇਹ ਭਾਰਤੀ ਅਤੇ ਪਾਕਿਸਤਾਨੀ ਸੂਬਿਆਂ ਵਿੱਚ ਬੋਲੀ ਜਾਣ ਵਾਲੀ ਭਾਸ਼ਾ ਹੈ । ਇਹ ਭਾਰਤੀ ਖੇਤਰ ਵਿੱਚ ਗੁਰਮੁਖੀ ਵਿੱਚ ਲਿਖੀ ਜਾਂਦੀ ਹੈ । ਪੰਜਾਬ ਨੂੰ ਰਾਜ ਪ੍ਰਬੰਧ ਜਾਂ ਅਤੇ ਸਿੱਖਿਆ ਦੇ ਮਾਧਿਅਮ ਵਜੋਂ ਮਾਨਤਾ ਮਿਲ ਚੁੱਕੀ ਹੈ । ਇਹ ਦਿੱਲੀ ਅਤੇ ਹਰਿਆਣਾ ਵਿੱਚੋਂ ਦੂਸਰੀ ਭਾਸ਼ਾ ਵਜੋਂ ਪ੍ਰਵਾਨਿਤ ਹੈ । ਅੱਜ ਕੱਲ੍ਹ ਵਿਗਿਆਨ ਅਤੇ ਟੈਕਨਾਲੋਜੀ ਦੇ ਵਿਸ਼ਿਆਂ ਲਈ ਪੰਜਾਬੀ ਨੂੰ ਸਮਰੱਥ ਬਣਾਉਣ ਦੀ ਗੱਲ ਚਲਾ ਰਹੀ ਹੈ ।

ਪੰਜਾਬੀ ਭਾਸ਼ਾ ਦਾ ਇਤਿਹਾਸ ਬਹੁਤ ਪੁਰਾਣਾ ਹੈ । ਪੰਜਾਬੀ ਵਿੱਚ ਲਿਖਿਆ ਸਿੱਖਾਂ ਦਾ ਧਾਰਮਿਕ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੁਨੀਆਂ ਦੀਆਂ ਮਹਾਨ ਅਤੇ ਅਨਮੋਲ ਰਚਨਾਵਾਂ ਵਿੱਚੋਂ ਇੱਕ ਹੈ। ਪੰਜਾਬ ਭਾਸ਼ਾ ਦੇ ਬੁਲਾਰਿਆਂ ਦੀ ਗਿਣਤੀ 13 ਕਰੋੜ ਤੋਂ ਵੱਧ ਹੈ। ਬੁਲਾਰਿਆਂ ਦੀ ਗਿਣਤੀ ਦੇ ਆਧਾਰ ਤੇ ਇਸ ਦਾ ਦੁਨੀਆਂ ਦੀਆਂ ਭਾਸ਼ਾਵਾਂ ਚ 12ਵਾਂ ਸਥਾਨ ਹੈ ।

**ਪੰਜਾਬੀ ਭਾਸ਼ਾ ਦੇ ਕੰਪਿਊਟਰੀਕਰਨ**

ਪਿਛਲੇ ਦਹਾਕਿਆਂ ਦੌਰਾਨ ਲੋਕ ਆਪਣੇ ਆਪਣੇ ਖਿੱਤੇ ਦੀਆਂ ਭਾਸ਼ਾਵਾਂ ਅਤੇ ਕੰਪਿਊਟਰ ਤਕਨਾਲੋਜੀ ਪ੍ਰਤੀ ਜਾਗਰੂਕ ਹੋਣਾ ਸ਼ੁਰੂ ਹੋਏ ਹਨ । ਹੁਣ ਸਥਿਤੀ ਇਹ ਹੈ ਕਿ ਵਿਕਸਿਤ ਭਾਸ਼ਾ ਦੇ ਬੁਲਾਰੇ ਆਪਣੀ ਹੀ ਮਾਤ ਭਾਸ਼ਾ ਵਿੱਚ ਕੰਮ ਕਰਨ ਵਾਲੇ ਕੰਪਿਊਟਰ ਸਾਫਟਵੇਅਰਾਂ ਦੀ ਮੰਗ ਕਰ ਰਹੇ ਹਨ ।

3. ਵਿਕਸਿਤ ਹੋ ਚੁੱਕੇ ਸਾਫ਼ਟਵੇਅਰ / ਨਵੇਂ ਤਿਆਰ ਹੋਏ ਸਾਫਟਵੇਅਰ

ਪੰਜਾਬੀ ਖੋਜਕਾਰਾਂ ਨੇ ਪੰਜਾਬੀ ਭਾਸ਼ਾ ਦੇ ਸਾਫ਼ਟਵੇਅਰ ਤਿਆਰ ਕਰਨ ਚ ਕਈ ਉਪਲੱਬਧੀਆਂ ਹਾਸਿਲ ਕੀਤੀਆਂ ਹਨ । ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪ੍ਰਚਾਰ - ਪਸਾਰ ਲਈ ਫੌਂਟਾਂ , ਕੀਬੋਰਡਾਂ , ਟਾਈਪਿੰਗ ਵਿਧੀਆਂ , ਭਾਸ਼ਾਈ ਔਜ਼ਾਰਾਂ ਅਤੇ ਹੋਰਨਾਂ ਸਾਫਟਵੇਅਰਾਂ ਦਾ ਵਿਕਾਸ ਹੋ ਚੁੱਕਾ ਹੈ । ਇਨ੍ਹਾਂ ਵਿੱਚ ਪ੍ਰਮੁੱਖ ਸਾਫ਼ਟਵੇਅਰਾਂ ਦੇ ਨਾਂ ਹੇਠ ਲਿਖੇ ਹੋਏ ਹਨ ।

- ਰਵਾਇਤੀ ਅਤੇ ਯੂਨੀਕੋਡ ਫੌਂਟ
- ਕੀਬੋਰਡ ਖ਼ਾਕਾ ( Layout ) ਨਿਸ਼ਚਿਤ ਕਰਨ ਵਾਲੇ ਪ੍ਰੋਗਰਾਮ
- ਫੌਂਟ ਪਲਟਾਊ ਪ੍ਰੋਗਰਾਮ
- ਪਾਠ ਸੰਪਾਦਕ ( Text Editor ) ਅਤੇ ਟਾਈਪਿੰਗ ਟਿਊਟਰ
- ਸ਼ਬਦ ਜੋੜ / ਵਿਆਕਰਨ ਨਿਰੀਖਕ ਅਤੇ ਸ਼ਬਦ ਕੋਸ਼
- ਰੂਪ ਵਿਗਿਆਨ ਵਿਸ਼ਲੇਸ਼ਕ (morphological analyser ) ਸ਼ਬਦ ਸ਼੍ਰੇਣੀ ਸੰਯੋਜਕ(POS tagger ) ਵਾਕਾਂਸ਼(phrase Chunker) ਨਿਖੇੜਕ ਅਤੇ ਹੋਰ ਭਾਸ਼ਾਈ ਅੌਜਾਰ

***ਖੋਜ ਵਿਧੀ***

- ਪੰਜਾਬੀ ਅਧਿਐਨ / ਅਧਿਆਪਨ ਪ੍ਰੋਗਰਾਮ
- ਸਰਚ ਇੰਜਨ
- ਅਨੁਵਾਦ ( Translation ) ਅਤੇ ਲਿੱਪੀਅੰਤਰ ( Transliteration) ਪ੍ਰੋਗਰਾਮ
- ਓ.ਸੀ.ਆਰ. (Optical Character Recognition )
- ਪੰਜਾਬੀ ਪਾਠ ਸੰਖੇਪਕਾਰ ਪ੍ਰੋਗਰਾਮ (Sumarization system )
- ਪਾਠ ਨੂੰ ਅਵਾਜ਼ ਚ ਬਦਲਣ ਵਾਲਾ ਪ੍ਰੋਗਰਾਮ
- ਪੰਜਾਬੀ ਅਪਰੇਟਿੰਗ ਸਿਸਟਮ
- ਪੰਜਾਬੀ ਵੈੱਬ ਬ੍ਰਾਓੁਜ਼ਰ ਅਤੇ ਪੰਜਾਬੀ ਯੂ ਆਰ ਐੱਲ ਦੀ ਸੁਵਿਧਾ

* ਪੰਜਾਬੀ ਭਾਸ਼ਾ ਦੇ ਕੰਪਿਊਟਰੀਕਰਨ ਲਈ ਹੇਠ ਲਿਖੇ ਅਦਾਰਿਆਂ / ਵਿਅਕਤੀਆਂ ਨੇ ਕੰਮ ਕੀਤਾ ਹੈ :

- ਪੰਜਾਬੀ ਯੂਨੀਵਰਸਿਟੀ , ਪਟਿਆਲਾ
- ਥਾਪਰ ਯੂਨੀਵਰਸਿਟੀ ਪਟਿਆਲਾ

ਸੀ . ਡੈਕ , ਪੂਨਾ / ਨੋਇਡਾ / ਮੁਹਾਲੀ

- ਆਈ.ਆਈ.ਟੀ , ਕਾਨਪੁਰ
- ਆਈ. ਆਈ .ਟੀ , ਹੈਦਰਾਬਾਦ
- ਸੀ . ਆਈ . ਆਈ . ਐੱਲ ਮੈਸੂਰ
- ਲੋਕ ਸੁਜਾਗ , ਲਾਹੌਰ ( ਪਾਕਿਸਤਾਨ )
- ਮਾਈਕਰੋਸਾਫ਼ਟ , ਗੂਗਲ
- ਸੂਚਨਾ ਤੇ ਸੰਚਾਰ ਤਕਨਾਲੋਜੀ ਮੰਤਰਾਲਾ ( MIL ) ਨਵੀਂ ਦਿੱਲੀ ਆਦਿ ।

**ਯੂਨੀਕੋਡ ਪ੍ਰਣਾਲੀ :-**

ਦੁਨੀਆਂ ਦੀਆਂ ਵੱਖ ਵੱਖ ਭਾਸ਼ਾਵਾਂ ਨੂੰ ਕੰਪਿਊਟਰ ਦੇ ਸਮਰੱਥ ਬਣਾਉਣ ਵਾਲਾ ਯੂਨੀਕੋਡ ਇੱਕ ਸਰਬਵਿਆਪਕ ਕੋਡ ਹੈ । ਯੂਨੀਕੋਡ ਦੇ ਨਵੇਂ ਸੰਸਕਰਨ ਵਿੱਚ 100 ਤੋਂ ਵੱਧ ਲਿਪੀਆਂ ਦੇ ਇੱਕ ਲੱਖ ਤੋਂ ਵੱਧ ਅੱਖਰਾਂ ਨੂੰ ਸ਼ਾਮਲ ਕੀਤਾ ਗਿਆ ਹੈ । ਯੂਨੀਕੋਡ ਦੀ ਮਦਦ ਨਾਲ ਖੇਤਰੀ ਭਾਸ਼ਾਵਾਂ ਵਿੱਚ ਅੰਗਰੇਜ਼ੀ ਦੀ ਤਰ੍ਹਾਂ ਕੰਮ ਕਰਨਾ ਸੰਭਵ ਹੈ ।

39.3% ਲੋਕਾਂ ਦਾ ਕਹਿਣਾ ਹੈ ਕਿ ਯੂਨੀਕੋਡ ਪ੍ਰਣਾਲੀ ਤੋਂ ਜਾਣੂ ਹਨ । ਬੜੀ ਹੈਰਾਨੀ ਦੀ ਗੱਲ ਇਹ ਹੈ ਕਿ ਕਰੀਬ ਅੱਧੇ ਲੋਕਾਂ ਨੂੰ ਯੂਨੀਕੋਡ ਬਾਰੇ ਜਾਣਕਾਰੀ ਨਹੀਂ ਅਤੇ ਤਕਰੀਬ 10% ਸਦੀ ਲੋਕਾਂ ਲੋਕਾਂ ਦੀ ਇਸ ਬਾਰੇ ਪ੍ਰਕਿਰਿਆ ਨਹੀਂ ਆਈ । ਸਿਰਫ 30.3% ਲੋਕਾਂ ਨੂੰ ਪਤਾ ਹੈ ਕਿ ਉਨ੍ਹਾਂ ਦਾ ਕੰਪਿਊਟਰ ਯੂਨੀਕੋਡ ਵਿਚ ਕੰਮ ਕਰਨ ਦੇ ਅਨੁਕੂਲ ਹੈ ਜਾਂ ਨਹੀਂ ।

**ਤਕਨੀਕੀ ਸ਼ਬਦਾਵਲੀ**

ਤਕਨੀਕੀ ਸ਼ਬਦਾਵਲੀ ਕਿਸੇ ਖੇਤਰ ਦੀ ਵਿਸ਼ੇਸ਼ ਸ਼ਬਦਾਵਲੀ ਹੈ। ਪੰਜਾਬੀ ਕੰਪਿਊਟਰ ਦੀ ਆਪਣੀ ਨਿਵੇਕਲੀ ਸ਼ਬਦਾਵਲੀ ਹੈ। ਉਚਿਤ ਵਿਧੀ ਰਾਹੀਂ ਤਿਆਰ ਕੀਤੀ। ਤਕਨੀਕੀ ਸ਼ਬਦਾਵਲੀ ਹੀ ਪਾਠਕਾਂ ਵੱਲੋਂ ਸਵੀਕਾਰ ਕੀਤੀ ਜਾਂਦੀ ਹੈ। ਕੰਪਿਊਟਰ ਦੀ ਤਕਨੀਕੀ ਸ਼ਬਦਾਵਲੀ ਘੜਨ ਲਈ ਕਈ ਤਰੀਕੇ ਅਪਣਾਏ ਜਾਂਦੇ ਹਨ ।

ਪੰਜਾਬੀ ਵਿੱਚ ਇੰਜਨੀਅਰਿੰਗ , ਗਣਿਤ , ਮਨੋਵਿਗਿਆਨ , ਅਰਥ ਵਿਗਿਆਨ , ਕਲਾ ਆਦਿ ਦੀ ਤਕਨੀਕੀ ਸ਼ਬਦਾਵਲੀ ਘੜਨ ਦਾ ਯਤਨ ਕੀਤਾ ਗਿਆ ਹੈ ਪਰ ਕੰਪਿਊਟਰ ਲਈ ਅਜਿਹਾ ਉਪਰਾਲਾ ਨਹੀਂ ਕੀਤਾ ਗਿਆ ।

**ਕੰਪਿਊਟਰ ਪੁਸਤਕਾਂ**

ਪੰਜਾਬੀ ਵਿੱਚ ਕੰਪਿਊਟਰ ਪੁਸਤਕਾਂ ਦੀ ਵੱਡੀ ਮੰਗ ਹੈ। ਪੰਜਾਬੀ ਵਿੱਚ ਤਿੰਨ ਦਰਜਨਾਂ ਦੇ ਕਰੀਬ ਕੰਪਿਊਟਰ ਪੁਸਤਕਾਂ ਉਪਲੱਬਧ ਹਨ। ਪੰਜਾਬ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਪੰਜਾਬੀ ਵਿੱਚ ਅਨੁਵਾਦਿਤ ਪੁਸਤਕਾਂ ਹੀ ਪੜ੍ਹਾਈ ਜਾ ਰਹੀਆਂ ਹਨ। ਪਾਸੇ ਕੁਝ ਵਿਸ਼ੇਸ਼ ਵਿਸ਼ਿਆਂ ਤੇ ਪੰਜਾਬੀ ਮਾਦਿਆਂ ਵਾਲੀਆਂ ਪੁਸਤਕਾਂ ਦੀ ਮੰਗ ਕਰ ਰਹੇ ਹਨ। ਸਭ ਤੋਂ ਵੱਧ 32.7% ਲੋਕ ਕੰਪਿਊਟਰ ਤੇ ਪੰਜਾਬੀ ਦੀ ਵਰਤੋਂ ਸਬੰਧੀ ਪੁਸਤਕ ਦੀ ਮੰਗ ਕਰ ਰਹੇ ਹਨ। ਇਸੇ ਪ੍ਰਕਾਰ ਪ੍ਰੋਗਰਾਮਿੰਗ ਭਾਸ਼ਾਵਾਂ , ਇੰਟਰਨੈੱਟ , ਵੈੱਬ ਡਿਜ਼ਾਈਨਿੰਗ ਅਤੇ ਹਾਰਡਵੇਅਰ / ਨੈਟਵਰਕਿੰਗ ਵਿਸ਼ੇ ਤੇ ਪੰਜਾਬੀ ਮਾਧਿਅਮ ਵਿੱਚ ਪੁਸਤਕਾਂ ਦੀ ਲੋੜ ਵੀ ਮਹਿਸੂਸ ਕੀਤੀ ਜਾ ਰਹੀ ਹੈ।

**ਕੰਪਿਊਟਰ ਦਾ ਗਿਆਨ**

ਪੰਜਾਬੀ ਵਰਤੋਂਕਾਰ ਅਤੇ ਖੋਜਕਾਰ ਕੰਪਿਊਟਰ ਬਾਰੇ ਗਿਆਨ ਹਾਸਲ ਕਰਨ ਲਈ ਅਲੱਗ ਅਲੱਗ ਸਰੋਤਾਂ ਦਾ ਇਸਤੇਮਾਲ ਕਰਦੇ ਹਨ ਕੰਪਿਊਟਰ ਬਾਰੇ ਪੰਜਾਬੀ ਵਿੱਚ ਜਾਣਕਾਰੀ ਹਾਸਲ ਕਰਨ ਲਈ ਪ੍ਰਿੰਟ ਮੀਡੀਆ ਇਲੈਕਟ੍ਰਾਨਿਕ ਮੀਡੀਆ ਅਤੇ ਸਾਈਬਰ ਮੀਡੀਆ ਦੇ ਅਨੇਕਾਂ ਸਰੋਤ ਉਪਲੱਬਧ ਹਨ। ਸਭ ਤੋਂ ਵੱਧ 50.2% ਵਰਤੋਂਕਾਰਾਂ ਦਾ ਕਹਿਣਾ ਹੈ ਕਿ ਉਹ ਕੰਪਿਊਟਰ ਗਿਆਨ ਹਾਸਿਲ ਕਰਨ ਲਈ ਪੰਜਾਬੀ ਮਾਧਿਅਮ ਵਾਲੀ ਸਮੱਗਰੀ ਨੂੰ ਤਰਜੀਹ ਦਿੰਦੇ ਹਨ।

**ਪੰਜਾਬੀ ਸਾਹਿਤ**

ਕਈ ਲੋਕ ਪੰਜਾਬੀ ਭਾਸ਼ਾ ਸਾਹਿਤ ਤੇ ਸੱਭਿਆਚਾਰ ਦੇ ਅਧਿਐਨ ਅਧਿਆਪਨ ਲਈ ਕੰਪਿਊਟਰ ਅਤੇ ਇੰਟਰਨੈੱਟ ਦਾ ਸਹਾਰਾ ਲੈਂਦੇ ਹਨ। ਵਿਕਸਿਤ ਹੋਈਆਂ ਅਨੇਕਾਂ ਅਦਬੀ ਵੈੱਬਸਾਈਟਾਂ ਅਤੇ ਪ੍ਰੋਗਰਾਮ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਪੰਜਾਬੀ ਸਾਹਿਤ ਨੇ ਨਵੇਂ ਮੀਡੀਆ ਤੇ ਵੱਡੀਆਂ ਪੁਲਾਂਘਾਂ ਪੁੱਟੀਆਂ ਹਨ। ਪੰਜਾਬੀ ਸਾਹਿਤ ਪੜ੍ਹਨ ਲਈ 54.5% ਲੋਕ ਕੰਪਿਊਟਰ ਅਤੇ ਇੰਟਰਨੈੱਟ ਦੀ ਵਰਤੋਂ ਕਰਦੇ ਹਨ।

**ਸ਼ਬਦਕੋਸ਼**

ਸੂਚਨਾ ਤਕਨਾਲੋਜੀ ਦੇ ਯੁੱਗ ਚ ਸ਼ਬਦਾਂ ਦੇ ਅਰਥ ਲੱਭਣ ਦਾ ਕੰਮ ਕਾਫੀ ਸੌਖਾ ਹੋ ਗਿਆ ਹੈ। ਕਿਤਾਬਾਂ ਫਰੋਲਣ ਦੀ ਬਜਾਏ ਇਲੈਕਟ੍ਰਾਨਿਕ / ਕੰਪਿਊਟਰ ਸ਼ਬਦ ਕੋਸ਼ਾਂ ਦਾ ਰੁਝਾਣ ਵਧਿਆ ਹੈ। ਪੰਜਾਬੀ ਭਾਸ਼ਾ ਲਈ ਅਜਿਹੇ ਕਈ ਸ਼ਬਦ ਕੋਸ਼ਾਂ ਦਾ ਵਿਕਾਸ ਹੋ ਚੁੱਕਾ ਹੈ ਜਿਨ੍ਹਾਂ ਨੂੰ ਡੈਸਕਟਾਪ ਪ੍ਰੋਗਰਾਮ ਦੇ ਰੂਪ ਚ ਜਾਂ ਆਨਲਾਈਨ / ਇੰਟਰਨੈੱਟ ਤੇ ਵਰਤਿਆ ਜਾ ਸਕਦਾ ਹੈ। ਜਿਵੇਂ :-

- ਆਨਲਾਈਨ ਅੰਗਰੇਜ਼ੀ ਪੰਜਾਬੀ ਕੋਸ਼
- ਪੰਜਾਬੀ ਸ਼ਬਦ ਕੋਸ਼
- ਪੰਜਾਬੀ ਸ਼ਬਦਾਂ ਦੀ ਵਿਆਖਿਆ
- ਅੰਗਰੇਜ਼ੀ ਤੋਂ ਪੰਜਾਬੀ
- ਸ਼ਬਦ ਅਨੁਵਾਦ ਅਤੇ ਪੰਜਾਬੀ ਸ਼ਬਦਾਂ ਦੇ ਅਰਥ

**ਮਸ਼ੀਨੀ ਅਨੁਵਾਦ / ਅਨੁਵਾਦ ਪ੍ਰੋਗਰਾਮ**

ਅਨੁਵਾਦ ਇੱਕ ਅਜਿਹੀ ਪ੍ਰਕਿਰਿਆ ਹੈ ਜਿਸ ਤਹਿਤ ਭਾਸ਼ਾ ਇੱਕ ਭਾਸ਼ਾ ਵਿੱਚ ਲਿਖੇ ਪਾਠ ਨੂੰ ਦੂਸਰੀ ਭਾਸ਼ਾ ਵਿੱਚ ਬਦਲਿਆ ਜਾਂਦਾ ਹੈ। ਅਨੁਵਾਦ ਦੋ ਪ੍ਰਕਾਰ ਦਾ ਹੁੰਦਾ ਹੈ। ਇੱਕ ਮਨੁੱਖ ਅਨੁਵਾਦ ਅਤੇ ਦੂਸਰਾ ਮਸ਼ੀਨੀ ਅਨੁਵਾਦ ਮਸ਼ੀਨੀ ਜਾਂ ਕੰਪਿਊਟਰ ਅਨੁਵਾਦ ਲਈ ਕੰਪਿਊਟਰ ਪ੍ਰੋਗਰਾਮਾਂ ਦੀ ਵਰਤੋਂ ਕੀਤੀ ਜਾਂਦੀ ਹੈ ਮਸ਼ੀਨੀ ਅਨੁਵਾਦ ਸੱਤ ਪ੍ਰਤੀਸ਼ਤ ਸ਼ੁੱਧਤਾ ਹਾਸਿਲ ਅਸੰਭਵ ਹੁੰਦੀ ਹੈ।

***ਖੋਜ ਵਿਧੀ***

ਪੰਜਾਬੀ , ਹਿੰਦੀ , ਇੰਗਲਿਸ਼ ਆਦਿ ਭਾਸ਼ਾਵਾਂ ਦਰਮਿਆਨ ਅਨੁਵਾਦ ਕਰਨ ਵਾਲੇ ਸਾਫ਼ਟਵੇਅਰਾਂ ਦਾ ਵਿਕਾਸ ਹੋ ਚੁੱਕਾ ਹੈ। ਬਾਕੀ ਭਾਰਤੀ ਭਾਸ਼ਾਵਾਂ ਨੂੰ ਆਪਸ ਵਿੱਚ ਅਨੁਵਾਦ ਕਰਨ ਲਈ ਵੀ ਤੇ ਪ੍ਰੋਗਰਾਮ ਬਣ ਚੁੱਕੇ ਹਨ।15.2% ਲੋਕ ਪੰਜਾਬੀ ਯੂਨੀਵਰਸਿਟੀ ਦੀ ਵੈਬਸਾਈਟ ਤੇ ਉਪਲਬਧ ਅੰਗਰੇਜ਼ੀ ਤੋਂ ਪੰਜਾਬੀ , ਹਿੰਦੀ ਤੋਂ ਪੰਜਾਬੀ , ਪੰਜਾਬੀ ਤੋਂ ਹਿੰਦੀ ਪ੍ਰੋਗਰਾਮਾਂ ਦੀ ਵਰਤੋਂ ਕਰਦੇ ਹਨ। ਦੂਸਰਾ ਸਥਾਨ ਸੀ . ਡੈਕ , ਨੋਇਡਾ ਦੇ ਸੰਪਰਕ ਪ੍ਰੋਗਰਾਮ ਦਾ ਹੈ ਜਿਸ ਦੀ ਮਦਦ ਨਾਲ ਅੰਗਰੇਜ਼ੀ ਵਿੱਚ ਲਿਖੇ ਮੈਟਰ ਨੂੰ ਪੰਜਾਬੀ ਵਿੱਚ ਅਨੁਵਾਦ ਕੀਤਾ ਜਾ ਸਕਦਾ ਹੈ।

**ਗਰਾਮਰ ਚੈਕਰ**

ਗਰੈਮਰ ਚੈਕਰ ਵਿਗਿਆਨਕ ਨਿਰੀਖਣ ਇੱਕ ਸ਼ਕਤੀਸ਼ਾਲੀ ਪ੍ਰੋਗਰਾਮ ਹੈ ਜੋ ਵਾਹਕਾਂ ਵਿੱਚੋਂ ਵਿਆਕਰਨਿਕ ਤਰੁੱਟੀਆਂ ਦਾ ਪਤਾ ਲਗਾ ਕੇ ਉਨ੍ਹਾਂ ਨੂੰ ਦੂਰ ਕਰਨ ਦਾ ਸੁਝਾਅ ਦਿੰਦਾ ਹੈ।ਪੰਜਾਬੀ ਭਾਸ਼ਾ ਲਈ ਵੀ ਅਜਿਹੇ ਗਰੈਮਰ ਚੈੱਕਰ ਸਾਫ਼ਟਵੇਅਰ ਦਾ ਵਿਕਾਸ ਹੋ ਚੁੱਕਾ ਹੈ ਪਰ ਇਹ ਸਾਫਟਵੇਅਰ ਹੱਲਾਂ ਸੁਧਾਰਨ ਵਾਕਾਂ ਲਈ ਹੀ ਲਾਹੇਵੰਦ ਮੰਨਿਆ ਗਿਆਹੈ ਸੰਯੁਕਤ ਅਤੇ ਗੁੰਝਲਦਾਰ ਵਾਕਾਂ ਵਿੱਚੋਂ ਵਿਆਕਰਨਿਕ ਤਰੁਟੀਆਂ ਕੱਢਣ ਵਾਲਾ ਸਾਫ਼ਟਵੇਅਰ ਹਾਲਾਂ ਵਿਕਾਸ ਅਧੀਨ ਹੈ । ਅੰਕੜਿਆਂ ਮੁਤਾਬਕ 20.9% ਸਿਰਫ਼ ਜਵਾਬਦਾਰ ਕੰਪਿਊਟਰ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਗਰਾਮਰ ਚੈੱਕਰ ਪ੍ਰੋਗਰਾਮ ਦੀ ਵਰਤੋਂ ਕਰਦੇ ਹਨ।

**ਮੋਬਾਈਲ ਫੋਨ**

ਆਉਣ ਵਾਲਾ ਸਮਾਂ ਮੋਬਾਈਲ ਟੈਬਲੇਟ ਆਦਿ ਵਰਗੀਆਂ ਛੋਟੀਆਂ ਮਸ਼ੀਨਾਂ ਦਾ ਹੋਵੇਗਾ। ਭਵਿੱਖ ਦੀਆਂ ਲੋੜਾਂ ਨੂੰ ਧਿਆਨ ਚ ਰੱਖਦਿਆਂ ਮੋਬਾਈਲ ਤਕਨਾਲੋਜੀ ਦੇ ਖੇਤਰ ਵਿੱਚ ਅਥਾਹ ਸੰਭਾਵਨਾਵਾਂ ਹਨ। ਅਜੋਕਾ ਸਮਰਾਟ ਮੋਬਾਇਲ ਫੋਨ ਇੱਕ ਮਿੰਨੀ ਕੰਪਿਊਟਰ ਦੀ ਥਾਂ ਲੈ ਚੁੱਕਾ ਹੈ। ਇਨ੍ਹਾਂ ਫੋਨਾਂ ਵਿੱਚ ਸੰਪਰਕ ਨਾਮ , ਐਸ.ਐਮ.ਐਸ , ਚੈਟਿੰਗ , ਵੈੱਬ ਸਰਫਿੰਗ ਅਤੇ ਇੰਟਰਨੈੱਟ ਦੀਆਂ ਹੋਰ ਸੁਵਿਧਾਵਾਂ ਸੁਮਾਰ ਹਨ। ਪਰ ਕਿਸੇ ਕਾਰਨ ਅਜਿਹੀਆਂ ਸੁਵਿਧਾਵਾਂ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹਨ।

**ਪੰਜਾਬੀ ਕੰਪਿਊਟਰ ਦੀਆਂ ਸਮੱਸਿਆਵਾਂ / ਤਰੁੱਟੀਆਂ**

ਪੰਜਾਬੀ ਅਤੇ ਹੋਰਨਾਂ ਭਾਰਤੀ ਭਾਸ਼ਾਵਾਂ ਦੇ ਕੰਪਿਊਟਰ ਵਰਤੋਂਕਾਰਾਂ ਅਤੇ ਖੋਜਕਾਰਾਂ ਨੂੰ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪੰਜਾਬੀ ਵਿੱਚ ਕੰਪਿਊਟਰ ਵਰਤਣ ਸਮੇਂ ਪੇਸ਼ ਆਉਂਦੀਆਂ ਪ੍ਰਮੁੱਖ ਸੱਤ ਪ੍ਰਕਾਰ ਦੀਆਂ ਸਮੱਸਿਆਵਾਂ ਦਿਖਾਵਾ ਕਰਨਾ ਪੈਂਦਾ ਹੈ। ਇਨ੍ਹਾਂ ਵਿੱਚ ਸਭ ਤੋਂ ਵੱਧ ਗਿਣਤੀ ਉਨ੍ਹਾਂ ਜਵਾਬ ਦਾਰਾਂ ਦੀ ਹੈ ਜਿਨ੍ਹਾਂ ਅੰਗਰੇਜ਼ੀ ਭਾਸ਼ਾ ਦੇ ਮੁਕਾਬਲੇ ਪੰਜਾਬੀ ਸਾਫ਼ਟਵੇਅਰਾਂ ਦੀ ਘਾਟ ਦਾ ਜ਼ਿਕਰ ਕੀਤਾ ਹੈ।

ਪੰਜਾਬੀ ਵਰਤੋਂਕਾਰਾਂ ਦੀ ਇੱਕ ਸ਼੍ਰੇਣੀ ਅਜਿਹੀ ਹੈ ਜੋ ਸਾਫ਼ਟਵੇਅਰਾਂ ਦੀ ਪ੍ਰਾਪਤੀ ਸਰੋਤਾਂ ਵਰਤੋਂ ਢੰਗਾਂ ਅਤੇ ਵਿਸ਼ੇਸ਼ਤਾਵਾਂ ਤੋਂ ਜਾਣੂ ਨਹੀਂ ਹੈ। ਸਿੱਟੇ ਵਜੋਂ ਸ਼ਕਤੀਸ਼ਾਲੀ ਸਾਫ਼ਟਵੇਅਰਾਂ ਦੇ ਹੁੰਦਿਆਂ ਹੋਇਆਂ ਵੀ ਨਵੇਂ ਸਾਫਟਵੇਅਰਾਂ ਦੀ ਮੰਗ ਕਰ ਰਹੇ ਹਨ। ਮਿਸਾਲ ਵਜੋਂ :- 23.7% ਲੋਕਾਂ ਦੇ ਕੁਸ਼ਲ ਲਿਪੀਅੰਤਰਨ ਪ੍ਰੋਗਰਾਮ ਨਾ ਉਪਲਬਧ ਹੋਣ ਦੀ ਸਮੱਸਿਆ ਦਾ ਜ਼ਿਕਰ ਕੀਤਾ ਹੈ। ਪਰ ਦੂਸਰੇ ਪਾਸੇ ਅਜਿਹੀ ਕੋਈ ਸਮੱਸਿਆ ਹੀ ਨਹੀਂ ਕਿ ਗੂਗਲ , ਲਿਪੀਅੰਤਰਨ ਵਿੱਚ ਰਹਿ ਗਈਆਂ ਕਮੀਆਂ ਨੂੰ ਅੱਖਰ ਵਿਚਲੀ ਟਾਈਪਿੰਗ ਸੁਵਿਧਾ ਨੇ ਪਹਿਲਾਂ ਹੀ ਇਸ ਦਾ ਹੱਲ ਕੱਢ ਦਿੱਤਾ ਹੈ।

**ਖੋਜਕਾਰਾਂ ਬਾਰੇ**

ਪੰਜਾਬੀ ਭਾਸ਼ਾ ਦਾ ਕੰਪਿਊਟਰ ਰਾਹੀਂ ਵਿਕਾਸ ਕਰਨ ਲਈ ਕਈ ਸੰਸਥਾਵਾਂ ਅਤੇ ਸਾਫਟਵੇਅਰ ਇੰਜੀਨੀਅਰ ਵਿਅਕਤੀਗਤ ਤੌਰ ਤੇ ਕੰਮ ਕਰ ਰਹੇ ਹਨ। ਅੰਕੜਿਆਂ ਮੁਤਾਬਕ ਪੰਜਾਬੀ ਸਾਫਟਵੇਅਰਾਂ ਦੇ ਵਿਕਾਸਕਰਤਾ ਖੋਜਕਾਰ ਸਭ ਤੋਂ ਵੱਧ ( 75%) ਭਾਰਤ ਵਿੱਚ ਹਨ। ਇਸ ਤੋਂ ਬਿਨਾਂ ਅਮਰੀਕਾ(12.5%), ਕੈਨੇਡਾ ( 6.2%) ਅਤੇ ਜਰਮਨੀ(6.2%) ਵਿੱਚ ਵੀ ਪੰਜਾਬੀ ਕੰਪਿਊਟਰ ਦੇ ਖੇਤਰ ਵਿੱਚ ਕੰਮ ਕਰ ਰਿਹਾ ਹੈ।

## ਸਾਰ-ਅੰਸ਼:

ਖੋਜ ਮਤਲਬ "ਰਚਨਾਤਮਕ ਅਤੇ ਸਿਧਾਂਤਕ ਤੌਰ ਤੇ ਕੀਤਾ ਗਿਆ ਕੰਮ ਜੋ ਕਿ ਗਿਆਨ ਦਾ ਭੰਡਾਰ ਵਧਾਉਣ, ਮਨੁੱਖਾਂ, ਸੱਭਿਆਚਾਰ ਅਤੇ ਸਮਾਜ ਦੇ ਗਿਆਨ ਸਮੇਤ ਅਤੇ ਨਵੀਆਂ ਅਰਜ਼ੀਆਂ ਨੂੰ ਬਣਾਉਣ ਲਈ ਗਿਆਨ ਦੇ ਇਸ ਸਟਾਕ ਦੀ ਵਰਤੋਂ ਨੂੰ ਸ਼ਾਮਲ ਕਰਨ ਲਈ ਕੀਤੇ ਜਾਂਦੇ ਹਨ।" ਇਹ ਤੱਥ ਸਥਾਪਿਤ ਕਰਨ ਜਾਂ ਪੁਸ਼ਟੀ ਕਰਨ ਲਈ ਵਰਤਿਆ ਜਾਂਦਾ ਹੈ, ਪਿਛਲੇ ਕੰਮ ਦੇ ਨਤੀਜਿਆਂ ਨੂੰ ਮੁੜ ਪੁਸ਼ਟੀ ਕਰਦਾ ਹੈ, ਨਵੇਂ ਜਾਂ ਮੌਜੂਦਾ ਸਮੱਸਿਆਵਾਂ ਨੂੰ ਹੱਲ ਕਰਦਾ ਹੈ, ਪ੍ਰੋਟੀਮ ਦੀ ਸਹਾਇਤਾ ਕਰਦਾ ਹੈ ਜਾਂ ਨਵੇਂ ਸਿਧਾਂਤ ਵਿਕਸਿਤ ਕਰਦਾ ਹੈ।

ਉਪਰੋਕਤ ਪੰਜਾਬੀ ਖੋਜ ਦੀਆਂ ਆਰੰਭ ਸਥਿਤੀ ਅਤੇ ਸੰਭਾਵਨਾਵਾਂ ਤੋਂ ਵਿਸ਼ੇ ਤੇ ਖੇਤਰ ਪੰਜਾਬੀ ਭਾਸ਼ਾ ਲਈ ਨਿਰੰਤਰ ਖੋਜ ਲਈ ਸੰਭਾਵਨਾਵਾਂ ਬਣੇ ਰਹਿਣ ਦੀ ਸੰਭਾਵਨਾ ਹੈ। ਸੋ ਸਾਨੂੰ ਪੰਜਾਬੀ ਦੇ ਵਿਸ਼ਿਆਂ ਵਿੱਚ ਉਨ੍ਹਾਂ ਵਿਸ਼ਿਆਂ ਉੱਤੇ ਖੋਜ ਕਰਨੀ ਚਾਹੀਦੀ ਹੈ। ਜਿਨ੍ਹਾ ਉੱਤੇ ਪੁਨਰ ਜਾਂ ਵਿਆਖਿਆ ਕਰਨ ਉੱਤੇ ਦੀ ਲੋੜ ਹੈ।

## ਮੁੱਖ/ਕੇਂਦਰੀ ਸ਼ਬਦ:

- ਕੀਬੋਰਡ ਖ਼ਾਕਾ--- Keyboard Layout
- ਫੌਂਟ ਪਲਟਾਊ ਪ੍ਰੋਗਰਾਮ--- ਫੌਂਟ ਕਨਵਰਟਰ
- ਪਾਠ ਸੰਪਾਦਕ --- Text Editor
- ਰੂਪ ਵਿਗਿਆਨ ਵਿਸ਼ਲੇਸ਼ਕ --- morphological analyser

## ਸਵੈ-ਮੁਲਾਂਕਣ:

1. ਪੰਜਾਬੀ ਖੋਜ ਕਿਸ ਖੇਤਰ ਵਿਚ ਵੱਧ ਹੋ ਰਹੀ ਹੈ?

ੳ ਆਧੁਨਿਕ ਸਾਹਿਤ

ਅ ਮੱਧਕਾਲੀ ਸਾਹਿਤ

ੲ ਕੰਪਿਊਟਰ

ਸ ਸਭਿਆਚਾਰ

2. ਪੰਜਾਬੀ ਖੋਜ ਕਿਸ ਖੇਤਰ ਵਿਚ ਘੱਟ ਹੋ ਰਹੀ ਹੈ?

ੳ ਆਧੁਨਿਕ ਸਾਹਿਤ

ਅ ਮੱਧਕਾਲੀ ਸਾਹਿਤ

ੲ ਕੰਪਿਊਟਰ

ਸ ਸਭਿਆਚਾਰ

3. ਪੰਜਾਬੀ ਖੋਜ ਕਿਸ ਖੇਤਰ ਵਿਚ ਖੇਤਰੀ ਖੋਜ ਕਾਰਜ ਹੋ ਰਿਹਾ ਹੈ?

ੳ ਆਧੁਨਿਕ ਸਾਹਿਤ

ਅ ਮੱਧਕਾਲੀ ਸਾਹਿਤ

ੲ ਕੰਪਿਊਟਰ

ਸ ਸਭਿਆਚਾਰ

4. ਪੰਜਾਬੀ ਖੋਜ ਦਾ ਕਿਹੜਾਂ ਖੇਤਰ ਨਵਾਂ ਹੈ?

ੳ ਆਧੁਨਿਕ ਸਾਹਿਤ

ਅ ਮੱਧਕਾਲੀ ਸਾਹਿਤ

ੲ ਕੰਪਿਊਟਰ

ਸ ਸਭਿਆਚਾਰ

5. ਕਿਸ ਯੂਨੀ. ਵਿਚ ਕੰਪਿਊਟਰ ਨਾਲ ਸਬੰਧਿਤ ਖੋਜ ਵਧੇਰੇ ਹੁੰਦੀ ਹੈ?

ੳ ਪੰਜਾਬੀ ਯੂਨੀ.ਪਟਿਆਲਾ

ਅ ਪੰਜਾਬ ਯੂਨੀ. ਚੰਡੀਗੜ੍ਹ

ੲ ਜੇਐਨਯੂ

ਸ ਐਲਪੀਯੂ

6. ਕਿਸ ਯੂਨੀ. ਵਿਚ ਪੰਜਾਬੀ ਵਿਸ਼ੇ ਉਪਰ ਖੋਜ ਨਹੀਂ ਹੁੰਦੀ?

ੳ ਪੰਜਾਬੀ ਯੂਨੀ.ਪਟਿਆਲਾ

ਅ ਪੰਜਾਬ ਯੂਨੀ. ਚੰਡੀਗੜ੍ਹ

ੲ ਜੇਐਨਯੂ

ਸ ਐਲਪੀਯੂ

7. ਪੰਜਾਬੀ ਕੰਪਿਊਟਰ ਦੇ ਖੇਤਰ ਵਿਚ ਸੰਤੁਸ਼ਟੀ ਜਨਕ ਖੋਜ ਹੋ ਚੁੱਕੀ ਹੈ?

ੳ ਹਾਂ

ਅ ਨਹੀਂ

ੲ ਕਿਹਾ ਨਹੀਂ ਜਾ ਸਕਦਾ

ਸ ਉਪਰੋਕਤ ਕੋਈ ਨਹੀਂ

8. . ਮੱਧਕਾਲੀ ਸਾਹਿਤ ਦੇ ਖੇਤਰ ਵਿਚ ਸੰਤੁਸ਼ਟੀ ਜਨਕ ਖੋਜ ਹੋ ਚੁੱਕੀ ਹੈ?

ੳ ਹਾਂ

ਅ ਨਹੀਂ

ੲ ਕਿਹਾ ਨਹੀਂ ਜਾ ਸਕਦਾ

ਸ ਉਪਰੋਕਤ ਕੋਈ ਨਹੀਂ

9. . ਪੰਜਾਬੀ ਨਾਟਕ ਦੇ ਖੇਤਰ ਵਿਚ ਸੰਤੁਸ਼ਟੀ ਜਨਕ ਖੋਜ ਹੋ ਚੁੱਕੀ ਹੈ?

ੳ ਹਾਂ

ਅ ਨਹੀਂ

ੲ ਕਿਹਾ ਨਹੀਂ ਜਾ ਸਕਦਾ

ਸ ਉਪਰੋਕਤ ਕੋਈ ਨਹੀਂ

10. . ਪੰਜਾਬੀ ਕਹਾਣੀ ਦੇ ਖੇਤਰ ਵਿਚ ਸੰਤੁਸ਼ਟੀ ਜਨਕ ਖੋਜ ਹੋ ਚੁੱਕੀ ਹੈ?

ੳ ਹਾਂ

ਅ ਨਹੀਂ

ੲ ਕਿਹਾ ਨਹੀਂ ਜਾ ਸਕਦਾ

ਸ ਉਪਰੋਕਤ ਕੋਈ ਨਹੀਂ

11. . ਪੰਜਾਬੀ ਕਵਿਤਾ ਦੇ ਖੇਤਰ ਵਿਚ ਸੰਤੁਸ਼ਟੀ ਜਨਕ ਖੋਜ ਹੋ ਚੁੱਕੀ ਹੈ?

ੳ ਹਾਂ

ਅ ਨਹੀਂ

ੲ ਕਿਹਾ ਨਹੀਂ ਜਾ ਸਕਦਾ

ਸ ਉਪਰੋਕਤ ਕੋਈ ਨਹੀਂ

12. . ਪੰਜਾਬੀ ਇਕਾਂਗੀ ਦੇ ਖੇਤਰ ਵਿਚ ਸੰਤੁਸ਼ਟੀ ਜਨਕ ਖੋਜ ਹੋ ਚੁੱਕੀ ਹੈ?

ੳ ਹਾਂ

ਅ ਨਹੀਂ

ੲ ਕਿਹਾ ਨਹੀਂ ਜਾ ਸਕਦਾ

ਸ ਉਪਰੋਕਤ ਕੋਈ ਨਹੀਂ

13. . ਗੁਰਮਤਿ ਦੇ ਖੇਤਰ ਵਿਚ ਸੰਤੁਸ਼ਟੀ ਜਨਕ ਖੋਜ ਹੋ ਚੁੱਕੀ ਹੈ?

ੳ ਹਾਂ

ਅ ਨਹੀਂ

ੲ ਕਿਹਾ ਨਹੀਂ ਜਾ ਸਕਦਾ

ਸ ਉਪਰੋਕਤ ਕੋਈ ਨਹੀਂ

14. . ਕਿੱਸਾ ਕਾਵਿ ਦੇ ਖੇਤਰ ਵਿਚ ਸੰਤੁਸ਼ਟੀ ਜਨਕ ਖੋਜ ਹੋ ਚੁੱਕੀ ਹੈ?

ੳ ਹਾਂ

ਅ ਨਹੀਂ

ੲ ਕਿਹਾ ਨਹੀਂ ਜਾ ਸਕਦਾ

ਸ ਉਪਰੋਕਤ ਕੋਈ ਨਹੀਂ

15. . ਵਾਰ ਕਾਵਿ ਦੇ ਖੇਤਰ ਵਿਚ ਸੰਤੁਸ਼ਟੀ ਜਨਕ ਖੋਜ ਹੋ ਚੁੱਕੀ ਹੈ?

ੳ ਹਾਂ

ਅ ਨਹੀਂ

ੲ ਕਿਹਾ ਨਹੀਂ ਜਾ ਸਕਦਾ

ਸ ਉਪਰੋਕਤ ਕੋਈ ਨਹੀਂ

## ਅਭਿਆਸ ਪ੍ਰਸ਼ਨ

1. ਪੰਜਾਬੀ ਖੋਜ ਦੀ ਸਥਿਤੀ ਕੀ ਹੈ?
2. ਪੰਜਾਬੀ ਖੋਜ ਦੀਆਂ ਸੰਭਾਵਨਾਵਾਂ ਦਾ ਸੰਖੇਪ ਵਿਚ ਵਰਣਨ ਕਰੋ।
3. ਪੰਜਾਬੀ ਖੋਜ ਦੇ ਨਵੇਂ ਖੇਤਰਾਂ ਦਾ ਵਰਣਨ ਕਰੋ।
4. ਪੰਜਾਬੀ ਖੋਜ ਦੇ ਹਵਾਲੇ ਨਾਲ ਕੰਪਿਊਟਰ ਦੇ ਖੇਤਰ ਵਿਚ ਕੀ ਸੰਭਾਵਨਾ ਹੈ?
5. ਪੰਜਾਬੀ ਖੋਜ ਦੇ ਹਵਾਲੇ ਨਾਲ ਭਾਸ਼ਾ ਦੇ ਖੇਤਰ ਵਿਚ ਕੀ ਸੰਭਾਵਨਾ ਹੈ?
6. ਪੰਜਾਬੀ ਖੋਜ ਦੇ ਹਵਾਲੇ ਨਾਲ ਨਾਵਲ ਦੇ ਖੇਤਰ ਵਿਚ ਕੀ ਸੰਭਾਵਨਾ ਹੈ?
7. ਪੰਜਾਬੀ ਖੋਜ ਦੇ ਹਵਾਲੇ ਨਾਲ ਨਾਟਕ ਦੇ ਖੇਤਰ ਵਿਚ ਕੀ ਸੰਭਾਵਨਾ ਹੈ?
8. ਪੰਜਾਬੀ ਖੋਜ ਦੇ ਹਵਾਲੇ ਨਾਲ ਕਹਾਣੀ ਦੇ ਖੇਤਰ ਵਿਚ ਕੀ ਸੰਭਾਵਨਾ ਹੈ?
9. ਪੰਜਾਬੀ ਖੋਜ ਦੇ ਹਵਾਲੇ ਨਾਲ ਮੱਧਕਾਲੀ ਸਾਹਿਤ ਦੇ ਖੇਤਰ ਵਿਚ ਕੀ ਸੰਭਾਵਨਾ ਹੈ?
10. ਪੰਜਾਬੀ ਖੋਜ ਦੇ ਹਵਾਲੇ ਨਾਲ ਆਧੁਨਿਕ ਸਾਹਿਤ ਦੇ ਖੇਤਰ ਵਿਚ ਕੀ ਸੰਭਾਵਨਾ ਹੈ?
11. ਪੰਜਾਬੀ ਖੋਜ ਦੇ ਹਵਾਲੇ ਨਾਲ ਲਿਪੀ ਦੇ ਖੇਤਰ ਵਿਚ ਕੀ ਸੰਭਾਵਨਾ ਹੈ?
12. ਪੰਜਾਬੀ ਖੋਜ ਦੇ ਹਵਾਲੇ ਨਾਲ ਅਨੁਵਾਦ ਦੇ ਖੇਤਰ ਵਿਚ ਕੀ ਸੰਭਾਵਨਾ ਹੈ?
13. ਪੰਜਾਬੀ ਖੋਜ ਦੇ ਹਵਾਲੇ ਨਾਲ ਪਰਵਾਸੀ ਸਾਹਿਤ ਦੇ ਖੇਤਰ ਵਿਚ ਕੀ ਸੰਭਾਵਨਾ ਹੈ?
14. ਪੰਜਾਬੀ ਖੋਜ ਦੇ ਹਵਾਲੇ ਨਾਲ ਸਮਕਾਲੀ ਕਵਿਤਾ ਦੇ ਖੇਤਰ ਵਿਚ ਕੀ ਸੰਭਾਵਨਾ ਹੈ?
15. ਆਪਣੇ ਖੇਤਰ ਦੇ ਸਾਹਿਤ ਪ੍ਰੇਮੀਆਂ ਦੀ ਸੂਚੀ ਬਣਾਓ ਅਤੇ ਉਨ੍ਹਾਂ ਦੇ ਪੰਜਾਬੀ ਖੋਜ ਦੀਆਂ ਸੰਭਾਵਨਾਵਾਂ ਸੰਬੰਧੀ ਸਪਸ਼ਟੀਕਰਨ ਦਾ ਸਰਵੇਖਣ ਕਰੋ।

## ਸੰਦਰਭ ਪੁਸਤਕਾਂ:


1) ਖੋਜ:ਸਿਧਾਂਤ ਤੇ ਵਿਹਾਰ, ਪਿਆਰ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, (2010)

2) ਕੇਸਰ ਸਿੰਘ ਕੇਸਰ: ਖੋਜ ਚਿੰਤਨ੍ਹ, ਜਸਬੀਰ ਕੇਸਰ(ਸੰਪਾ.), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, (2006)

3) ਕੇਸਰ ਸਿੰਘ ਕੇਸਰ: ਸਿਧਾਂਤ ਚਿੰਤਨ, ਜਸਬੀਰ ਕੇਸਰ (ਸੰਪਾ.), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ,(2006)

4) ਪੰਜਾਬੀ ਖੋਜ ਦਾ ਇਤਿਹਾਸ, ਧਰਮ ਸਿੰਘ, ਪੰਜਾਬੀ ਅਕਾਦਮੀ ਦਿੱਲੀ,(2004)

5) ਪੰਜਾਬੀ ਖੋਜ ਸੰਦਰਭ, ਧਰਮ ਸਿੰਘ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, (2014)

6) ਪੰਜਾਬੀ ਆਲੋਚਨਾ: ਸਰੂਪ ਅਤੇ ਸੰਭਾਵਨਾਵਾਂ, ਸੰਧੂ, ਸਤਿਨਾਮ ਸਿੰਘ, ਮਦਾਨ ਪਬਲਿਸ਼ਰਜ਼, ਪਟਿਆਲਾ, (1996)

7) ਵਿਹਾਰਕ ਸਮੀਖਿਆ(2005) ,ਪਟਿਆਲਾ ,ਪੰਜਾਬੀ ਯੂਨੀਵਰਸਿਟੀ ,ਸਤਿੰਦਰ ਸਿੰਘ ,

## ਮਹੱਤਵਪੂਰਨ ਲਿੰਕ

https://unacademy.com/lesson/pnjaabii-khooj-diiaan-praaptiiaan/YDTUBISH

ਉੱਤਰਮਾਲਾ

| | | | | |
|---|---|---|---|---|
| 1. ੳ | 2. ੲ | 3. ਸ | 4. ੲ | 5. ੳ |
| 6. ੲ | 7. ਅ | 8. ਅ | 9. ਅ | 10. ਅ |
| 11. ਅ | 12. ਅ | 13. ਅ | 14. ਅ | 15. ਅ |

DPBI 543

# ਅਧਿਆਇ-11: ਭਾਰਤੀ ਆਲੋਚਨਾ : ਆਰੰਭ ਤੇ ਵਿਕਾਸ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਭਾਰਤੀ ਆਲੋਚਨਾ ਨੂੰ ਸਮਝਣ ਦੇ ਸਮਰੱਥ ਹੋਣਗੇ।
- ਭਾਰਤੀ ਆਲੋਚਨਾ ਦੇ ਪ੍ਰਯੋਜਨ ਅਤੇ ਮਹੱਤਵ ਤੋਂ ਜਾਣੂ ਹੋਣਗੇ।
- ਖੋਜ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।
- ਸਾਹਿਤ ਰੂਪਾਂ ਦਾ ਮੁਲਾਂਕਣ ਕਰ ਸਕਣ ਦੇ ਯੋਗ ਹੋਣਗੇ।

## ਪ੍ਰਸਤਾਵਨਾ:

ਸਾਹਿਤ ਇੱਕ ਅਜਿਹਾ ਸਾਧਨ ਹੈ ਜਿਸ ਰਾਹੀ ਮਨੁੱਖ ਦੇ ਮਨੋਭਾਵਾਂ, ਮਨੋਵੇਗਾਂ ਅਤੇ ਸਮਾਜਿਕ ਯਥਾਰਥ ਦਾ ਕਲਾਤਮਕ ਪਗਟਾਵਾ ਹੁੰਦਾ ਹੈ। ਸਾਹਿਤ ਹਮੇਸ਼ਾ ਹੀ ਕਿਸੇ ਸਕਾਰਾਤਮਕ ਉਦੇਸ਼ ਦਾ ਧਾਰਨੀ ਹੁੰਦਾ ਹੈ। ਸਮਾਜ ਵਿੱਚ ਆਰਥਿਕ, ਸਮਾਜਕ, ਰਾਜਨੀਤਿਕ, ਧਾਰਮਿਕ ਘਟਨਾਵਾਂ, ਜਦੋ ਮਨੁੱਖੀ ਮਨੋਭਾਵਾਂ ਨਾਲ ਟਕਰਾਉਂਦੀਆਂ ਹਨ ਤਾਂ ਸਾਹਿਤ ਪੈਦਾ ਹੁੰਦਾ ਹੈ। ਲੇਖਕ ਸਮਾਜ ਦੇ ਯਥਾਰਥ ਵਿੱਚ ਕਾਲਪਨਿਕ ਅੰਸ਼ ਪਾ ਕੇ ਸਾਹਿਤਕ ਰਚਨਾ ਦੀ ਉਤਪਤੀ ਕਰਦਾ ਹੈ। ਇਸ ਅਧਿਆਇ ਦਾ ਮੁਖ ਉਦੇਸ਼ ਵਿਦਿਆਰਥੀਆਂ ਨੂੰ ਸਾਹਿਤ ਦੀ ਪਰਿਭਾਸ਼ਾ, ਸਰੂਪ ਅਤੇ ਤੱਤਾਂ ਦੀ ਜਾਣਕਾਰੀ ਦੇਣਾ ਹੈ; ਤਾਂ ਕਿ ਵਿਦਿਆਰਥੀ ਸਾਹਿਤ ਦੀ ਪ੍ਰਕਿਰਤੀ ਨੂੰ ਸਮਝ ਸਕਣ। ਇਸ ਅਧਿਆਇ ਵਿਚ ਸਾਹਿਤ ਦੇ ਪ੍ਰਯੋਜਨ ਸਬੰਧੀ ਭਰਪੂਰ ਚਰਚਾ ਕੀਤੀ ਗਈ ਹੈ ਜਿਸ ਨਾਲ ਵਿਦਿਆਰਥੀ ਸਾਹਿਤ ਦੇ ਮੰਤਵ ਨੂੰ ਸਮਝਦਿਆਂ ਸਾਹਿਤ-ਰੂਪਾਂ ਦਾ ਮੁਲਾਂਕਣ ਕਰ ਸਕਣ ਦੇ ਸਮਰੱਥ ਹੋਣਗੇ।

## ਵਿਸ਼ਾ ਵਸਤੂ:

ਭਾਰਤੀ ਆਲੋਚਨਾ ਦਾ ਅਰੰਭ ਅਤੇ ਵਿਕਾਸ

ਕਾਵਿ-ਸ਼ਾਸਤਰ ਦਾ ਸਰੋਕਾਰ ਕਿਸੇ ਵਿਸ਼ੇਸ਼ ਸਾਹਿਤਕ ਰਚਨਾ ਨਾਲ ਨਹੀਂ ਸਗੋਂ ਸਾਹਿਤਕ ਕਿਰਤਾਂ ਵਿਚਕਾਰ ਕਾਰਜਸ਼ੀਲ ਉਹਨਾਂ ਸਰਬ ਸਾਧਾਰਣ ਨੇਮਾਂ ਦੇ ਸਿਧਾਂਤਾਂ ਨਾਲ ਹੈ, ਜਿਹੜੇ ਉਸ ਰਚਨਾ ਦੀ ਵਿਆਖਿਆ ਵਿਸ਼ਲੇਸ਼ਣ ਵਿਚ ਸਹਾਇਕ ਹੁੰਦੇ ਹਨ। ਡਾ. ਜਗਬੀਰ ਸਿੰਘ ਅਨੁਸਾਰ:-

ਕਾਵਿ-ਸ਼ਾਸਤਰ ਕਾਵਿ (ਜਾਂ ਸਾਹਿਤ) ਦੇ ਸਿਧਾਂਤਕ ਅਧਿਐਨ ਨਾਲ ਸੰਬੰਧਿਤ ਅਨੁਸ਼ਾਸਨ ਹੈ। ਇਸ ਦਾ ਸੰਬੰਧ ਉਹਨਾਂ ਤਕਨੀਕੀ ਸੰਕਲਪਾਂ ਜਾਂ ਆਲੋਚਨਾਤਮਕ ਪ੍ਰਵਰਗਾਂ ਨਾਲ ਹੈ, ਜਿਹਨਾਂ ਦੀ ਸਹਾਇਤਾ ਨਾਲ ਅਸੀਂ ਵਿਭਿੰਨ ਸਾਹਿਤਕ ਰਚਨਾਵਾਂ ਦਾ ਗਿਆਨ ਮੂਲਕ ਅਧਿਐਨ ਅਤੇ ਵਿਸ਼ਲੇਸ਼ਣ ਕਰਨ ਦੇ ਸਮਰੱਥ ਹੁੰਦੇ ਹਾਂ। ਇਸੇ ਦੇ ਆਧਾਰ ਤੇ ਹੀ ਅਸੀਂ ਵਿਭਿੰਨ ਸਾਹਿਤਕ ਕਿਰਤਾਂ ਵਿਚਲੀ ਸਮਾਨਤਾ ਅਤੇ ਵੱਖਰਤਾ ਨੂੰ ਪਛਾਣਨ ਦੇ ਕਾਬਿਲ ਵੀ ਹੁੰਦੇ ਹਾਂ।

ਭਾਰਤ ਵਿਚ ਸਾਹਿਤ ਸਿਧਾਂਤ ਚਿੰਤਨ ਦੀ ਪਰੰਪਰਾ ਬਹੁਤ ਪੁਰਾਣੀ ਹੈ। ਭਾਵੇਂ ਸਰਬ ਪ੍ਰਥਮ ਵੈਦਿਕ ਯੁੱਗ ਵਿਚ ਕਵਿਤਾ ਰਚੀ ਗਈ ਪਰੰਤੂ ਲੌਕਿਕ ਕਵਿਤਾ ਦੀ ਵੰਨਗੀ ਸਭ ਤੋਂ ਪਹਿਲਾਂ ਚੌਥੀ-ਪੰਜਵੀਂ ਸਦੀ ਪੂਰਵ ਈਸਾ ਦੀਆਂ ਰਚਨਾਵਾਂ ਮਹਾਂਭਾਰਤ ਅਤੇ ਰਾਮਾਇਣ ਵਿਚ ਮਿਲਦੀ ਹੈ। ਚੌਥੀ-ਪੰਜਵੀਂ ਸਦੀ ਪੂਰਵ ਈ. ਦੇ ਨੇੜੇ-ਤੇੜੇ ਦੋ ਹੋਰ ਮਸ਼ਹੂਰ ਗ੍ਰੰਥ ਰਚੇ ਗਏ। ਯਾਸਕ ਦਾ 'ਨਿਰੁਕਤ' ਅਤੇ ਪਾਣਿਨੀ ਦਾ 'ਅਸ਼ਟਾਧਿਆਇ', ਪਹਿਲੇ ਵਿਚ ਵੇਦਾਂ ਦੀ ਵਿਆਖਿਆ ਹੈ ਅਤੇ ਦੂਜਾ ਸੰਸਕ੍ਰਿਤ ਦਾ ਵਿਆਕਰਣ ਹੈ। ਅਸਲ ਵਿਚ ਇਹ ਭਾਰਤੀ ਕਾਵਿ-ਸ਼ਾਸਤਰ ਦੇ ਮੁਢਲੇ ਸੋਮੇ ਹਨ ਅਤੇ ਭਾਰਤੀ ਸਾਹਿਤ ਸਿਧਾਂਤ ਚਿੰਤਨ ਅਤੇ ਚੇਤਨਾ ਦੀ ਸਭ ਤੋਂ ਪਹਿਲੀ ਪ੍ਰਮਾਣਿਕ ਰਚਨਾ ਭਰਤਮੁਨੀ ਦੁਆਰਾ ਰਚਿਤ 'ਨਾਟਯ-ਸ਼ਾਸਤਰ' ਹੈ। ਜਿਸ ਵਿਚ ਕਾਵਿ-ਸ਼ਸਤਰ ਅਤੇ ਸੁਹਜ-ਸ਼ਾਸਤਰ ਦੇ ਸੰਕਲਪ ਨੂੰ ਵਿਕਸਿਤ ਕਰਨ ਦਾ ਉਪਰਾਲਾ ਕੀਤਾ ਗਿਆ ਹੈ।

ਭਰਤਮੁਨੀ ਤੋਂ ਬਾਅਦ ਆਉਣ ਵਾਲੇ ਆਚਾਰੀਆਂ ਵਿਚ 6ਵੀਂ ਸਦੀ ਈ: ਵਿਚ ਭਾਮਹ (ਕਾਵਯਲੰਕਾਰ), 7ਵੀਂ ਸਦੀ ਈ: ਵਿਚ ਦੰਡੀ (ਕਾਵਿਯਾਦਰਸ਼), 9ਵੀਂ ਸਦੀ ਈ: ਵਿਚ ਵਾਮਨ (ਕਾਵਯਲੰਕਾਰ ਸੂਤਰ), ਉਦਭਟ (ਕਾਵਿਯਾਲੰਕਾਰ) ਅਤੇ ਆਨੰਦ ਵਰਧਨ (ਧਵਨਯਾਲੋਕ) ਸ਼ਾਮਿਲ ਹਨ। 10ਵੀਂ ਸਦੀ ਈ: ਵਿਚ ਧਨੰਜਯ (ਕਸ਼ਰੂਪਕ), 11ਵੀਂ ਸਦੀ ਈ: ਵਿਚ ਕੁੰਤਕ (ਵਕ੍ਰੋਕਤੀ ਜੀਵਿਤ), ਕਸ਼ਮੇਂਦਰ (ਔਚਿਤਯ ਵਿਚਾਰ ਚਰਚਾ) ਨੇ ਇਸ ਪਰੰਪਰਾ ਨੂੰ ਹੋਰ ਸ਼ਕਤੀਸ਼ਾਲੀ ਬਣਾਇਆ ਅਤੇ ਇਸਦੇ ਵਿਕਾਸ ਵਿਚ ਅਤਿ ਮਹੱਤਵਪੂਰਨ ਭੂਮਿਕਾ ਨਿਭਾਈ। ਕਾਵਿ-ਸ਼ਾਸਤਰ ਦੀ ਇਸ ਪਰੰਪਰਾ ਨੂੰ ਅੱਗੇ ਜਾ ਕੇ ਧਨੰਜਯ, ਭੋਜ, ਵਿਸ਼ਵਨਾਥ, ਨਾਗਭੱਟ, ਹੇਮ ਚੰਦਰ, ਜਯਦੇਵ, ਜਗਨਨਾਥ ਅਤੇ ਕਈਆਂ ਹੋਰਨਾਂ ਨੇ ਪ੍ਰਫੁੱਲਤ ਕੀਤਾ।

ਪਹਿਲੀ ਸਦੀ ਈ: ਤੋਂ ਲੈ ਕੇ ਸਤਾਰ੍ਹਵੀਂ ਸਦੀ ਤੱਕ ਭਾਰਤੀ ਕਾਵਿ-ਸ਼ਾਸਤਰ ਦੀ ਇਹ ਪਰੰਪਰਾ ਨਿਰੰਤਰ ਵਿਕਸਿਤ ਤੇ ਪ੍ਰਫੁੱਲਤ ਹੁੰਦੀ ਰਹੀ। ਹਿੰਦੀ ਸਾਹਿਤ ਦੇ ਪ੍ਰਸਿੱਧ ਚਿੰਤਕ ਡਾ. ਰਾਜਵੰਸ਼ ਸਹਾਏ 'ਹੀਰਾ' ਭਾਰਤੀ ਕਾਵਿ-ਸ਼ਾਸਤਰ ਦੇ ਇਤਿਹਾਸ ਅਤੇ ਕਾਵਿ-ਚਿੰਤਕਾਂ ਸੰਬੰਧੀ ਲਿਖਦੇ ਹਨ:

ਭਾਰਤੀ ਕਾਵਿ ਸ਼ਾਸਤਰ ਦਾ ਇਤਿਹਾਸ ਭਾਰਤੀ ਸਾਹਿਤ ਚਿੰਤਨ ਦਾ ਵਿਕਸਿਤ ਰੂਪ ਹੈ। ... ਭਾਰਤੀ ਕਾਵਿ ਚਿੰਤਕਾਂ ਨੇ ਕਲਾ, ਦਰਸ਼ਨ, ਸੁੰਦਰਤਾ ਅਤੇ ਕਲਾ ਨਿਪੁੰਨਤਾ ਦੇ ਸਾਰੇ ਸਾਧਨਾਂ ਪ੍ਰਤੀ ਚਿੰਤਨ ਕਰਕੇ ਅਤੇ ਕਲਪਨਾ ਕਰਕੇ ਕਾਵਿ ਸੁੰਦਰਤਾ ਦੇ ਬਹੁ-ਵਰਣਨੀ ਪੱਖਾਂ ਦਾ ਮੋਹਕ ਰੂਪ ਪੇਸ਼ ਕੀਤਾ ਹੈ।

ਭਾਰਤੀ ਕਾਵਿ ਸ਼ਾਸਤਰ ਵਿਚ 'ਭਰਤਮੁਨੀ' ਨੂੰ ਆਦਿ ਆਚਾਰੀਆ ਦਾ ਸਥਾਨ ਪ੍ਰਾਪਤ ਹੈ। ਉਸਦੀ ਰਚਨਾ 'ਨਾਟਯ ਸ਼ਾਸਤਰ' ਨਾਲ ਭਾਰਤੀ ਸਾਹਿਤ ਸਿਧਾਂਤ ਚਿੰਤਨ ਦਾ ਪ੍ਰਮਾਣਿਕ ਰੂਪ ਨਾਲ ਆਰੰਭ ਹੁੰਦਾ ਹੈ। ਇਸ ਵਿਚ ਕਾਵਿ ਕਲਾ ਅਤੇ ਨਾਟਕ ਬਾਰੇ ਸਿਧਾਂਤਕ ਚਿੰਤਨ ਪ੍ਰਾਪਤ ਹੁੰਦਾ ਹੈ। ਗਿਆਨ, ਸ਼ਿਲਪ, ਵਿੱਦਿਆ, ਯੋਗ ਅਤੇ ਕਲਾ ਆਦਿ ਵਿਸ਼ਿਆਂ ਦੀ ਵਿਵਿਧਤਾ, ਵਿਆਪਕਤਾ ਅਤੇ ਪ੍ਰਮਾਣਿਕਤਾ ਦੀ ਦ੍ਰਿਸ਼ਟੀ ਤੋਂ ਨਾਟਯ-ਸ਼ਾਸਤਰ ਇਕ ਅਜਿਹੀ ਅਸਾਧਾਰਨ ਰਚਨਾ ਹੈ ਜੋ ਤਕਰੀਬਨ ਦੋ ਹਜ਼ਾਰ ਸਾਲ ਤੋਂ ਸਾਡੇ ਦੇਸ਼ ਦੀ ਕਲਾਤਮਕ ਅਤੇ ਸੱਭਿਆਚਾਰਕ ਪਰੰਪਰਾ ਦਾ ਅੰਗ ਬਣੀ ਰਹੀ ਹੈ। ਇਸ ਵਿਚ 'ਰਸ ਦੀ ਨਿਸ਼ਪੱਤੀ' ਦੇ ਮਨੋਵਿਗਿਆਨਕ ਸਿਧਾਂਤ ਦੇ ਨਾਲ-ਨਾਲ ਕਾਵਿ ਦੇ ਗੁਣਾਂ ਅਤੇ ਦੋਸ਼ਾਂ ਦਾ ਵੀ ਭਰਪੂਰ ਵਰਣਨ ਕੀਤਾ ਗਿਆ ਹੈ।

ਭਾਰਤੀ ਸਾਹਿਤ ਸਿਧਾਂਤ ਚਿੰਤਨ ਦੇ ਖੇਤਰ ਵਿਚ ਭਰਤਮੁਨੀ ਤੋਂ ਬਾਅਦ 'ਭਾਮਹ' ਦਾ ਨਾਂ ਆਉਂਦਾ ਹੈ। ਛੇਵੀਂ ਸਦੀ ਵਿਚ ਹੋਏ ਇਸ ਚਿੰਤਕ ਨੇ ਆਪਣੇ ਪ੍ਰਸਿੱਧ ਗ੍ਰੰਥ 'ਕਾਵਯਲੰਕਾਰ' ਰਾਹੀਂ ਭਾਰਤੀ ਕਾਵਿ ਸ਼ਾਸਤਰ ਨੂੰ ਇਕ ਸੁਤੰਤਰ ਅਨੁਸ਼ਾਸਨ ਦੇ ਰੂਪ ਵਿਚ ਸਥਾਪਿਤ ਕਰਨ ਲਈ ਵਡਮੁੱਲੀ ਭੂਮਿਕਾ ਨਿਭਾਈ। ਉਸ ਨੇ ਆਪਣੇ ਗ੍ਰੰਥ ਵਿਚ ਕਾਵਿ ਦੇ ਪ੍ਰਯੋਜਨ, ਸਰੂਪ, ਵਿਸ਼ਿਆਂ, ਲੱਛਣਾਂ, ਗੁਣਾਂ ਦੋਸ਼ਾਂ ਆਦਿ ਬਾਰੇ ਭਰਪੂਰ ਚਰਚਾ ਕੀਤੀ ਹੈ। ਸੱਤਵੀਂ ਸਦੀ ਈ: ਵਿਚ 'ਕਾਵਿਯਾਦਰਸ਼' ਨਾਂ ਦੇ ਗ੍ਰੰਥ ਦੀ ਰਚਨਾ ਕਰਨ ਵਾਲੇ ਆਚਾਰੀਆ ਦੰਡੀ ਅਲੰਕਾਰ ਸਿਧਾਂਤ ਨਾਲ ਸੰਬੰਧਿਤ ਚਿੰਤਕ ਸਨ। ਉਹਨਾਂ ਨੇ ਵੀ ਭਾਮਹ ਵਾਂਗ ਕਾਵਿ ਸੁਹਜ ਦਾ ਮੂਲ ਆਧਾਰ 'ਆਲੰਕਾਰ' ਨੂੰ ਹੀ ਮੰਨਿਆ। ਸਾਹਿਤ ਰੂਪਾਂ ਦੇ ਸੰਗਠਨਕਾਰੀ ਤੱਤਾਂ ਦਾ ਵਿਵੇਚਨ ਕਰਦਿਆਂ ਉਹਨਾਂ ਨੇ ਕਾਵਿ ਦੇ ਲੱਛਣਾਂ, ਭੇਦਾਂ, ਗੁਣਾਂ, ਹੇਤੂਆਂ ਦਾ ਆਪਣੇ ਗ੍ਰੰਥ ਵਿਚ ਭਰਪੂਰ ਵਿਵੇਚਨ ਕੀਤਾ ਹੈ।

ਨੌਵੀਂ ਸਦੀ ਈ: ਵਿਚ ਜਿੱਥੇ ਆਚਾਰੀਆ 'ਉਦਭੱਟ' ਨੇ ਅਲੰਕਾਰ ਸਿਧਾਂਤ ਦੀ ਪਰੰਪਰਾ ਨੂੰ ਗ੍ਰਹਿਣ ਕਰਦਿਆਂ 'ਕਾਵਯਲੰਕਾਰ ਸਾਰ ਸੰਗ੍ਰਹਿ' ਗ੍ਰੰਥ ਦੀ ਰਚਨਾ ਕੀਤੀ, ਜਿਸ ਵਿਚ ਉਹਨਾਂ ਨੇ ਅਲੰਕਾਰ ਤੱਤਾਂ ਦੇ ਅੰਗਾਂ-ਅੰਸ਼ਾਂ ਦਾ ਸੂਖ਼ਮਤਾ ਨਾਲ ਵਿਵੇਚਨ ਕੀਤਾ, ਉੱਥੇ ਹੀ ਇਸ ਸਮੇਂ ਦੌਰਾਨ ਆਚਾਰੀਆ 'ਵਾਮਨ' ਨੇ 'ਕਾਵਯਲੰਕਾਰ ਸੂਤਰ ਵ੍ਰਿਤੀ' ਗ੍ਰੰਥ ਦੀ ਰਚਨਾ ਕਰਕੇ 'ਰੀਤੀ' ਸਿਧਾਂਤ ਨੂੰ ਕਾਵਿ ਦੀ ਆਤਮਾ ਵਜੋਂ ਸਥਾਪਿਤ ਕੀਤਾ। ਆਚਾਰੀਆ 'ਆਨੰਦ ਵਰਧਨ' ਨੇ ਵੀ ਨੌਵੀਂ ਸਦੀ ਈ: ਵਿਚ ਕਾਵਿ ਤੱਤ ਦੀ ਵਿਆਖਿਆ ਲਈ ਇਕ ਨਵਾਂ ਸਿਧਾਂਤ ਪੇਸ਼ ਕੀਤਾ। ਜਿਸ ਨੂੰ 'ਧੁਨੀ ਸਿਧਾਂਤ' ਆਖਿਆ ਜਾਂਦਾ ਹੈ। ਆਪਣੀ ਮਹੱਤਵਪੂਰਨ ਰਚਨਾ 'ਧਵਨਯਾਲੋਕ' ਵਿਚ ਉਸ ਨੇ ਧੁਨੀ ਨੂੰ ਕਾਵਿ ਦਾ ਇਕੋ-ਇਕ ਅਤੇ ਮੂਲ ਤੱਤ ਸਥਾਪਿਤ ਕਰਦਿਆਂ ਹੋਰਨਾਂ ਸਿਧਾਂਤਾਂ ਨੂੰ ਉਸਦੇ ਅੰਦਰ ਸਮੋਣ ਦਾ ਯਤਨ ਕੀਤਾ। ਰਾਜਿੰਦਰ ਸਿੰਘ ਸ਼ਾਸਤਰੀ ਅਨੁਸਾਰ:

ਧਵਨਯਾਲੋਕ ਦੀ ਰਚਨਾ ਨਾਲ ਭਾਰਤੀ ਕਾਵਿ ਸ਼ਾਸਤਰ ਵਿਚ ਇਕ ਨਵੇਂ ਯੁੱਗ ਦਾ ਆਰੰਭ ਹੁੰਦਾ ਹੈ। ... ਇਸ ਵਿਚ ਉਸਨੇ ਧੁਨੀ ਨੂੰ ਕਾਵਿ ਦੀ ਆਤਮਾ ਮੰਨ ਕੇ ਵਿਅੰਜਨਾਂ ਦੀ ਹੋਂਦ ਸਵੀਕਾਰ ਕਰਕੇ ਪਹਿਲੇ-ਪਹਿਲ ਧੁਨੀ ਸਿਧਾਂਤ ਦੀ ਕਾਵਿ-ਸ਼ਾਸਤਰ ਵਿਚ ਸਥਾਪਨਾ ਕੀਤੀ ਹੈ।

ਗਿਆਰ੍ਹਵੀਂ ਸਦੀ ਈ: ਵਿਚ 'ਅਭਿਨਵ ਗੁਪਤ' ਅਤੇ ਆਚਾਰੀਆ 'ਕੁੰਤਕ' ਭਾਰਤੀ ਕਾਵਿ-ਸ਼ਾਸਤਰ ਦੇ ਪ੍ਰਮੁੱਖ ਸਾਹਿਤ ਚਿੰਤਕਾਂ ਵਜੋਂ ਉਭਰਦੇ ਹਨ। ਅਭਿਨਵ ਗੁਪਤ ਨੇ ਜਿੱਥੇ 'ਨਾਟਯ ਸ਼ਾਸਤਰ' ਅਤੇ 'ਧਵਨਯਾਲੋਕ' ਪ੍ਰਸਿੱਧ ਗ੍ਰੰਥਾਂ ਦੀ ਵਿਆਖਿਆ ਕੀਤੀ, ਉੱਥੇ ਹੀ 'ਲੋਚਨ' ਨਾਂ ਦੀ ਮੌਲਿਕ ਰਚਨਾ ਵੀ ਰਚੀ। ਆਚਾਰੀਆ ਕੁੰਤਕ ਨੇ ਵਕ੍ਰੋਕਤੀ ਸਿਧਾਂਤ ਦੇ ਰੂਪ ਵਿਚ ਕਾਵਿ-ਸ਼ਾਸਤਰ ਨੂੰ ਇਕ ਨਵੀਂ ਦ੍ਰਿਸ਼ਟੀ ਪ੍ਰਦਾਨ ਕੀਤੀ। ਆਪਣੇ ਗ੍ਰੰਥ 'ਵਕ੍ਰੋਕਤੀ ਜੀਵਿਤ' ਵਿਚ ਉਸ ਨੇ ਵਕ੍ਰੋਕਤੀ ਨੂੰ ਕਾਵਿ ਦੀ ਆਤਮਾ ਵਜੋਂ ਸਥਾਪਿਤ ਕਰਦਿਆਂ ਵਕ੍ਰੋਕਤੀ ਦੇ ਲੱਛਣਾਂ, ਸਰੂਪ ਅਤੇ ਸੁਭਾਅ ਨੂੰ ਬੜੇ ਪ੍ਰਭਾਵੀ ਰੂਪ ਵਿਚ ਪੇਸ਼ ਕੀਤਾ ਹੈ। ਇਸੇ ਸਮੇਂ ਵਿਚ ਜਿੱਥੇ ਆਚਾਰੀਆ 'ਭੋਜਰਾਜ' ਨੇ ਆਪਣੀ ਪ੍ਰਸਿੱਧ ਰਚਨਾ 'ਸ਼ਿੰਗਾਰ ਪ੍ਰਕਾਸ਼' ਵਿਚ ਰੀਤੀ, ਰਸ ਅਤੇ ਧੁਨੀ ਦੇ ਸੰਕਲਪ ਤੇ ਸਰੂਪ ਨੂੰ ਵੀ ਸੂਖ਼ਮ ਢੰਗ ਨਾਲ ਸਪੱਸ਼ਟ ਕਰਨ ਦਾ ਉਪਰਾਲਾ ਕੀਤਾ, ਉੱਥੇ ਹੀ ਆਚਾਰੀਆ 'ਮੰਮਟ' ਨੇ ਆਪਣੇ ਗ੍ਰੰਥ 'ਕਾਵਿ ਪ੍ਰਕਾਸ਼' ਵਿਚ ਰਸ, ਅਲੰਕਾਰ ਆਦਿ ਸਿਧਾਂਤਾਂ ਦਾ ਸੂਖ਼ਮ ਵਿਸ਼ਲੇਸ਼ਣ ਕਰਦਿਆਂ ਉਹਨਾਂ ਵਿਚਕਾਰ ਸਮਨਵੈ ਜਾਂ ਸੁਮੇਲ ਪੈਦਾ ਕਰਨ ਦਾ ਯਤਨ ਕੀਤਾ ਹੈ।

14ਵੀਂ ਸਦੀ ਈ: ਵਿਚ ਕਵੀਰਾਜ ਵਿਸ਼ਵਨਾਥ ਅਤੇ ਪੰਡਿਤ ਜਗਨਨਾਥ ਨੇ ਵੀ ਭਾਰਤੀ ਕਾਵਿ ਸ਼ਾਸਤਰ ਦੇ ਖੇਤਰ ਵਿਚ ਆਪਣਾ ਵਿਲੱਖਣ ਸਥਾਨ ਬਣਾਉਣ ਵਿਚ ਸਫ਼ਲਤਾ ਪ੍ਰਾਪਤ ਕੀਤੀ ਹੈ। ਕਵੀਰਾਜ ਵਿਸ਼ਵਨਾਥ ਦੀ ਪ੍ਰਸਿੱਧ ਰਚਨਾ 'ਸਾਹਿਤਯ ਦਰਪਣ' ਹੈ, ਜਿਸ ਵਿਚ ਉਸ ਨੇ ਨਾਟਕ ਅਤੇ ਕਾਵਿ ਨਾਲ ਸੰਬੰਧਿਤ ਵਿਸ਼ਿਆਂ ਨੂੰ ਸਰਲ ਸ਼ੈਲੀ ਵਿਚ ਪੇਸ਼ ਕੀਤਾ ਹੈ। ਪੰਡਿਤ ਜਗਨਨਾਥ ਨੇ ਆਪਣੀ ਰਚਨਾ 'ਰਸ ਗੰਗਾਧਰ' ਵਿਚ ਰਸ, ਧੁਨੀ ਤੇ ਅਲੰਕਾਰ ਸਿਧਾਂਤ ਦਾ ਸੂਖ਼ਮ ਵਿਵੇਚਨ ਪੇਸ਼ ਕੀਤਾ ਹੈ। ਇਸ ਪ੍ਰਕਾਰ ਇਸ ਪਰੰਪਰਾ ਨਾਲ ਸੰਬੰਧਿਤ ਚਿੰਤਕਾਂ ਨੇ ਕਾਵਿ ਕਲਾ ਦੇ ਵਿਭਿੰਨ ਪੱਖਾਂ ਤੇ ਪਹਿਲੂਆਂ ਬਾਰੇ ਸਿਧਾਂਤ ਚਿੰਤਨ ਕਰਦਿਆਂ ਇਸ ਖੇਤਰ ਨੂੰ ਅਮੀਰ ਅਤੇ ਭਰਪੂਰ ਬਣਾਇਆ ਹੈ।

ਭਾਰਤੀ ਕਾਵਿ ਸੰਬੰਧੀ ਚਿੰਤਨ ਦੀ ਸਮੁੱਚੀ ਪਰੰਪਰਾ ਦੇ ਅੰਤਰਗਤ ਹੋਂਦ ਵਿਚ ਆਏ ਪ੍ਰਮੁੱਖ ਕਾਵਿ ਸਿਧਾਂਤਾਂ ਦਾ ਆਲੋਚਨਾਤਮਕ ਵਿਵੇਚਨ ਪੇਸ਼ ਕੀਤਾ ਗਿਆ ਹੈ। ਇਹਨਾਂ ਕਾਵਿ ਸਿਧਾਂਤਾਂ ਦਾ ਵਰਣਨ ਅਸੀਂ ਅੱਗੇ ਲਿਖੇ ਅਨੁਸਾਰ ਕਰ ਸਕਦੇ ਹਾਂ:-

**ਰਸ ਸਿਧਾਂਤ:**

ਰਸ ਸਿਧਾਂਤ ਕਾਵਿ-ਸ਼ਾਸਤਰ ਦੇ ਅੰਤਰਗਤ ਵਿਕਸਿਤ ਹੋਈ ਅਤਿਅੰਤ ਮਹੱਤਵਪੂਰਨ ਚਿੰਤਨ ਪ੍ਰਣਾਲੀ ਹੈ। ਇਸ ਦਾ ਆਰੰਭ ਭਰਤਮੁਨੀ ਦੀ ਪ੍ਰਸਿੱਧ ਰਚਨਾ 'ਨਾਟਯ ਸ਼ਾਸਤਰ' ਨਾਲ ਹੁੰਦਾ ਹੈ। ਭਰਤਮੁਨੀ ਨੇ ਰਸ ਸਿਧਾਂਤ ਦਾ ਕੇਵਲ ਮੁੱਢ ਹੀ ਨਹੀਂ ਬੰਨ੍ਹਿਆ ਸਗੋਂ ਉਸ ਨੇ ਇਸ ਦੀ ਪ੍ਰਕਿਰਤੀ, ਪ੍ਰਯੋਜਨ ਦਾ ਭਰਪੂਰ ਵਿਸ਼ਲੇਸ਼ਣ ਕਰਦਿਆਂ ਇਸ ਦੇ ਸੋਮਿਆਂ ਬਾਰੇ ਵੀ ਗੰਭੀਰ ਚਰਚਾ ਕੀਤੀ। ਉਸ ਤੋਂ ਬਾਅਦ ਧਨੰਜਯ, ਅਭਿਨਵਗੁਪਤ, ਵਿਸ਼ਵਨਾਥ ਅਤੇ ਪੰਡਿਤ ਜਗਨਨਾਥ ਨੇ ਇਸ ਸਿਧਾਂਤ ਨੂੰ ਹੋਰ ਵਧੇਰੇ ਬਾਰੀਕੀ ਨਾਲ ਘੋਖਦਿਆਂ ਅਤੇ ਸੂਖ਼ਮ ਵਿਚਾਰ ਕਰਦਿਆਂ ਇਸ ਦੇ ਬੁਨਿਆਦੀ ਸਿਧਾਂਤਕ ਸਰੂਪ ਨੂੰ ਸਪੱਸ਼ਟ ਕਰਨ ਦਾ ਯਤਨ ਕੀਤਾ।

ਭਰਤਮੁਨੀ ਨੇ ਆਪਣੇ ਸਿਧਾਂਤ ਚਿੰਤਨ ਦਾ ਕੇਂਦਰ ਬਿੰਦੂ 'ਰਸ' ਨੂੰ ਬਣਾਇਆ ਹੈ। ਭਰਤਮੁਨੀ ਅਨੁਸਾਰ ਕਾਵਿ ਰਚਨਾ ਨੂੰ ਸੁਹਿਰਦਤਾ ਨਾਲ ਗ੍ਰਹਿਣ ਕਰਦੇ ਹੋਏ ਜਦੋਂ ਸਾਨੂੰ ਇਕ ਵਿਸ਼ੇਸ਼ ਪ੍ਰਕਾਰ ਦਾ ਸੁਆਦ ਜਾਂ ਆਨੰਦ ਪ੍ਰਾਪਤ ਹੁੰਦਾ ਹੈ, ਉਸ ਨੂੰ 'ਰਸ' ਕਿਹਾ ਜਾਂਦਾ ਹੈ। ਉਸਦੇ ਰਸ ਸਿਧਾਂਤ ਦੀ ਸਿਧਾਂਤਕ ਵਿਸ਼ੇਸ਼ਤਾ 'ਸਧਾਰਨੀਕਰਨ' ਦੀ ਧਾਰਨਾ ਹੈ।

**ਧੁਨੀ ਸਿਧਾਂਤ:**

'ਧੁਨੀ ਸਿਧਾਂਤ' ਭਾਰਤੀ ਕਾਵਿ ਸ਼ਾਸਤਰ ਦੀ ਇਕ ਵਿਲੱਖਣ ਉਪਲਬਧੀ ਵਜੋਂ ਸਾਹਮਣੇ ਆਇਆ ਹੈ। ਕਾਵਿ ਦੇ ਇਸ ਮਹੱਤਵਪੂਰਨ ਸਿਧਾਂਤ ਦੀ ਸਥਾਪਨਾ ਆਚਾਰੀਆ ਆਨੰਦ ਵਰਧਨ ਨੇ ਕੀਤੀ ਹੈ। ਆਪਣੀ ਸੁਪ੍ਰਸਿੱਧ ਰਚਨਾ 'ਧਵਨਯਾਲੋਕ' ਵਿਚ ਆਚਾਰੀਆ ਆਨੰਦ ਵਰਧਨ ਨੇ ਧੁਨੀ ਦੇ ਸਿਧਾਂਤਕ, ਸਰੂਪ, ਕਾਰਜ ਅਤੇ ਪ੍ਰਕਾਰਜ ਦਾ ਭਰਪੂਰ ਵਿਵੇਚਨ ਕੀਤਾ ਹੈ। ਆਨੰਦ ਵਰਧਨ ਅਨੁਸਾਰ, ਜਿੱਥੇ ਸ਼ਬਦ ਜੀਵਨ ਦੇ ਆਮ ਖੇਤਰ ਤੋਂ ਉੱਪਰ ਉੱਠ ਕੇ ਸ਼ਬਦ-ਸ਼ਕਤੀ ਦੇ ਮਾਧਿਅਮ ਰਾਹੀਂ ਕਿਸੇ ਅਨੋਖੇ ਜਾਂ ਵਿਅੰਗਅਰਥ ਦੀ ਅਭਿਵਿਅਕਤੀ ਕਰਦੇ ਹਨ, ਉਹ ਕਾਵਿ ਧੁਨੀ ਕਾਵਿ ਅਖਵਾਉਂਦਾ ਹੈ। ਇਸ ਪ੍ਰਕਾਰ ਧੁਨੀ-ਕਾਵਿ ਵਿਚਲਾ ਵਿਅੰਗ ਅਰਥ ਅਨੋਖਾ ਜਾਂ ਚਮਤਕਾਰੀ ਹੁੰਦਾ ਹੈ। ਧੁਨੀ ਦੀ ਇਸੇ ਵਿਸ਼ੇਸ਼ਤਾ ਕਾਰਨ ਆਨੰਦਵਰਧਨ ਨੇ ਧੁਨੀ ਨੂੰ ਕਾਵਿ ਦੀ ਆਤਮਾ ਆਖਿਆ ਹੈ। ਡਾ. ਪ੍ਰੇਮ ਪ੍ਰਕਾਸ਼ ਧੁਨੀ ਸਿਧਾਂਤ ਨੂੰ ਪਰਿਭਾਸ਼ਿਤ ਕਰਦਿਆਂ ਲਿਖਦੇ ਹਨ:-

ਧੁਨੀ ਇਕ ਤਕਨੀਕੀ ਸ਼ਬਦ ਹੈ। ਕਾਵਿ ਦੇ ਪ੍ਰਸੰਗ ਵਿਚ ਧੁਨੀ ਉਹ ਕਾਵਿ ਹੈ, ਜਿਸ ਵਿਚ ਵਿਅੰਗ ਤੇ ਰਮਜ਼ ਦੀ ਪ੍ਰਧਾਨਤਾ ਹੁੰਦੀ ਹੈ ਅਤੇ ਸੰਬੰਧਿਤ ਕਾਵਿ ਟੋਟੇ ਦਾ ਸੁਹਜ-ਸੌਂਦਰਯ ਰਮਜ਼ ਉੱਤੇ ਹੀ ਆਧਾਰਿਤ ਹੁੰਦਾ ਹੈ। ਭਾਰਤੀ ਆਲੋਚਕਾਂ ਨੇ ਉਸ ਕਾਵਿ ਨੂੰ ਸਭ ਤੋਂ ਉਤਕ੍ਰਿਸ਼ਟ ਪ੍ਰਵਾਨ ਕੀਤਾ ਹੈ।**17**

ਆਚਾਰੀਆ ਆਨੰਦ ਵਰਧਨ ਨੇ ਜਿੱਥੇ ਇਸ ਸਿਧਾਂਤ ਅਧੀਨ ਤਿੰਨ ਪ੍ਰਕਾਰ ਦੀਆਂ ਸ਼ਬਦ ਸ਼ਕਤੀਆਂ ਦੀ ਰਚਨਾ ਕੀਤੀ - 1) ਅਭਿਧਾ, 2) ਲਕਸ਼ਣਾ, 3) ਵਿਅੰਜਨਾ। ਉੱਥੇ ਹੀ ਧੁਨੀ ਦੇ ਤਿੰਨ ਉਪਭੇਦਾਂ ਨੂੰ ਮਾਨਤਾ ਦਿੱਤੀ। ਇਹ ਉਪ ਭੇਦ ਹਨ:- 1) ਵਸਤੂ ਧੁਨੀ, 2) ਅਲੰਕਾਰ ਧੁਨੀ, 3) ਰਸ ਧੁਨੀ। ਰਸ ਧੁਨੀ ਰਾਹੀਂ ਉਸ ਨੇ ਧੁਨੀ ਸਿਧਾਂਤ ਦਾ ਰਸ ਸਿਧਾਂਤ ਨਾਲ ਸੁਮੇਲ ਸਥਾਪਿਤ ਕਰਨ ਦੀ ਚੇਸ਼ਟਾ ਕੀਤੀ ਹੈ।

**ਰੀਤੀ ਸਿਧਾਂਤ:**

ਰੀਤੀ ਸਿਧਾਂਤ ਭਾਰਤੀ ਕਾਵਿ-ਸ਼ਾਸਤਰ ਦਾ ਇਕ ਮਹੱਤਵਪੂਰਨ ਕਾਵਿ-ਸਿਧਾਂਤ ਹੈ। ਇਸ ਦਾ ਪ੍ਰਵਰਤਕ ਆਚਾਰੀਆ 'ਵਾਮਨ' ਨੂੰ ਮੰਨਿਆ ਜਾਂਦਾ ਹੈ। 'ਵਾਮਨ' ਨੇ ਆਪਣੀ ਰਚਨਾ 'ਕਾਵਯਲੰਕਾਰ ਸੂਤਰ' ਵਿਚ ਰੀਤੀ ਨੂੰ ਕਾਵਿ ਦੀ ਆਤਮਾ ਵਜੋਂ ਸਥਾਪਿਤ ਕੀਤਾ। ਆਚਾਰੀਆ ਭਰਤਮੁਨੀ, ਭੋਜਰਾਜ, ਬਾਣਭੱਟ ਅਤੇ ਦੰਡੀ ਨੇ ਵੀ 'ਰੀਤੀ' ਸਿਧਾਂਤ ਦੀ ਖ਼ੂਬ ਵਿਵੇਚਨਾ ਕੀਤੀ ਹੈ। ਪਰੰਤੂ ਇਸ ਨੂੰ ਇਕ ਕਾਵਿ ਸਿਧਾਂਤ ਵਜੋਂ ਅਚਾਰੀਆ ਵਾਮਨ ਨੇ ਸਥਾਪਿਤ ਕੀਤਾ। ਉਸ ਅਨੁਸਾਰ, ਰੀਤੀ ਕਿਸੇ ਵਿਸ਼ੇਸ਼ ਕਿਸਮ ਦੀ ਪਦ ਰਚਨਾ ਹੈ - ਵਿਸ਼ੇਸ਼ ਦਾ ਅਰਥ ਹੈ ਗੁਣ ਸਹਿਤ ਹੋਣਾ। ਵਾਮਨ ਨੇ ਤਿੰਨ ਪ੍ਰਕਾਰ ਦੀਆਂ ਰੀਤੀਆਂ ਦੀ ਚਰਚਾ ਕੀਤੀ ਹੈ। ਇਹ ਹਨ: ਵੈਦਰਭੀ, ਗੌੜੀਯ ਅਤੇ ਪਾਂਚਾਲੀ ਅਤੇ ਇਹਨਾਂ ਦਾ ਸੰਬੰਧ ਭਾਰਤ ਦੇ ਵਿਭਿੰਨ ਪ੍ਰਦੇਸ਼ਕ ਖੇਤਰਾਂ ਨਾਲ ਜੋੜਿਆ ਹੈ। ਅਸਲ ਵਿਚ ਵਾਮਨ ਨੇ ਵਿਭਿੰਨ ਖੇਤਰਾਂ ਦੇ ਕੇਵਲ ਨਾਂ ਹੀ ਵਰਤੇ ਹਨ। ਉਸ ਦਾ ਮੁੱਖ ਪ੍ਰਯੋਜਨ ਤਾਂ ਵਿਭਿੰਨ ਪ੍ਰਕਾਰ ਦੀਆਂ ਕਾਵਿ ਰੀਤੀਆਂ ਦੀ, ਉਹਨਾਂ ਦੇ ਨਿਵੇਕਲੇ ਗੁਣ ਲੱਛਣਾਂ ਦੇ ਆਧਾਰ ਤੇ ਵਰਗ ਵੰਡ ਕਰਨਾ ਹੀ ਹੈ। ਰੀਤੀ ਨਾਲ ਕਾਵਿ ਉਚਿੱਤਤਾ ਤੇ ਗੌਰਵ ਕਾਇਮ ਹੁੰਦੇ ਹਨ।

**ਅਲੰਕਾਰ ਸਿਧਾਂਤ:**

ਭਾਰਤੀ ਕਾਵਿ-ਸ਼ਾਸਤਰ ਦੇ ਇਤਿਹਾਸ ਵਿਚ ਅਲੰਕਾਰ-ਸਿਧਾਂਤ ਸਭ ਤੋਂ ਪੁਰਾਣਾ ਹੈ। ਇਸ ਕਾਵਿ-ਸਿਧਾਂਤ ਨੇ ਅਲੰਕਾਰ ਨੂੰ ਕਾਵਿ ਸਿਰਜਣਾ ਦੇ ਮੂਲ ਤੱਤ ਵਜੋਂ ਸਥਾਪਿਤ ਕੀਤਾ ਹੈ। ਅਲੰਕਾਰ ਸ਼ਬਦ ਦੀ ਵਰਤੋਂ ਪੁਰਾਤਨ ਕਾਲ ਤੋਂ ਹੀ ਹੁੰਦੀ ਰਹੀ ਹੈ। ਜਿੱਥੇ ਰਿਗਵੇਦ ਵਿਚ ਉਪਮਾ ਤੇ ਰੂਪਕ ਅਲੰਕਾਰਾਂ ਦੀ ਵਰਤੋਂ ਕੀਤੀ ਗਈ ਹੈ। ਉੱਥੇ ਹੀ ਪਾਣਿਨੀ, ਕਾਤਿਆਨ ਤੇ ਪਾਤੰਜਲੀ ਵਰਗੇ ਵਿਆਕਰਨਕਾਰਾਂ ਨੇ ਵੀ ਅਲੰਕਾਰ ਸੰਬੰਧੀ ਪਰਿਭਾਸ਼ਿਕ ਸ਼ਬਦਾਂ ਦੀ ਵਰਤੋਂ ਕੀਤੀ ਹੈ। ਪਰੰਤੂ ਇਸ ਨੂੰ ਇਕ ਕਾਵਿ ਸਿਧਾਂਤ ਵਜੋਂ ਅਚਾਰੀਆ ਭਾਮਹ ਨੇ ਆਪਣੇ ਗ੍ਰੰਥ 'ਕਾਵਯਲੰਕਾਰ' ਰਾਹੀਂ ਸਥਾਪਿਤ ਕੀਤਾ। ਉਸ ਨੇ ਵਿਭਿੰਨ ਪ੍ਰਕਾਰ ਦੇ 35 ਅਲੰਕਾਰਾਂ ਬਾਰੇ ਚਰਚਾ ਕੀਤੀ। ਅਸਲ ਵਿਚ ਇਹ ਇਕ ਅਜਿਹਾ ਕਾਵਿ-ਸਿਧਾਂਤ ਹੈ ਜੋ ਕਾਵਿਕ ਰਚਨਾਵਾਂ ਦੇ ਸੁਹਜਾਤਮਕ ਪ੍ਰਭਾਵ ਨੂੰ ਉਸ ਦੇ ਭਾਸ਼ਾਈ ਸੰਗਠਨ ਵਿਚੋਂ ਤਲਾਸ਼ ਕਰਨ ਵੱਲ ਰੁਚਿਤ ਹੈ। ਉਹ ਅਲੰਕਾਰ ਦੀ ਵਿਉਂਤਪੱਤੀ ਸੰਬੰਧੀ ਲਿਖਦੇ ਹਨ: 'ਅਲੰਕਰੋਤਿ ਇਤਿ ਅਲੰਕਾਰਹ' ਭਾਵ ਜੋ ਸਜਾਉਂਦਾ ਹੈ-ਉਹ ਅਲੰਕਾਰ ਹੈ। ਅਚਾਰੀਆ ਭਾਮਹਾ ਅਤੇ ਦੰਡੀ ਰਸਾਂ ਨੂੰ ਅਲੰਕਾਰਾਂ ਦੇ ਸਹਾਇਕ ਵਜੋਂ ਮੰਨਦਿਆਂ 'ਰਸਵਤ' ਦੀ ਧਾਰਨਾ ਪੇਸ਼ ਕਰਦੇ ਹਨ। ਇਸ ਸੰਬੰਧੀ ਡਾ. ਪੀ.ਵੀ. ਕਾਨੇ ਲਿਖਦੇ ਹਨ:

ਅਲੰਕਾਰ ਕਾਵਿ ਦਾ ਬਹੁਤ ਮਹੱਤਵਪੂਰਨ ਹਿੱਸਾ ਪ੍ਰਤੀਤ ਹੁੰਦੇ ਹਨ। ਜਿਹੜੇ ਲੇਖਕ (ਚਿੰਤਕ) ਕਾਵਿ ਵਿਚ ਰਸ ਦੀ ਹੋਂਦ ਸੰਬੰਧੀ ਪੂਰੀ ਤਰ੍ਹਾਂ ਜਾਗਰੂਕ ਸਨ ਅਤੇ ਇਸ ਸਿਧਾਂਤ ਨੂੰ ਕਾਵਿ ਵਿਚ ਲਾਗੂ ਕਰਨਾ ਚਾਹੁੰਦੇ ਸਨ, ਉਹਨਾਂ ਨੇ ਰਸਾਂ ਨੂੰ ਅਲੰਕਾਰ ਦੇ ਸਹਾਇਕ ਵਜੋਂ ਪੇਸ਼ ਕੀਤਾ ਅਤੇ ਇਸ ਨੂੰ 'ਰਸਵਤ' ਕਿਹਾ।

ਵੱਖ-ਵੱਖ ਵਿਦਵਾਨਾਂ ਨੇ ਅਲੰਕਾਰਾਂ ਦੀ ਗਿਣਤੀ ਵੱਖ-ਵੱਖ ਮੰਨੀ ਹੈ। ਅਚਾਰੀਆ ਵਿਸ਼ਵਨਾਥ ਨੇ ਇਹਨਾਂ ਨੂੰ ਤਿੰਨ ਭਾਗਾਂ ਵਿਚ ਵਰਗੀਕ੍ਰਿਤ ਕੀਤਾ ਹੈ: 1) ਸ਼ਬਦ ਅਲੰਕਾਰ, 2) ਅਰਥ ਅਲੰਕਾਰ, 3) ਸ਼ਬਦਾਰਥ ਅਲੰਕਾਰ। ਅੱਗੇ ਇਹਨਾਂ ਦੇ ਕਈ ਉਪ ਭੇਦ ਹਨ।

**ਵਕ੍ਰੋਕਤੀ ਸਿਧਾਂਤ:**

ਭਾਰਤੀ ਕਾਵਿ-ਸ਼ਾਸਤਰ ਦੀ ਸਿਧਾਂਤਕ ਪੰਰਪਰਾ ਵਿਚ ਅਗਲਾ ਮਹੱਤਵਪੂਰਨ ਸਥਾਨ 'ਵਕ੍ਰੋਕਤੀ ਸਿਧਾਂਤ' ਨੂੰ ਪ੍ਰਾਪਤ ਹੈ। ਵਕ੍ਰੋਕਤੀ ਦਾ ਸ਼ਾਬਦਿਕ ਅਰਥ ਹੈ 'ਟੇਢੀ ਜਾਂ ਵਿਅੰਗਪੂਰਨ ਉਕਤੀ'। ਇਸ ਸਿਧਾਂਤ ਪਰੰਪਰਾ ਦੇ ਮੋਢੀ ਅਚਾਰੀਆ ਕੁੰਤਕ ਹਨ। ਵਕ੍ਰੋਕਤੀ ਦੀ ਪਰਿਭਾਸ਼ਾ ਕਰਦਿਆਂ ਉਹ ਆਪਣੇ ਗ੍ਰੰਥ 'ਵਕ੍ਰੋਕਤੀ ਜੀਵਿਤ' ਦੀ ਕਾਰਿਕਾ 10 ਦੀ ਵ੍ਰਿਤੀ ਵਿਚ ਆਖਦੇ ਹਨ:-

ਵਕ੍ਰੋਕਤੀ ਤੋਂ ਭਾਵ ਹੈ ਪ੍ਰਸਿੱਧ ਕਥਨ ਤੋਂ ਵਿਲੱਖਣ ਪ੍ਰਕਾਰ ਦਾ ਕਥਨ ਚਤੁਰ ਢੰਗ ਨਾਲ ਕਿਹਾ ਗਿਆ ਕਥਨ ਭਾਵ ਕਵੀ ਦੇ ਕਰਮ ਦੀ ਨਿਪੁੰਨਤਾ।**19**

ਅਚਾਰੀਆ ਕੁੰਤਕ ਨੇ ਵਕ੍ਰੋਕਤੀ ਦੀਆਂ ਛੇ ਪ੍ਰਕਾਰ ਦੀਆਂ ਕਿਸਮਾਂ ਦਾ ਵਰਣਨ ਕੀਤਾ ਹੈ। ਇਹ ਹਨ: ਵਰਣ ਵਿਨਯਾਸ ਵਕ੍ਰਤਾ, ਪਦ-ਪੂਰਵਾਰਧ ਵਕ੍ਰਤਾ, ਪਦ-ਪਰਾਰਧ ਵਕ੍ਰਤਾ, ਵਾਕ ਵਕ੍ਰਤਾ, ਪ੍ਰਕਰਣ ਵਕ੍ਰਤਾ ਅਤੇ ਪ੍ਰਬੰਧ ਵਕ੍ਰਤਾ। ਇਸ ਪ੍ਰਕਾਰ ਇਸ ਕਾਵਿ-ਸਿਧਾਂਤ ਰਾਹੀਂ ਕੁੰਤਕ ਨੇ ਕਾਵਿ ਦੇ ਸਮੁੱਚੇ ਪਸਾਰ ਨੂੰ ਵਕ੍ਰਤਾ ਦੇ ਅੰਤਰਗਤ ਲਿਆਉਣ ਦੀ ਚੇਸ਼ਟਾ ਕੀਤੀ ਹੈ।

**ਔਚਿਤਯ ਸਿਧਾਂਤ:**

ਭਾਰਤੀ ਕਾਵਿ-ਸ਼ਾਸਤਰ ਦੇ ਵਿਭਿੰਨ ਕਾਵਿ-ਸਿਧਾਂਤਾਂ ਵਿਚੋਂ ਔਚਿਤਯ ਦੇ ਸਿਧਾਂਤ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਇਸ ਸਿਧਾਂਤ ਦਾ ਮੋਢੀ ਆਚਾਰੀਆ ਕਸ਼ਮੇਂਦਰ ਨੂੰ ਮੰਨਿਆ ਜਾਂਦਾ ਹੈ। ਉਸ ਨੇ ਆਪਣੀ ਰਚਨਾ 'ਔਚਿਤਯ ਵਿਚਾਰ ਚਰਚਾ' ਵਿਚ ਇਸ ਸਿਧਾਂਤ ਦਾ ਪ੍ਰਤੀਪਾਦਨ ਕੀਤਾ ਹੈ। ਉਸ ਨੇ ਕਾਵਿ ਦੇ ਵਿਭਿੰਨ ਅੰਗਾਂ ਉੱਪਰ ਆਧਾਰਿਤ ਔਚਿਤਯ ਦੀਆਂ 27 ਕਿਸਮਾਂ ਬਿਆਨ ਕੀਤੀਆਂ ਹਨ, ਜਿਹਨਾਂ ਨੂੰ ਉਸ ਨੇ ਤਿੰਨ ਭਾਗਾਂ ਵਿਚ ਵੰਡਿਆ ਹੈ। ਪਹਿਲਾ ਭਾਗ ਭਾਸ਼ਾ ਨਾਲ ਸੰਬੰਧਿਤ ਹੈ। ਦੂਸਰੇ ਵਰਗ ਵਿਚ ਕਾਵਿ ਰਚਨਾ ਦੇ ਕਾਵਿ-ਸ਼ਾਸਤਰੀ ਵਿਸ਼ਿਆਂ ਨੂੰ ਰੱਖਿਆ ਜਾਂਦਾ ਹੈ ਅਤੇ ਤੀਸਰੇ ਵਰਗ ਵਿਚ ਵਰਣਿਤ ਵਿਸ਼ੇ ਨਾਲ ਸੰਬੰਧਿਤ ਤੱਤਾਂ ਦਾ ਵਰਣਨ ਕੀਤਾ ਗਿਆ ਹੈ। ਕਸ਼ਮੇਂਦਰ ਅਨੁਸਾਰ ਇਹਨਾਂ ਸਾਰੇ ਅੰਗਾਂ ਦਾ ਆਧਾਰ ਔਚਿਤਯ ਹੀ ਹੈ।

ਇਸ ਪ੍ਰਕਾਰ ਭਾਰਤੀ ਕਾਵਿ-ਸ਼ਾਸਤਰ ਦੇ ਅੰਤਰਗਤ ਸਾਹਮਣੇ ਆਏ ਇਹਨਾਂ ਸਮੂਹ ਕਾਵਿ ਸਿਧਾਂਤਾਂ ਦਾ ਸਰਵੇਖਣ ਇਸ ਗੱਲ ਦਾ ਡੂੰਘਾ ਅਹਿਸਾਸ ਕਰਾਉਂਦਾ ਹੈ ਕਿ ਭਾਰਤੀ ਕਾਵਿ-ਸ਼ਾਸਤਰ ਅਤੇ ਸੁਹਜ-ਸ਼ਾਸਤਰ ਦੀ ਪਰੰਪਰਾ ਨੇ ਕਾਵਿ ਅਤੇ ਕਲਾ ਦੇ ਖੇਤਰ ਵਿਚ ਮਹੱਤਵਪੂਰਨ ਚਿੰਤਨ ਕੀਤਾ ਹੈ।

ਪੱਛਮੀ ਸਾਹਿਤ ਸਿਧਾਂਤ ਅਤੇ ਭਾਰਤੀ ਕਾਵਿ-ਸ਼ਾਸਤਰ ਦੋਵੇਂ ਬੌਧਿਕ ਪਰੰਪਰਾਵਾਂ ਭਾਵੇਂ ਆਪੋ-ਆਪਣੀਆਂ ਸਿਧਾਂਤਕ ਅਤੇ ਵਿਧੀਗਤ ਵਿਲੱਖਣਤਾਵਾਂ ਸਮੇਤ ਇਕ ਦੂਜੇ ਦੇ ਰੂ-ਬ-ਰੂ ਹੁੰਦੀਆਂ ਹਨ, ਪਰੰਤੂ ਤਾਂ ਵੀ ਇਹਨਾਂ ਵਿਚ ਸਮਾਨਤਾ ਅਤੇ ਸੁਮੇਲਤਾ ਦੇ ਅਨੇਕਾਂ ਸੂਤਰ ਦ੍ਰਿਸ਼ਟੀਗੋਚਰ ਹੁੰਦੇ ਹਨ। ਆਧੁਨਿਕ ਕਾਲ ਵਿਚ ਪੱਛਮੀ ਸਾਹਿਤ-ਸਿਧਾਂਤ ਚਿੰਤਨ ਵਿਚ ਮਕਬੂਲ ਹੋਏ ਅਨੇਕਾਂ ਸਾਹਿਤ ਤੇ ਕਾਵਿ ਸਿਧਾਂਤਾਂ ਦਾ ਆਰੰਭ ਭਾਰਤੀ ਚਿੰਤਨ ਪਰੰਪਰਾ ਵਿਚ ਬਹੁਤ ਸਦੀਆਂ ਪਹਿਲਾਂ ਹੋ ਚੁੱਕਾ ਹੈ। ਡਾ. ਰਾਜਿੰਦਰਪਾਲ ਸਿੰਘ ਬਰਾੜ 'ਆਧੁਨਿਕ ਪੰਜਾਬੀ ਕਵਿਤਾ ਅਤੇ ਅਲੰਕਾਰ' ਪੁਸਤਕ ਦੀ ਭੂਮਿਕਾ ਵਿਚ ਲਿਖਦੇ ਹਨ:

ਚਿੰਨ੍ਹੀ ਕਰਨ ਦੀ ਜਿਸ ਪ੍ਰਕਿਰਿਆ ਨੂੰ ਰੋਲਾ ਬਾਰਤ ਵਰਗਿਆਂ ਨੇ ਪਿਛਲੀ ਸਦੀ ਵਿਚ ਪਛਾਣਿਆ ਹੈ, ਉਹ ਭਾਰਤੀ ਕਾਵਿ-ਸ਼ਾਸਤਰ ਦੇ ਧੁਨੀ ਆਚਾਰੀਆਂ ਨੇ ਸਦੀਆਂ ਪਹਿਲਾਂ ਪਛਾਣ ਲਿਆ ਸੀ। ... ਸਾਹਿਤ ਦੇ ਮਨੋਵਿਸ਼ਲੇਸ਼ਣਾਤਮਕ ਅਧਿਐਨ ਆਧਾਰਿਤ ਜਿਸ ਪਾਠਕ ਦੀ ਅਨੁਕਿਰਿਆ ਦਾ ਸਿਧਾਂਤ ਹੁਣ ਪ੍ਰਚਲਿਤ ਹੋਇਆ ਹੈ, ਇਸਦਾ ਭੇਦ ਤਾਂ ਭਰਤਮੁਨੀ ਨੇ ਈਸਾ ਦੇ ਜਨਮ ਦੇ ਲਾਗੇ-ਚਾਗੇ ਲਾ ਲਿਆ ਸੀ।**20**

ਇਸ ਪ੍ਰਕਾਰ ਪੱਛਮ ਵਿਚ ਜਿਹੜੀਆਂ ਅੰਤਰ-ਦ੍ਰਿਸ਼ਟੀਆਂ ਹੁਣ ਸੰਰਚਨਾਵਾਦੀ ਤੇ ਵਿਰਚਨਾਵਾਦੀ ਚਿੰਤਨ ਰਾਹੀਂ ਸਾਹਮਣੇ ਆ ਰਹੀਆਂ ਹਨ, ਉਹਨਾਂ ਨਾਲ ਮਿਲਦੀਆਂ ਜੁਲਦੀਆਂ ਅੰਤਰ-ਦ੍ਰਿਸ਼ਟੀਆਂ ਭਾਰਤੀ ਚਿੰਤਨ ਅਤੇ ਦਰਸ਼ਨ, ਖ਼ਾਸ ਤੌਰ ਤੇ ਬੋਧ-ਦਰਸ਼ਨ ਵਿਚ ਹਜ਼ਾਰਾਂ ਸਾਲ ਪਹਿਲਾਂ ਤੋਂ ਪ੍ਰਵਚਨ ਦਾ ਵਿਸ਼ਾ ਰਹੀਆਂ ਹਨ। ਬੋਧ-ਦਰਸ਼ਨ ਨਾਲ ਸੰਬੰਧਿਤ ਪ੍ਰਸਿੱਧ ਚਿੰਤਕਾਂ ਨਾਗਾਰਜੁਨ ਅਤੇ ਦਿੰਗਨਾਗ ਨੇ ਆਪਣੇ ਗ੍ਰੰਥਾਂ ਵਿਚ 'ਸੂਨਯ' ਅਤੇ 'ਅਪੋਹ' ਵਰਗੇ ਮਹੱਤਵਪੂਰਨ ਸੰਕਲਪ ਪ੍ਰਸਤੁਤ ਕੀਤੇ ਹਨ ਜੋ ਭਾਸ਼ਾਈ ਸੰਰਚਨਾ ਦਾ ਤਾਰਕਿਕ ਵਿਵੇਚਨ ਕਰਨ ਲਈ ਨਵੀਨ ਅੰਤਰ-ਦ੍ਰਿਸ਼ਟੀਆਂ ਪ੍ਰਦਾਨ ਕਰਦੇ ਹਨ। ਇਹਨਾਂ ਚਿੰਤਕਾਂ ਦੁਆਰਾ ਸਥਾਪਿਤ ਕੀਤੇ ਗਏ ਸੂਨਯ ਤੇ ਅਪੋਹ ਦੇ ਸਿਧਾਂਤਾਂ ਦਾ ਵਿਵੇਚਨ 20ਵੀਂ ਸਦੀ ਦੇ ਸੋਸਿਊਰ ਅਤੇ ਦੇਰੀਦਾ ਦੇ ਵਿਵੇਚਨ ਨਾਲ ਕਾਫ਼ੀ ਸਮਾਨਤਾ ਰੱਖਦਾ ਹੈ। ਇਸ ਸੰਬੰਧੀ ਡਾ. ਗੋਪੀ ਚੰਦ ਨਾਰੰਗ ਲਿਖਦੇ ਹਨ:

ਅਪੋਹ ਸਿਧਾਂਤ ਦਾ ਸਰੂਪ ਅਜਿਹਾ ਹੈ ਕਿ ਉਸ ਦੇ ਅੰਦਰਲੇ ਅਰਥ ਉੱਪਰ ਵਿਚਾਰ ਕਰਦੇ ਹੋਏ ਹੈਰਾਨੀ ਹੁੰਦੀ ਹੈ ਕਿ ਜਿਹਨਾਂ ਨਤੀਜਿਆਂ ਤੱਕ ਆਧੁਨਿਕ ਭਾਸ਼ਾ ਵਿਗਿਆਨ ਅਤੇ ਉੱਤਰ-ਸੰਰਚਨਾਵਾਦ ਤੇ ਵਿਰਚਨਾਵਾਦ 20ਵੀਂ ਸਦੀ ਵਿਚ ਪਹੁੰਚੇ ਹਨ, ਉਹਨਾਂ ਤੱਕ ਬੋਧ ਪ੍ਰਤਿਭਾ ਸਦੀਆਂ ਪਹਿਲਾਂ ਪਹੁੰਚ ਚੁੱਕੀ ਸੀ।

ਭਾਤਰੀ ਕਾਵਿ-ਸ਼ਾਸਤਰ ਦੀ ਪਰੰਪਰਾ ਵਿਚ ਰਸ ਸੰਪ੍ਰਦਾਇ ਦਾ ਵਿਸ਼ੇਸ਼ ਮਹੱਤਵ ਹੈ। ਇਸ ਸੰਪ੍ਰਦਾਇ ਵਿਚ 'ਸਧਾਰਨੀਕਰਨ' ਦਾ ਸਿਧਾਂਤ ਖ਼ਾਸ ਮਹੱਤਤਾ ਦਾ ਧਾਰਨੀ ਹੈ। ਇਹ ਸਿਧਾਂਤ ਆਚਾਰੀਆ ਭੱਟ ਨਾਯਕ ਦੀ ਦੇਣ ਹੈ। ਪੱਛਮੀ ਸਾਹਿਤ-ਸਿਧਾਂਤ ਚਿੰਤਨ ਵਿਚ ਐਬਰਕ੍ਰਾਬੀ ਦਾ Universalisation ਦਾ ਸਿਧਾਂਤ ਅਤੇ ਟੀ.ਐਸ. ਇਲੀਅਟ ਦਾ Concrete Objectification ਦਾ ਸਿਧਾਂਤ ਇਸਦੇ ਸਮਰੂਪ ਸਿਧਾਂਤ ਹਨ। ਇਲੀਅਟ ਨੇ ਇਸ ਨੂੰ depersonalisation ਵੀ ਕਿਹਾ ਹੈ। ਰੂਸੀ ਰੂਪਵਾਦੀਆਂ ਦਾ 'ਅਜਨਬੀਕਰਨ' ਦਾ ਸਿਧਾਂਤ ਵੀ ਸਧਾਰਨੀਕਰਨ ਨਾਲ ਮਿਲਦਾ-ਜੁਲਦਾ ਸਿਧਾਂਤ ਹੈ।

ਧੁਨੀ ਸਿਧਾਂਤ ਸੰਬੰਧੀ ਵੀ ਭਾਰਤੀ ਤੇ ਪੱਛਮੀ ਸਾਹਿਤ ਚਿੰਤਕਾਂ ਵਿਚ ਸਮਾਨਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਐਬਰਡਾਬੀ ਦਾ Power of Suggestion ਅਤੇ ਆਈ.ਏ. ਰਿਚਰਡਜ਼ ਦਾ ਅਰਥਾਂ ਨੂੰ ਚਾਰ ਭਾਗਾਂ (Sense, Feeling, Tone, Intention) ਵਿਚ ਵੰਡਣਾ ਅਤੇ Intention ਦਾ ਜ਼ਿਆਦਾ ਮਹੱਤਵ ਸਵੀਕਾਰ ਕਰਨਾ ਇਸ ਤੱਥ ਦੀ ਪੁਸ਼ਟੀ ਹੈ ਕਿਉਂਕਿ ਭਾਰਤੀ ਸਾਹਿਤ ਵਿਚ ਇਸੇ ਨੂੰ 'ਵਿਅੰਜਨ ਸ਼ਕਤੀ' ਕਿਹਾ ਜਾਂਦਾ ਹੈ।

ਭਾਰਤੀ ਸਾਹਿਤ ਵਾਂਗ ਪੱਛਮੀ ਸਾਹਿਤ ਵਿਚ ਵੀ ਅਲੰਕਾਰ ਸਿਧਾਂਤ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਹੈ। Rhetorics ਦਾ ਭਾਵ ਲਗਭਗ ਇਹੋ ਅਲੰਕਾਰ-ਸ਼ਾਸਤਰ ਹੈ। ਸਾਹਿਤ ਸ਼ਾਸਤਰ ਵਿਚ 'ਉਦਾਤ' ਸਿਧਾਂਤ ਦੀ ਸਥਾਪਨਾ ਕਰਨ ਵਾਲੇ ਪ੍ਰਸਿੱਧ ਚਿੰਤਕ ਲੌਨਜਾਈਨਸ ਨੇ ਉਦਾਤ ਸ਼ੈਲੀ ਦੇ ਪੰਜ ਸੋਮਿਆਂ ਦਾ ਜ਼ਿਕਰ ਕੀਤਾ ਹੈ ਜਿਹਨਾਂ ਵਿਚ ਉਸ ਨੇ ਅਲੰਕਾਰਾਂ ਨੂੰ ਵਿਸ਼ੇਸ਼ ਮਹੱਤਵ ਦਿੱਤਾ ਹੈ। ਇਸ ਪ੍ਰਕਾਰ ਕਾਵਿ ਵਿਚ ਅਲੰਕਾਰਾਂ ਦੇ ਮਹੱਤਵ ਨੂੰ ਭਾਰਤੀ ਕਾਵਿ ਚਿੰਤਕਾਂ ਵਾਂਗ ਲਗਭਗ ਹਰੇਕ ਪੱਛਮੀ ਕਾਵਿ-ਚਿੰਤਕ ਨੇ ਸਵੀਕਾਰਿਆ ਹੈ।

ਭਾਰਤੀ ਕਾਵਿ-ਸ਼ਾਸਤਰ ਵਿਚ ਰੀਤੀ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਹੈ। ਅੰਗਰੇਜ਼ੀ ਭਾਸ਼ਾ ਵਿਚ ਰੀਤੀ ਨੂੰ 'ਸ਼ੈਲੀ' ਦੇ ਰੂਪ ਵਿਚ ਸਵੀਕਾਰ ਕੀਤਾ ਜਾਂਦਾ ਹੈ। ਪੱਛਮੀ ਸਾਹਿਤ ਸ਼ਾਸਤਰ ਵਿਚ ਸ਼ੈਲੀ ਦੇ ਮਹੱਤਵ ਦੀ ਪੂਰੀ ਪ੍ਰਤਿਸ਼ਠਾ ਹੈ। ਪਲੈਟੋ, ਅਰਸਤੂ, ਟੇਰੈਸ, ਸਿਸਰੋ, ਦਾਂਤੇ, ਹੋਰੇਸ, ਬੈਨ ਜਾਨਸਨ ਵਰਗੇ ਪ੍ਰਸਿੱਧ ਚਿੰਤਕਾਂ ਨੇ ਜਿੱਥੇ ਸ਼ੈਲੀ ਦੇ ਮਹੱਤਵ ਨੂੰ ਸਹਿਜੇ ਹੀ ਪਛਾਣਿਆ ਹੈ, ਉੱਥੇ ਹੀ ਆਪੋ-ਆਪਣੇ ਸਿਧਾਂਤ ਚਿੰਤਨ ਅਨੁਸਾਰ ਸ਼ੈਲੀ ਦੀ ਪ੍ਰਕਾਰ ਵੰਡ ਕਰਕੇ ਇਸ ਦੇ ਵਿਕਾਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਆਚਾਰੀਆ ਕੁੰਤਕ ਦੇ ਵਕ੍ਰੋਕਤੀ ਸਿਧਾਂਤ ਦੀ ਤੁਲਨਾ ਅਸੀਂ 20ਵੀਂ ਸਦੀ ਦੇ ਪਹਿਲੇ ਅੱਧ ਵਿਚ ਸਾਹਮਣੇ ਆਈ ਰੂਸੀ ਰੂਪਵਾਦੀ ਆਲੋਚਨਾ ਪ੍ਰਣਾਲੀ ਦੀ ਤੁਲਨਾ ਵਿਚ ਰੱਖ ਕੇ ਕਰ ਸਕਦੇ ਹਾਂ, ਜਿਸ ਨੇ ਕਾਵਿ-ਕਿਰਤ ਦਾ ਕੇਂਦਰੀ ਧੁਰਾ 'ਅਜਨਬੀਕਰਨ' ਮੰਨਦਿਆਂ ਹੋਇਆਂ ਇਸੇ ਕਿਸਮ ਦੀ ਵਕ੍ਰਤਾ ਦਾ ਸਮਰਥਨ ਕੀਤਾ ਹੈ। ਇਸ ਤਰ੍ਹਾਂ ਵਕ੍ਰਤਾ ਪੂਰਬ ਅਤੇ ਪੱਛਮ ਦੀ ਸਿਧਾਂਤਕ ਪਰੰਪਰਾ ਨੂੰ ਜੋੜਨ ਵਾਲੀ ਇਕ ਲੜੀ ਸਿੱਧ ਹੁੰਦੀ ਹੈ। ਹਿੰਦੀ ਸਾਹਿਤ ਦੇ ਪ੍ਰਸਿੱਧ ਚਿੰਤਕ ਡਾ. ਰਾਮਦੱਤ ਭਾਰਦਵਾਜ ਵਕ੍ਰੋਕਤੀ ਸਿਧਾਂਤ ਦੇ ਆਚਾਰੀਆ

ਕੁੰਤਕ ਅਤੇ ਅਭਿਵਿਅੰਜਨਾ ਸਿਧਾਂਤ ਦੇ ਪ੍ਰਮੁੱਖ ਚਿੰਤਕ ਕ੍ਰੋਚੇ ਦੇ ਵਿਚਾਰਾਂ ਵਿਚ ਕਾਵਿ ਕਲਾ ਸੰਬੰਧੀ ਸਮਾਨਤਾ ਦਾ ਵਰਣਨ ਕਰਦਿਆਂ ਆਖਦੇ ਹਨ:

ਅਭਿਵਿਅੰਜਨਵਾਦੀ ਕ੍ਰੋਚੇ ਅਤੇ ਵਕ੍ਰੋਕਤੀਵਾਦੀ ਕੁੰਤਕ ਦੋਵੇਂ ਹੀ ਅਭਿਵਿਅੰਜਨਾ ਭਾਵ ਉਕਤੀ ਵਿਚ ਕਾਵਿਕਤਾ ਨੂੰ ਜ਼ਿਆਦਾ ਮਹੱਤਵ ਦਿੰਦੇ ਹਨ, ਵਸਤੂ ਅਤੇ ਭਾਵ ਨੂੰ ਘੱਟ ਕਿਉਂਕਿ ਦੋਵੇਂ ਹੀ ਸੰੁਦਰਤਾ ਦੀਆਂ ਸ਼੍ਰੇਣੀਆਂ ਨਹੀਂ ਮੰਨਦੇ ਅਤੇ ਦੋਵੇਂ ਹੀ ਸਫ਼ਲ ਅਭਿਵਿਅੰਜਨ ਨੂੰ ਹੀ ਸੁੰਦਰਤਾ ਮੰਨਦੇ ਹਨ।

ਪੱਛਮੀ ਸਾਹਿਤ ਸਿਧਾਂਤ ਦੀ ਪਰੰਪਰਾ ਵਿਚ ਲੌਂਜਾਈਨਸ ਦੇ 'ਉਦਾਤ' ਸਿਧਾਂਤ ਦਾ ਵਿਸ਼ੇਸ਼ ਮਹੱਤਵ ਹੈ, ਜਿਸ ਅਧੀਨ ਰਚਨਾ ਵਿਚ ਕਾਵਿ ਉੱਤਮਤਾ ਜਾਂ ਉਸਦੀ ਉਦਾਤ ਸਥਿਤੀ ਵੱਲ ਸੰਕੇਤ ਕੀਤਾ ਜਾਂਦਾ ਹੈ ਅਤੇ ਉਦਾਤ ਦੇ ਇਸੇ ਮਾਪਦੰਡ ਨੂੰ ਸਾਹਮਣੇ ਰੱਖ ਕੇ ਕਾਵਿ ਰਚਨਾ ਦੇ ਗੁਣਾਂ ਲੱਛਣਾਂ ਦਾ ਵਿਵੇਚਨ ਕੀਤਾ ਜਾਂਦਾ ਹੈ। ਭਾਰਤੀ ਕਾਵਿ ਸਿਧਾਂਤ ਚਿੰਤਨ ਵਿਚ ਆਚਾਰੀਆ ਕਸ਼ਮੇਂਦਰ ਦਾ 'ਔਚਿਤਯ ਸਿਧਾਂਤ' ਕਾਵਿਕ ਰਚਨਾਵਾਂ ਦਾ ਇਸੇ ਪੱਖੋਂ ਵਿਸ਼ਲੇਸ਼ਣ ਕਰਦਾ ਹੈ।

ਉੱਤਰ-ਸੰਰਚਨਾਵਾਦੀ ਯੁੱਗ ਵਿਚ ਵੋਲਫਗੈਂਗ, ਈਸ਼ਰ ਅਤੇ ਸਟੈਨਲੇ ਫਿਸ਼ ਨੇ 'ਪਾਠਕ ਦੀ ਅਨੁਕ੍ਰਿਆ' ਸਿਧਾਂਤ ਅਧੀਨ ਪਾਠਕ ਦੇ ਮਹੱਤਵ ਉੱਤੇ ਜ਼ੋਰ ਦਿੱਤਾ ਹੈ, ਭਾਰਤੀ ਕਾਵਿ-ਸ਼ਾਸਤਰ ਵਿਚ ਖ਼ਾਸ ਕਰਕੇ ਧੁਨੀ ਸੰਪ੍ਰਦਾਇ ਵਿਚ ਵੀ ਪਾਠਕ ਨੂੰ ਲੇਖਕ ਦੇ ਬਰਾਬਰ ਸਵੀਕਾਰ ਕੀਤਾ ਜਾਂਦਾ ਹੈ। ਪ੍ਰਸਿੱਧ ਚਿੰਤਕ ਈਸ਼ਰ ਅਨੁਸਾਰ:

ਇਹ ਪਾਠ ਹੀ ਹੈ ਜੋ ਆਪਣੇ ਅਰਥ ਸਪਸ਼ਟੀਕਰਨ ਦੇ ਕੰਮ ਦੁਆਰਾ ਸਾਹਿਤਕ ਮੂਲ ਪਾਠਾਂ ਦੇ ਖੱਪੇ ਭਰਦਾ ਹੈ। ਇਹ ਸੁਹਿਰਦ ਪਾਠਕ ਦੀ ਅਨੁਕ੍ਰਿਆ ਹੀ ਹੈ ਜੋ ਅਰਥਾਂ ਨੂੰ ਸੰਪੂਰਣ ਬਣਾਉਂਦੀ ਹੈ। ਭਾਰਤੀ ਸਾਹਿਤ ਸਿਧਾਂਤ, ਖ਼ਾਸ ਕਰਕੇ ਧੁਨੀ ਸੰਪ੍ਰਦਾਇ ਪਾਠਕ ਨੂੰ ਲੇਖਕ ਦੇ ਬਰਾਬਰ ਖੜ੍ਹਾ ਕਰਦੀ ਹੈ।

ਡਾ. ਹਰਿਭਜਨ ਸਿੰਘ ਭਾਰਤੀ ਕਾਵਿ-ਸ਼ਾਸਤਰੀ ਚਿੰਤਕਾਂ ਦੇ ਮੌਲਿਕ ਸਿਧਾਂਤਾਂ ਨੂੰ ਅਰਸਤੂ ਦੇ ਕਾਵਿ-ਸ਼ਾਸਤਰ ਦੇ ਪਰਿਪੇਖ ਵਿਚ ਰੱਖ ਕੇ ਵਾਚਦੇ ਹਨ ਅਤੇ ਹਰ ਪੱਖੋਂ ਉਹਨਾਂ ਦੀ ਉੱਤਮਤਾ ਸਿੱਧ ਕਰਦੇ ਹਨ। ਉਹ ਭਾਵੇਂ ਅਰਸਤੂ ਦੇ ਕਾਵਿ-ਸ਼ਾਸਤਰ ਨੂੰ ਅਤਿ ਮਹਾਨ ਮੰਨਦੇ ਹਨ ਪਰੰਤੂ ਨਾਲ ਹੀ ਸਾਹਿਤ ਦਰਸ਼ਨ ਦੇ ਤੱਤ ਚਿੰਤਨ ਦੇ ਖੇਤਰ ਵਿਚ ਭਾਰਤ ਦੀ ਸਾਧਨਾ ਅਤੇ ਸਿੱਧੀ ਨੂੰ ਵਧੇਰੇ ਪੂਰਨ ਆਖਦੇ ਹਨ। ਉਹਨਾਂ ਅਨੁਸਾਰ:

ਅਰਸਤੂ ਵਿਸ਼ਵ ਕਾਵਿ ਸ਼ਾਸਤਰ ਦਾ ਮੋਢੀ ਹੈ। ਭਾਰਤੀ ਕਾਵਿ-ਸ਼ਾਸਤਰ ਦੇ ਵਿਦਿਆਰਥੀਆਂ ਨੂੰ ਸ਼ਰਧਾ ਨਾਲ ਉਸ ਦੇ ਸਿਧਾਂਤਾਂ ਨੂੰ ਸਮਝਣਾ ਚਾਹੀਦਾ ਹੈ ਪਰ ਉਸਦੇ ਦਿਲ ਵਿਚ ਕਿਸੇ ਪ੍ਰਕਾਰ ਦਾ ਭੈ ਜਾਂ ਸ਼ੰਕਾ ਨਹੀਂ ਹੋਣੀ ਚਾਹੀਦੀ ਕਿਉਂਕਿ ਉਸਦੀ ਆਪਣੀ ਪਰੰਪਰਾ ਸਚਮੁਚ ਹੀ ਵਧੇਰੇ ਗੰਭੀਰ ਅਤੇ ਪੂਰਨ ਹੈ।

## ਸਾਰ-ਅੰਸ਼:

ਉਨੀਵੀਂ ਸਦੀ(19ਵੀ) ਵਿੱਚ ਸਾਰੇ ਯੂਰਪ ਵਿੱਚ ਪਰ ਖਾਸ ਕਰਕੇ ਫਰਾਂਸ ਵਿੱਚ ਇਹ ਇੱਕ ਵਿਚਾਰ ਆਮ ਪ੍ਰਚਲਿਤ ਸੀ ਸਾਹਿਤ ਦਾ ਮੰਤਵ ਕੇਵਲ ਜੀ ਪਰਚਾਵਾ ਕਰਨਾ ਹੈ। ਜਿਹੜਾ ਸਾਹਿਤ ਜੀਅ ਪ੍ਰਚਾਵੇ ਤੋਂ ਬਿਨਾਂ ਹੋਰ ਮੰਤਵ ਦੀ ਪੂਰਤੀ ਕਰਦਾ ਹੈ ਉਸ ਨੂੰ ਸਾਹਿਤ ਨਹੀਂ ਮੰਨਿਆ ਜਾ ਸਕਦਾ। 'ਪੇਟਰ ਤੇ ਆਸਕਰ ਵਾਈਟ' ਨੇ ਇਸ ਵਿਚਾਰ ਦਾ ਜ਼ੋਰਦਾਰ ਸਮਰਥਨ ਕੀਤਾ ਹੈ । ਉਮਰੇ ਖਿਆਮ ਨੇ ਸਾਹਿਤ ਨੂੰ ਸ਼ਰਾਬ ਤੇ ਔਰਤ ਵਾਂਗ ਕੇਵਲ ਇੱਕ ਮਨ ਪਰਚਾਵੇ ਦਾ ਸਾਧਨ ਮੰਨਿਆ ।ਅਜਿਹੀ ਬਿਰਤੀ ਵਾਲੇ ਲੇਖਕਾਂ ਨੇ ਸਾਹਿਤ ਦੇ ਮਾਧਿਅਮ ਰਾਹੀਂ ਮਨੁੱਖ ਦੀ ਲਿੰਗ ਕਮਜ਼ੋਰੀ ਨੂੰ ਵੱਧ ਤੋਂ ਵੱਧ ਉਛਾਲਿਆ ਹੈ ਤੇ ਸਾਹਿਤ ਦੇ ਸਾਧਨ ਰਾਹੀਂ ਅਜਿਹੀਆਂ ਉਤੇਜਿਤ ਭਾਵਨਾਵਾਂ ਨੂੰ ਤ੍ਰਿਪਤਿਆ ਹੈ ।ਸਾਡੀ ਰਾਏ ਇਹ ਹੈ ਕਿ ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਵਾਲੇ ਸਮਾਜ ਵਿੱਚ ਤਾਂ ਸਾਹਿਤ ਨੂੰ ਅਜਿਹੇ ਮੰਤਵ ਲਈ ਵਰਤਿਆ ਜਾ ਸਕਦਾ ਹੈ ਪਰ ਅੱਜ ਦੀ ਆਧੁਨਿਕ ਮੁਸ਼ਕਲਾਂ ਨਾਲ ਭਰੇ ਹੋਏ ਸਮਾਜ ਵਿੱਚ ਜਿੱਥੇ ਕਿ ਸ਼ਕਤੀਆਂ ਵਿਰੁਧ ਸੰਘਰਸ਼ ਕੀਤੇ ਬਿਨਾਂ ਜ਼ਿੰਦਗੀ ਜਿਉਣੀ ਮੁਹਾਲ ਹੋ ਪਈ ਹੈ, ਸਾਹਿਤ ਦਾ ਪ੍ਰਯੋਜਨ ਅਨੰਦ ਦੇਣਾ ਜਾਂ ਲੈਣਾ ਸਾਹਿਤ ਦੀ ਗੱਲ ਗਲਤ ਵਰਤੋਂ ਹੈ, ਜਿੱਥੇ ਸਾਹਿਤ ਦੀ ਗਲਤ ਵਰਤੋਂ ਹੈ ਉੱਥੇ ਜ਼ਿੰਦਗੀ ਦੀਆਂ ਕੀਮਤੀ ਘੜੀਆਂ ਦੀ ਦੁਰਵਰਤੋਂ ਵੀ ਹੈ। ਇਸ ਤਰ੍ਹਾਂ ਸੁਹਜ ਅਵਸਥਾ ਪ੍ਰਦਾਨ ਕਰਨਾ ਸਾਹਿਤ ਦਾ ਪਹਿਲਾ ਕਰਤਵ ਨਹੀਂ, ਇਸ ਨੂੰ ਤਾਂ ਕਿਸੇ ਉਚੇਰੇ ਮਹੱਤਵ ਦੀ ਪ੍ਰਾਪਤੀ ਲਈ ਸਾਧਨ ਮੰਨਿਆ ਜਾ ਸਕਦਾ ਹੈ;ਸਾਊ ਇਸਤਰੀਆਂ ਪੁਰਸ਼ਾਂ ਲਈ ਸਾਹਿਤ ਦਾ ਸੇਵਨ ਇੱਕ ਪ੍ਰਕਾਰ ਦੀ ਮਾਨਸਿਕ ਖੁਰਾਕ ਹੈ ਜਿਸ ਤੋਂ ਬਿਨਾਂ ਉਨ੍ਹਾਂ ਦੀ ਆਤਮਾ ਭੁੱਖੀ ਰਹਿ ਜਾਂਦੀ ਹੈ । ਉਨ੍ਹਾਂ ਲਈ ਸਾਹਿਤ ਕੇਵਲ ਮਨ ਦਾ ਪਰਚਾਵਾ ਹੀ ਨਹੀਂ, ਆਤਮਾ ਦੀ ਲੋੜ ਹੈ। ਕੇਵਲ ਵਕਤ ਕੱਟੀ ਜਾਂ ਸਾਧਨ ਨਹੀਂ ਦੈਨਿਕ ਜੀਵਨ ਦੀਆਂ ਅੱਵਸ਼ਕ ਮੰਗ ਵੀ ਹੈ। "ਸਾਹਿਤ ਵਿੱਚ ਸ਼ਾਂਤੀ ਦਾ ਅੰਸ਼ ਵੀ ਹੈ । ਵਿਸ਼ੇਸ਼ ਕਰਕੇ ਕਲਾਤਮਿਕ ਸਾਹਿਤ ਦੀ ਸ਼ਕਲ ਵਿੱਚ ਆਏ ਹੋਏ ਸਭ ਨੂੰ ਠੰਢ ਪੈ ਜਾਂਦੀ ਹੈ। ਉਹ ਜੀਵਨ ਤੇ ਸੰਸਾਰ ਪ੍ਰਤੀ ਵਿਸ਼ਵਾਸ ਹੀਣ ਨਹੀਂ ਹੋ ਜਾਂਦਾ। ਵਿਸ਼ਾਲ ਅਨੁਭਵ ਤੇ ਦੀਰਘ ਦ੍ਰਿਸ਼ਟੀ ਲੈ ਸਕਣ ਦੇ ਕਾਰਨ ਉਸ ਦੇ ਮਨ ਵਿੱਚ ਸਥਿਰਤਾ ਤੇ ਸ਼ਾਂਤੀ ਆ ਜਾਂਦੀ ਹੈ। ਇਸ ਤਰ੍ਹਾਂ ਅਸੀਂ ਆਖਦੇ ਹਾਂ ਕਿ ਸਾਹਿਤ ਦਾ ਬੁਨਿਆਦੀ ਕਰੱਤਵ ਜ਼ਿੰਦਗੀ ਦੇ ਬਹੁ ਮੁਖੀ ਸੱਚ ਦੀ ਇਸ ਦ੍ਰਿਸ਼ਟੀ ਨਾਲ ਪੇਸ਼ਕਾਰੀ

ਖੋਜ ਵਿਧੀ

ਕਰਨਾ ਹੈ ਜਿਸ ਨਾਲ ਜ਼ਿੰਦਗੀ ਨੂੰ ਸੇਧ ਵੀ ਮਿਲੇ ਸ਼ਾਂਤੀ ਵੀ ਮਿਲੇ ਤੇ ਸੁਆਦ ਵੀ ।ਸਾਹਿਤ ਇੱਕ ਸਿਰਜਣਾਤਮਿਕ ਅਮਲ ਵਜੋਂ ਆਪਣੇ ਅੰਦਰ ਜੀਵਨ ਦੇ ਅਨੇਕ ਪ੍ਰਸੰਗਾਂ ਦੀਆਂ ਸੂਚਨਾਵਾਂ ਤੇ ਸੰਭਾਵਨਾਵਾਂ ਨੂੰ ਸਮੋਈ ਰੱਖਦਾ ਹੈ। ਸਾਹਿਤ ਦੇ ਅੰਤਰਗਤ ਤ੍ਰੈਕਾਲੀ ਸੰਭਾਵਨਾਵਾਂ ਤੇ ਸਮੀਕਰਣ ਹਾਜ਼ਰ ਨਜ਼ਰ ਆਉਂਦੇ ਹਨ। ਅਰਥਾਤ ਸਾਹਿਤ ਭੂਤਕਾਲ ਤੋਂ ਸੇਧ ਲੈਂਦਾ ਹੈ, ਸਮਕਾਲੀਨ ਪਰਿਸਥਿਤੀਆਂ ਨੂੰ ਘੋਖਦਾ ਹੈ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਨੂੰ ਵੀ ਉਜਾਗਰ ਕਰਦਾ ਹੈ। ਇਸ ਤਰ੍ਹਾਂ ਸਾਹਿਤ ਮਨੁੱਖੀ ਜ਼ਿੰਦਗੀ ਤੇ ਮਾਨਵ ਸਮਾਜ ਦੇ ਅੰਤਰਗਤ ਇੱਕ ਅਜਿਹਾ ਵਿਆਪਕ ਅਨੁਸ਼ਾਸਨ-ਵਰਤਾਰਾ ਹੈ ਜਿਹੜਾ ਮਾਨਵ ਜੀਵਨ ਤੇ ਸਮਾਜ ਨੂੰ ਪ੍ਰਭਾਵਿਤ ਵੀ ਕਰਦਾ ਹੈ ਅਤੇ ਮੋੜਵੇਂ ਰੂਪ ਵਿੱਚ ਇਸ ਦੇ ਅਸਰ ਨੂੰ ਕਬੂਲਦਾ ਵੀ ਹੈ।

## ਮੁੱਖ/ਕੇਂਦਰੀ ਸ਼ਬਦ:

ਆਚਾਰੀਆ---ਸਿਰਜਕ/ਵਿਦਵਾਨ

ਪ੍ਰੋਯਜਨ---ਮੰਤਵ

ਅਨੁਭਵ---ਤਜੱਰਬਾ

ਕਲਪਾਨਤਮਿਕ---ਕਾਲਪਨਿਕ

ਸ਼ੈਲੀ --- ਵਿਚਾਰਾਂ ਦੇ ਪ੍ਰਗਟਾਵੇ ਦਾ ਢੰਗ



## ਸਵੈ-ਮੁਲਾਂਕਣ:

1. ਕਾਵਯਲੰਕਾਰ ਪੁਸਤਕ ਦਾ ਲੇਖਕ ਕੌਣ ਹੈ?

ੳ ਦੰਡੀ

ਅ ਭਾਮਹ

ੲ ਅਨੰਦ ਵਰਧਨ

ਸ ਧਨੰਜਯ

2. ਕਾਵਿਯਾਦਰਸ਼ ਪੁਸਤਕ ਦਾ ਲੇਖਕ ਕੌਣ ਹੈ?

ੳ ਦੰਡੀ

ਅ ਭਾਮਹ

ੲ ਅਨੰਦ ਵਰਧਨ

ਸ ਧਨੰਜਯ

3. ਧਵਨਯਾਲੋਕ ਪੁਸਤਕ ਦਾ ਲੇਖਕ ਕੌਣ ਹੈ?

ੳ ਦੰਡੀ

ਅ ਭਾਮਹ

ੲ ਅਨੰਦ ਵਰਧਨ

ਸ ਧਨੰਜਯ

4. ਕਸ਼ਰੂਪਕ ਪੁਸਤਕ ਦਾ ਲੇਖਕ ਕੌਣ ਹੈ?

ੳ ਦੰਡੀ

ਅ ਭਾਮਹ

ੲ ਅਨੰਦ ਵਰਧਨ

ਸ ਧਨੰਜਯ

5. ਰਸ ਸੰਪਰਦਾਇ ਨਾਲ ਸਬੰਧਿਤ ਵਿਦਵਾਨ

ੳ ਦੰਡੀ

ਅ ਭਾਮਹ

ੲ ਅਨੰਦ ਵਰਧਨ

ਸ ਧਨੰਜਯ

6 ਧੁਨੀ ਸੰਪਰਦਾਇ ਨਾਲ ਸਬੰਧਿਤ ਵਿਦਵਾਨ

ੳ ਦੰਡੀ

ਅ ਭਾਮਹ

ੲ ਅਨੰਦ ਵਰਧਨ

ਸ ਧਨੰਜਯ

7.ਔਚਿਤਯ ਸੰਪਰਦਾਇ ਨਾਲ ਸਬੰਧਿਤ ਵਿਦਵਾਨ

ੳ ਦੰਡੀ

ਅ ਕਸ਼ੇਮੇਂਦਰ

ੲ ਅਨੰਦ ਵਰਧਨ

ਸ ਧਨੰਜਯ

8. ਅਲੰਕਾਰ ਸੰਪਰਦਾਇ ਨਾਲ ਸਬੰਧਿਤ ਵਿਦਵਾਨ

ੳ ਦੰਡੀ

ਅ ਭਾਮਹ

ੲ ਅਨੰਦ ਵਰਧਨ

ਸ ਧਨੰਜਯ

ਖੋਜ ਵਿਧੀ

9. ਕਸ਼ੇਮੇਂਦਰ ਦਾ ਸਬੰਧ ਹੈ?

ੳ ਕਸ਼ਰੂਪਕ

ਅ ਕਾਵਯਲੰਕਾਰ ਸੂਤਰ

ੲ ਕਾਵਿਯਾਲੰਕਾਰ

ਸ ਔਚਿਤਯ ਵਿਚਾਰ ਚਰਚਾ

10. ਭਰਤ ਮੁਨੀ ਦਾ ਸਬੰਧ ਹੈ?

ੳ ਕਸ਼ਰੂਪਕ

ਅ ਕਾਵਯਲੰਕਾਰ ਸੂਤਰ

ੲ ਕਾਵਿਯਾਲੰਕਾਰ

ਸ ਔਚਿਤਯ ਵਿਚਾਰ ਚਰਚਾ

11. ਖੋਜ : ਸਿਧਾਂਤ ਤੇ ਵਿਹਾਰ ਪੁਸਤਕ ਦਾ ਲੇਖਕ

ੳ ਪਿਆਰ ਸਿੰਘ

ਅ ਸਤਿੰਦਰ ਸਿੰਘ

ੲ ਕੇਸਰ ਸਿੰਘ ਕੇਸਰ

ਸ ਧਰਮ ਸਿੰਘ

12. ਖੋਜ ਚਿੰਤਨ ਪੁਸਤਕ ਦਾ ਲੇਖਕ

ੳ ਪਿਆਰ ਸਿੰਘ

ਅ ਸਤਿੰਦਰ ਸਿੰਘ

ੲ ਕੇਸਰ ਸਿੰਘ ਕੇਸਰ

ਸ ਧਰਮ ਸਿੰਘ

13. ਪੰਜਾਬੀ ਖੋਜ ਸੰਦਰਭ ਪੁਸਤਕ ਦਾ ਲੇਖਕ

ੳ ਪਿਆਰ ਸਿੰਘ

ਅ ਸਤਿੰਦਰ ਸਿੰਘ

ੲ ਕੇਸਰ ਸਿੰਘ ਕੇਸਰ

ਸ ਧਰਮ ਸਿੰਘ

14. ਭਾਮਹ ਦਾ ਸਬੰਧ ਹੈ?

ੳ ਕਸ਼ਰੂਪਕ

ਅ ਕਾਵਯਲੰਕਾਰ ਸੂਤਰ

ੲ ਕਾਵਿਯਾਲੰਕਾਰ

ਸ ਔਚਿਤਯ ਵਿਚਾਰ ਚਰਚਾ

15. ਦੰਡੀ ਦਾ ਸਬੰਧ ਹੈ?

ੳ ਕਸ਼ਰੂਪਕ

ਅ ਕਾਵਯਲੰਕਾਰ ਸੂਤਰ

ੲ ਕਾਵਿਯਾਲੰਕਾਰ

ਸ ਔਚਿਤਯ ਵਿਚਾਰ ਚਰਚਾ

## ਅਭਿਆਸ ਪ੍ਰਸ਼ਨ

1. ਆਲੋਚਨਾ ਤੋਂ ਕੀ ਭਾਵ ਹੈ?
2. ਆਲੋਚਨਾ ਦੇ ਤੱਤਾਂ ਦਾ ਸੰਖੇਪ ਵਿਚ ਵਰਣਨ ਕਰੋ।
3. ਕਲਪਨਾ ਤੱਤ ਦੇ ਭੇਦਾਂ ਦਾ ਵਰਣਨ ਕਰੋ।
4. ਭਾਵ ਤੱਤ ਅਤੇ ਬੁੱਧੀ ਤੱਤ ਵਿਚ ਕੀ ਅੰਤਰ ਹੈ?
5. ਸਾਹਿਤ ਦਾ ਮੁੱਖ ਪ੍ਰਯੋਜਨ ਪ੍ਰੇਰਨਾਤਮਕ ਹੋਣਾ ਹੈ: ਸਪਸ਼ਟ ਕਰੋ।
6. ਸਾਹਿਤ ਦਾ ਮੁੱਖ ਉਦੇਸ਼ ਸੱਚ ਦਾ ਪ੍ਰਗਟਾਵਾ ਹੈ: ਸਿੱਧ ਕਰੋ।
7. ਰਸ ਸਿਧਾਂਤ ਬਾਰੇ ਸੰਖੇਪ ਚਰਚਾ ਕਰੋ।
8. ਅੰਲਕਾਰ ਸਿਧਾਂਤ ਬਾਰੇ ਸੰਖੇਪ ਚਰਚਾ ਕਰੋ।
9. ਵਕ੍ਰੋਕਤੀ ਸਿਧਾਂਤ ਬਾਰੇ ਸੰਖੇਪ ਚਰਚਾ ਕਰੋ।
10. ਔਚਿਤਯ ਸਿਧਾਂਤ ਬਾਰੇ ਸੰਖੇਪ ਚਰਚਾ ਕਰੋ।
11. ਧੁਨੀ ਸਿਧਾਂਤ ਬਾਰੇ ਸੰਖੇਪ ਚਰਚਾ ਕਰੋ।
12. ਰੀਤੀ ਸਿਧਾਂਤ ਬਾਰੇ ਸੰਖੇਪ ਚਰਚਾ ਕਰੋ।
13. ਭਰਤ ਮੁਨੀ ਬਾਰੇ ਨੋਟ ਲਿਖੋ।

**14.** ਸਾਹਿਤ ਵਿਚ ਕੈਥਾਰਸਿਸ ਦੇ ਸਿਧਾਂਤ ਦੀ ਕੀ ਸਾਰਥਕਤਾ ਹੈ?

**15.** ਆਪਣੇ ਖੇਤਰ ਦੇ ਸਾਹਿਤ ਪ੍ਰੇਮੀਆਂ ਦੀ ਸੂਚੀ ਬਣਾਓ ਅਤੇ ਉਨ੍ਹਾਂ ਦੇ ਸਾਹਿਤ ਦੇ ਪ੍ਰਯੋਜਨ ਸੰਬੰਧੀ ਸਪਸ਼ਟੀਕਰਨ ਦਾ ਸਰਵੇਖਣ ਕਰੋ।

## ਸੰਦਰਭ ਪੁਸਤਕਾਂ:


- **ਸ**ਮਾਲੋਚਨਾ ਸ਼ਾਸਤਰ, ਪ੍ਰੋ.ਬ੍ਰਹਮਜਗਦੀਸ਼, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, (2011)
- ਭਾਰਤੀ ਕਾਵਿ ਸ਼ਾਸਤਰ, ਲਾਹੌਰ ਬੁੱਕ ਸ਼ਾਪ, ਲੁਧਿਆਣਾ, (2011)
- ਵਾਦ ਚਿੰਤਨ, ਭੱਟੀ, ਸੁਰਜੀਤਸਿੰਘ, ਚੇਤਨਾਪ੍ਰਕਾਸ਼ਨ, ਲੁਧਿਆਣਾ, ਪਹਿਲਾਸੰਸਕਰਨ (2010)
- ਵਿਹਾਰਕ ਸਮੀਖਿਆ, ਸਤਿੰਦਰ ਸਿੰਘ, ਪੰਜਾਬੀ ਯੂਨੀਵਰਸਿਟੀ,ਪਟਿਆਲਾ, ਪੰਜਵਾਂ ਸੰਸਕਰਨ (2010)


## ਮਹੱਤਵਪੂਰਨ ਲਿੰਕ

https://punjabipedia.org/topic.aspx?txt=%E0%A8%86%E0%A8%B2%E0%A9%8B%E0%A8%9A%E0%A8%A8%E0%A8%BE

ਉੱਤਰਮਾਲਾ

| | | | | |
|---|---|---|---|---|
| 1. ੳ | 2. ੳ | 3. ੲ | 4. ਸ | 5. ਸ |
| 6. ੲ | 7. ਅ | 8. ਅ | 9. ਸ | 10. ੲ |
| 11. ੳ | 12. ੲ | 13. ਸ | 14. ੲ | 15. ਅ |

DPBI 543

# ਅਧਿਆਇ-12: ਪੱਛਮੀ ਆਲੋਚਨਾ : ਆਰੰਭ ਤੇ ਵਿਕਾਸ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਪੱਛਮੀ ਆਲੋਚਨਾ ਨੂੰ ਸਮਝਣ ਦੇ ਸਮਰੱਥ ਹੋਣਗੇ।
- ਪੱਛਮੀ ਆਲੋਚਨਾ ਦੇ ਪ੍ਰਯੋਜਨ ਅਤੇ ਮਹੱਤਵ ਤੋਂ ਜਾਣੂ ਹੋਣਗੇ।
- ਖੋਜ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।
- ਸਾਹਿਤ ਰੂਪਾਂ ਦਾ ਮੁਲਾਂਕਣ ਕਰ ਸਕਣ ਦੇ ਯੋਗ ਹੋਣਗੇ।

## ਪ੍ਰਸਤਾਵਨਾ:

ਸਾਹਿਤ ਇੱਕ ਅਜਿਹਾ ਸਾਧਨ ਹੈ ਜਿਸ ਰਾਹੀ ਮਨੁੱਖ ਦੇ ਮਨੋਭਾਵਾਂ, ਮਨੋਵੇਗਾਂ ਅਤੇ ਸਮਾਜਿਕ ਯਥਾਰਥ ਦਾ ਕਲਾਤਮਕ ਪਗਟਾਵਾ ਹੁੰਦਾ ਹੈ। ਸਾਹਿਤ ਹਮੇਸ਼ਾ ਹੀ ਕਿਸੇ ਸਕਾਰਾਤਮਕ ਉਦੇਸ਼ ਦਾ ਧਾਰਨੀ ਹੁੰਦਾ ਹੈ। ਸਮਾਜ ਵਿੱਚ ਆਰਥਿਕ, ਸਮਾਜਕ, ਰਾਜਨੀਤਿਕ, ਧਾਰਮਿਕ ਘਟਨਾਵਾਂ, ਜਦੋ ਮਨੁੱਖੀ ਮਨੋਭਾਵਾਂ ਨਾਲ ਟਕਰਾਉਂਦੀਆਂ ਹਨ ਤਾਂ ਸਾਹਿਤ ਪੈਦਾ ਹੁੰਦਾ ਹੈ। ਲੇਖਕ ਸਮਾਜ ਦੇ ਯਥਾਰਥ ਵਿੱਚ ਕਾਲਪਨਿਕ ਅੰਸ਼ ਪਾ ਕੇ ਸਾਹਿਤਕ ਰਚਨਾ ਦੀ ਉਤਪਤੀ ਕਰਦਾ ਹੈ। ਇਸ ਅਧਿਆਇ ਦਾ ਮੁਖ ਉਦੇਸ਼ ਵਿਦਿਆਰਥੀਆਂ ਨੂੰ ਸਾਹਿਤ ਦੀ ਪਰਿਭਾਸ਼ਾ, ਸਰੂਪ ਅਤੇ ਤੱਤਾਂ ਦੀ ਜਾਣਕਾਰੀ ਦੇਣਾ ਹੈ; ਤਾਂ ਕਿ ਵਿਦਿਆਰਥੀ ਸਾਹਿਤ ਦੀ ਪ੍ਰਕਿਰਤੀ ਨੂੰ ਸਮਝ ਸਕਣ। ਇਸ ਅਧਿਆਇ ਵਿਚ ਸਾਹਿਤ ਦੇ ਪ੍ਰਯੋਜਨ ਸਬੰਧੀ ਭਰਪੂਰ ਚਰਚਾ ਕੀਤੀ ਗਈ ਹੈ ਜਿਸ ਨਾਲ ਵਿਦਿਆਰਥੀ ਸਾਹਿਤ ਦੇ ਮੰਤਵ ਨੂੰ ਸਮਝਦਿਆਂ ਸਾਹਿਤ-ਰੂਪਾਂ ਦਾ ਮੁਲਾਂਕਣ ਕਰ ਸਕਣ ਦੇ ਸਮਰੱਥ ਹੋਣਗੇ।

## ਵਿਸ਼ਾ ਵਸਤੂ:

**ਪੱਛਮੀ ਆਲੋਚਨਾ ਦਾ ਆਰੰਭ ਅਤੇ ਵਿਕਾਸ**

ਯੂਨਾਨ ਅਤੇ ਰੋਮ ਦੀ ਕਲਾਸੀਕਲ ਸਾਹਿਤ-ਚਿੰਤਨ ਪਰੰਪਰਾ ਤੋਂ ਸਾਹਿਤ ਦੀ ਪੱਛਮੀ ਪੰਰਪਰਾ ਦਾ ਨਿਕਾਸ ਤੇ ਵਿਕਾਸ ਹੋਇਆ। ਯੂਨਾਨੀ ਕਾਵਿ ਸਿਰਜਣਾ ਦੀਆਂ ਪ੍ਰਾਪਤ ਕਾਵਿ ਰਚਨਾਵਾਂ 'ਇਲਿਆਡ' ਅਤੇ 'ਓਡੇਸੀ' ਹਨ। ਜਿਹਨਾਂ ਦਾ ਰਚੇਤਾ ਸੁਪ੍ਰਸਿੱਧ ਮਹਾਕਵੀ 'ਹੋਮਰ' ਨੂੰ ਮੰਨਿਆ ਜਾਂਦਾ ਹੈ। ਇਹਨਾਂ ਦੀ ਸਿਰਜਣਾ ਅੱਠਵੀਂ ਸਦੀ ਈਸਾ ਪੂਰਵ ਦੇ ਲਾਗੇ ਮੰਨੀ ਜਾਂਦੀ ਹੈ। ਇਹਨਾਂ ਦੋਵਾਂ ਰਚਨਾਵਾਂ ਵਿਚ ਪ੍ਰਾਚੀਨ ਯੂਨਾਨ ਦੀ ਪੌਰਾਣਿਕ ਲੋਕਧਾਰਾਈ ਪਰੰਪਰਾ, ਪ੍ਰਚਲਿਤ ਦੰਤ ਕਥਾਵਾਂ, ਇਤਿਹਾਸ, ਧਰਮ, ਦਰਸ਼ਨ, ਸਮਾਜ, ਸੱਭਿਆਚਾਰ ਦੀ ਭਰਪੂਰ ਜਾਣਕਾਰੀ ਉਪਲਬਧ ਹੈ।

ਇਸ ਮੁੱਢਲੇ ਦੌਰ ਵਿਚ ਅਜੋਕੇ ਪੱਛਮੀ ਸਾਹਿਤ ਦੀਆਂ ਅਨੇਕਾਂ ਵਿਧਾਵਾਂ ਦਾ ਵਿਕਾਸ ਸਾਹਮਣੇ ਆਉਂਦਾ ਹੈ। ਇਹਨਾਂ ਵਿਚ ਪ੍ਰਗੀਤਕ ਕਵਿਤਾ, ਸੰਬੋਧਨ ਗੀਤ, ਰੋਮਾਨੀ ਕਵਿਤਾ, ਬੌਧਿਕ ਕਵਿਤਾ ਆਦਿ ਸ਼ਾਮਿਲ ਹਨ। ਪੁਰਾਤਨ ਪ੍ਰਗੀਤਕਾਰਾਂ ਵਿਚ ਥਿਓਗਨਿਸ, ਸੋਲੋਨ, ਸੇਮਿਓਨਾਈਡੇਸ, ਆਰਕੀਲੋਕਸ, ਸੇਫੋ ਅਤੇ ਪਿੰਦਾਰ ਪ੍ਰਮੁੱਖ ਹਨ।

ਕਲਾਸੀਕਲ ਯੂਨਾਨੀ ਸਾਹਿਤ-ਸਿਧਾਂਤ ਨੂੰ ਵਿਕਸਿਤ ਕਰਨ ਵਿਚ ਇੱਥੋਂ ਦੇ ਦਾਰਸ਼ਨਿਕਾਂ ਦਾ ਵੀ ਭਰਪੂਰ ਯੋਗਦਾਨ ਹੈ। ਇਹਨਾਂ ਦਾਰਸ਼ਨਿਕਾਂ ਨੇ ਜੀਵਨ ਅਤੇ ਯਥਾਰਥ ਬਾਰੇ ਆਪਣੇ ਵਿਚਾਰ ਪੇਸ਼ ਕਰਨ ਦੇ ਨਾਲ-ਨਾਲ ਕਾਵਿ ਦੇ ਸਰੂਪ ਅਤੇ ਸੁਭਾਅ ਬਾਰੇ ਵੀ ਮੁੱਲਵਾਨ ਅੰਤਰ-ਦ੍ਰਿਸ਼ਟੀਆਂ ਪ੍ਰਦਾਨ ਕੀਤੀਆਂ ਹਨ। ਇਹਨਾਂ ਵਿਚ ਪਲੈਟੋ, ਅਰਸਤੂ, ਹੋਰੇਸ ਤੇ ਲੌਂਜਾਈਨਸ ਵਿਸ਼ੇਸ਼ ਤੌਰ ਤੇ ਵਰਣਨਯੋਗ ਹਨ।

ਪਲੈਟੋ ਆਪਣੇ ਵੇਲੇ ਦੇ ਸੁਪ੍ਰਸਿੱਧ ਦਾਰਸ਼ਨਿਕ ਸੁਕਰਾਤ ਦਾ ਸ਼ਰਧਾਵਾਨ ਸ਼ਾਗਿਰਦ ਸੀ। ਕਾਵਿਕ ਸ਼ੈਲੀ ਵਿਚ ਰਚੇ ਗਏ ਉਸ ਦੇ ਸੰਵਾਦਾਂ ਵਿਚ ਦਰਸ਼ਨ-ਸ਼ਾਸਤਰ, ਨਿਆਇ-ਸ਼ਾਸਤਰ, ਰਾਜਨੀਤੀ ਅਤੇ ਗਣਿਤ ਆਦਿ ਵਿਸ਼ਿਆਂ ਨੂੰ ਸੂਖ਼ਮ ਦ੍ਰਿਸ਼ਟੀ ਨਾਲ ਪੇਸ਼ ਕੀਤਾ ਗਿਆ ਹੈ। ਆਇਓਨ, ਅਪਾਲੋਜੀ, ਫੈਡਰੁਸ, ਰੀਪਬਲਿਕ ਉਸਦੀਆਂ ਕਾਵਿ ਸੰਬੰਧੀ ਸਿਧਾਂਤ-ਚਿੰਤਨ ਨੂੰ ਪੇਸ਼ ਕਰਦੀਆਂ ਰਚਨਾਵਾਂ ਹਨ। ਉਸ ਨੇ ਸਭ ਤੋਂ ਪਹਿਲਾਂ ਕਾਵਿ ਵਿਚ ਨੈਤਿਕ ਮੁੱਲਾਂ ਦੀ ਮਹੱਤਤਾ ਕਾਇਮ ਕਰਕੇ ਸਾਹਿਤ ਤੇ ਜ਼ਿੰਦਗੀ ਦੇ ਨਜ਼ਦੀਕੀ ਰਿਸ਼ਤੇ ਦੀ ਗੱਲ ਕੀਤੀ। ਪਲੈਟੋ ਦੀ ਵਿਸ਼ੇਸ਼ ਉਪਲਬਧੀ 'ਅਨੁਕਰਣ' ਸਿਧਾਂਤ ਹੈ। ਉਸ ਦਾ ਮਤ ਹੈ ਕਿ ਦਿਸਦਾ ਸੰਸਾਰ ਅਣ-ਦਿਸਦੇ ਸੰਸਾਰ ਦਾ ਅਨੁਕਰਣ ਹੈ ਅਤੇ ਕਲਾ ਦਾ ਸੰਸਾਰ ਉਸ ਦਿਸਦੇ ਸੰਸਾਰ ਦਾ ਅੱਗੋਂ ਅਨੁਕਰਣ ਹੈ। ਇਸ ਤਰ੍ਹਾਂ ਉਸ ਦੇ ਮਤ ਅਨੁਸਾਰ ਕਲਾ ਦਾ ਸਿਰਜਤ ਯਥਾਰਥ ਪਰਮ ਯਥਾਰਥ ਤੋਂ ਤਿੰਨ ਗੁਣਾਂ ਦੂਰ ਹੈ।

ਅਰਸਤੂ ਪਲੈਟੋ ਦਾ ਸ਼ਾਗਿਰਦ ਸੀ। ਉਸ ਨੇ ਪਲੈਟੋ ਦੇ ਅਨੁਕਰਣ ਸਿਧਾਂਤ ਨੂੰ ਨਵੇਂ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ। ਉਸ ਦੇ ਕਾਵਿ-ਸ਼ਾਸਤਰ ਵਿਚ ਅਨੁਕਰਣ ਦਾ ਅਰਥ ਹੈ - ਸਾਹਿਤ ਵਿਚ ਜੀਵਨ ਦਾ ਵਸਤੂਪਰਕ ਚਿਤਰਣ। ਉਹ ਕਾਵਿ-ਕਲਾ ਦਾ ਸੁਭਾਅ ਅਨੁਕਰਣਮਈ ਮੰਨਦਾ ਹੈ। ਉਸ ਨੇ ਆਪਣੀ ਪੁਸਤਕ 'ਪੋਇਟਿਕਸ' (ਕਾਵਿ-ਸ਼ਾਸਤਰ) ਵਿਚ ਜਿੱਥੇ ਕਾਵਿ ਦੀ ਪ੍ਰਕਿਰਤੀ ਬਾਰੇ ਵਸਤੂਮੂਲਕ ਤੇ ਵਿਗਿਆਨਿਕ ਢੰਗ ਨਾਲ ਵਿਵੇਚਨ ਕੀਤਾ ਹੈ, ਉੱਥੇ ਹੀ ਇਸ ਦੇ ਸਿਧਾਂਤਕ ਵਿਵੇਚਨ ਵਿਚ ਤ੍ਰਾਸਦੀ, ਕਾਮਦੀ, ਮਹਾਂਕਾਵਿ ਅਤੇ ਪ੍ਰਗੀਤਕ ਕਵਿਤਾ ਨੂੰ ਵੀ ਸ਼ਾਮਿਲ ਕੀਤਾ ਹੈ। ਤ੍ਰਾਸਦੀ ਦੇ ਸੰਦਰਭ ਵਿਚ ਅਰਸਤੂ ਦਾ ਵਿਰੇਚਨ (Catharsis) ਦਾ ਸਿਧਾਂਤ ਬਹੁਤ ਮਹੱਤਵਪੂਰਨ ਹੈ। ਡਾ. ਸੇਨ ਉਸ ਦੇ ਇਸ ਸਿਧਾਂਤ ਬਾਰੇ ਲਿਖਦੇ ਹਨ,

ਕਥਾਰਸਿਸ ਦਾ ਨਤੀਜਾ ਭਾਵਨਾਤਮਕ ਤੰਦਰੁਸਤੀ ਵਿਚ ਨਿਕਲਦਾ ਹੈ। ਇਸ ਤਰ੍ਹਾਂ ਇਹ ਇਕ ਨੈਤਿਕ ਅਵਸਥਾ ਹੈ। ਇਹ ਵਾਧੂ ਦੀਆਂ ਅਤੇ ਮਾੜੀਆਂ ਭਾਵਨਾਵਾਂ ਦਾ ਸ਼ੁੱਧੀਕਰਨ ਹੈ ਤਾਂ ਕਿ ਭਾਵਨਾਵਾਂ ਵਿਚ ਸੰਤੁਲਨ ਪੁਨਰ-ਸਥਾਪਿਤ ਕੀਤਾ ਜਾ ਸਕੇ।

ਯੂਨਾਨ ਅਤੇ ਰੋਮ ਦੀ ਕਲਾਸੀਕਲ ਕਾਵਿ-ਸ਼ਾਸਤਰੀ ਪੰਰਪਰਾ ਨੂੰ ਵਿਕਸਿਤ ਕਰਨ ਵਾਲਿਆਂ ਵਿਚ 'ਹੋਰੇਸ' ਦਾ ਨਾਂ ਵਿਸ਼ੇਸ਼ ਤੌਰ ਤੇ ਵਰਣਨਯੋਗ ਹੈ। ਉਸ ਦੇ ਕਾਵਿ ਸੰਬੰਧੀ ਵਿਚਾਰ ਉਸ ਦੀ ਪੁਸਤਕ 'ਆਰਸ ਪੋਇਟਿਕਾ' ਵਿਚ ਉਪਲਬਧ ਹਨ। ਉਸ ਦਾ ਸਭ ਤੋਂ ਵੱਡਾ ਯੋਗਦਾਨ 'ਉੱਤਮ-ਸੁਹਜ-ਸੁਆਦ' ਦਾ ਸੰਕਲਪ ਹੈ ਜੋ ਉਸ ਦੇ ਕਾਵਿ-ਚਿੰਤਨ ਵਿਚ ਕੇਂਦਰੀ ਮਹੱਤਵ ਰੱਖਦਾ ਹੈ।

'ਲੌਂਜਾਈਨਸ' ਯੂਨਾਨੀ ਸਾਹਿਤ-ਚਿੰਤਨ ਦਾ ਇਕ ਹੋਰ ਮਹੱਤਵਪੂਰਨ ਸਾਹਿਤ-ਚਿੰਤਕ ਹੈ। ਪ੍ਰਾਚੀਨ ਯੂਨਾਨੀ ਸਾਹਿਤ-ਸਿਧਾਂਤ ਨਾਲ ਸੰਬੰਧਿਤ ਉਸ ਦੀ ਪ੍ਰਸਿੱਧ ਪੁਸਤਕ 'ਉਦਾਤ ਬਾਰੇ' ਹੈ। ਇਸ ਵਿਚ ਉੱਤਮ ਸਾਹਿਤ ਰਚਨਾ ਦਾ ਪ੍ਰਤਿਮਾਨ ਜਾਂ ਮਾਪਦੰਡ 'ਉਦਾਤ' ਨੂੰ ਮਿੱਥਿਆ ਗਿਆ ਹੈ ਜੋ ਕਲਾਤਮਕ ਦ੍ਰਿਸ਼ਟੀ ਤੋਂ ਮਹਾਨਤਾ ਜਾਂ ਗੌਰਵ ਦਾ ਲਖਾਇਕ ਹੈ। ਉਸਦੇ ਮਤ ਅਨੁਸਾਰ ਉਦਾਤ ਦੀ ਉਸਾਰੀ ਲਈ ਪ੍ਰਤਿਭਾ ਅਤੇ ਕਲਾ ਦੋਹਾਂ ਦੀ ਜ਼ਰੂਰਤ ਹੈ। ਉਹ ਉਦਾਤ ਦੀ ਪ੍ਰਤੀਤੀ ਲਈ ਪਾਠਕ ਦੀ ਭੂਮਿਕਾ ਨੂੰ ਭਰਪੂਰ ਰੂਪ ਵਿਚ ਸਵੀਕਾਰਦਾ ਹੈ। ਪ੍ਰਸਿੱਧ ਚਿੰਤਕ ਡੇਵਿਡ ਡੇਸਿਜ਼ ਉਸਦੀ ਇਸ ਧਾਰਨਾ ਸੰਬੰਧੀ ਲਿਖਦੇ ਹਨ:-

ਲੌਂਜਾਈਨਸ ਦਾ ਮਹੱਤਵ ਇਸ ਗੱਲ ਵਿਚ ਨਿਹਿਤ ਹੈ ਕਿ ਉਸ ਨੇ ਸਾਹਿਤ ਸੰਬੰਧੀ ਪਲੈਟੋ ਅਤੇ ਅਰਸਤੂ ਤੋਂ ਵੱਖਰੇ ਸਵਾਲ ਪੁੱਛੇ। ਉਸ ਨੇ ਕਾਵਿ ਦੇ ਪਾਠਕ ਜਾਂ ਸਰੋਤੇ ਦੇ ਉਪਰ ਪਏ ਅਨੰਦਦਾਇਕ ਪ੍ਰਭਾਵ ਉੱਤੇ ਆਪਣੀ ਦ੍ਰਿਸ਼ਟੀ ਕੇਂਦ੍ਰਿਤ ਕੀਤੀ ਅਤੇ ਇਸ ਤਰ੍ਹਾਂ ਪਹਿਲੀ ਵਾਰ ਉਸ ਨੇ ਸਾਹਿਤ ਵਿਚ ਪ੍ਰਭਾਵਵਾਦੀ ਸਿਧਾਂਤਾਂ ਦੀ ਨੀਂਹ ਰੱਖੀ।

ਲੌਂਜਾਈਨਸ ਨੇ ਉਦਾਤ ਦੇ ਵਿਪਰੀਤ ਔਗੁਣਾਂ ਦਾ ਜ਼ਿਕਰ ਵੀ ਕੀਤਾ ਹੈ। ਉਸ ਅਨੁਸਾਰ ਸ਼ਬਦ-ਆਡੰਬਰ, ਛਛੋਹਰਪੁਣਾ (ਪੰਡਤਾਊ ਖ਼ਬਤ) ਤੇ ਭਾਵ ਆਡੰਬਰ ਅਜਿਹੇ ਦੁਰਗੁਣ ਹਨ ਜੋ ਉਦਾਤ ਰਚਨਾ ਦੀ ਉੱਤਮਤਾ ਵਿਚ ਰੁਕਾਵਟ ਬਣਦੇ ਹਨ। ਇਹਨਾਂ ਤਿੰਨਾਂ ਦਾ ਸਾਂਝਾ ਸੋਮਾ ਬੌਧਿਕ ਨਵੀਨਤਾ ਦੀ ਲਾਲਸਾ ਹੈ। ਡਾ. ਹਰਿਭਜਨ ਸਿੰਘ ਬੌਧਿਕ ਨਵੀਨਤਾ ਦੀ ਲਾਲਸਾ ਨੂੰ ਅਜੋਕੇ ਸਮੇਂ ਦਾ ਵੀ ਸਭ ਤੋਂ ਵੱਡਾ ਔਗੁਣ ਮੰਨਦੇ ਹਨ। ਉਹਨਾਂ ਅਨੁਸਾਰਯ-

ਬੌਧਿਕ ਨਵੀਨਤਾ ਦੀ ਲਾਲਸਾ, ਲੌਂਜਾਈਨਸ ਅਤੇ ਸਾਡੇ ਯੁੱਗ ਅਰਥਾਤ ਪਹਿਲੀ ਸਦੀ ਅਤੇ ਵੀਹਵੀਂ ਸਦੀ ਦਾ ਸਾਂਝਾ ਔਗੁਣ ਹੈ। ... ਇਹ ਉਦਾਤ ਕਲਾ ਦੀ ਵਿਰੋਧੀ ਹੈ, ਲੌਂਜਾਈਨਸ ਅਨੁਸਾਰ ਉਦਾਤ ਕਿਰਤ ਦਾ ਸੰਬੰਧ ਬੌਧਿਕਤਾ ਨਾਲ ਨਹੀਂ, ਭਾਵਾਤਮਕਤਾ ਨਾਲ ਹੈ। ਨਵੀਨਤਾ ਨਾਲ ਨਹੀਂ, ਅਸਾਧਾਰਣ ਵੱਖਰਤਾ ਨਾਲ ਹੈ, ਲਾਲਸਾ ਨਾਲ ਨਹੀਂ ਪ੍ਰਮਾਣਿਕ ਅਨੁਭਵ ਨਾਲ ਹੈ।

ਨਵ ਜਾਗ੍ਰਿਤ ਲਹਿਰ (ਰੈਨੇਸਾਂ) ਦੇ ਕਾਵਿ ਸ਼ਾਸਤਰੀ ਚਿੰਤਨ ਨਾਲ ਸੰਬੰਧਿਤ ਹੈ। ਇਹ ਯੂਰਪ ਦੇ ਇਤਿਹਾਸ ਵਿਚ ਆਧੁਨਿਕਤਾ ਦਾ ਮੁੱਢ ਬੰਨ੍ਹਣ ਵਾਲੀ ਲਹਿਰ ਹੈ। 14ਵੀਂ ਸਦੀ ਵਿਚ ਸ਼ੁਰੂ ਹੋਈ ਇਸ ਲਹਿਰ ਦਾ ਪ੍ਰਭਾਵ 16ਵੀਂ ਸਦੀ ਈ. ਦੇ ਮੱਧ ਤੱਕ ਰਹਿੰਦਾ ਹੈ। ਗਿਰਾਲਡੀ, ਕਾਸਟਲਵਰਟੋ, ਮੈਜੋਨੀ, ਟਾਸੋ, ਫਿਲਿਪ ਸਿਡਨੀ ਇਸ ਲਹਿਰ ਦੇ ਨਾਲ ਜੁੜੇ ਪ੍ਰਮੁੱਖ ਸਾਹਿਤ ਚਿੰਤਕ ਹਨ। ਇਹਨਾਂ ਚਿੰਤਕਾਂ ਨੇ ਜਿੱਥੇ ਸਾਹਿਤ, ਕਲਾ, ਧਰਮ, ਵਿਗਿਆਨ, ਰਾਜਨੀਤੀ, ਦਰਸ਼ਨ ਸ਼ਾਸਤਰ ਨਾਲ ਬੌਧਿਕ ਸਰੋਕਾਰ ਜੋੜਿਆ ਅਤੇ ਮੁੱਲਵਾਨ ਅੰਤਰ-ਦ੍ਰਿਸ਼ਟੀਆਂ ਪ੍ਰਦਾਨ ਕੀਤੀਆਂ, ਉੱਥੇ ਹੀ ਲੋਕ ਭਾਸ਼ਾਵਾਂ ਦੇ ਮਹੱਤਵ ਨੂੰ ਵੀ ਉਜਾਗਰ ਕੀਤਾ। ਇਸ ਲਹਿਰ ਦੇ ਸਿਧਾਂਤਕ ਆਧਾਰਾਂ ਵਿਚ ਹੀ ਆਧੁਨਿਕਤਾ ਦੇ ਬੀਜ ਛੁਪੇ ਹੋਏ ਹਨ। ਡਾ. ਐਮ.ਏ.ਆਰ. ਹਬੀਬ ਅਨੁਸਾਰ:-

ਰੈਨੇਸਾਂ ਜਾਗ੍ਰਿਤੀ ਲਹਿਰ ਅਧੀਨ ਵੱਡੇ ਪੱਧਰ ਤੇ ਆਰਥਿਕ ਅਤੇ ਰਾਜਨੀਤਿਕ ਤਬਦੀਲੀਆਂ ਹੋਈਆਂ ਜਿਸਨੇ ਮੁਢਲੇ ਆਧੁਨਿਕ ਯੁੱਗ ਦੇ ਕਈ ਲੱਛਣਾਂ ਦੇ ਵਿਕਾਸ ਵਿਚ ਹਿੱਸਾ ਪਾਇਆ। ਜਿਵੇਂ ਮਨੁੱਖਤਾ ਦਾ ਵਿਕਾਸ, ਧਰਮ ਨਿਰਪੱਖ ਰਾਜਨੀਤਿਕ ਫਲਸਫ਼ੇ ਦਾ ਵਿਕਾਸ, ਸੰਸਾਰ ਤੇ ਮਨੁੱਖੀ ਸ਼ਰੀਰ ਅਤੇ ਦਿਮਾਗ਼ ਦੇ ਨਿਯਮਬੱਧ ਨਿਰੀਖਣ ਦੀ ਸ਼ੁਰੂਆਤ। ਇਸ ਦੀਆਂ ਹੋਰ ਵਿਸ਼ੇਸ਼ਤਾਵਾਂ ਦੇ ਨਾਲ-ਨਾਲ ਇਸ ਨੇ ਮਾਤ੍ਰੀ ਭਾਸ਼ਾਵਾਂ ਦੇ ਮਹੱਤਵ ਨੂੰ ਵੀ ਉਜਾਗਰ ਕੀਤਾ।

ਇਸ ਦੌਰ ਵਿਚ 17ਵੀਂ, 18ਵੀਂ ਸਦੀ ਦੀ ਬੌਧਿਕ ਜਾਗ੍ਰਿਤੀ ਲਹਿਰ ਨੂੰ ਵੀ ਸ਼ਾਮਿਲ ਕੀਤਾ ਜਾ ਸਕਦਾ ਹੈ। ਫ੍ਰਾਂਸਿਸ ਬੇਕਨ, ਰੈਨੀ ਡੇਕਾਰਟ ਅਤੇ ਸਪਾਈਨੋਜ਼ਾ ਇਸ ਲਹਿਰ ਦੇ ਪ੍ਰਮੁੱਖ ਚਿੰਤਕ ਹਨ। ਇਸ ਲਹਿਰ ਨੇ 'ਤਰਕ' ਨੂੰ ਗਿਆਨ-ਸ਼ਾਸਤਰ ਦਾ ਕੇਂਦਰੀ ਧੁਰਾ ਬਣਾਉਣ ਦਾ ਪੂਰਾ ਯਤਨ ਕੀਤਾ। ਫ੍ਰਾਂਸਿਸ ਬੇਕਨ ਆਪਣੀ ਸੁਪ੍ਰਸਿੱਧ ਰਚਨਾਵਾਂ 'The Advancement of Learning' ਅਤੇ 'The New Organon' ਵਿਚ ਇਸ ਤਰਕਸ਼ੀਲ ਸੰਕਲਪ ਬਾਰੇ ਲਿਖਦੇ ਹਨ:-

ਤਰਕ ਆਧੁਨਿਕ ਵਿਗਿਆਨ ਦਾ ਉਹ ਢੰਗ ਹੈ ਜੋ ਗਿਆਨ ਪ੍ਰਾਪਤੀ ਦਾ ਬੜਾ ਪ੍ਰਭਾਵਸ਼ਾਲੀ ਸਾਧਨ ਹੈ। ਇਹ ਮੱਧਕਾਲੀ ਨਿਸ਼ਕਰਸ਼ਾਂ ਉੱਤੇ ਭਰੋਸਾ ਕਰਨ ਅਤੇ ਪੁਰਾਤਨ ਤਰਕ ਯੋਗਤਾ ਜਿਹੜੀ ਕਿ ਪਰੰਪਰਕ ਰਵਾਇਤਾਂ ਅਧੀਨ ਸੀ, ਗਿਆਨ ਪ੍ਰਾਪਤੀ ਲਈ ਇਹਨਾਂ ਸਭ ਤੋਂ ਜ਼ਿਆਦਾ ਪ੍ਰਭਾਵਸ਼ਾਲੀ ਢੰਗ ਹੈ।

ਇਸ ਲਹਿਰ ਅਧੀਨ ਭਾਸ਼ਾ, ਸੁਹਜ-ਸੁਆਦ ਅਤੇ ਕਲਪਨਾ ਬਾਰੇ ਮੁੱਲਵਾਨ ਧਾਰਨਾਵਾਂ ਪ੍ਰਸਤੁਤ ਕੀਤੀਆਂ ਗਈਆਂ। ਇਸ ਪ੍ਰਕਾਰ ਇਸ ਦੌਰ ਦੇ ਚਿੰਤਨ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਸ ਨੇ ਆਧੁਨਿਕਤਾਵਾਦ ਦੇ ਸੰਕਲਪੀ ਸਰੂਪ ਅਤੇ ਇਹਨਾਂ ਦੇ ਸਿਧਾਂਤਕ ਆਧਾਰਾਂ ਨੂੰ ਹੋਰ ਵੀ ਸਪੱਸ਼ਟ ਕਰਨ ਵਿਚ ਸਹਾਇਤਾ ਕੀਤੀ।

। ਪੱਛਮੀ ਸਾਹਿਤ ਸਿਧਾਂਤ ਅਤੇ ਸਮੀਖਿਆ ਦਾ ਆਧੁਨਿਕ ਕਾਲ ਤਾਂ ਭਾਵੇਂ 15ਵੀਂ ਸਦੀ ਵਿਚ ਹੀ ਆਰੰਭ ਹੋ ਗਿਆ ਸੀ ਪਰ ਇਸ ਦਾ ਭਰਪੂਰ ਵਿਕਾਸ 18ਵੀਂ, 19ਵੀਂ ਅਤੇ 20ਵੀਂ ਸਦੀ ਦੌਰਾਨ ਸਾਹਮਣੇ ਆਇਆ। 19ਵੀਂ ਸਦੀ ਦੇ ਪਹਿਲੇ ਅੱਧ ਤੱਕ ਰੋਮਾਂਸਵਾਦ ਦੀ ਲਹਿਰ ਸਾਹਮਣੇ ਆਈ। ਇਸ ਦੇ ਨਾਲ ਹੀ ਆਦਰਸ਼ਵਾਦੀ/ਯਥਾਰਥਵਾਦੀ ਅਤੇ ਪ੍ਰਤੀਕਵਾਦੀ ਪ੍ਰਵਿਰਤੀਆਂ ਵੀ ਭਰਪੂਰ ਰੂਪ ਵਿਚ ਸਾਹਮਣੇ ਆਈਆਂ। ਇਸ ਸਮੇਂ ਅਜਿਹੀਆਂ ਨਵੀਨ ਆਲੋਚਨਾਂ ਪ੍ਰਣਾਲੀਆਂ ਹੋਂਦ ਵਿਚ ਆਈਆਂ ਜਿਹਨਾਂ ਦਾ ਆਪਣਾ ਤਰਕ-ਵਿਤਰਕ ਸੀ। ਇਹਨਾਂ ਆਲੋਚਨਾ ਪ੍ਰਣਾਲੀਆਂ ਨੇ ਸਾਹਿਤ ਦੀ ਸਾਹਿਤਕਤਾ ਨੂੰ ਪੁਨਰ ਪਰਿਭਾਸ਼ਿਤ ਕੀਤਾ। ਇਹਨਾਂ ਆਲੋਚਨਾ ਪ੍ਰਣਾਲੀਆਂ ਦਾ ਸਰਵੇਖਣ ਅਤੇ ਮੁਲਾਂਕਣ ਅੱਗੇ ਲਿਖੇ ਅਨੁਸਾਰ ਕੀਤਾ ਜਾ ਸਕਦਾ ਹੈ:-

ਅਮਰੀਕੀ ਨਵਾਲੋਚਨਾ:

ਇਹ ਵੀਹਵੀਂ ਸਦੀ ਦੇ ਮੁੱਢਲੇ ਦਹਾਕਿਆਂ (1920-30) ਦੌਰਾਨ ਸਾਹਿਤ ਸਿਧਾਂਤ ਚਿੰਤਨ ਅਤੇ ਆਲੋਚਨਾ ਦੇ ਖੇਤਰ ਵਿਚ ਉਭਰੀ ਇਕ ਮਹੱਤਵਪੂਰਨ ਲਹਿਰ ਹੈ। ਇਸ ਦਾ ਨਾਮਕਰਨ ਜੌਹਨ ਕਰੋ ਰੈਨਸਮ ਦੀ 1914 ਵਿਚ ਪ੍ਰਕਾਸ਼ਿਤ ਪੁਸਤਕ 'The New Criticism' ਉੱਤੇ ਆਧਾਰਿਤ ਹੈ। ਜਿਸ ਦਾ ਅਰਥ ਹੈ - ਨਵੀਂ ਆਲੋਚਨਾ ਜਾਂ ਨਵਾਲੋਚਨਾ। ਕਲੀਨਥ ਬਰੁਕਸ, ਰੋਬਰਟ ਪੈੱਨ ਵਾਰੈਨ, ਵਿਲੀਅਮ ਐਮਪਸਨ, ਐਲਨਟੇਟ ਅਤੇ ਮਾਰਕ ਸ਼ੋਰਰ ਇਸ ਆਲੋਚਨਾ ਪ੍ਰਣਾਲੀ ਦੇ ਪ੍ਰਮੁੱਖ ਚਿੰਤਕ ਹਨ।

ਇਹ ਆਲੋਚਨਾ ਪ੍ਰਣਾਲੀ ਨੇ ਜਿੱਥੇ ਸਾਹਿਤਕ-ਰਚਨਾ ਨੂੰ ਸ੍ਵੈ-ਆਧਾਰੀ ਤੇ ਖ਼ੁਦ ਮੁਖਤਾਰ ਹੋਂਦ ਤਸਲੀਮ ਕਰਦਿਆਂ ਸਾਹਿਤਕ ਕਿਰਤਾਂ ਦੇ ਨਿਕਟ ਅਧਿਐਨ ਉੱਤੇ ਜ਼ੋਰ ਦਿੱਤਾ, ਉੱਥੇ ਹੀ ਸਾਹਿਤ ਅਧਿਐਨ ਨੂੰ ਵਧੇਰੇ ਤਰਕਸ਼ੀਲ ਅਤੇ ਬੌਧਿਕ ਆਧਾਰ ਪ੍ਰਦਾਨ ਕੀਤੇ। ਅਸਲ ਵਿਚ ਇਸ ਦਾ ਸੰਬੰਧ ਸਾਹਿਤਕ ਪਾਠ ਨਾਲ ਅਤੇ ਉਸ ਦੀ ਭਾਸ਼ਾਈ ਸੰਰਚਨਾ ਨਾਲ ਹੈ। ਇਹ ਇਸ ਗੱਲ ਦਾ ਵਿਸ਼ਲੇਸ਼ਣ ਕਰਦੀ ਹੈ ਕਿ ਪਾਠ ਦੇ ਵਿਭਿੰਨ ਅੰਗ-ਅੰਸ਼ ਇਕ ਦੂਜੇ ਨਾਲ ਕਿਵੇਂ ਜੁੜੇ ਹੁੰਦੇ ਹਨ ਅਤੇ ਉਹਨਾਂ ਵਿਚ ਇਕਸੁਰਤਾ ਕਿਵੇਂ ਸਥਾਪਿਤ ਹੁੰਦੀ ਹੈ। ਮਾਰਕ ਸ਼ੋਰਰ ਨੇ ਆਪਣੀ ਪ੍ਰਸਿੱਧ ਪੁਸਤਕ 'Technique as Discovery' ਵਿਚ ਇਸ ਰੂਪਵਾਦੀ ਸਿਧਾਂਤ ਨੂੰ ਗਲਪ ਅਧਿਐਨ ਉੱਤੇ ਲਾਗੂ ਕਰਨ ਦਾ ਸਫ਼ਲ ਉਪਰਾਲਾ ਕੀਤਾ ਹੈ। ਉਸ ਅਨੁਸਾਰ:-

ਨਿਰੋਲ ਕਿਸੇ ਗਲਪ-ਰਚਨਾ ਦੀ ਵਸਤੂ ਬਾਰੇ ਗੱਲ ਕਰਨਾ, ਕੇਵਲ ਰਚਨਾਕਾਰ ਦੇ ਯਥਾਰਥ ਅਨੁਭਵ ਬਾਰੇ ਗੱਲ ਕਰਨਾ ਹੈ, ਕਲਾ ਬਾਰੇ ਬਿਲਕੁਲ ਨਹੀਂ। ਜਦੋਂ ਅਸੀਂ ਕਲਾ ਦੇ ਮਾਧਿਅਮ ਰਾਹੀਂ ਰੂਪਮਾਨ ਹੋਈ ਵਸਤੂ ਬਾਰੇ ਗੱਲ ਕਰਦੇ ਹਾਂ ਤਾਂ ਹੀ ਅਸੀਂ ਕਲਾ-ਕਿਰਤ ਨੂੰ ਕਲਾ-ਕਿਰਤ ਦੇ ਤੌਰ ਤੇ ਵਿਚਾਰਦੇ ਹਾਂ।7

ਇਸ ਪ੍ਰਕਾਰ ਇਹ ਆਲੋਚਨਾ ਪ੍ਰਣਾਲੀ ਪਾਠ ਨੂੰ ਪ੍ਰਸੰਗ ਤੋਂ ਤੋੜਦੀ ਹੋਈ ਸਮਾਜਿਕ ਪ੍ਰਭਾਵ ਤੇ ਪ੍ਰਕਾਰਜ ਨੂੰ ਇਕ ਪਾਸੇ ਕਰਦੀ ਹੋਈ 'ਕਲਾ-ਕਲਾ ਲਈ' ਸਿਧਾਂਤ ਦੀ ਹਾਮੀ ਭਰਦੀ ਹੈ।

**ਰੂਸੀ ਰੂਪਵਾਦ:**

ਇਕ ਵਿਲੱਖਣ ਆਲੋਚਨਾ ਪ੍ਰਣਾਲੀ ਵਜੋਂ ਰੂਸੀ ਰੂਪਵਾਦ ਦਾ ਵਿਕਾਸ ਰੂਸ ਵਿਚ 20ਵੀਂ (ਵੀਹਵੀਂ) ਸਦੀ ਦੇ ਦੂਜੇ ਦਹਾਕੇ ਦੌਰਾਨ ਹੋਇਆ। ਇਸ ਨੂੰ ਵਿਕਸਿਤ ਕਰਨ ਵਾਲਿਆਂ ਦਾ ਸੰਬੰਧ ਮੁੱਖ ਤੌਰ ਤੇ 1915 ਵਿਚ ਸਥਾਪਿਤ 'ਮਾਸਕੋ ਲਿੰਗੁਇਸਟਿਕ ਸਰਕਲ' ਅਤੇ 1916 ਵਿਚ ਸਥਾਪਿਤ ਹੋਈ ਕਾਵਿ-ਭਾਸ਼ਾ ਦੇ ਅਧਿਐਨ ਨਾਲ ਸੰਬੰਧਿਤ ਇਕ ਸੰਸਥਾ 'Opajaz' ਨਾਲ ਸੀ। ਪਹਿਲੀ ਸੰਸਥਾ ਦੇ ਮੁੱਖ ਆਗੂ ਰੋਮਨ ਜਕੋਬਸਨ ਅਤੇ ਪੀਟਰ ਬੋਗਾਰਟੀਵ ਸਨ ਅਤੇ ਦੂਜੀ ਸੰਸਥਾ ਦੇ ਚਿੰਤਕਾਂ ਵਿਚ ਵਿਕਟਰ ਸ਼ਕਲੋਵਸਕੀ, ਯੂਰੀ ਤਾਇਨਿਆਨੋਵ ਅਤੇ ਬੋਰਿਸ ਆਈਖ਼ਨਬੌਮ ਪ੍ਰਮੁੱਖ ਹਨ।

ਇਹ ਆਲੋਚਨਾ ਪ੍ਰਣਾਲੀ ਸਾਹਿਤ ਦੇ ਅਧਿਐਨ ਲਈ ਵਸਤੂ ਨਾਲੋਂ ਰੂਪ ਨੂੰ ਵਧੇਰੇ ਮਹੱਤਵ ਪ੍ਰਦਾਨ ਕਰਦੀ ਹੈ। ਇਸ ਨੇ ਸਾਹਿਤ ਦੀ ਹੋਂਦ ਵਿਧੀ ਦਾ ਰਹੱਸ ਤਕਨੀਕ ਜਾਂ ਸ਼ਿਲਪ ਵਿਚ ਤਲਾਸ਼ ਕਰਦਿਆਂ ਸਾਹਿਤ ਪ੍ਰਗਟਾਵੇ ਦੀ ਮੁੱਖ ਜੁਗਤ 'ਅਜਨਬੀਕਰਨ' ਉੱਤੇ ਜ਼ੋਰ ਦਿੱਤਾ। ਇਸ ਨੇ ਜਿੱਥੇ ਇਕ ਪਾਸੇ ਸਾਹਿਤ ਦੀ ਸਾਹਿਤਕਤਾ ਦਾ ਕੇਂਦਰ ਬਿੰਦੂ ਭਾਸ਼ਾਈ ਪ੍ਰਯੋਗਾਂ ਵਿਚ ਤਲਾਸ਼ ਕਰਨ ਦੀ ਚੇਸ਼ਟਾ ਕੀਤੀ ਉੱਥੇ ਹੀ ਕਾਵਿਕ ਭਾਸ਼ਾ ਦੀ ਜੁਗਤਾਂ ਨੂੰ ਵਿਸ਼ੇਸ਼ ਮਹੱਤਵ ਪ੍ਰਦਾਨ ਕੀਤਾ। ਡਾ. ਕੁਲਦੀਪ ਸਿੰਘ ਧੀਰ ਅਨੁਸਾਰ:

ਇਸ ਵਿਧੀ ਨਾਲ ਰਚਨਾ ਦੇ ਕਲਾਤਮਕ ਗੁਣਾਂ ਦੀ ਪਛਾਣ ਉੱਤੇ ਜ਼ੋਰ ਵਧਿਆ ਅਤੇ ਸਾਹਿਤਕ ਕ੍ਰਿਤੀਆਂ ਦੇ ਸੁਹਜ, ਸੁੰਦਰਤਾ, ਵਿਸ਼ਾ, ਰੂਪ ਤੇ ਸੰਦੇਸ਼ ਪ੍ਰਤੀ ਇਕ ਨਵੀਂ ਦ੍ਰਿਸ਼ਟੀ ਦਾ ਸੰਚਾਰ ਹੋਇਆ ਅਤੇ ਵੀਹਵੀਂ ਸਦੀ ਦੀ ਸਾਹਿਤ ਆਲੋਚਨਾ ਵਿਚ ਇਕ ਨਵੀਂ ਤਾਜ਼ਗੀ ਭਰ ਗਈ।8

ਇਸ ਪ੍ਰਕਾਰ ਰੂਸੀ ਰੂਪਵਾਦੀ ਆਲੋਚਨਾ ਪ੍ਰਣਾਲੀ ਵਿਚ ਵੀ ਸਾਹਿਤਕ ਕਿਰਤ ਦੇ ਵਸਤੂ ਪੱਖ ਨਾਲੋਂ ਕਲਾਤਮਕ ਪੱਖ ਤੇ ਵਧੇਰੇ ਜ਼ੋਰ ਦਿੱਤਾ ਗਿਆ।

**ਮਾਰਕਸਵਾਦ:**

ਵੀਹਵੀਂ ਸਦੀ ਦੌਰਾਨ ਸਾਹਮਣੇ ਆਈ ਮਾਰਕਸਵਾਦੀ ਆਲੋਚਨਾ ਪ੍ਰਣਾਲੀ ਵਿਸ਼ੇਸ਼ ਮਹੱਤਵ ਦੀ ਧਾਰਨੀ ਹੈ। ਇਹ ਸਾਹਿਤਕ ਰਚਨਾਵਾਂ ਦੀ ਅੰਦਰਲੀ ਵਸਤੂ ਅਤੇ ਉਸਦੇ ਸਮਾਜਿਕ-ਇਤਿਹਾਸਕ ਪਰਿਪੇਖ ਨੂੰ ਅਧਿਐਨ ਦਾ ਆਧਾਰ ਬਣਾਉਂਦੀ ਹੈ। ਇਸੇ ਲਈ ਇਸ ਨੂੰ ਵਸਤੂ-ਵਾਦੀ ਜਾਂ ਇਤਿਹਾਸਵਾਦੀ ਆਲੋਚਨਾ ਪ੍ਰਣਾਲੀ ਆਖਿਆ ਜਾਂਦਾ ਹੈ। ਇਹ ਆਲੋਚਨਾ ਪ੍ਰਣਾਲੀ ਕਾਰਲ ਮਾਰਕਸ ਅਤੇ ਫਰੈਡਰਿਕ ਐਂਗਲਜ਼ ਦੇ ਦਾਰਸ਼ਨਿਕ ਅਤੇ ਸਮਾਜ ਵਿਗਿਆਨਕ ਚਿੰਤਨ ਤੋਂ ਪ੍ਰਭਾਵਿਤ ਤੇ ਪ੍ਰੇਰਿਤ ਹੈ। ਇਹ ਸ਼ੋਸ਼ਣ ਰਹਿਤ ਸਮਾਜ ਦੀ ਉਸਾਰੀ ਲਈ ਕ੍ਰਾਂਤੀਕਾਰੀ ਪਰਿਵਰਤਨ ਦਾ ਵਿਗਿਆਨਕ ਹੱਲ ਪੇਸ਼ ਕਰਦੀ ਹੈ। ਇਸ ਚਿੰਤਨ ਦਾ ਇਕ ਪਹਿਲੂ ਜੀਵਨ ਅਤੇ ਯਥਾਰਥ ਦੇ ਵਿਸ਼ਲੇਸ਼ਣ ਨਾਲ ਸੰਬੰਧ ਰੱਖਦਾ ਹੈ, ਜਿਸ ਨੂੰ 'ਦਵੰਦਾਤਮਕ ਭੌਤਿਕਵਾਦ' ਆਖਿਆ ਜਾਂਦਾ ਹੈ। 'ਇਤਿਹਾਸਕ ਭੌਤਿਕਵਾਦ' ਇਸ ਚਿੰਤਨ ਦਾ ਦੂਜਾ ਪਹਿਲੂ ਹੈ ਜੋ ਮਨੁੱਖੀ ਸਾਮਜ ਦਾ ਵਿਸ਼ਲੇਸ਼ਣ ਆਰਥਿਕ ਅਤੇ ਰਾਜਨੀਤਿਕ ਸਥਿਤੀਆਂ ਦੇ ਹਵਾਲੇ ਨਾਲ ਕਰਦਾ ਹੈ।

ਇਸ ਚਿੰਤਨ ਨੂੰ ਸਿਧਾਂਤਕ ਆਧਾਰ ਪ੍ਰਦਾਨ ਕਰਨ ਵਾਲਿਆਂ ਵਿਚ ਲੈਨਿਨ ਤੇ ਟ੍ਰਾਟਸਕੀ ਸ਼ਾਮਿਲ ਹਨ। ਜਿੱਥੇ 'ਵਲਾਦੀਮੀਰ ਲੈਨਿਨ' ਨੇ ਮਾਕਸਵਾਦੀ ਸੁਹਜ-ਸ਼ਾਸਤਰ ਦੀ ਉਸਾਰੀ ਵਿਚ ਮਹੱਤਵਪੂਰਨ ਯੋਗਦਾਨ ਦਿੱਤਾ, ਉੱਥੇ ਹੀ ਲੁਕਾਚ ਪ੍ਰਮੁੱਖ ਮਾਰਕਸਵਾਦੀ ਆਲੋਚਕ ਵਜੋਂ ਉਭਰਦਾ ਹੈ। ਐਮ.ਏ.ਆਰ. ਹਬੀਬ ਕਾਰਲ ਮਾਰਕਸ ਅਤੇ ਮਾਰਕਸਵਾਦੀ ਚਿੰਤਨ ਦੇ ਮਹੱਤਵ ਅਤੇ ਪ੍ਰਭਾਵਾਂ ਨੂੰ ਦ੍ਰਿੜਾਉਂਦਿਆਂ ਲਿਖਦੇ ਹਨ:

ਸੰਸਾਰ ਵਿਚ ਵੱਡੇ ਪੱਧਰ ਉੱਤੇ ਕਾਰਲ ਮਾਰਕਸ ਦੇ ਸਿਧਾਂਤਾਂ ਦਾ ਪ੍ਰਭਾਵ ਪਿਆ। ਸਮਾਜ ਵਿਗਿਆਨ, ਦਰਸ਼ਨ ਸ਼ਾਸਤਰ, ਆਰਥਿਕਤਾ ਅਤੇ ਸੱਭਿਆਚਾਰਕ ਸਿਧਾਂਤਾਂ ਨੇ ਵਿਆਪਕ ਪੱਧਰ ਉੱਤੇ ਉਸ ਦਾ ਸਿਧਾਂਤਕ ਪ੍ਰਭਾਵ ਗ੍ਰਹਿਣ ਕੀਤਾ। ਮਾਰਕਸਵਾਦ ਨੇ ਸਾਹਿਤਕ ਅਤੇ ਸੱਭਿਆਚਾਰਕ ਆਲੋਚਨਾ ਦੀ ਅਮੀਰ ਪਰੰਪਰਾ ਪੈਦਾ ਕੀਤੀ। ਆਧੁਨਿਕ ਆਲੋਚਨਾ ਦੀਆਂ ਕਈ ਸ਼ਾਖਾਵਾਂ ਜਿਸ ਵਿਚ ਇਤਿਹਾਸਕਤਾ, ਇਸਤ੍ਰੀਵਾਦ, ਵਿਰਚਨਾਵਾਦ, ਉੱਤਰ ਬਸਤੀਵਾਦ ਅਤੇ ਸੱਭਿਆਚਾਰਕ ਆਲੋਚਨਾ ਸ਼ਾਮਿਲ ਹਨ, ਮਾਰਕਸਵਾਦੀ ਅੰਤਰ-ਦ੍ਰਿਸ਼ਟੀਆਂ ਦੀਆਂ ਕਰਜ਼ਦਾਰ ਹਨ।

ਇਸ ਪ੍ਰਕਾਰ ਇਸ ਆਲੋਚਨਾ ਪ੍ਰਣਾਲੀ ਵਿਚ ਸਾਹਿਤ ਰਚਨਾ ਦੀ ਕਲਾਤਮਕ ਉਸਾਰੀ ਨਾਲੋਂ ਵਸਤੂ-ਪੱਖ ਨੂੰ ਵਧੇਰੇ ਮਹੱਤਤਾ ਦਿੱਤੀ ਗਈ ਹੈ।

**ਸੰਰਚਨਾਵਾਦ ਅਤੇ ਚਿਹਨ ਵਿਗਿਆਨ:**

ਸੰਰਚਨਾਵਾਦ ਪ੍ਰਸਿੱਧ ਭਾਸ਼ਾ ਵਿਗਿਆਨੀ ਫਰਦੀਨਾ ਦ' ਸੋਸਿਊਰ ਦੁਆਰਾ ਆਧੁਨਿਕ ਭਾਸ਼ਾ ਵਿਗਿਆਨ ਉੱਤੇ ਆਧਾਰਿਤ ਸਿਰਜੀ ਗਈ ਵਿਸ਼ੇਸ਼ ਅਧਿਐਨ ਪ੍ਰਣਾਲੀ ਹੈ। ਉਸ ਨੇ ਭਾਸ਼ਾ ਵਿਗਿਆਨ ਦੇ ਨਵੀਨ ਸਿਸਟਮ ਮੁਖ ਅਧਿਐਨ ਮਾਡਲ ਦੇ ਮੂਲ ਸੰਕਲਪਾਂ, ਸਿਧਾਂਤਾਂ ਦੇ ਪ੍ਰਸੰਗਾਂ ਨੂੰ ਸਥਾਪਿਤ ਕਰਨ ਦਾ ਗੌਰਵਸ਼ੀਲ ਕਾਰਜ ਕੀਤਾ। ਫਰਾਂਸ ਸਕੂਲ, ਪਰਾਗ ਸਕੂਲ, ਕਾਪਨਹੈਗਨ ਸਕੂਲ ਇਸ ਚਿੰਤਨਧਾਰਾ ਦੇ ਮੁੱਖ ਕੇਂਦਰ ਹਨ। ਸੋਸਿਊਰ ਤੋਂ ਬਾਅਦ ਨੋਮ ਚੌਮਸਕੀ ਤੇ ਜੋਨਾਰਥ ਕੁਲਰ ਪ੍ਰਸਿੱਧ ਸੰਰਚਨਾਵਾਦੀ ਚਿੰਤਕਾਂ ਵਜੋਂ ਉਭਰਦੇ ਹਨ।

ਸੋਸਿਊਰ ਦੇ ਮਤ ਅਨੁਸਾਰ ਭਾਸ਼ਾ ਮੂਲ ਰੂਪ ਵਿਚ ਚਿਹਨਾਂ ਦਾ ਅਮੂਰਤ ਪ੍ਰਬੰਧ ਹੈ। ਚਿਹਨ ਦੇ ਦੋ ਪੱਖ ਹਨ। 'ਧੁਨੀ ਬਿੰਬ' ਅਤੇ 'ਸੰਕਲਪ', ਜਿਨ੍ਹਾਂ ਨੂੰ 'ਚਿਹਨਕ' ਤੇ 'ਚਿਹਨਤ' ਕਿਹਾ ਜਾਂਦਾ ਹੈ। ਭਾਸ਼ਾਈ ਚਿਹਨਾਂ ਦੀ ਕਾਰਜਸ਼ੀਲਤਾ ਲਈ ਸਮਾਜਿਕ ਸੱਭਿਆਚਾਰਕ ਨੇਮ ਪ੍ਰਬੰਧ ਲੋੜੀਂਦੇ ਹਨ। ਜਿਹਨਾਂ ਨੂੰ ਸੋਸਿਊਰ ਨੇ 'ਲਾਂਗ' ਦਾ ਨਾਂ ਦਿੱਤਾ ਹੈ। ਇਸ ਦੇ ਨਾਲ ਹੀ ਉਸ ਨੇ ਭਾਸ਼ਾ ਦੀ ਵਿਹਾਰਕ ਵਰਤੋਂ ਤੇ ਆਧਾਰਿਤ 'ਪੈਰੋਲ' ਦਾ ਸੰਕਲਪ ਵੀ ਪੇਸ਼ ਕੀਤਾ। ਇਹ ਇਕ ਅੰਤਰ-ਅਨੁਸ਼ਾਸ਼ਨੀ ਪਹੰੁਚ ਵਿਧੀ ਹੈ। ਇਸ ਸੰਬੰਧੀ ਡਾ. ਗੋਪੀ ਚੰਦ ਨਾਰੰਗ ਲਿਖਦੇ ਹਨ:

ਸੰਰਚਨਾਵਾਦ ਇਕ ਦਾਰਸ਼ਨਿਕ ਸਿਧਾਂਤ ਅਤੇ ਕਾਰਜ-ਪ੍ਰਣਾਲੀ ਹੈ। ਕਾਰਜਪ੍ਰਣਾਲੀ ਦੇ ਰੂਪ ਵਿਚ ਸੰਰਚਨਾਵਾਦ ਦੀ ਸੋਚ ਵਿਧੀ ਅਜਿਹੀ ਹੈ ਕਿ ਇਕ ਪ੍ਰਬੰਧ ਦੇ ਅੰਤਰਗਤ ਲਿਆ ਕੇ ਸਾਰੇ ਵਿਗਿਆਨਾਂ ਵਿਚ ਪਰਸਪਰ ਸਾਂਝ ਪੈਦਾ ਕੀਤੀ ਜਾਵੇ।

ਚਿਹਨ ਵਿਗਿਆਨ ਸੋਸਿਊਰ ਦੇ ਭਾਸ਼ਾ ਵਿਗਿਆਨ ਦੇ ਇਕ ਅੰਗ ਵਜੋਂ ਪੇਸ਼ ਹੋਇਆ ਅਨੁਸ਼ਾਸਨ ਹੈ ਜਿੱਥੇ ਅਮਰੀਕੀ ਦਾਰਸ਼ਨਿਕ ਚਿੰਤਕ ਚਾਰਲਸ ਸਾਂਡਰਜ਼ ਪੀਅਰਸ ਨੇ ਚਿਹਨ ਵਿਗਿਆਨ ਦੀ ਉਸਾਰੀ ਵਿਚ ਵਿਸ਼ੇਸ਼ ਯੋਗਦਾਨ ਪਾਇਆ ਉੱਥੇ ਹੀ ਰੋਲਾ ਬਾਰਥ ਅਤੇ ਬਾਇਸਨਜ਼ ਨੇ ਆਪੋ-ਆਪਣੇ ਢੰਗਾਂ ਨਾਲ ਚਿਹਨ ਵਿਗਿਆਨ ਦਾ ਤਰਕ ਆਧਾਰਿਤ ਸਿਧਾਂਤਕ ਵਿਸ਼ਲੇਸ਼ਣ ਪੇਸ਼ ਕੀਤਾ। ਸੱਠਵਿਆਂ ਤੋਂ ਬਾਅਦ ਇਸ ਅਨੁਸ਼ਾਸਨ ਦਾ ਸੁਤੰਤਰ ਅਤੇ ਭਰਪੂਰ ਵਿਕਾਸ ਸਾਹਮਣੇ ਆਉਂਦਾ ਹੈ।

ਅਸਲ ਵਿਚ ਸੰਰਚਨਾਵਾਦ ਤੇ ਚਿਹਨ ਵਿਗਿਆਨ ਦਾ ਸੰਗਮ ਚਿਹਨ ਵਿਗਿਆਨ ਦੇ ਘੇਰੇ ਦੇ ਵਿਸਤਾਰ ਤੇ ਨਵੀਆਂ ਸੰਭਾਵਨਾਵਾਂ ਦਾ ਸੰਕੇਤ ਹੈ।

**ਆਧੁਨਿਕਤਾਵਾਦ ਅਤੇ ਉੱਤਰ ਆਧੁਨਿਕਤਾਵਾਦ:**

ਆਧੁਨਿਕਤਾਵਾਦ ਦਾ ਜਨਮ 18ਵੀਂ ਸਦੀ ਈਸਵੀ ਦੇ ਪਿਛਲੇ ਅੱਧ ਵਿਚ ਯੂਰਪ ਦੀ ਸੁਪ੍ਰਸਿੱਧ ਜਾਗ੍ਰਿਤੀ ਲਹਿਰ ਦੇ ਸਿੱਟੇ ਵਜੋਂ ਹੋਇਆ। ਇਸ ਲਹਿਰ ਨੇ ਤਰਕ ਅਤੇ ਵਿਵੇਕ ਦੀ ਸਰਦਾਰੀ ਸਥਾਪਿਤ ਕਰਦਿਆਂ ਮਨੁੱਖ ਨੂੰ ਤਰਕਹੀਣ ਰਸਮਾਂ-ਰੀਤਾਂ, ਵਹਿਮਾਂ-ਭਰਮਾਂ ਅਤੇ ਅਗਿਆਨ ਦੇ ਹਨੇਰੇ ਵਿਚੋਂ ਕੱਢਣ ਦਾ ਉਪਰਾਲਾ ਕੀਤਾ, ਜਿਸ ਨੂੰ 'ਮੁਕਤੀ' ਯੋਜਨਾ ਕਿਹਾ ਗਿਆ ਪਰ ਇਸ ਮੁਕਤੀ ਯੋਜਨਾ ਨੂੰ ਯੂਰਪ ਦੀਆਂ ਉੱਭਰ ਰਹੀਆਂ ਸਰਮਾਏਦਾਰੀ ਤਾਕਤਾਂ ਵੱਲੋਂ ਬਸਤੀਵਾਦੀ ਵਿਸਤਾਰ ਅਤੇ ਸਾਮਰਾਜੀ ਮਨਸੂਬਿਆਂ ਦੀ ਸਫ਼ਲਤਾ ਲਈ ਇਕ ਹਥਿਆਰ ਵਜੋਂ ਵਰਤਿਆ ਅਤੇ ਬਸਤੀਵਾਦੀ ਪ੍ਰਬੰਧ ਹੇਠਾਂ ਆਏ ਮੁਲਕਾਂ ਦਾ ਆਰਥਿਕ ਸ਼ੋਸ਼ਣ ਕਰਨ ਦੇ ਨਾਲ-ਨਾਲ ਸੱਭਿਆਚਾਰਕ ਦਮਨ ਵੀ ਕੀਤਾ। ਉੱਤਰ ਆਧੁਨਿਕਤਾਵਾਦੀ ਚਿੰਤਨ ਨੇ ਆਧੁਨਿਕਤਾਵਾਦ ਦੇ ਸਿਧਾਂਤਕ ਪਿਛੋਕੜ ਵਿਚ ਕੰਮ ਕਰ ਰਹੇ ਇਸ ਜਾਗ੍ਰਿਤੀ ਪ੍ਰਾਜੈਕਟ ਦੇ ਵਿਰੋਧ ਵਿਚ ਆਪਣੇ ਪ੍ਰਵਚਨ ਦੀ ਉਸਾਰੀ ਕੀਤੀ ਹੈ। ਯਾਂ ਬੋਦ੍ਰੀਲਾਰਦ, ਯੱਕ ਦੇਰੀਦਾ, ਮਿਸ਼ੇਲ ਫੂਕੋ, ਲਿਉਤਾਰਦ ਇਸ ਦੇ ਪ੍ਰਮੁੱਖ ਚਿੰਤਕ ਹਨ। ਵਾਸਤਵ ਵਿਚ ਇਹ ਚਿੰਤਨ ਵਿਧੀ ਕਿਸੇ ਵਾਦ ਜਾਂ ਸਿਧਾਂਤ ਨਾਲੋਂ ਵਧੇਰੇ ਸਥਿਤੀ ਤੇ ਪ੍ਰਗਟਾਉ-ਸ਼ੈਲੀ ਸੋਚ ਦੀ ਲਿਖਾਇਕ ਹੈ। ਡਾ. ਰਾਜਿੰਦਰਪਾਲ ਸਿੰਘ ਬਰਾੜ ਇਸ ਬਾਰੇ ਲਿਖਦੇ ਹਨ:

ਉੱਤਰ ਆਧੁਨਿਕਤਾਵਾਦ ਨਾਂ ਦੀ ਆਪਣੇ ਆਪ ਵਿਚ ਕੋਈ ਦਾਰਸ਼ਨਿਕ ਪੱਧਤੀ ਜਾਂ ਰਾਜਸੀ ਵਿਚਾਰਧਾਰਾ ਨਹੀਂ ਹੈ ਸਗੋਂ ਉੱਤਰ ਆਧੁਨਿਕਤਾਵਾਦ ਉਸ ਸਾਰੇ ਗਿਆਨ ਨੂੰ ਆਖਿਆ ਜਾ ਸਕਦਾ ਹੈ ਜੋ ਆਧੁਨਿਕਤਾਵਾਦ ਦੀ ਕੁੱਖੋਂ ਉਸ ਦੇ ਪ੍ਰਤੀਉੱਤਰ ਵਜੋਂ ਪੈਦਾ ਹੋਇਆ ਹੈ।

ਇਸ ਚਿੰਤਨ ਪ੍ਰਣਾਲੀ ਅਧੀਨ ਜਿੱਥੇ ਲਘੂ ਬਿਰਤਾਂਤਾਂ ਦਾ ਦੌਰ ਆਰੰਭ ਹੋਇਆ ਉੱਥੇ ਹੀ ਵਿਭਿੰਨ ਸਭਿਆਚਾਰਕ ਸਮੂਹਾਂ ਅਤੇ ਵਰਗਾਂ ਦੀ ਸਮਾਂਤਰ ਹੋਂਦ ਤੇ ਜ਼ੋਰ ਦਿੰਦਿਆਂ ਆਪੋ-ਆਪਣੀ ਨਿਵੇਕਲੀ ਪਛਾਣ ਬਰਕਰਾਰ ਰੱਖਣ ਲਈ ਉਤਸ਼ਾਹਿਤ ਕੀਤਾ ਗਿਆ। ਅਸਲ ਵਿਚ ਇਹ ਵਰਤਮਾਨ ਸਮਾਜਿਕ ਵਰਤਾਰੇ ਅਤੇ ਵਿਹਾਰ ਬਾਰੇ ਨਵੀਂ ਸੂਝ ਤੇ ਸਮਝ ਪੈਦਾ ਕਰਨ ਵਾਲੀ ਚਿੰਤਨ ਵਿਧੀ ਹੈ।

**ਨਵ-ਸੰਰਚਨਾਵਾਦ ਅਤੇ ਨਵ-ਮਾਰਕਸਵਾਦ:**

ਸੰਰਚਨਾਵਾਦ ਦੀ ਸੀਮਾ ਤੇ ਸੰਭਾਵਨਾ ਨੂੰ ਪਛਾਣਨ ਦੇ ਨਾਲ ਹੀ ਉੱਤਰ-ਸੰਰਚਨਾਵਾਦ ਦਾ ਆਗਾਜ਼ ਹੁੰਦਾ ਹੈ। ਰੋਲਾ ਬਾਰਤ, ਦੇਰੀਦਾ, ਫੂਕੋ, ਲਾਕਾਂ ਨਵ-ਸੰਰਚਨਾਵਾਦ ਦੇ ਪ੍ਰਮੁੱਖ ਚਿੰਤਕ ਹਨ। ਸੋਸਿਊਰ ਦੇ ਭਾਸ਼ਾ-ਦਰਸ਼ਨ ਦੇ ਸੰਰਚਨਾਤਮਕ ਚਿੰਤਨ ਨੂੰ ਤਾਰਕਿਕ ਅੰਜਾਮ ਤੱਕ ਪਹੁੰਚਾਉਣ ਦਾ ਕਾਰਜ ਉੱਤਰ-ਸੰਰਚਨਾਵਾਦ ਨੇ ਕੀਤਾ। ਇਸ ਅਧੀਨ ਭਾਸ਼ਾ, ਗਿਆਨ, ਸੱਚ ਅਤੇ ਯਥਾਰਥ ਬਾਰੇ ਨਵੀਂ ਸੂਝ ਅਤੇ ਸਮਝ ਵਿਕਸਿਤ ਕਰਨ ਦਾ ਉਪਰਾਲਾ ਕੀਤਾ ਗਿਆ। 'ਯੱਕ ਦੇਰੀਦਾ' ਨੇ ਸਾਹਿਤਕ ਅਤੇ ਸੱਭਿਆਚਾਰਕ ਸਿਰਜਣਾਵਾਂ ਦੇ ਅਧਿਐਨ ਲਈ ਵਿਰਚਨਾ-ਵਿਧੀ ਦਾ ਸੰਕਲਪ ਪੇਸ਼ ਕੀਤਾ। ਬ੍ਰਹਮਜਗਦੀਸ਼ ਇਸ ਵਿਧੀ ਬਾਰੇ ਲਿਖਦੇ ਹਨ:

ਵਿਰਚਨਾ ਪ੍ਰਣਾਲੀ ਇਹ ਸਿੱਧ ਕਰਦੀ ਹੈ ਕਿ ਭਾਸ਼ਾਈ ਸਿਸਟਮ ਕੁੱਝ ਇਸ ਤਰ੍ਹਾਂ ਬਣਿਆ ਹੈ ਕਿ ਕਿਸੇ ਵੀ ਟੈਕਸਟ ਦੇ ਨਿਸ਼ਚਿਤ, ਇਕਹਿਰੇ ਜਾਂ ਸੀਮਿਤ ਅਰਥ ਨਹੀਂ ਕੀਤੇ ਜਾ ਸਕਦੇ। ਵਿਰਚਨਾਤਮਕ ਪਾਠ ਦਰਸਾਉਂਦਾ ਹੈ ਕਿ ਟੈਕਸਟ ਦੇ ਆਪਣੇ ਅੰਦਰ ਹੀ ਵਿਰੋਧੀ ਸ਼ਕਤੀਆਂ ਮੌਜੂਦ ਰਹਿੰਦੀਆਂ ਹਨ। ਜਿਹੜੀਆਂ ਇਸ ਦੇ ਨਿਸ਼ਚਿਤ ਪ੍ਰਬੰਧ ਅਤੇ ਆਰਥਾਂ ਨੂੰ ਬਹੁਮੁਖੀ, ਪਰਸਪਰ ਵਿਰੋਧੀ ਅਤੇ ਅਨੰਤ ਸੰਭਾਵਨਾਵਾਂ ਵਿਚ ਤਬਦੀਲ ਕਰ ਦਿੰਦੀਆਂ ਹਨ।

ਨਵ-ਸੰਰਚਨਾਵਾਦੀ ਸਮੀਖਿਆ ਵਿਧੀ ਮੂਲ ਰੂਪ ਵਿਚ ਕਲਾਸੀਕਲ ਮਾਰਕਸਵਾਦ ਦੀ ਹੀ ਉਪਜ ਹੈ ਪਰ ਇਸ ਦੇ ਨਾਲ ਹੀ ਇਹ ਸੰਰਚਨਾਵਾਦ ਅਤੇ ਉੱਤਰ ਸੰਰਚਨਾਵਾਦ ਦਾ ਪ੍ਰਭਾਵ ਵੀ ਗ੍ਰਹਿਣ ਕਰਦੀ ਹੈ। ਇਸੇ ਲਈ ਇਸ ਨੂੰ ਸੰਰਚਨਾਵਾਦੀ ਮਾਰਕਸਵਾਦ ਵੀ ਆਖਿਆ ਜਾਂਦਾ ਹੈ। ਲੂਈ ਅਲਥੂਸਰ, ਪੀਅਰੇ ਮਾਸ਼ੇਰੀ, ਫ੍ਰੈਡਰਿਕ ਜੇਮਸਨ, ਟੈਰੀ ਈਗਲਟਨ ਇਸ ਦੇ ਪ੍ਰਮੁੱਖ ਚਿੰਤਕ ਹਨ। ਮਾਸ਼ੇਰੀ ਜਿੱਥੇ ਸਾਹਿਤਕ ਕਿਰਤਾਂ ਨੂੰ ਅਰਥਾਂ ਦਾ ਉਤਪਾਦਨ ਕਰਨ ਵਾਲੀ ਗਤੀਸ਼ੀਲ ਸਿਰਜਣਾ ਮੰਨਦਾ ਹੈ, ਉੱਥੇ ਹੀ ਫ੍ਰੈਡਰਿਕ ਜੇਮਸਨ ਸਾਹਿਤ ਨੂੰ

ਸਮਾਜਿਕ ਪ੍ਰਤੀਕਾਤਮਕ ਕਾਰਜ ਦੇ ਰੂਪ ਵਿਚ ਪਰਿਭਾਸ਼ਿਤ ਕਰਦਿਆਂ ਉਸ ਦੇ ਬਹੁ-ਪਰਤੀ ਵਿਸ਼ਲੇਸ਼ਣ ਉੱਤੇ ਜ਼ੋਰ ਦਿੰਦਾ ਹੈ। ਡਾ. ਗੋਪੀ ਚੰਦ ਨਾਰੰਗ ਉੱਤਰ ਸੰਰਚਨਾਵਾਦ ਤੇ ਨਵ-ਮਾਰਕਸਵਾਦੀ ਪ੍ਰਵਿਰਤੀਆਂ ਦੇ ਸੰਕਲਪੀ ਸਰੂਪ ਵਿਚਲੀ ਸਾਂਝ ਸੰਬੰਧੀ ਲਿਖਦੇ ਹਨ:

ਉੱਤਰ-ਸੰਰਚਨਾਵਾਦ ਤੇ ਵਿਰਚਨਾਵਾਦ ਨੂੰ ਨਵ-ਮਾਰਕਸਵਾਦੀ ਪ੍ਰਵਿਰਤੀਆਂ ਅਤੇ ਖੱਬੇ ਪੱਖੀ ਬੌਧਿਕ ਸੱਭਿਆਚਾਰਕ ਪ੍ਰਵਿਰਤੀਆਂ ਦੇ ਵਿਸਤਾਰ ਦੇ ਰੂਪ ਵਿਚ ਦੇਖਿਆ ਗਿਆ। ਇਸ ਦਾ ਵਿਸ਼ੇਸ਼ ਕਾਰਨ ਸੀ। ਮਾਰਕਸਵਾਦ ਵਿਚ ਕੇਂਦਰਤਾ ਵਿਅਕਤੀ ਜਾਂ ਵਿਅਕਤੀਗਤ ਬੋਧ ਨੂੰ ਪ੍ਰਾਪਤ ਨਹੀਂ ਯਾਨੀ ਵਿਅਕਤੀ ਜਾਂ ਉਸ ਦੀ ਚੇਤਨਾ ਸੁਤੰਤਰ ਕਰਤਾ ਨਹੀਂ। ਉੱਤਰ ਸੰਰਚਨਾਵਾਦ ਵੀ ਵਿਅਕਤੀ ਦੀ ਵਿਅਕਤੀ-ਪਰਕਤਾ ਨੂੰ ਮਹੱਤਵ ਨਹੀਂ ਦਿੰਦਾ ਅਤੇ ਮਾਨਵ ਵਿਅਕਤੀ ਨੂੰ ਰੱਦ ਕਰਦਾ ਹੈ। ਇਸ ਲਈ ਉੱਤਰ-ਸੰਰਚਨਾਵਾਦੀ ਸੋਚ ਦਾ ਇਹ ਦ੍ਰਿਸ਼ਟੀਕੋਣ ਮਾਰਕਸਵਾਦ ਦੇ ਅਨੁਕੂਲ ਹੈ।

ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਪੱਛਮੀ ਸਾਹਿਤ-ਸਿਧਾਂਤ ਅਤੇ ਸਮੀਖਿਆ ਦੇ ਪ੍ਰੇਰਣਾ ਸਰੋਤ ਪ੍ਰਾਚੀਨ ਯੂਨਾਨ ਅਤੇ ਰੋਮ ਦੀ ਸੱਭਿਅਤਾ ਵਿਚ ਪਏ ਹੋਏ ਹਨ ਪਰੰਤੂ ਇਸ ਦਾ ਭਰਪੂਰ ਵਿਕਾਸ ਆਧੁਨਿਕ ਕਾਲ ਅਤੇ ਵਿਸ਼ੇਸ਼ ਤੌਰ ਤੇ ਵੀਹਵੀਂ ਸਦੀ ਵਿਚ ਹੀ ਸਾਹਮਣੇ ਆਇਆ ਅਤੇ ਉਪਰੋਕਤ ਸਿਧਾਂਤ-ਚਿੰਤਨ ਪ੍ਰਣਾਲੀਆਂ ਨੇ ਸਾਹਿਤ ਸਿਧਾਂਤ ਅਤੇ ਸਮੀਖਿਆ ਦੇ ਕਾਰਜ ਨੂੰ ਨਵੀਆਂ ਦਿਸ਼ਾਵਾਂ ਪ੍ਰਦਾਨ ਕੀਤੀਆਂ ਹਨ।

## <u>ਸਾਰ-ਅੰਸ਼:</u>

ਉਨੀਵੀਂ ਸਦੀ(19ਵੀ) ਵਿੱਚ ਸਾਰੇ ਯੂਰਪ ਵਿੱਚ ਪਰ ਖਾਸ ਕਰਕੇ ਫਰਾਂਸ ਵਿੱਚ ਇਹ ਇੱਕ ਵਿਚਾਰ ਆਮ ਪ੍ਰਚਲਿਤ ਸੀ ਸਾਹਿਤ ਦਾ ਮੰਤਵ ਕੇਵਲ ਜੀ ਪਰਚਾਵਾ ਕਰਨਾ ਹੈ। ਜਿਹੜਾ ਸਾਹਿਤ ਜੀਅ ਪ੍ਰਚਾਵੇ ਤੋਂ ਬਿਨਾਂ ਹੋਰ ਮੰਤਵ ਦੀ ਪੂਰਤੀ ਕਰਦਾ ਹੈ ਉਸ ਨੂੰ ਸਾਹਿਤ ਨਹੀਂ ਮੰਨਿਆ ਜਾ ਸਕਦਾ। 'ਪੇਂਟਰ ਤੇ ਆਸਕਰ ਵਾਈਟ' ਨੇ ਇਸ ਵਿਚਾਰ ਦਾ ਜ਼ੋਰਦਾਰ ਸਮਰਥਨ ਕੀਤਾ ਹੈ । ਉਮਰੇ ਖਿਆਮ ਨੇ ਸਾਹਿਤ ਨੂੰ ਸ਼ਰਾਬ ਤੇ ਔਰਤ ਵਾਂਗ ਕੇਵਲ ਇੱਕ ਮਨ ਪਰਚਾਵੇ ਦਾ ਸਾਧਨ ਮੰਨਿਆ ।ਅਜਿਹੀ ਬਿਰਤੀ ਵਾਲੇ ਲੇਖਕਾਂ ਨੇ ਸਾਹਿਤ ਦੇ ਮਾਧਿਅਮ ਰਾਹੀਂ ਮਨੁੱਖ ਦੀ ਲਿੰਗ ਕਮਜ਼ੋਰੀ ਨੂੰ ਵੱਧ ਤੋਂ ਵੱਧ ਉਛਾਲਿਆ ਹੈ ਤੇ ਸਾਹਿਤ ਦੇ ਸਾਧਨ ਰਾਹੀਂ ਅਜਿਹੀਆਂ ਉਤੇਜਿਤ ਭਾਵਨਾਵਾਂ ਨੂੰ ਤ੍ਰਿਪਤਿਆ ਹੈ ।ਸਾਡੀ ਰਾਏ ਇਹ ਹੈ ਕਿ ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਵਾਲੇ ਸਮਾਜ ਵਿੱਚ ਤਾਂ ਸਾਹਿਤ ਨੂੰ ਅਜਿਹੇ ਮੰਤਵ ਲਈ ਵਰਤਿਆ ਜਾ ਸਕਦਾ ਹੈ ਪਰ ਅੱਜ ਦੀ ਆਧੁਨਿਕ ਮੁਸ਼ਕਲਾਂ ਨਾਲ ਭਰੇ ਹੋਏ ਸਮਾਜ ਵਿੱਚ ਜਿੱਥੇ ਕਿ ਸ਼ਕਤੀਆਂ ਵਿਰੁਧ ਸੰਘਰਸ਼ ਕੀਤੇ ਬਿਨਾਂ ਜ਼ਿੰਦਗੀ ਜਿਉਣੀ ਮੁਹਾਲ ਹੋ ਪਈ ਹੈ, ਸਾਹਿਤ ਦਾ ਪ੍ਰਯੋਜਨ ਅਨੰਦ ਦੇਣਾ ਜਾਂ ਲੈਣਾ ਸਾਹਿਤ ਦੀ ਗੱਲ ਗਲਤ ਵਰਤੋਂ ਹੈ, ਜਿੱਥੇ ਸਾਹਿਤ ਦੀ ਗਲਤ ਵਰਤੋਂ ਹੈ ਉੱਥੇ ਜ਼ਿੰਦਗੀ ਦੀਆਂ ਕੀਮਤੀ ਘੜੀਆਂ ਦੀ ਦੁਰਵਰਤੋਂ ਵੀ ਹੈ। ਇਸ ਤਰ੍ਹਾਂ ਸੁਹਜ ਅਵਸਥਾ ਪ੍ਰਦਾਨ ਕਰਨਾ ਸਾਹਿਤ ਦਾ ਪਹਿਲਾ ਕਰਤਵ ਨਹੀਂ, ਇਸ ਨੂੰ ਤਾਂ ਕਿਸੇ ਉਚੇਰੇ ਮਹੱਤਵ ਦੀ ਪ੍ਰਾਪਤੀ ਲਈ ਸਾਧਨ ਮੰਨਿਆ ਜਾ ਸਕਦਾ ਹੈ;ਸਾਊ ਇਸਤਰੀਆਂ ਪੁਰਸ਼ਾਂ ਲਈ ਸਾਹਿਤ ਦਾ ਸੇਵਨ ਇੱਕ ਪ੍ਰਕਾਰ ਦੀ ਮਾਨਸਿਕ ਖੁਰਾਕ ਹੈ ਜਿਸ ਤੋਂ ਬਿਨਾਂ ਉਨ੍ਹਾਂ ਦੀ ਆਤਮਾ ਭੁੱਖੀ ਰਹਿ ਜਾਂਦੀ ਹੈ । ਉਨ੍ਹਾਂ ਲਈ ਸਾਹਿਤ ਕੇਵਲ ਮਨ ਦਾ ਪਰਚਾਵਾ ਹੀ ਨਹੀਂ, ਆਤਮਾ ਦੀ ਲੋੜ ਹੈ। ਕੇਵਲ ਵਕਤ ਕੱਟੀ ਜਾਂ ਸਾਧਨ ਨਹੀਂ ਦੈਨਿਕ ਜੀਵਨ ਦੀਆਂ ਅੱਵਸ਼ਕ ਮੰਗ ਵੀ ਹੈ। "ਸਾਹਿਤ ਵਿੱਚ ਸ਼ਾਂਤੀ ਦਾ ਅੰਸ਼ ਵੀ ਹੈ । ਵਿਸ਼ੇਸ਼ ਕਰਕੇ ਕਲਾਤਮਿਕ ਸਾਹਿਤ ਦੀ ਸ਼ਕਲ ਵਿੱਚ ਆਏ ਹੋਏ ਸਭ ਨੂੰ ਠੰਢ ਪੈ ਜਾਂਦੀ ਹੈ। ਉਹ ਜੀਵਨ ਤੇ ਸੰਸਾਰ ਪ੍ਰਤੀ ਵਿਸ਼ਵਾਸ ਹੀਣ ਨਹੀਂ ਹੋ ਜਾਂਦਾ। ਵਿਸ਼ਾਲ ਅਨੁਭਵ ਤੇ ਦੀਰਘ ਦ੍ਰਿਸ਼ਟੀ ਲੈ ਸਕਣ ਦੇ ਕਾਰਨ ਉਸ ਦੇ ਮਨ ਵਿੱਚ ਸਥਿਰਤਾ ਤੇ ਸ਼ਾਂਤੀ ਆ ਜਾਂਦੀ ਹੈ। ਇਸ ਤਰ੍ਹਾਂ ਅਸੀਂ ਆਖਦੇ ਹਾਂ ਕਿ ਸਾਹਿਤ ਦਾ ਬੁਨਿਆਦੀ ਕਰੱਤਵ ਜ਼ਿੰਦਗੀ ਦੇ ਬਹੁ ਮੁਖੀ ਸੱਚ ਦੀ ਇਸ ਦ੍ਰਿਸ਼ਟੀ ਨਾਲ ਪੇਸ਼ਕਾਰੀ ਕਰਨਾ ਹੈ ਜਿਸ ਨਾਲ ਜ਼ਿੰਦਗੀ ਨੂੰ ਸੇਧ ਵੀ ਮਿਲੇ ਸ਼ਾਂਤੀ ਵੀ ਮਿਲੇ ਤੇ ਸੁਆਦ ਵੀ ।ਸਾਹਿਤ ਇੱਕ ਸਿਰਜਣਾਤਮਿਕ ਅਮਲ ਵਜੋਂ ਆਪਣੇ ਅੰਦਰ ਜੀਵਨ ਦੇ ਅਨੇਕ ਪ੍ਰਸੰਗਾਂ ਦੀਆਂ ਸੂਚਨਾਵਾਂ ਤੇ ਸੰਭਾਵਨਾਵਾਂ ਨੂੰ ਸਮੋਈ ਰੱਖਦਾ ਹੈ। ਸਾਹਿਤ ਦੇ ਅੰਤਰਗਤ ਤ੍ਰੈਕਾਲੀ ਸੰਭਾਵਨਾਵਾਂ ਤੇ ਸਮੀਕਰਣ ਹਾਜ਼ਰ ਨਜ਼ਰ ਆਉਂਦੇ ਹਨ। ਅਰਥਾਤ ਸਾਹਿਤ ਭੂਤਕਾਲ ਤੋਂ ਸੇਧ ਲੈਂਦਾ ਹੈ, ਸਮਕਾਲੀਨ ਪਰਿਸਥਿਤੀਆਂ ਨੂੰ ਘੋਖਦਾ ਹੈ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਨੂੰ ਵੀ ਉਜਾਗਰ ਕਰਦਾ ਹੈ। ਇਸ ਤਰ੍ਹਾਂ ਸਾਹਿਤ ਮਨੁੱਖੀ ਜ਼ਿੰਦਗੀ ਤੇ ਮਾਨਵ ਸਮਾਜ ਦੇ ਅੰਤਰਗਤ ਇੱਕ ਅਜਿਹਾ ਵਿਆਪਕ ਅਨੁਸ਼ਾਸਨ-ਵਰਤਾਰਾ ਹੈ ਜਿਹੜਾ ਮਾਨਵ ਜੀਵਨ ਤੇ ਸਮਾਜ ਨੂੰ ਪ੍ਰਭਾਵਿਤ ਵੀ ਕਰਦਾ ਹੈ ਅਤੇ ਮੋੜਵੇਂ ਰੂਪ ਵਿੱਚ ਇਸ ਦੇ ਅਸਰ ਨੂੰ ਕਬੂਲਦਾ ਵੀ ਹੈ।

***ਖੋਜ ਵਿਧੀ***

## ਮੁੱਖ/ਕੇਂਦਰੀ ਸ਼ਬਦ:

ਅਨੁਕਰਨ---ਨਕਲ

ਪ੍ਰਯੋਜਨ---ਮੰਤਵ

ਕਥਾਂਰਸਿਸ --- ਇਕਮਿਕਤਾ

ਕਲਪਾਨਤਮਿਕ---ਕਾਲਪਨਿਕ

ਸ਼ੈਲੀ --- ਵਿਚਾਰਾਂ ਦੇ ਪ੍ਰਗਟਾਵੇ ਦਾ ਢੰਗ



## ਸਵੈ-ਮੁਲਾਂਕਣ:

1. ਓਡੀਸੀ ਦਾ ਲੇਖਕ ਕੌਣ ਹੈ?

ੳ ਪਲੈਟੋ

ਅ ਅਰਸਤੂ

ੲ ਹੋਮਰ

ਸ ਲੋਲਾਇਨਜ਼

2. .ਉਦਾਤ ਦਾ ਲੇਖਕ ਕੌਣ ਹੈ?

ੳ ਪਲੈਟੋ

ਅ ਅਰਸਤੂ

ੲ ਹੋਮਰ

ਸ ਲੋਲਾਇਨਜ਼

3.ਪੋਇਟਿਕਸ  ਦਾ ਲੇਖਕ ਕੌਣ ਹੈ?

ੳ ਪਲੈਟੋ

ਅ ਅਰਸਤੂ

ੲ ਹੋਮਰ

ਸ ਲੋਲਾਇਨਜ਼

4. . ਇਲਿਆਡ ਦਾ ਲੇਖਕ ਕੌਣ ਹੈ?

ੳ ਪਲੈਟੋ

ਅ ਅਰਸਤੂ

ੲ ਹੋਮਰ

ਸ ਲੋਲਾਇਨਜ਼

5. ਕਥਾਰਸਿਸ ਦਾ ਲੇਖਕ ਕੌਣ ਹੈ?

ੳ ਪਲੈਟੋ

ਅ ਅਰਸਤੂ

ੲ ਹੋਮਰ

ਸ ਲੋਲਾਇਨਜ਼

6. ਅਨੁਕਰਨ  ਦਾ ਲੇਖਕ ਕੌਣ ਹੈ?

ੳ ਪਲੈਟੋ

ਅ ਅਰਸਤੂ

ੲ ਹੋਮਰ

ਸ ਲੋਲਾਇਨਜ਼

7. ਪੈਰੋਲ ਦਾ ਸਬੰਧ ਹੈ।

ੳ ਰੂਸੀ ਰੂਪਵਾਦ

ਅ ਮਾਰਕਸਵਾਦ

ੲ ਚਿੰਨ ਵਿਗਿਆਨ

ਸ ਉਤਰਆਧੁਨਿਕਤਾ

8. ਭਾਸ਼ਾ ਦਾ ਸਬੰਧ ਹੈ।

ੳ ਰੂਸੀ ਰੂਪਵਾਦ

ਅ ਮਾਰਕਸਵਾਦ

ੲ ਚਿੰਨ ਵਿਗਿਆਨ

ਸ ਉਤਰਆਧੁਨਿਕਤਾ

9. ਅਲਪ ਬਿਰਤਾਂਤ ਦਾ ਸਬੰਧ ਹੈ।

ੳ ਰੂਸੀ ਰੂਪਵਾਦ

ਅ ਮਾਰਕਸਵਾਦ

ੲ ਚਿੰਨ ਵਿਗਿਆਨ

ਸ ਉਤਰਆਧੁਨਿਕਤਾ

10. ਮਹਾਂ-ਬਿਰਤਾਂਤ ਦਾ ਸਬੰਧ ਹੈ।

ੳ ਰੂਸੀ ਰੂਪਵਾਦ

ਅ ਮਾਰਕਸਵਾਦ

ੲ ਚਿੰਨ ਵਿਗਿਆਨ

ਸ ਉਤਰਆਧੁਨਿਕਤਾ

11. ਚਿਹਨਕ ਦਾ ਸਬੰਧ ਹੈ।

ੳ ਰੂਸੀ ਰੂਪਵਾਦ

ਅ ਮਾਰਕਸਵਾਦ

ੲ ਚਿੰਨ ਵਿਗਿਆਨ

ਸ ਉਤਰਆਧੁਨਿਕਤਾ

12. ਚਿਹਨ ਦਾ ਸਬੰਧ ਹੈ।

ੳ ਰੂਸੀ ਰੂਪਵਾਦ

ਅ ਮਾਰਕਸਵਾਦ

ੲ ਚਿੰਨ ਵਿਗਿਆਨ

ਸ ਉਤਰਆਧੁਨਿਕਤਾ

13. ਏੱਗਲਜ਼ ਦਾ ਸਬੰਧ ਹੈ।

ੳ ਰੂਸੀ ਰੂਪਵਾਦ

ਅ ਮਾਰਕਸਵਾਦ

ੲ ਚਿੰਨ ਵਿਗਿਆਨ

ਸ ਉਤਰਆਧੁਨਿਕਤਾ

14. ਰੂਪ ਦਾ ਸਬੰਧ ਹੈ।

ੳ ਰੂਸੀ ਰੂਪਵਾਦ

ਅ ਮਾਰਕਸਵਾਦ

ੲ ਚਿੰਨ ਵਿਗਿਆਨ

ਸ ਉਤਰਆਧੁਨਿਕਤਾ

15. ਅਜਨਬੀਕਰਨ ਦਾ ਸਬੰਧ ਹੈ।

ੳ ਰੂਸੀ ਰੂਪਵਾਦ

ਅ ਮਾਰਕਸਵਾਦ

ੲ ਚਿੰਨ ਵਿਗਿਆਨ

ਸ ਉਤਰਆਧੁਨਿਕਤਾ

## ਅਭਿਆਸ ਪ੍ਰਸ਼ਨ

1. ਪੱਛਮੀ ਆਲੋਚਨਾ ਤੋਂ ਕੀ ਭਾਵ ਹੈ?
2. ਸਾਹਿਤ ਦੇ ਤੱਤਾਂ ਦਾ ਸੰਖੇਪ ਵਿਚ ਵਰਣਨ ਕਰੋ।
3. ਕਲਪਨਾ ਤੱਤ ਦੇ ਭੇਦਾਂ ਦਾ ਵਰਣਨ ਕਰੋ।
4. ਭਾਵ ਤੱਤ ਅਤੇ ਬੁੱਧੀ ਤੱਤ ਵਿਚ ਕੀ ਅੰਤਰ ਹੈ?
5. ਸਾਹਿਤ ਦਾ ਮੁੱਖ ਪ੍ਰਯੋਜਨ ਪ੍ਰੇਰਨਾਤਮਕ ਹੋਣਾ ਹੈ: ਸਪਸ਼ਟ ਕਰੋ।
6. ਸਾਹਿਤ ਦਾ ਮੁੱਖ ਉਦੇਸ਼ ਸੱਚ ਦਾ ਪ੍ਰਗਟਾਵਾ ਹੈ: ਸਿੱਧ ਕਰੋ।
7. ਸਾਹਿਤ ਵਿਚ ਜਮਾਤ ਦੇ ਸਿਧਾਂਤ ਦੀ ਕੀ ਸਾਰਥਕਤਾ ਹੈ?
8. ਮਾਰਕਸਵਾਦ ਬਾਰੇ ਸੰਪੇਖ ਚਰਚਾ ਕਰੋ।
9. ਰੂਸੀ ਰੂਪਵਾਦ ਬਾਰੇ ਸੰਪੇਖ ਚਰਚਾ ਕਰੋ।
10. ਅਜਨਬੀਕਰਨ ਬਾਰੇ ਸੰਪੇਖ ਚਰਚਾ ਕਰੋ।

11. ਚਿੰਨ-ਵਿਗਿਆਨ ਬਾਰੇ ਸੰਖੇਪ ਚਰਚਾ ਕਰੋ।

12. ਉਤਰ-ਆਧੁਨਿਕਤਾ ਬਾਰੇ ਸੰਖੇਪ ਚਰਚਾ ਕਰੋ।

13. ਆਧੂਨਿਕਤਾ ਬਾਰੇ ਸੰਖੇਪ ਚਰਚਾ ਕਰੋ।

14. ਨਵ-ਮਾਰਕਸਵਾਦ ਬਾਰੇ ਸੰਖੇਪ ਚਰਚਾ ਕਰੋ।

15. ਆਪਣੇ ਖੇਤਰ ਦੇ ਸਾਹਿਤ ਪ੍ਰੇਮੀਆਂ ਦੀ ਸੂਚੀ ਬਣਾਓ ਅਤੇ ਉਨ੍ਹਾਂ ਦੇ ਸਾਹਿਤ ਪ੍ਰਯੋਜਨ ਸੰਬੰਧੀ ਸਪਸ਼ਟੀਕਰਨ ਦਾ ਸਰਵੇਖਣ ਕਰੋ।

## ਸੰਦਰਭ ਪੁਸਤਕਾਂ:


1) ਖੋਜ:ਸਿਧਾਂਤ ਤੇ ਵਿਹਾਰ, ਪਿਆਰ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, (2010)

2) ਕੇਸਰ ਸਿੰਘ ਕੇਸਰ: ਖੋਜ ਚਿੰਤਨ੍ਹ, ਜਸਬੀਰ ਕੇਸਰ(ਸੰਪਾ.), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, (2006)

3) ਕੇਸਰ ਸਿੰਘ ਕੇਸਰ: ਸਿਧਾਂਤ ਚਿੰਤਨ, ਜਸਬੀਰ ਕੇਸਰ (ਸੰਪਾ.), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ,(2006)

4) ਪੰਜਾਬੀ ਖੋਜ ਦਾ ਇਤਿਹਾਸ, ਧਰਮ ਸਿੰਘ, ਪੰਜਾਬੀ ਅਕਾਦਮੀ ਦਿੱਲੀ,(2004)

5) ਪੰਜਾਬੀ ਖੋਜ ਸੰਦਰਭ, ਧਰਮ ਸਿੰਘ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, (2014)

6) ਪੰਜਾਬੀ ਆਲੋਚਨਾ: ਸਰੂਪ ਅਤੇ ਸੰਭਾਵਨਾਵਾਂ, ਸੰਧੂ, ਸਤਿਨਾਮ ਸਿੰਘ, ਮਦਾਨ ਪਬਲਿਸ਼ਰਜ਼, ਪਟਿਆਲਾ, (1996)

7) ਵਿਹਾਰਕ ਸਮੀਖਿਆ(2005) ,ਪਟਿਆਲਾ ,ਪੰਜਾਬੀ ਯੂਨੀਵਰਸਿਟੀ ,ਸਤਿੰਦਰ ਸਿੰਘ ,


## ਮਹੱਤਵਪੂਰਨ ਲਿੰਕ

https://punjabipedia.org/topic.aspx?txt=%E0%A8%86%E0%A8%B2%E0%A9%8B%E0%A8%9A%E0%A8%A8%E0%A8%BE

ਉੱਤਰਮਾਲਾ

| | | | | |
|---|---|---|---|---|
| 1. ੲ | 2. ਸ | 3. ਅ | 4. ਸ | 5. ਅ |
| 6. ਅ | 7. ੳ | 8. ੳ | 9. ਸ | 10. ਸ |
| 11. ੲ | 12. ੲ | 13. ਅ | 14. ੳ | 15. ੳ |

DPBI543

# ਅਧਿਆਇ-13 : ਕਵਿਤਾ ਦੀ ਵਿਹਾਰਕ ਸਮੀਖਿਆ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਕਵਿਤਾ ਦੀ ਪਰਿਭਾਸ਼ਾ, ਸਰੂਪ ਅਤੇ ਤੱਤਾਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਵਿਹਾਰਕ ਸਮੀਖਿਆ ਦੇ ਪ੍ਰਯੋਜਨ ਅਤੇ ਮਹੱਤਵ ਤੋਂ ਜਾਣੂ ਹੋਣਗੇ।
- ਸਾਹਿਤ ਸਮੀਖਿਆ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।
- ਸਾਹਿਤ ਰੂਪਾਂ ਦਾ ਮੁਲਾਂਕਣ ਕਰ ਸਕਣ ਦੇ ਯੋਗ ਹੋਣਗੇ।

## ਪ੍ਰਸਤਾਵਨਾ:

ਸਾਹਿਤ ਮਨੁੱਖੀ ਮਨ ਦੇ ਭਾਵਾਂ ਵਿਚਾਰਾਂ ਨੂੰ ਲਿਖਤੀ ਰੂਪ ਵਿਚ ਅਭਿਵਿਅਕਤ ਕਰਨ ਇੱਕ ਮਹੱਤਵਪੂਰਨ ਕਲਾ ਹੈ।ਜਿਸ ਵਿਚ ਸਾਹਿਤਕਾਰ ਸਮੇਂ ਦੇ ਸੱਚ, ਯਥਾਰਥ ਨੂੰ ਚਿਤਾਰਦੇ ਹਨ।ਲੋਕ ਹਿਤ ਪ੍ਰੇਰਨਾ ਦੇਣ ਵਾਲੀ ਇੱਕ ਵਡਮੁੱਲੀ ਰਚਨਾ ਹੈ ਸਾਹਿਤ।ਸਾਹਿਤ ਨੂੰ ਸਮਾਜਿਕ ਵਰਤਾਰੇ ਦਾ ਦਰਪਣ ਕਿਹਾ ਜਾਂਦਾ ਹੈ।ਸਾਹਿਤ ਰਾਹੀਂ ਹੀ ਲੇਖਕ ਸਮਾਜ ਦੀ ਚੰਗੇਰੀ ਤੇ ਮਾੜੀ ਤਸਵੀਰ ਅਭਿਵਿਅਕਤ ਕਰਵਾਉਂਦੇ ਹਨ।ਵਾਰਤਕ ਨੂੰ ਸਾਹਿਤ ਦੀਆਂ ਪ੍ਰਮੁੱਖ ਵਿਧਾਵਾਂ ਵਿਚ ਨਾ ਕੇਵਲ ਬਦਲਦੀਆਂ ਸਮਾਜਿਕ, ਸਭਿਆਚਾਰਕ, ਰਾਜਨੀਤਕ, ਆਰਥਿਕ ਅਤੇ ਧਾਰਮਿਕ ਪ੍ਰਸਥਿਤੀਆਂ ਦੀ ਉਪਜ ਮੰਨਿਆ ਜਾਂਦਾ ਹੈ ਸਗੋਂ ਅਜੋਕੇ ਸਮਾਜ ਦੇ ਬਦਲਦੀਆਂ ਪ੍ਰਸਥਿਤੀਆਂ ਅਤੇ ਪਰਿਵਰਤਨ ਨੂੰ ਯਥਾਰਥਕ ਰੂਪ ਵਿਚ ਪੇਸ਼ ਕਰਨ ਦੇ ਸਮਰੱਥ ਹੈ, ਵਾਰਤਕ ਦੀ ਵਿਧਾ ਅਧੀਨ ਨਿਬੰਧ ਬਹੁਤ ਮਹੱਤਵਪੂਰਨ ਅੰਗ ਹੈ।ਜਿਸ ਵਿਚ ਨਾ ਤਾਂ ਇਤਿਹਾਸ ਅਤੇ ਕਲਪਨਾ ਦੇ ਘੋੜੇ ਦੁੜਾਏ ਜਾ ਸਕਦੇ ਹਨ ਅਤੇ ਨਾ ਹੀ ਇਹ ਪੂਰਨ ਰੂਪ ਵਿਚ ਭਾਵਾਂ ਵਿਚ ਰਹਿ ਕੇ ਲਿਖਿਆ ਜਾ ਸਕਦਾ ਹੈ।ਨਿਬੰਧ ਪੰਜਾਬੀ ਸਾਹਿਤ ਦਾ ਇੱਕ ਅਜਿਹਾ ਸਾਹਿਤ ਰੂਪ ਹੈ ਜਿਹੜਾ ਕਿਸੇ ਵੀ ਵਿਸ਼ੇ ਉੱਪਰ ਲਿਖਿਆ ਜਾ ਸਕਦਾ ਹੈ ਪਰ ਉਸ ਵਿਚ ਤਰਕ ਮਈ ਢੰਗ ਪੇਸ਼ ਕੀਤਾ ਜਾਣਾ ਜ਼ਰੂਰੀ ਹੈ ਅਤੇ ਮਨੁੱਖੀ ਭਾਵ ਨਿਬੰਧਕਾਰ ਦੇ ਪ੍ਰਗਟਾਵੇ ਦਾ ਆਧਾਰ ਬਣਦੇ ਹਨ ਜੋ ਬਿਨਾਂ ਖਿੰਡੇ ਪਾਠਕਾਂ ਦੇ ਗਿਆਨ ਵਿਚ ਵਾਧੇ ਦੇ ਨਾਲ-ਨਾਲ ਉਨ੍ਹਾਂ ਨੂੰ ਸਾਹਿਤਕ ਅਨੰਦ ਪ੍ਰਦਾਨ ਕਰਦੇ ਹਨ।

## ਵਿਸ਼ਾ ਵਸਤੂ:

ਕਵਿਤਾ ਸਾਹਿਤ ਦਾ ਇੱਕ ਰੂਪ ਹੈ ਜਿਸ ਵਿੱਚ ਕਵੀ ਸ਼ਬਦਾਂ ਨੂੰ ਉਹਨਾਂ ਦੇ ਆਮ ਅਰਥਾਂ ਨਾਲੋਂ ਵਧੇਰੇ ਅਰਥ ਪ੍ਰਦਾਨ ਕਰਨ ਲਈ ਕਾਵਿਕ ਸਾਧਨਾਂ) ਲੈਅ, ਅਲੰਕਾਰ ਅਤੇ ਸ਼ਬਦ ਦੀਆਂ ਲਖਣਾ ਅਤੇ ਵਿਅੰਜਨਾ ਸ਼ਕਤੀਆਂ (ਦਾ ਪ੍ਰਯੋਗ ਕਰਦਾ ਹੈ। ਦੂਜੇ ਸ਼ਬਦਾਂ ਵਿੱਚ ਕਵਿਤਾ ਆਪਣੇ ਵਿਸ਼ੇਸ਼ ਕਲਾਤਮਕ ਪ੍ਰਯੋਜਨ ਲਈ ਭਾਸ਼ਾ ਦੇ ਸੁਹਜਾਤਮਕ ਅਤੇ ਲੈਆਤਮਕ ਗੁਣਾਂ ਦੀ ਵਰਤੋਂ ਕਰਦੀ ਹੈ। ਕਵਿਤਾ ਭਾਸ਼ਾ ਦੇ ਅੰਦਰ ਇੱਕ ਹੋਰ ਭਾਸ਼ਾ ਹੁੰਦੀ ਹੈ। ਇਸ ਵਿੱਚ ਖਿਆਲ, ਭਾਵ, ਦ੍ਰਿਸ਼, ਅਕਾਰ ਤੇ ਧੁਨ ਦੀ ਤਾਕਤ ਇਕੱਠੀ ਹੋਈ ਹੁੰਦੀ ਹੈ।

ਡਾ. ਰਾਜਿੰਦਰ ਪਾਲ ਸਿੰਘ ਲਿਖਦੇ ਹਨ :

ਆਧੁਨਿਕ ਸਾਹਿਤ ਵਿਧਾਵਾਂ ਵਿਚੋਂ ਸਿਰਫ ਕਵਿਤਾ ਹੀ ਇਕ ਅਜਿਹੀ ਵਿਧਾ ਹੈ ਜੋ ਆਦਿ ਕਾਲ ਤੋਂ ਨਿਰੰਤਰ ਚਲੀ ਆ ਰਹੀ ਹੈ। ਨਵੀਂਆਂ ਵਿਧਾਵਾਂ ਵਿਚੋਂ ਬਹੁਤੀਆਂ ਤਾਂ ਪੈਦਾ ਹੀ ਆਧੁਨਿਕ ਕਾਲ ਵਿਚ ਹੋਈਆਂ ਹਨ, ਜਿਵੇਂ ਨਾਵਲ, ਕਹਾਣੀ, ਨਾਟਕ, ਸਵੈ-ਜੀਵਨੀ, ਸਫ਼ਰਨਾਮਾ, ਰੇਖਾ-ਚਿੱਤਰ ਆਦਿ ਬਹੁਤੀਆਂ ਆਧੁਨਿਕ ਸਾਹਿਤਕ ਵਿਧਾਵਾਂ ਪਿਛਲੀ ਵੀਹਵੀਂ ਸਦੀ ਦੀ ਪਹਿਲੀ ਚੌਥਾਈ ਵਿਚ ਹੀ ਪੈਦਾ ਹੋਈਆਂ ਹਨ। ਉਦਾਹਰਨ ਵਜੋਂ ਪੰਜਾਬੀ ਦਾ ਪਹਿਲਾ ਮੌਲਿਕ ਨਾਵਲ ਸੁੰਦਰੀ 1898 ਵਿਚ ਛਪਿਆ, ਪਹਿਲੀ ਕਹਾਣੀ, ਮੋਹਨ ਸਿੰਘ ਵੈਦ ਦੀ 1918 ਵਿਚ ਛਪੀ ਅਤੇ ਇਸੇ ਤਰ੍ਹਾਂ ਪਹਿਲਾ ਮੌਲਿਕ ਇਕਾਂਗੀ ਆਈ.ਸੀ. ਨੰਦਾ ਨੇ 1913 ਵਿਚ ਲਿਖਿਆ। ਇਸ ਦੇ ਉਲਟ ਪੰਜਾਬੀ ਕਵਿਤਾ ਦੀ ਆਦਿ ਕਾਲ ਤੋਂ ਹੀ ਨਿਰੰਤਰ ਧਾਰਾ ਚਲੀ ਆ ਰਹੀ ਹੈ। ਆਮ ਕਰਕੇ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਜਾਣ ਉਪਰ ਅਤੇ ਅੰਗਰੇਜ਼ਾਂ ਦੇ ਪੰਜਾਬ ਉਪਰ ਕਬਜ਼ਾ ਹੋਣ ਦੇ ਦੁਖਾਂਤ ਨੂੰ ਪੇਸ਼ ਕਰਨ ਵਾਲੀ ਸ਼ਾਹ ਮੁਹੰਮਦ ਦੀ ਰਚਨਾ ਜੰਗਨਾਮਾ ਸਿੰਘਾਂ ਅਤੇ ਫਰੰਗੀਆਂ ਨੂੰ ਜਿੱਥੇ ਮੱਧਕਾਲ ਦਾ ਅੰਤ ਮੰਨਿਆ ਜਾਂਦਾ ਹੈ, ਉਥੇ ਇਸ ਰਚਨਾ ਨੂੰ ਆਧੁਨਿਕ ਕਵਿਤਾ ਦਾ ਆਰੰਭ ਬਿੰਦੂ ਵੀ ਮੰਨਿਆ ਜਾ ਸਕਦਾ ਹੈ। ਦੂਸਰੀਆਂ ਆਧੁਨਿਕ ਸਾਹਿਤਕ ਵਿਧਾਵਾਂ ਦੇ ਮੁਕਾਬਲੇ ਕਵਿਤਾ ਵਿਚ ਰੂਪਾਕਾਰਕ ਵਿਭਿੰਨਤਾ ਵੀ ਬਹੁਤ ਹੈ। ਆਧੁਨਿਕ ਕਾਲ ਵਿਚ ਇਕ ਪਾਸੇ ਤਾਂ ਮੱਧਕਾਲੀ ਪੰਜਾਬੀ ਦੇ ਪੁਰਾਣੇ ਕਾਵਿ ਰੂਪ ਕਿੱਸਾ, ਵਾਰ, ਦੋਹੇ, ਸ਼ਲੋਕ, ਸ਼ਬਦ ਆਦਿ ਲਿਖੇ ਜਾਣੇ ਜਾਰੀ ਰਹਿੰਦੇ ਹਨ, ਉਥੇ ਰੁਬਾਈ, ਗ਼ਜ਼ਲ, ਖੁੱਲੀ ਕਵਿਤਾ, ਹਾਈਕੂ ਆਦਿ ਨਵੇਂ ਰੂਪ ਵੀ ਪ੍ਰਚੱਲਤ ਹੁੰਦੇ ਹਨ। ਇਹ ਵੀ ਦਿਲਚਸਪ ਤੱਥ ਹੈ ਕਿ ਜਿੱਥੇ ਦੂਸਰੀਆਂ ਆਧੁਨਿਕ ਵਿਧਾਵਾਂ ਅੰਗਰੇਜ਼ੀ ਤੋਂ ਪ੍ਰਭਾਵਿਤ ਹੋ ਕੇ ਸ਼ੁਰੂ ਹੁੰਦੀਆਂ ਹਨ, ਉਥੇ ਕਵਿਤਾ ਵਿਚ ਰੁਬਾਈ ਅਤੇ ਗ਼ਜ਼ਲ ਉਰਦੂ ਫਾਰਸੀ ਪਰੰਪਰਾ ਤੋਂ ਆਉਂਦੀ ਹੈ ਜਦੋਂ ਕਿ ਹਾਈਕੂ ਜਾਪਾਨ ਤੋਂ ਆਉਂਦਾ ਹੈ। ਕੇਵਲ ਖੁੱਲ੍ਹੀ ਕਵਿਤਾ ਹੀ ਸ਼ੁੱਧ ਰੂਪ ਵਿਚ ਅੰਗਰੇਜ਼ੀ ਫਰੀ ਵਰਸ ਦਾ ਪ੍ਰਭਾਵ ਜਾਪਦੀ ਹੈ। ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਕਵਿਤਾ ਵਿਚ ਰੂਪ ਪ੍ਰਯੋਗ ਬਹੁਤ ਹੋਏ ਹਨ।

ਕਵਿਤਾ ਵਿਚ ਆਦਿ ਕਾਲ ਤੋਂ ਨਿਰੰਤਰਤਾ ਅਤੇ ਕਾਵਿ ਰੂਪਾਂ ਦੀ ਵਿਭਿੰਨਤਾ ਦੇ ਨਾਲੋ ਨਾਲ ਇਕ ਹੋਰ ਖਾਸੀਅਤ ਕਵਿਤਾ ਦੇ ਵਿਸ਼ਿਆਂ ਅਤੇ ਵਿਚਾਰਧਾਰਾ ਦੀ ਵਿਭਿੰਨਤਾ ਹੈ। ਜਿੱਥੇ ਹੋਰ ਸਾਹਿਤ ਰੂਪਾਂ ਨਾਵਲ, ਨਾਟਕ ਅਤੇ ਕਹਾਣੀ ਸਿੱਧੇ ਰੂਪ ਵਿਚ ਆਧੁਨਿਕ ਵਿਚਾਰਧਾਰਾ ਦੇ ਵਾਹਨ ਬਣ ਕੇ ਆਏ ਹਨ, ਉਥੇ ਕਵਿਤਾ ਵਿਚ ਦੋਨੋ ਵਿਚਾਰਧਾਰਾਵਾਂ ਸਮਾਨਾਂਤਰ ਚਲਦੀਆਂ ਰਹੀਆਂ ਹਨ। ਇਕ ਪਾਸੇ ਆਧੁਨਿਕਤਾ ਤੋਂ ਥੋੜ੍ਹੇ ਬੇਲਾਗ, ਕਿੱਸਾਕਾਰ ਆਪਣੀਆਂ ਰਚਨਾਵਾਂ ਦੀ ਸਿਰਜਣਾ ਕਰ ਰਹੇ ਸਨ ਤਾਂ ਦੂਜੇ ਪਾਸੇ ਬਿਲਕੁਲ ਨਵੀਨ ਵਿਚਾਰਾਂ ਨੂੰ ਕਵਿਤਾ ਪਕੜਨ ਦੀ ਕੋਸ਼ਿਸ਼ ਕਰ ਰਹੀ ਸੀ। ਵਿਚਾਰਧਾਰਕ ਪੱਖ ਤੋਂ ਇਕ ਪਾਸੇ ਅਧਿਆਤਮਿਕ-ਰਹੱਸਵਾਦੀ ਵਿਚਾਰਧਾਰਾ ਚੱਲ ਰਹੀ ਸੀ ਤਾਂ ਉਸੇ ਸਮੇਂ ਪਦਾਰਥਵਾਦੀ- ਪ੍ਰਗਤੀਵਾਦੀ ਵਿਚਾਰ ਪਨਪ ਰਹੇ ਸਨ। ਜੇ ਇਕ ਪਾਸੇ ਨਿੱਜੀ ਪਿਆਰ ਦੀ ਪ੍ਰਬਲਤਾ ਸੀ ਤਾਂ ਦੂਜੇ ਪਾਸੇ ਰਾਸ਼ਟਰ ਪਿਆਰ ਦਾ ਜਜ਼ਬਾ ਠਾਠਾਂ ਮਾਰਦਾ ਪਿਆ ਸੀ। ਆਧੁਨਿਕ ਪੰਜਾਬੀ ਕਵਿਤਾ ਵਿਚ ਜੇ ਇਕ ਪਾਸੇ ਨਵੇਂ ਪ੍ਰਯੋਗ ਹੋ ਰਹੇ ਸਨ ਤਾਂ ਦੂਜੇ ਪਾਸੇ ਹੁਣ ਤਕ ਪਰੰਪਰਾ ਦਾ ਨਿਭਾਅ ਵੀ ਹੋਈ ਜਾ ਰਿਹਾ ਹੈ। ਆਮ ਕਰਕੇ ਇਹ ਆਖਿਆ ਜਾਂਦਾ ਹੈ ਕਿ ਜੋ ਕੁਝ ਵੀ ਸੂਰਜ ਥੱਲੇ ਹੈ, ਸਭ ਕੁਝ ਕਵਿਤਾ ਦਾ ਵਿਸ਼ਾ ਬਣ ਸਕਦਾ ਹੈ ਅਤੇ ਇਸ ਤੋਂ ਵੀ ਅੱਗੇ ਜਹਾਂ ਨਾ ਪਹੁੰਚੇ ਰਵੀ ਤਹਾਂ ਪਹੁੰਚੇ ਕਵੀ ਦੀ ਕਹਾਵਤ ਅਨੁਸਾਰ ਕਵੀ ਤਾਂ ਸੂਰਜ,ਚੰਦ,ਸਿਤਾਰਿਆਂ ਤੋਂ ਵੀ ਅੱਗੇ ਚਲਿਆ ਜਾਂਦਾ ਹੈ। ਵਿਸ਼ਿਆਂ ਦੀ ਵਿਸ਼ਾਲਤਾ, ਰੂਪ ਦੀ ਵੱਖਰਤਾ ਅਤੇ ਵਿਚਾਰਧਾਰਾ ਦੀ ਵਿਭਿੰਨਤਾ ਆਧੁਨਿਕ ਪੰਜਾਬੀ ਕਵਿਤਾ ਨੂੰ ਵੰਨ-ਸਵੰਨਾ, ਬਹੁ-ਸੁਰੀ ਅਤੇ ਬਹੁ-ਦਿਸ਼ਾਵੀ ਬਣਾ ਦਿੰਦੀ ਹੈ।

ਵਿਹਾਰਕ ਸਮੀਖਿਆ ਦੇ ਖੇਤਰ ਵਿਚ ਸਭ ਤੋਂ ਵਧੇਰੇ ਪ੍ਰਮਾਣਿਕਤਾ ਡਾ. ਸਤਿੰਦਰ ਸਿੰਘ ਦੀ ਹੈ। ਇਥੇ ਉਨ੍ਹਾਂ ਦੇ ਹਵਾਲੇ ਨਾਲ ਕਵਿਤਾ ਦੀ ਵਿਹਾਰਕ ਆਲੋਚਨਾ ਪੇਸ਼ ਕੀਤੀ ਜਾ ਰਹੀ ਹੈ।

## ਕਵਿਤਾ ਦੀ ਵਿਹਾਰਿਕ ਆਲੋਚਨਾ

ਬੰਦੇ ਆਪੁ ਨੂੰ ਪਛਾਣਿ,

ਜੇ ਤੈਂ ਆਪਣਾ ਆਪੁ ਪਛਾਤਾ,

ਸਾਂਈ ਦਾ ਮਿਲਣ ਅਸਾਨੁ । ਰਹਾਉ ।

ਸੁਇਨੇ ਦੇ ਕੋਟੁ ਰੁਪਹਿਰੀ ਛੱਜੇ,

ਹਰਿ ਬਿਨੁ ਜਾਣਿ ਮਸਾਣੁ।

ਤੇਰੇ ਸਿਰ ਤੇ ਜਮੁ ਸਾਜ਼ਸ਼ ਕਰਦਾ,

ਭਾਵੇਂ ਤੂੰ ਜਾਣ ਨ ਜਾਣ।

ਸਾਢੇ ਤਿਨ ਹਥਿ ਮਿਲਖ ਤੁਸਾਡੀ,

ਏਡੇ ਤੂੰ ਤਾਣੇ ਨ ਤਾਣੁ।

ਸੁਇਨਾ ਰੁਪਾ ਤੇ ਮਾਲੁ ਖ਼ਜ਼ੀਨਾ,

ਹੋਇ ਰਹਿਆ ਮਹਿਮਾਨੁ।

ਕਹੈ ਹੁਸੈਨ ਫ਼ਕੀਰ ਨਿਮਾਣਾ,

ਛਡਿ ਤੇ ਖ਼ੁਦੀ ਦੇ ਗੁਮਾਨੁ।

ਉਪਰੋਕਤ ਇਹ ਕਵਿਤਾ ਸ਼ਾਹ ਹੁਸੈਨ ਦੀ ਰਚਨਾ ਹੈ। ਇਸ ਵਿਚ ਕਵੀ ਆਪਣੇ ਸੂਫ਼ੀ ਵਿਚਾਰਾਂ ਨੂੰ ਅੰਕਿਤ ਕਰਦਾ ਹੋਇਆ ਮਨੁੱਖ ਨੂੰ ਪਰਮਾਤਮਾ ਦੇ ਮਿਲਾਪ ਲਈ ਆਪਣੇ ਆਪੇ ਦੀ ਪਛਾਣ ਕਰਨ ਅਤੇ ਮੌਤ ਤੇ ਕਬਰ ਦਾ ਡਰ ਦਿੰਦਿਆਂ ਸੰਸਾਰਿਕ ਪਦਾਰਥਾਂ ਦੇ ਅਡੰਬਰ ਦਾ ਹੰਕਾਰ ਤਿਆਗਣ ਦਾ ਉਪਦੇਸ਼ ਦਿੰਦਾ ਹੈ।

ਕਵੀ ਮਨੁੱਖ ਨੂੰ ਸੰਬੋਧਨ ਕਰਦਿਆਂ ਕਹਿੰਦਾ ਹੈ ਕਿ ਉਸਨੂੰ ਆਪਣੇ ਆਪੇ ਦੀ ਪਛਾਣ ਕਰਨੀ ਚਾਹੀਦੀ ਹੈ। ਜਦੋਂ ਉਹ ਆਪਣੇ ਆਪੇ ਦੀ ਪਛਾਣ ਕਰਨ ਦਾ ਯਤਨ ਕਰੇਗਾ, ਤਾਂ ਉਸਨੂੰ ਆਪਣਾ ਆਪਾ ਸ੍ਰਿਸ਼ਟੀ ਵਿੱਚ ਵਿਆਪਕ ਇਸ ਦੇ ਸਿਰਜਣਹਾਰ ਦਾ ਇਕ ਅੰਗ ਪ੍ਰਤੀਤ ਹੋਵੇਗਾ। ਇਸ ਤਰ੍ਹਾਂ ਉਹ ਪਰਮਾਤਮਾ ਨਾਲ ਸੌਖਿਆਂ ਹੀ ਇਕਮਿਕਤਾ ਨੂੰ ਪ੍ਰਾਪਤ ਕਰ ਲਵੇਗਾ। ਪਰਮਾਤਮਾ ਦੇ ਸਿਮਰਨ ਤੋਂ ਬਿਨਾਂ ਉਸਦੇ ਚਾਂਦੀ ਦੇ ਛੱਜਿਆਂ ਵਾਲੇ ਸੋਨੇ ਦੇ ਕਿਲ੍ਹੇ ਸ਼ਮਸ਼ਾਨ-ਭੂਮੀ ਸਮਾਨ ਹਨ। ਉਹ ਭਾਵੇਂ ਸੰਸਾਰਿਕ ਪਦਾਰਥਾਂ ਦੇ ਐਸ਼-ਅਰਾਮ ਵਿਚ ਫਸਿਆ ਮੌਤ ਨੂੰ ਚੇਤੇ ਨਾ ਰੱਖੇ, ਪਰ ਇਹ ਇਕ ਹਕੀਕਤ ਹੈ ਕਿ ਜਮਦੂਤ ਉਸਦੇ ਸਿਰ ਉੱਤੇ ਸਾਜ਼ਿਸ਼ ਕਰ ਰਿਹਾ ਹੈ। ਇਸ ਕਰਕੇ ਉਸ ਵਲੋਂ ਸੰਸਾਰਿਕ ਪਦਾਰਥਾ ਦੇ ਅਡੰਬਰ ਉਸਾਰਨਾ ਨਿਰਾਰਥਕ ਹੈ, ਕਿਉਂਕਿ ਇਹ ਉਸਦੀ ਮਲਕੀਅਤ ਨਹੀਂ। ਉਸਦੀ ਅਸਲ ਮਲਕੀਅਤ ਤਾਂ ਸਾਢੇ ਤਿੰਨ ਹੱਥ ਦੀ ਕਬਰ ਹੈ। ਉਸ ਕੋਲ ਆਏ ਮਾਲ-ਖ਼ਜ਼ਾਨੇ ਮਹਿਮਾਨ ਵਾਂਗ ਹਨ, ਜੋ ਸਦਾ ਨਹੀਂ ਰਹਿਣੇ। ਇਸ ਕਰਕੇ ਉਸਨੂੰ ਸੰਸਾਰ ਦੇ ਝੂਠੇ ਪਦਾਰਥਾਂ ਦਾ ਹੰਕਾਰ ਛੱਡ ਕੇ ਆਪਣੇ ਆਪੇ ਦੀ ਪਛਾਣ ਕਰਦੇ ਹੋਏ ਪ੍ਰਭੂ ਨਾਲ ਇਕਮਿਕਤਾ ਪ੍ਰਾਪਤ ਕਰਨ ਦੇ ਰਸਤੇ ਉੱਪਰ ਤੁਰਨਾ ਚਾਹੀਦਾ ਹੈ। ਇਸ ਪ੍ਰਕਾਰ ਇਸ ਕਵਿਤਾ ਦਾ ਵਿਸ਼ਾ ਸੂਫ਼ੀ ਰਹੱਸਵਾਦ ਹੈ ਤੇ ਇਸਦੀ ਸੁਰ ਉਪਦੇਸ਼ਾਤਮਕ ਹੈ।

ਇਸ ਕਵਿਤਾ ਰਾਗ-ਬੱਧ ਤੇ ਛੰਦ-ਬੱਧ ਹੈ ਤੇ ਇਹ ਕਾਫ਼ੀ ਕਾਵਿ-ਰੂਪ ਵਿਚ ਰਚੀ ਗਈ ਹੈ। ਇਸ ਵਿਚ ਵਜ਼ਨ-ਤੋਲ ਦਾ ਖ਼ਿਆਲ ਰੱਖਿਆ ਗਿਆ ਹੈ। ਇਸ ਦਾ ਛੰਦ 16+12=28 ਮਾਤਰਾਂ ਦੇ ਦਵੱਈਆਂ ਛੰਦ ਨਾਲ ਮਿਲਦਾ-ਜੁਲਦਾ ਹੈ। ਇਸਦੀਆਂ ਸਤਰਾਂ ਵਿੱਚ ਵਜ਼ਨ-ਤੋਲ ਦਾ ਘਾਟਾ-ਵਾਧਾ ਵੀ ਮੌਜੂਦ ਹੈ, ਪਰੰਤੂ ਉਨ੍ਹਾਂ ਵਿਚ ਲੈ ਤੇ ਰਵਾਨੀ ਮੁੱਢੋਂ ਲੈ ਕੇ ਅੰਤ ਤਕ ਕਾਇਮ ਰਹਿੰਦ ਹੈ। ਇਸ ਕਵਿਤਾ ਦੀਆਂ ਸਤਰਾਂ ਦੀ ਕੁੱਲ ਗਿਣਤੀ ਸੱਤ ਹੈ। ਇਸਦੀ ਪਹਿਲੀ ਸਤਰ ਅੱਧੀ ਹੈ ਤੇ ਇਹ ਕਾਫ਼ੀ ਗਾਉਣ ਸਮੇਂ ਅਗਲੀ 'ਰਹਾਉ' ਵਾਲੀ ਸਤਰ ਦੇ ਨਾਲ ਵਰ-ਵਾਰ ਗਾਈ ਜਾਣ ਵਾਲੀ ਅਸਥਾਈ ਹੈ। ਸਾਰੀਆਂ ਤੁਕਾਂ ਦੇ ਤੁਕਾਂਤ ਆਪਸ ਵਿਚ ਮਿਲਦੇ ਹਨ, ਜਿਵੇਂ ਪਛਾਣਿ/ਅਸਾਨੁ/ਮਸਾਣੁ/ਜਾਣ/ਤਾਣੁ/ਮਹਿਮਾਨੁ/ਗੁਮਾਨ।

ਇਹ ਕਵਿਤਾ ਦੀ ਸ਼ੈਲੀ ਸੰਬੋਧਨੀ, ਰਹੱਸਮਈ ਅਤੇ ਉਪਦੇਸ਼ਾਤਮਕ ਹੈ। ਇਸ ਦੀ ਭਾਸ਼ਾ ਲਹਿੰਦੀ ਪ੍ਰਭਾਵਿਤ ਪੰਜਾਬੀ ਹੈ। ਭਾਸ਼ਾ ਮੁਹਾਵਰੇਦਾਰ ਅਤੇ ਰਸ-ਭਰੀ ਹੈ। ਸ਼ਬਦ-ਚੋਣ ਢੁੱਕਵੀਂ ਅਤੇ ਭਾਵਾਂ ਦੇ ਅਨੁਕੂਲ ਹੈ। ਕਵੀ ਨੇ ਲੋੜ ਅਨੁਸਾਰ ਫ਼ਾਰਸੀ ਅਤੇ ਸੰਸਕ੍ਰਿਤ ਦੇ ਪ੍ਰਚਲਿਤ ਸ਼ਬਦਾਂ ਦੀ ਵਰਤੋਂ ਕੀਤੀ ਹੈ ; ਜਿਵੇਂ ਅਸਾਨੁ, ਬੰਦੇ, ਸਾਜ਼ਸ਼, ਰੁਪਹਿਰੀ, ਮਿਲਖ, ਖ਼ਜ਼ੀਨਾ, ਮਹਿਮਾਨੁ, ਖ਼ੁਦੀ, ਗੁਮਾਨੁ' ਆਦਿ ਫ਼ਾਰਸੀ ਸ਼ਬਦ ਅਤੇ 'ਜਮੁ, ਤਾਣੁ, ਨਿਮਾਣਾ' ਆਦਿ ਸੰਸਕ੍ਰਿਤ ਸ਼ਬਦ।

ਇਸ ਕਵਿਤਾ ਵਿੱਚ ਕਵੀ ਨੇ ਅਲੰਕਾਰਾਂ ਦੀ ਵਰਤੋਂ ਬਹੁਤ ਘੱਟ ਹੈ। ਇਨ੍ਹਾਂ ਦੇ ਕੁੱਲ ਨਮੂਨੇ ਇਹ ਹਨ-

(ੳ) ਸ਼ਬਦ ਅਲੰਕਾਰ-

'ਆਪਣਾ ਆਪੁ', 'ਤੂੰ ਤਾਣੇ ਨ ਤਾਣੁ ।'

(ਅ) ਅਰਥ ਅਲੰਕਾਰ-

'ਸੁਇਨਾ ਰੁਪਾ ਤੇ ਮਾਲੁ ਖ਼ਜ਼ੀਨਾ, ਹੋਇਆ ਮਹਿਮਾਨੁ ।'

ਇਸ ਰਚਨਾ ਵਿਚ ਕਵੀ ਨੇ ਕੁੱਝ ਬਿੰਬ ਵੀ ਉਸਾਰੇ ਹਨ, ਜੋ ਬੜੇ ਸਜੀਵ ਤੇ ਪ੍ਰਭਾਵਸ਼ਾਲੀ ਹਨ ; ਜਿਵੇ-

'ਸੁਇਨੇ ਦੇ ਕੋਟੁ ਰੁਪਹਿਰੀ ਛੱਜੇ ।'

'ਸਾਢੇ ਤਿੰਨ ਹਥਿ ਮਿਲਖ ਤੁਸਾਡੀ' ਬਿਆਨ ਸੰਕੇਤਕ ਹੈ, ਜੋ ਸਾਡਾ ਧਿਆਨ ਕਬਰ ਵਲ ਖਿੱਚਦਾ ਹੈ ।

ਇਸ ਕਵਿਤਾ ਵਿਚ ਸ਼ਾਂਤ-ਰਸ ਪ੍ਰਧਾਨ ਹੈ। ਇਸਦੇ ਨਾਲ ਹੀ ਇਸ ਵਿਚ ਕਰੁਣਾ ਰਸ ਤੇ ਅਦਭੁਤ ਰਸ ਦਾ ਸੁਮੇਲ ਵੀ ਹੈ।

ਸਮੁੱਚੇ ਤੌਰ 'ਤੇ ਇਹ ਕਵਿਤਾ ਕਾਵਿ-ਗੁਣਾਂ ਨਾਲ ਭਰਪੂਰ ਇਕ ਸੁੰਦਰ ਰਚਨਾ ਹੈ।

2) ਕਵਿਤਾ ਦੀ ਸਾਹਿਤਕ ਆਲੋਚਨਾ ਕਰੋ-

ਘਰ ਚੂਚਕ ਦੇ ਬੇਟੀ ਜੰਮੀ, ਹੋਈਆਂ ਜੱਗ ਵਧਾਈਆ ।

ਨ੍ਹਾਤੀ ਧੋਤੀ ਪੱਟ ਵਲ੍ਹੇਟੀ, ਕੁੱਛੜ ਕੀਤੀ ਦਾਈਆਂ ।

ਦੋ ਵਰ੍ਹਿਆਂ ਦੀ ਛੋਹਿਰ ਹੋਈ, ਢੁੱਕ ਰਹੀਆਂ ਕੁੜਮਾਈਆਂ ।

ਚਉਂ ਵਰ੍ਹਿਆਂ ਦੀ ਛੋਹਿਰ ਹੋਈ, ਗੱਲਾਂ ਕਰੇ ਸਚਿਆਈਆ ।

ਛੇਆਂ ਵਰ੍ਹਿਆਂ ਦੀ ਛੋਹਿਰ ਹੋਈ, ਲੱਗੀ ਕਰਨ ਭਲਿਆਈਆ ।

ਅੱਠਾਂ ਵਰ੍ਹਿਆਂ ਦੀ ਛੋਹਿਰ ਹੋਈ, ਤਾਂ ਦਰ-ਦਰ ਕੂਕਾਂ ਪਾਈਆਂ ।

ਦਸਾਂ ਵਰ੍ਹਿਆਂ ਦੀ ਛੋਹਿਰ ਹੋਈ, ਚਾਰੇ ਨਈਂ ਨਵਾਈਆਂ ।

ਬਾਰਾਂ ਵਰ੍ਹਿਆਂ ਦੀ ਛੋਹਿਰ ਹੋਈ, ਤਾਂ ਰਾਂਝੇ ਅੱਖੀਂ ਲਾਈਆਂ ।

ਉਪਰੋਕਤ ਇਹ ਕਵਿਤਾ ਦਮੋਦਰ ਦੀ ਰਚਨਾ 'ਹੀਰ-ਰਾਂਝਾ' ਦਾ ਇਕ ਅੰਸ਼ ਹੈ। ਇਸ ਕਵਿਤਾ ਵਿਚ ਕਵੀ ਨੇ ਚੂਚਕ ਚੌਧਰੀ ਦੇ ਸ਼ਾਹੀ ਠਾਠ-ਬਾਠ, ਉਸ ਦੇ ਪਰਿਵਾਰ ਅਤੇ ਉਸ ਦੇ ਘਰ ਹੀਰ ਦੇ ਜਨਮ ਦਾ ਜ਼ਿਕਰ ਕਰਦਿਆਂ ਉਸ (ਹੀਰ) ਦੇ ਮੁੱਢਲੇ ਜੀਵਨ ਦੀਆਂ ਘਟਨਾਵਾਂ ਨੂੰ ਬੜੀ ਸੰਖੇਪਤਾ ਨਾਲ ਬਿਆਨ ਕਰਦਿਆਂ ਦੱਸਿਆ ਹੈ ਕਿ ਜਦੋਂ ਉਹ ਬਾਰਾਂ ਸਾਲਾਂ ਦੀ ਹੋਈ, ਤਾਂ ਉਸ ਦਾ ਰਾਂਝੇ ਨਾਲ ਪਿਆਰ ਪੈ ਗਿਆ। ਕਵੀ ਦੱਸਦਾ ਹੈ ਕਿ ਹੀਰ ਦੇ ਜਨਮ ਉੱਤੇ ਦੁਨੀਆ ਭਰ ਵਿਚ ਖ਼ੁਸ਼ੀ ਮਨਾਈ ਗਈ। ਉਸ ਦੀ ਪਾਲਣਾ ਬੜੇ ਅਮੀਰੀ ਠਾਠ ਨਾਲ ਸ਼ੁਰੂ ਹੋਈ। ਉਸ ਨੂੰ ਨਹਾ-ਧੁਲਾ ਕੇ ਰੇਸ਼ਮ ਵਿਚ ਲਪੇਟਿਆ ਜਾਂਦਾ ਸੀ ਤੇ ਦਾਈਆਂ ਨੇ ਉਸ ਨੂੰ ਕੁੱਛੜ ਚੁੱਕ-ਚੁੱਕ ਕੇ ਖਿਡਾਉਂਦਿਆਂ ਹੋਇਆ ਪਾਲਿਆ । ਜਦੋਂ ਅਜੇ ਉਹ ਦੋ ਵਰ੍ਹਿਆਂ ਦੀ ਹੋਈ ਸੀ, ਤਾਂ ਬਹੁਤ ਸਾਰੇ ਲੋਕ ਉਸ ਦਾ ਰਿਸ਼ਤਾ ਲੈਣ ਲਈ ਆਉਂਦੇ ਸਨ । ਜਦੋਂ ਉਹ ਅਜੇ ਚਾਰ ਸਾਲਾਂ ਦੀ ਹੋਈ, ਤਾਂ ਉਹ ਸਚਾਈ ਨਾਲ ਭਰੀਆਂ ਸਿਆਣੀਆਂ ਗੱਲਾਂ ਕਰਨ ਲੱਗੀ । ਜਦੋਂ ਉਹ ਛੇ ਸਾਲਾਂ ਦੀ ਹੋਈ, ਤਾਂ ਉਹ ਲੋਕਾਂ ਦੇ ਭਲੇ ਦੇ ਕੰਮ ਕਰਨ ਲੱਗੀ। ਜਦੋਂ ਉਹ ਅੱਠਾਂ ਸਾਲਾਂ ਦੀ ਹੋਈ, ਤਾਂ ਉਸ ਦੀ ਸੁੰਦਰਤਾ, ਸਿਆਣਪ ਅਤੇ ਨੇਕੀ ਘਰ-ਘਰ ਵਿੱਚ ਪ੍ਰਸਿੱਧ ਹੋ ਗਈ । ਜਦੋਂ ਉਹ ਦਸਾਂ ਸਾਲਾਂ ਦੀ ਹੋਈ ਤਾਂ ਉਸ ਦੇ ਚਾਰੇ ਪਾਸੇ ਇੰਨਾ ਪ੍ਰਭਾਵ ਪੈ ਗਿਆ ਸੀ ਕਿ ਕੋਈ ਉਸ ਦੇ ਸਾਹਮਣੇ ਅੱਖ ਨਹੀਂ ਸੀ ਚੁੱਕਦਾ ਅਤੇ ਜਦੋਂ ਉਹ ਬਾਰਾਂ ਸਾਲਾਂ ਦੀ ਹੋਈ, ਤਾਂ ਉਸ ਦਾ ਰਾਂਝੇ ਨਾਲ ਪਿਆਰ ਪੈ ਗਿਆ ।

ਇਸ ਪ੍ਰਕਾਰ ਕਵੀ ਅੱਠ-ਦਸ ਸਤਰਾਂ ਵਿੱਚ ਹੀਰ ਦੇ ਜਨਮ ਤੋਂ ਉਸਾਰੀ ਜੁਆਨ ਹੋਣ ਤੇ ਰਾਂਝੇ ਨਾਲ ਪਿਆਰ ਪੈਣ ਤਕ ਦਾ ਹਾਲ ਬਿਆਨ ਕਰ ਦਿੰਦਾ ਹੈ। ਕਵੀ ਨੇ ਹੀਰ ਸ਼ਖ਼ਸੀਅਤ ਦੀ ਉਸਾਰੀ ਬੜੀ ਰੀਝ ਨਾਲ ਕੀਤੀ ਹੈ ।

ਇਸ ਰਚਨਾ ਦਾ ਛੰਦ 16+12 ਮਾਤਰਾਂ ਦਾ ਚੌਕਲੀਆਂ ਦਵੱਈਆ ਹੈ। ਇਸ ਕਵਿਤਾ ਦੀਆਂ ਅੱਠਾਂ ਤੁਕਾਂ ਦਾ ਤੁਕਾਂਤ ਮਿਲਦਾ ਹੈ। ਇਨ੍ਹਾਂ ਵਿੱਚ ਮਾਤਰਾ ਦੀ ਗਿਣਤੀ ਘੱਟ-ਵੱਧ ਹੈ, ਪਰੰਤੂ ਇਸ ਵਿਚ ਕਵੀ ਦਾ ਦੋਸ਼ ਨਹੀਂ, ਸਗੋਂ ਜ਼ਬਾਨੀ ਗਾਉਣ ਵਾਲਿਆਂ ਨੇ ਇਨ੍ਹਾਂ ਵਿੱਚ ਵਾਧਾ-ਘਾਟਾ ਕਰ ਦਿੱਤਾ ਹੈ।

ਇਸ ਰਚਨਾ ਦੀ ਭਾਸ਼ਾ ਝਾਂਗੀ ਹੈ । 'ਛੋਹਿਰ, ਵਲ੍ਹੇਟੀ, ਨਈਂ' ਆਦਿ ਸ਼ਬਦ ਝਾਂਗੀ ਬੋਲੀ ਦੇ ਹਨ। ਸ਼ਬਦ-ਚੋਣ ਢੁੱਕਵੀਂ ਤੇ ਭਾਵਾਂ ਦੇ ਅਨੁਕੂਲ ਹੈ। ਇਸ ਵਿਚ ਮੁਹਾਵਰਿਆਂ ਦੀ ਵਰਤੋਂ ਇਸ ਵਿਚ ਬਹੁਤ ਰਸ ਪੈਦਾ ਕਰਦੀ ਹੈ ; ਜਿਵੇਂ ਦਰ-ਦਰ ਕੂਕਾਂ ਪਾਈਆਂ, ਚਾਰੇ ਨਈਂ ਨਿਵਾਈਆਂ, ਅੱਖੀਂ ਲਾਈਆਂ ਆਦਿ ।

ਇਸ ਰਚਨਾ ਵਿਚ ਅਲੰਕਾਰਾਂ ਦੀ ਵਰਤੋਂ ਲਈ ਕੋਈ ਉਚੇਚ ਨਹੀਂ ਕੀਤੀ ਗਈ ਜਾਪਦੀ । ਇਸੇ ਕਰਕੇ ਇਸ ਵਿਚ ਅਨੁਪ੍ਰਾਸ ਅਲੰਕਾਰ ਹੀ ਦਿਖਾਈ ਦਿੰਦੇ ਹਨ ; ਜਿਵੇਂ 'ਨਾਤ੍ਰੀ ਧੋਤੀਂ', 'ਕੁੱਛੜ ਕੀਤੀ' ਆਦਿ ।

***ਖੋਜ ਵਿਧੀ***

ਇਸ ਰਚਨਾ ਵਿਚ ਬਹੁਤ ਸਾਰੇ ਦ੍ਰਿਸ਼-ਬਿੰਬ ਮੌਜੂਦ ਹਨ, ਜੋ ਹੀਰ ਦੀ ਪਾਲਣਾ ਤੇ ਉਸ ਦੀ ਉਸਰ ਰਹੀ ਸ਼ਖ਼ਸੀਅਤ ਦ੍ਰਿਸ਼ ਸਾਡੀਆਂ ਅੱਖਾਂ ਸਾਹਮਣੇ ਸਾਕਾਰ ਕਰਦੇ ਹਨ ; ਜਿਵੇਂ

i. ਘਰ ਚੂਚਕ ਦੇ ਬੇਟੀ ਜੰਮੀ, ਹੋਈਆਂ ਜੱਗ ਵਧਾਈਆਂ ।
ii. ਨ੍ਹਾਤੀ ਧੋਤੀ ਪੱਟ ਵਲ੍ਹੇਟੀ, ਕੁੱਛੜ ਕੀਤੀ ਦਾਈਆ ।
iii. ਦੋ ਵਰ੍ਹਿਆਂ ਦੀ ਛੋਹਿਰ ਹੋਈ, ਢੁੱਕ ਰਹੀਆਂ ਕੁੜਮਾਈਆਂ ।

ਇਸ ਰਚਨਾ ਵਿਚ ਅਦਭੁਤ ਰਸ ਪ੍ਰਧਾਨ ਹੈ ਤੇ ਇਸ ਵਿਚ ਸ਼ਿੰਗਾਰ ਰਸ ਦਾ ਸੁਮੇਲ ਵੀ ਹੈ।

## ਸਾਰ-ਅੰਸ਼:

ਖੋਜ ਮਤਲਬ "ਰਚਨਾਤਮਕ ਅਤੇ ਸਿਧਾਂਤਕ ਤੌਰ ਤੇ ਕੀਤਾ ਗਿਆ ਕੰਮ ਜੋ ਕਿ ਗਿਆਨ ਦਾ ਭੰਡਾਰ ਵਧਾਉਣ, ਮਨੁੱਖਾਂ, ਸੱਭਿਆਚਾਰ ਅਤੇ ਸਮਾਜ ਦੇ ਗਿਆਨ ਸਮੇਤ ਅਤੇ ਨਵੀਆਂ ਅਰਜ਼ੀਆਂ ਨੂੰ ਬਣਾਉਣ ਲਈ ਗਿਆਨ ਦੇ ਇਸ ਸਟਾਕ ਦੀ ਵਰਤੋਂ ਨੂੰ ਸ਼ਾਮਲ ਕਰਨ ਲਈ ਕੀਤੇ ਜਾਂਦੇ ਹਨ।" ਇਹ ਤੱਥ ਸਥਾਪਿਤ ਕਰਨ ਜਾਂ ਪੁਸ਼ਟੀ ਕਰਨ ਲਈ ਵਰਤਿਆ ਜਾਂਦਾ ਹੈ, ਪਿਛਲੇ ਕੰਮ ਦੇ ਨਤੀਜਿਆਂ ਨੂੰ ਮੁੜ ਪੁਸ਼ਟੀ ਕਰਦਾ ਹੈ, ਨਵੇਂ ਜਾਂ ਮੌਜੂਦਾ ਸਮੱਸਿਆਵਾਂ ਨੂੰ ਹੱਲ ਕਰਦਾ ਹੈ, ਪ੍ਰੋਟੀਮ ਦੀ ਸਹਾਇਤਾ ਕਰਦਾ ਹੈ ਜਾਂ ਨਵੇਂ ਸਿਧਾਂਤ ਵਿਕਸਿਤ ਕਰਦਾ ਹੈ। ਇੱਕ ਖੋਜ ਪ੍ਰੋਜੈਕਟ ਖੇਤਰ ਵਿੱਚ ਪਿਛਲੇ ਕੰਮ 'ਤੇ ਇੱਕ ਵਿਸਥਾਰ ਹੋ ਸਕਦਾ ਹੈ।

## ਮੁੱਖ/ਕੇਂਦਰੀ ਸ਼ਬਦ:

ਛੰਦ---ਕਾਵਿ ਨਿਯਮ

ਸ਼ਾਸਤਰ---ਨਿਯਮ

ਅਨੁਭਵ---ਤਜੱਰਬਾ

ਕਲਪਾਨਤਮਿਕ---ਕਾਲਪਨਿਕ

ਸ਼ੈਲੀ --- ਵਿਚਾਰਾਂ ਦੇ ਪ੍ਰਗਟਾਵੇ ਦਾ ਢੰਗ

 
## ਸਵੈ-ਮੁਲਾਂਕਣ:

1. ਕਵਿਤਾ ਦੀ ਵਿਹਾਰਕ ਸਮੀਖਿਆ ਕਿਸ ਦਾ ਅੰਗ ਹੈ?

ੳ ਆਲੋਚਨਾ

ਅ ਖੋਜ

ੲ ਸਾਹਿਤ

ਸ ਕਲਾ

2. ਕਵਿਤਾ ਕਿਸ ਦਾ ਅੰਗ ਹੈ?

ੳ ਆਲੋਚਨਾ

ਅ ਖੋਜ

ੲ ਸਾਹਿਤ

ਸ ਕਲਾ

3. ਚਿੰਨ੍ਹ ਕਿਸ ਦਾ ਅੰਗ ਹੈ?

ੳ ਆਲੋਚਨਾ

ਅ ਖੋਜ

ੲ ਸਾਹਿਤ

ਸ ਕਲਾ

4. ਵਿਹਾਰਕ ਸਮੀਖਿਆ ਪੁਸਤਕ ਦਾ ਲੇਖਕ

ੳ ਪਿਆਰ ਸਿੰਘ

ਅ ਸਤਿੰਦਰ ਸਿੰਘ

ੲ ਕੇਸਰ ਸਿੰਘ ਕੇਸਰ

ਸ ਧਰਮ ਸਿੰਘ

5. ਖੋਜ : ਸਿਧਾਂਤ ਤੇ ਵਿਹਾਰ ਪੁਸਤਕ ਦਾ ਲੇਖਕ

ੳ ਪਿਆਰ ਸਿੰਘ

ਅ ਸਤਿੰਦਰ ਸਿੰਘ

ੲ ਕੇਸਰ ਸਿੰਘ ਕੇਸਰ

ਸ ਧਰਮ ਸਿੰਘ

6. ਖੋਜ ਚਿੰਤਨ ਪੁਸਤਕ ਦਾ ਲੇਖਕ

ੳ ਪਿਆਰ ਸਿੰਘ

ਅ ਸਤਿੰਦਰ ਸਿੰਘ

ੲ ਕੇਸਰ ਸਿੰਘ ਕੇਸਰ

ਸ ਧਰਮ ਸਿੰਘ

7. ਪੰਜਾਬੀ ਖੋਜ ਸੰਦਰਭ ਪੁਸਤਕ ਦਾ ਲੇਖਕ

ੳ ਪਿਆਰ ਸਿੰਘ

ਅ ਸਤਿੰਦਰ ਸਿੰਘ

ੲ ਕੇਸਰ ਸਿੰਘ ਕੇਸਰ

ਸ ਧਰਮ ਸਿੰਘ

8. ਅਲੰਕਾਰ ਕਿਸ ਦਾ ਅੰਗ ਹੈ?

ੳ ਆਲੋਚਨਾ

ਅ ਖੋਜ

ੲ ਸਾਹਿਤ

ਸ ਕਲਾ

9. ਪ੍ਰਤੀਕ ਕਿਸ ਦਾ ਅੰਗ ਹੈ?

ੳ ਆਲੋਚਨਾ

ਅ ਖੋਜ

ੲ ਸਾਹਿਤ

ਸ ਕਲਾ

10. ਰਸ ਕਿਸ ਦਾ ਅੰਗ ਹੈ?

ੳ ਆਲੋਚਨਾ

ਅ ਖੋਜ

ੲ ਸਾਹਿਤ

ਸ ਕਲਾ

11. ਭਾਸ਼ਾ ਕਿਸ ਦਾ ਅੰਗ ਹੈ?

ੳ ਆਲੋਚਨਾ

ਅ ਖੋਜ

ੲ ਸਾਹਿਤ

ਸ ਕਲਾ

12. ਵ੍ਰੋਕਤੀ ਕਿਸ ਦਾ ਅੰਗ ਹੈ?

ੳ ਆਲੋਚਨਾ

***ਖੋਜ ਵਿਧੀ***

ਅ ਖੋਜ

ੲ ਕਵਿਤਾ

ਸ ਕਲਾ

13. ਬਿੰਬ ਕਿਸ ਦਾ ਅੰਗ ਹੈ?

ੳ ਆਲੋਚਨਾ

ਅ ਖੋਜ

ੲ ਕਵਿਤਾ

ਸ ਕਲਾ

14. ਸੰਗੀਤ ਕਿਸ ਦਾ ਅੰਗ ਹੈ?

ੳ ਆਲੋਚਨਾ

ਅ ਖੋਜ

ੲ ਕਵਿਤਾ

ਸ ਕਲਾ

15. ਲੈਅ ਕਿਸ ਦਾ ਅੰਗ ਹੈ?

ੳ ਆਲੋਚਨਾ

ਅ ਖੋਜ

ੲ ਕਵਿਤਾ

ਸ ਕਲਾ

## ਅਭਿਆਸ ਪ੍ਰਸ਼ਨ

1. ਸਾਹਿਤ ਤੋਂ ਕੀ ਭਾਵ ਹੈ?
2. ਕਵਿਤਾ ਤੋਂ ਕੀ ਭਾਵ ਹੈ?
3. ਕਵਿਤਾ ਦੇ ਤੱਤਾਂ ਦਾ ਸੰਖੇਪ ਵਿਚ ਵਰਣਨ ਕਰੋ।
4. ਕਲਪਨਾ ਤੱਤ ਦੇ ਭੇਦਾਂ ਦਾ ਵਰਣਨ ਕਰੋ।
5. ਭਾਵ ਤੱਤ ਅਤੇ ਬੁੱਧੀ ਤੱਤ ਵਿਚ ਕੀ ਅੰਤਰ ਹੈ?
6. ਸਾਹਿਤ ਦਾ ਮੁੱਖ ਪ੍ਰਯੋਜਨ ਪ੍ਰੇਰਨਾਤਮਕ ਹੋਣਾ ਹੈ: ਸਪਸ਼ਟ ਕਰੋ।
7. ਸਾਹਿਤ ਦਾ ਮੁੱਖ ਉਦੇਸ਼ ਸੱਚ ਦਾ ਪ੍ਰਗਟਾਵਾ ਹੈ: ਸਿੱਧ ਕਰੋ।
8. ਵਿਹਾਰਕ ਸਮੀਖਿਆ ਦੀ ਕੀ ਸਾਰਥਕਤਾ ਹੈ?
9. ਡਾ. ਰਾਜਿੰਦਰ ਪਾਲ ਸਿੰਘ ਅਨੁਸਾਰ ਕਵਿਤਾ ਦਾ ਸਰੂਪ ਕੀ ਹੈ?
10. ਅਲੰਕਾਰ ਕੀ ਹੁੰਦਾ ਹੈ?
11. ਰਸ ਕੀ ਹੁੰਦਾ ਹੈ?
12. ਪ੍ਰਤੀਕ ਦੀ ਕਵਿਤਾ ਵਿਚ ਕੀ ਭੂਮਿਕਾ ਹੈ?
13. ਕਿਸੇ ਕਵਿਤਾ ਦੀ ਵਿਹਾਰਕ ਸਮੀਖਿਆ ਦਾ ਅਭਿਆਸ ਕਰੋ।
14. ਕਵਿਤਾ ਅਤੇ ਵਾਰਤਕ ਵਿਚ ਕੀ ਅੰਤਰ ਹੈ?
15. ਆਪਣੇ ਖੇਤਰ ਦੇ ਸਾਹਿਤ ਪ੍ਰੇਮੀਆਂ ਦੀ ਸੂਚੀ ਬਣਾਓ ਅਤੇ ਉਨ੍ਹਾਂ ਦੇ ਕਵਿਤਾ ਦੇ ਪ੍ਰਯੋਜਨ ਸੰਬੰਧੀ ਸਪਸ਼ਟੀਕਰਨ ਦਾ ਸਰਵੇਖਣ ਕਰੋ।

## ਸੰਦਰਭ ਪੁਸਤਕਾਂ:


1) ਖੋਜ:ਸਿਧਾਂਤ ਤੇ ਵਿਹਾਰ, ਪਿਆਰ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, (2010)

2) ਕੇਸਰ ਸਿੰਘ ਕੇਸਰ: ਖੋਜ ਚਿੰਤਨ, ਜਸਬੀਰ ਕੇਸਰ(ਸੰਪਾ.), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, (2006)

3) ਕੇਸਰ ਸਿੰਘ ਕੇਸਰ: ਸਿਧਾਂਤ ਚਿੰਤਨ, ਜਸਬੀਰ ਕੇਸਰ (ਸੰਪਾ.), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ,(2006)

4) ਪੰਜਾਬੀ ਖੋਜ ਦਾ ਇਤਿਹਾਸ, ਧਰਮ ਸਿੰਘ, ਪੰਜਾਬੀ ਅਕਾਦਮੀ ਦਿੱਲੀ,(2004)

5) ਪੰਜਾਬੀ ਖੋਜ ਸੰਦਰਭ, ਧਰਮ ਸਿੰਘ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, (2014)

6) ਪੰਜਾਬੀ ਆਲੋਚਨਾ: ਸਰੂਪ ਅਤੇ ਸੰਭਾਵਨਾਵਾਂ, ਸੰਧੂ, ਸਤਿਨਾਮ ਸਿੰਘ, ਮਦਾਨ ਪਬਲਿਸ਼ਰਜ਼, ਪਟਿਆਲਾ, (1996)

7) ਵਿਹਾਰਕ ਸਮੀਖਿਆ(2005) ,ਪਟਿਆਲਾ ,ਪੰਜਾਬੀ ਯੂਨੀਵਰਸਿਟੀ ,ਸਤਿੰਦਰ ਸਿੰਘ ,

## ਮਹੱਤਵਪੂਰਨ ਲਿੰਕ

https://punjabipedia.org/topic.aspx?txt=%u0a15%u0a35%u0a3f%u0a24%u0a3e

ਉੱਤਰਮਾਲਾ

| | | | | |
|---|---|---|---|---|
| 1. ੳ | 2. ੲ | 3. ੳ | 4. ਅ | 5. ੳ |
| 6. ੲ | 7. ਸ | 8. ੲ | 9. ੲ | 10. ੲ |
| 11. ੲ | 12. ੳ | 13. ੲ | 14. ਸ | 15. ੲ |

DPBI543

# ਅਧਿਆਇ-14 : ਵਾਰਤਕ ਦੀ ਵਿਹਾਰਕ ਸਮੀਖਿਆ

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ

## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਕਵਿਤਾ ਦੀ ਪਰਿਭਾਸ਼ਾ, ਸਰੂਪ ਅਤੇ ਤੱਤਾਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਵਿਹਾਰਕ ਸਮੀਖਿਆ ਦੇ ਪ੍ਰਯੋਜਨ ਅਤੇ ਮਹੱਤਵ ਤੋਂ ਜਾਣੂ ਹੋਣਗੇ।
- ਸਾਹਿਤ ਸਮੀਖਿਆ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।
- ਸਾਹਿਤ ਰੂਪਾਂ ਦਾ ਮੁਲਾਂਕਣ ਕਰ ਸਕਣ ਦੇ ਯੋਗ ਹੋਣਗੇ।

## ਪ੍ਰਸਤਾਵਨਾ:

ਡਾ. ਜਗਦੀਸ਼ ਕੌਰ ਅਨੁਸਾਰ : ਆਧੁਨਿਕ ਯੁੱਗ ਵਿੱਚ ਕਵਿਤਾ ਅਤੇ ਵਾਰਤਕ ਇੱਕ ਦੂਜੇ ਤੋਂ ਵੱਖਰੀਆਂ ਪ੍ਰਗਟਾਅ ਸ਼ੈਲੀਆਂ ਹਨ। ਸੰਸਾਰ ਦੀਆਂ ਲਗਪਗ ਸਾਰੀਆਂ ਭਾਸ਼ਾਵਾਂ ਵਿੱਚ ਵਾਰਤਕ ਨੇ ਕਵਿਤਾ ਤੋਂ ਮਗਰੋਂ ਜਨਮ ਲਿਆ ਹੈ। ਇਸੇ ਲਈ ਵਾਰਤਕ ਨੂੰ ਕਵਿਤਾ ਦੇ ਵਿਰੋਧ ਵਿੱਚ ਰੱਖ ਕੇ ਹੀ ਪਰਿਭਾਸ਼ਿਤ ਕਰਨ ਦਾ ਯਤਨ ਕੀਤਾ ਗਿਆ। ਪੁਰਾਤਨ ਭਾਰਤੀ ਸੰਸਕ੍ਰਿਤ ਸਾਹਿਤ ਵਿੱਚ ਕਈ ਸਦੀਆਂ ਸਾਹਿਤ ਲਈ 'ਕਾਵਿ' ਜਾਂ 'ਕਾਵਯ' ਸ਼ਬਦ ਦਾ ਹੀ ਪ੍ਰਯੋਗ ਹੁੰਦਾ ਰਿਹਾ, ਕਿਉਂਕਿ ਸਾਹਿਤ ਰਚਨਾ ਹੁੰਦੀ ਹੀ ਕਵਿਤਾ ਵਿੱਚ ਸੀ।

ਜਿਉਂ-ਜਿਉਂ ਮਨੁੱਖ ਵਿਕਾਸ ਕਰਦਾ ਹੈ, ਉਸ ਦਾ ਵਾਹ ਬਹੁਵਿਧਿ ਵਿਸ਼ਿਆਂ ਨਾਲ ਪੈਂਦਾ ਹੈ, ਬੁੱਧੀ ਨਾਲ ਚਿੰਤਨ ਨਿਖਰਦਾ ਹੈ ਅਤੇ ਤੱਥਾਂ ਦੀ ਵਿਆਖਿਆ ਦੀ ਲੋੜ ਵਾਰਤਕ ਨੂੰ ਜਨਮ ਦਿੰਦੀ ਹੈ।

ਵਾਰਤਕ ਦਾ ਮੂਲ ਸ਼ਬਦ 'ਵਾਰਤਾ' ਹੈ, ਜਿਸਦਾ ਅਰਥ 'ਲੋਕਾਂ ਦੀ ਸਧਾਰਨ ਭਾਸ਼ਾ ਵਿੱਚ ਬਿਆਨ ਜਾਂ ਵਿਆਖਿਆ' ਤੋਂ ਲਿਆ ਜਾਂਦਾ ਹੈ। ਇਸ ਦਾ ਵਿਕਾਸ 'ਵ੍ਰਿਤਿ' (ਸੰਸਕ੍ਰਿਤ ਧਾਤੂ/ਮੂਲ ਸ਼ਬਦ) ਤੋਂ ਵੀ ਹੋਇਆ ਮੰਨਿਆ ਜਾਂਦਾ ਹੈ, ਜਿਸਦਾ ਅਰਥ ਹੈ 'ਕਿਸੇ ਸੂਤਰਬੱਧ ਰਚਨਾ ਦੀ ਵਿਆਖਿਆ ਕਰਨੀ ਜਾਂ ਟੀਕਾ ਲਿਖਣਾ' ਭਾਵ ਕਿਸੇ ਗੱਲ ਜਾਂ ਕਥਨ ਦਾ ਲੇਖਾ-ਜੋਖਾ ਕਰਨਾ। ਅਰਬੀ ਫ਼ਾਰਸੀ ਵਿੱਚ ਵਾਰਤਕ ਲਈ 'ਨਸਰ' ਸ਼ਬਦ ਦਾ ਪ੍ਰਯੋਗ ਹੁੰਦਾ ਹੈ, ਜਿਸ ਦਾ ਭਾਵ 'ਖੋਲ੍ਹ ਕੇ ਕਹਿਣਾ' ਤੋਂ ਹੈ। ਅੰਗਰੇਜ਼ੀ ਵਿੱਚ ਇਸਦੇ ਸਮਾਨਾਂਤਰ 'prose' ਸ਼ਬਦ ਵਰਤਿਆ ਜਾਂਦਾ ਹੈ, ਜਿਸਦਾ ਮੂਲ ਲਾਤੀਨੀ ਸ਼ਬਦ 'prosa' ਜਾਂ 'prosus' ਹੈ, ਜਿਨ੍ਹਾਂ ਦੇ ਅਰਥ 'ਛੰਦਾ-ਬੰਦੀ ਤੋਂ ਮੁਕਤ ਸਿੱਧੀ ਗੱਲ-ਬਾਤ' ਦੇ ਹਨ। ਸੰਸਕ੍ਰਿਤ ਵਿੱਚ ਵਾਰਤਕ ਲਈ ਪ੍ਰਾਪਤ ਸ਼ਬਦ 'ਗਦ' ਹੈ, ਜੋ ਕਾਵਯ ਜਾਂ ਕਾਵਿ ਦਾ ਇੱਕ ਭੇਦ ਹੈ ਅਤੇ ਗਦ- ਕਾਵਿ ਨੂੰ ਪਦ-ਕਾਵਿ ਦੇ ਵਿਰੋਧ ਵਿੱਚ ਰੱਖ ਕੇ ਪਰਿਭਾਸ਼ਿਤ ਕੀਤਾ ਜਾਂਦਾ ਸੀ।

ਇਉਂ ਵਾਰਤਕ ਦੇ ਸੰਦਰਭ ਵਿੱਚ ਵਾਰਤਾ, ਨਸਰ, ਗਦ ਅਤੇ prose ਆਦਿ ਸ਼ਬਦਾਂ ਨੂੰ ਵਿਚਾਰਨ ਮਗਰੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਪੁਰਾਤਨ ਸਾਹਿਤ ਛੰਦ- ਬੱਧ ਭਾਵ ਕਵਿਤਾ ਵਿੱਚ ਹੈ। ਵਾਰਤਕ ਛੰਦ-ਬੰਧਨ ਤੋਂ ਅਜ਼ਾਦ ਹੋ ਕੇ ਆਮ ਭਾਸ਼ਾ ਵਿੱਚ ਵਿਚਾਰਾਂ, ਗੂੜ੍ਹ ਰਹੱਸਾਂ, ਸਾਹਿਤਕ ਅਰਥਾਂ, ਚਿੰਤਨ ਦੀ ਵਿਆਖਿਆ ਲਈ ਮਗਰੋਂ ਹੋਂਦ ਵਿੱਚ ਆਉਂਦੀ ਹੈ ਤੇ ਹੌਲੀ-ਹੌਲੀ ਸੁਤੰਤਰ ਰੂਪ ਗ੍ਰਹਿਣ ਕਰਦੀ ਹੈ। ਜੇਕਰ ਕਵਿਤਾ, ਕਾਵਿ-ਭਾਸ਼ਾ ਵਿੱਚ ਮਨੁੱਖੀ ਵਲਵਲਿਆਂ ਦੀ ਤਰਜਮਾਨੀ ਕਰਦੀ ਕਿਸੇ ਅਗਲੇਰੇ ਅਰਥਾਂ ਨੂੰ ਸੁਝਾਉਂਦੀ ਰਚਨਾਤਮਿਕ (cre-ative) ਰਚਨਾ ਹੈ ਤਾਂ ਵਾਰਤਕ ਆਮ ਭਾਸ਼ਾ ਵਿੱਚ ਤੱਥਾਂ ਦਾ ਸਪਸ਼ਟ ਅਤੇ ਤਰਤੀਬਬੱਧ ਗਿਆਨ ਦਿੰਦੀ ਹੋਈ ਸਿਰਜਣਾਤਮਿਕ ਰਚਨਾ ਹੈ, ਇਸਦੇ ਰਚਣ ਦੇ ਆਪਣੇ ਵਿਆਕਰਨਿਕ ਨੇਮ ਹੁੰਦੇ ਹਨ। ਜਿੱਥੇ ਕਵਿਤਾ ਆਵੇਸ਼ਾਂ ਦੇ ਝਰਨੇ ਵਿੱਚ ਗੂੜ੍ਹ ਰਹੱਸਾਂ ਨੂੰ ਬੰਨ੍ਹਦੀ ਤੁਰੀ ਆਉਂਦੀ ਹੈ, ਉੱਥੇ ਵਾਰਤਕ ਇਹਨਾਂ ਰਹੱਸਾਂ ਦੀ ਵਿਆਖਿਆ ਦਲੀਲਮਈ ਢੰਗ ਨਾਲ ਕਰਦੀ ਹੈ।

ਵਿਭਿੰਨ ਦੌਰਾਂ ਵਿੱਚੋਂ ਲੰਘਦਿਆਂ ਵਾਰਤਕ ਦਾ ਰੂਪ ਨਿਖਰਿਆ ਹੈ। ਅੱਜ ਗਦ ਜਾਂ ਵਾਰਤਕ ਕਾਵਿਮਈ ਸਾਹਿਤ ਦਾ ਭੇਦ ਨਹੀਂ ਬਲਕਿ ਸੁਤੰਤਰ ਸਾਹਿਤ ਰੂਪ ਹੈ। ਗਿਆਨ ਦਾ ਅਜੋਕਾ ਯੁੱਗ ਵਾਰਤਕ ਦਾ ਯੁੱਗ ਹੈ। ਮੀਡੀਏ ਦੀ ਆਮਦ ਨਾਲ ਅਤੇ ਸੂਚਨਾ ਤਕਨਾਲੋਜੀ ਦੇ ਪ੍ਰਵੇਸ਼ ਅਤੇ ਪਸਾਰ ਨਾਲ ਵਾਰਤਕ ਖੇਤਰ ਪ੍ਰਭਾਵਿਤ ਵੀ ਹੋਇਆ ਹੈ ਅਤੇ ਵੱਡੀ ਲੋੜ ਵੀ ਬਣਿਆ ਹੈ। ਬਹੁਭਿੰਨ ਵਿਸ਼ਿਆਂ ਦੇ ਪ੍ਰਵੇਸ਼ ਨਾਲ, ਅਕਾਦਮਿਕ ਖੇਤਰ ਵਿੱਚ ਪੰਜਾਬੀ ਭਾਸ਼ਾ ਦੇ ਮਾਧਿਅਮ ਬਣਨ ਸਦਕਾ ਗਿਆਨ- ਵਿਗਿਆਨ ਦੀਆਂ ਪਾਠ-ਪੁਸਤਕਾਂ ਦੀ ਲੋੜ ਕਰ ਕੇ ਵਾਰਤਕ ਦੇ ਖੇਤਰ ਵਿੱਚ ਨਵੇਂ ਪ੍ਰਯੋਗ ਹੋ ਰਹੇ ਹਨ ਅਤੇ ਇਸਦੇ ਅਨੇਕਾਂ ਰੂਪ ਆਪਣੀਆਂ ਸੰਭਾਵਨਾਵਾਂ ਸਹਿਤ ਸਾਮ੍ਹਣੇ ਆ ਰਹੇ ਹਨ। ਇਹਨਾਂ ਰੂਪਾਂ ਨੂੰ ਮੁੱਖ ਤੌਰ ਤੇ ਦੋ ਭਾਗਾਂ ਵਿੱਚ ਵੰਡ ਕੇ ਦੇਖਿਆ ਜਾ ਸਕਦਾ ਹੈ-ਪਹਿਲਾ ਭਾਗ ਸ਼ੁੱਧ ਗਿਆਨ-ਵਿਗਿਆਨ ਦੀ ਵਾਰਤਕ ਦਾ ਹੈ ਜਿਸ ਵਿੱਚ ਨਿਬੰਧ, ਲੇਖ, ਸੰਪਾਦਕ, ਮਿਡਲ, ਆਲੋਚਨਾ, ਖੋਜ ਪ੍ਰਬੰਧ ਅਤੇ ਗਿਆਨ-ਵਿਗਿਆਨ ਦੀਆਂ ਪੁਸਤਕਾਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ, ਜਦ ਕਿ ਵਾਰਤਕ ਦਾ ਦੂਜਾ ਭਾਗ ਲਲਿਤ ਵਾਰਤਕ ਹੈ ਜਿਸ ਵਿੱਚ ਨਾਟਕ, ਨਾਵਲ, ਕਹਾਣੀ, ਜੀਵਨੀ, ਸ੍ਵੈਜੀਵਨੀ, ਰੇਖਾ-ਚਿੱਤਰ, ਯਾਦਾਂ (ਸੰਸਮਰਨ), ਸਫ਼ਰਨਾਮੇ, ਮੁਲਾਕਾਤਾਂ, ਡਾਇਰੀ, ਸਾਹਿਤਕ ਪੱਤਰ, ਵਿਅੰਗ, ਪ੍ਰਵਚਨ, ਕੈਪਸ਼ਨ, ਪਰਬਤ ਰੋਹਣ ਅਤੇ ਜੰਗਲ ਭ੍ਰਮਣ ਨਾਲ ਸੰਬੰਧਿਤ ਸਾਹਿਤ ਸ਼ਾਮਲ ਕੀਤਾ ਜਾ ਸਕਦਾ ਹੈ।

ਇਸ ਤਰ੍ਹਾਂ ਸਪਸ਼ਟ ਹੈ ਕਿ ਵਾਰਤਕ ਵਿੱਚ ਸਾਹਿਤਿਕ ਪ੍ਰਗਟਾਅ ਦੇ ਉਹ ਸਾਰੇ ਰੂਪ ਸ਼ਾਮਲ ਹੋ ਸਕਦੇ ਹਨ ਜਿਹੜੇ ਸਿੱਧੀ-ਸਾਦੀ ਗੱਲ-ਬਾਤ ਰਾਹੀਂ, ਛੰਦਾਬੰਦੀ ਤੋਂ ਮੁਕਤ ਹੋ ਕੇ ਦਲੀਲਮਈ ਢੰਗ ਨਾਲ ਤੱਥਾਂ ਨੂੰ ਉਜਾਗਰ ਕਰਦੇ ਹਨ ਅਤੇ ਪਾਠਕ ਦੇ ਗਿਆਨ ਨੂੰ ਵਧਾਉਣ ਦਾ ਕਾਰਜ ਕਰਦੇ ਹਨ। ਬੁੱਧੀ, ਭਾਵ, ਕਲਪਨਾ ਅਤੇ ਸ਼ੈਲੀ ਇਸਦੇ ਮੁੱਖ ਤੱਤ ਹਨ, ਸਪਸ਼ਟਤਾ ਇਸਦੀ ਜਿੰਦ-ਜਾਨ ਹੈ ਅਤੇ ਵਿਚਾਰਾਂ ਦੀ ਲੜੀਵਾਰ ਉਸਾਰੀ (ਗੋਂਦ) ਜ਼ਰੂਰੀ ਅੰਗ ਹੈ। ਲੇਖਕ ਦਾ ਨਿਰੰਤਰ ਅਭਿਆਸ, ਅਧਿਐਨ ਅਤੇ ਅਨੁਭਵ ਦੀ ਵਿਸ਼ਾਲਤਾ ਚੰਗੀ ਵਾਰਤਕ ਦੀ ਰਚਨਾ ਵਿੱਚ ਬਹੁਤ ਅਹਿਮ ਯੋਗਦਾਨ ਪਾਉਂਦੇ ਹਨ।

## ਵਿਸ਼ਾ ਵਸਤੂ:

ਕਵਿਤਾ ਅਤੇ ਵਾਰਤਕ, ਸਾਹਿਤ ਦੇ ਮੁੱਖ ਰੂਪ ਹਨ।ਪੰਜਾਬੀ ਸਾਹਿਤ ਦਾ ਅਧਿਐਨ ਕਰਦਿਆਂ ਇਹ ਤੱਥ ਉੱਭਰ ਕੇ ਸਾਹਮਣੇ ਆਉਂਦੇ ਹਨ ਕਿ ਮਨੁੱਖ ਨੇ ਆਪਣੀਆਂ ਭਾਵਨਾਵਾਂ ਦੇ ਪ੍ਰਗਟਾਵੇ ਲਈ ਸਭ ਤੋਂ ਪਹਿਲਾਂ ਕਵਿਤਾ ਨੂੰ ਚੁਣਿਆ ਕਿਉਂਕਿ ਮੁੱਖ ਰੂਪ ਵਿਚ ਕਵਿਤਾ ਦਾ ਸੰਬੰਧ ਮਨ ਦੇ ਵਲਵਲਿਆਂ ਨਾਲ ਹੈ ਅਤੇ ਉਸ ਸਮੇਂ ਛਾਪੇਖ਼ਾਨੇ ਤਕਨੀਕ ਦੀ ਅਣਹੋਂਦ ਸੀ।ਇਸ ਦੇ ਨਾਲ ਜੀਵਨ ਦੀ ਸਰਲਤਾ ਅਤੇ ਤਕਨੀਕ ਦੀ ਅਣਹੋਂਦ ਨੇ ਕਵਿਤਾ ਨੂੰ ਪੈਦਾ ਤੇ ਮਕਬੂਲ ਕਰੀ ਰੱਖਿਆ, ਦੂਜੇ ਪਾਸੇ ਜਦੋਂ ਜੀਵਨ ਗੁੰਝਲਦਾਰ ਹੋ ਜਾਂਦਾ ਹੈ ਅਤੇ ਤਕਨੀਕ ਦਾ ਵਿਕਾਸ ਹੁੰਦਾ ਹੈ ਅਤੇ ਮਨੁੱਖ ਮਨ ਦੀ ਜਗ੍ਹਾ ਬੌਧਿਕਤਾ ਦਾ ਸਹਾਰਾ ਲੈਂਦਾ ਹੈ ਤਾਂ ਵਾਰਤਕ ਦਾ ਜਨਮ ਹੁੰਦਾ ਹੈ।ਵਾਰਤਕ ਸਾਹਿਤ ਰੂਪ ਦਾ ਸੰਬੰਧ ਮਨੁੱਖ ਦੀ ਬੁੱਧੀ, ਭਾਵ ਦਿਮਾਗ਼ ਖ਼ਾਸਕਰ ਤਰਕ ਨਾਲ ਹੁੰਦਾ ਹੈ।ਤਰਕ ਦਾ ਸੰਬੰਧ ਆਧੁਨਿਕਤਾ ਨਾਲ ਹੈ ਇਸ ਲਈ ਵਾਰਤਕ ਆਧੁਨਿਕ ਵਿਧਾ ਹੈ।ਜਿਹੜੀ ਵਾਰਤਕ ਮੱਧਕਾਲ ਵਿਚ ਲਿਖੀ ਗਈ ਉਹ ਤਰਕ ਦੀ ਥਾਂ ਭਾਵ ਪ੍ਰਧਾਨ ਕਾਵਿਮਈ ਵਾਰਤਕ ਹੈ।

ਹਰ ਇੱਕ ਭਾਸ਼ਾਈ ਰਚਨਾ ਨੂੰ ਸਾਹਿਤ ਨਹੀਂ ਕਿਹਾ ਜਾ ਸਕਦਾ, ਸਗੋਂ ਸਾਹਿਤਕ ਕਿਰਤਾਂ ਸਮਾਜਿਕ ਸਰੋਕਾਰਾਂ, ਦਾਰਸ਼ਨਿਕ ਪਸਾਰਾ, ਮਨੁੱਖੀ ਮਨ ਦੀਆਂ ਉਡਾਣਾਂ ਦਾ ਕਲਾਤਮਕ ਤੇ ਸੁਹਜ ਪ੍ਰਗਟਾਵਾ ਅਤੇ ਕੁੱਝ ਵਿਸ਼ੇਸ਼ ਗੁਣ ਹੁੰਦੇ ਹਨ।ਵਿਦਵਾਨਾਂ ਦੁਆਰਾ ਸਾਹਿਤ ਨੂੰ ਦੋ ਰੂਪਾਂ ਵਿਚ ਵੰਡ ਕੇ ਪੇਸ਼ ਕੀਤਾ ਜਾਂਦਾ ਹੈ।

1.ਪਦ ਜਾਂ ਕਵਿਤਾ (Poetry)

2.ਗੱਦ ਜਾਂ ਵਾਰਤਕ (Prose)

ਇਹ ਸਰਬ-ਪ੍ਰਮਾਣਿਤ ਤੱਤ ਹੈ ਕਿ ਦੁਨੀਆ ਦੀ ਹਰ ਭਾਸ਼ਾ ਵਿਚ ਪਹਿਲਾਂ ਕਵਿਤਾ ਦਾ ਜਨਮ ਹੋਇਆ ਅਤੇ ਕਾਫ਼ੀ ਸਮੇਂ ਬਾਅਦ ਜਾ ਕੇ ਵਾਰਤਕ ਉਪਜੀ।ਇਸ ਪਹਿਲ ਕਦਮੀ ਦਾ ਕਾਰਨ ਬੜਾ ਸਪਸ਼ਟ ਹੈ ਕਿ ਕਵਿਤਾ, 'ਦਿਲ ਦੀ ਬੋਲੀ' ਹੈ ਅਤੇ ਵਾਰਤਕ 'ਦਿਮਾਗ਼ ਦੀ ਭਾਸ਼ਾ' ਹੈ।ਕਵਿਤਾ ਅਤੇ ਵਾਰਤਕ ਸਾਹਿਤ ਦੋ ਪ੍ਰਮੁੱਖ ਰੂਪ ਹਨ।ਜਿੱਥੇ ਕਵਿਤਾ ਵਿਚ ਭਾਵ, ਲੈਅ-ਤਾਲ, ਅਲੰਕਾਰ, ਤੇ ਤੁਕਾਂਤ ਹੁੰਦੇ ਹਨ।ਉੱਥੇ ਵਾਰਤਕ ਲਈ ਵਾਕ-ਰਚਨਾ ਜ਼ਰੂਰੀ ਅੰਸ਼ ਹਨ:

> 'ਵਾਰਤਕ' ਸ਼ਬਦ ਲਾਤੀਨੀ ਭਾਸ਼ਾ ਦੇ 'Prose'ਜਾਂ 'Prosus'ਦਾ ਪਰਿਆਇ-ਵਾਚੀ ਹੈ।ਜਿਸ ਦੇ ਅਰਥ ਹਨ 'ਸਿੱਧੀ' ਗੱਲ ਜਾਂ ਸ਼ਬਦਾਂ ਦੀ ਸਿੱਧੀ ਸਾਦੀ ਬਣਤਰ, ਜਿਹੜੀ ਛੰਦਾਬੰਦੀ ਤੋਂ ਮੁਕਤ ਹੋਵੇ।ਸਾਧਾਰਨ ਗੱਲਬਾਤ ਨੂੰ ਵੀ'Prose'ਕਹਿੰਦੇ ਹਨ।(ਸੀਤਲ ''ਵਾਰਤਕ ਤੇ ਵਾਰਤਕ ਸ਼ੈਲੀ'' 1)

ਇਸ ਦਾ ਸਪਸ਼ਟ ਅਰਥ ਇਹ ਹੋਇਆ ਕਿ ਕਾਵਿ ਤੋਂ ਬਾਅਦ ਹੋਂਦ ਵਿਚ ਆਉਣ ਵਾਲੀ ਵਿਧਾ ਦਾ ਨਾਮਕਰਨ ਵਾਰਤਕ ਹੋਇਆ ਹੈ:

> ਐਨਸਾਈਕਲੋਪੀਡੀਆ ਬ੍ਰਿਟੈਨਿਕਾ ਵੋਲੀਅਮ 18 ਅਨੁਸਾਰ: ਮਨੁੱਖ ਦੇ ਉਨ੍ਹਾਂ ਸਾਫ਼ ਤੇ ਸਿੱਧੇ ਬਚਨਾਂ ਨੂੰ ਪਰੋਜ਼ ਕਿਹਾ ਜਾਂਦਾ ਹੈ।ਜਿਨ੍ਹਾਂ ਨੂੰ ਸਿਰਜਣ ਤੇ ਅੰਕਿਤ ਕਰਨ ਲਈ ਕਵਿਤਾ ਦੇ ਨਿਯਮਾਂ ਦੀ ਲੋੜ ਨਾ ਪਵੇ।(591)

ਜੀਤ ਸਿੰਘ ਸੀਤਲ ਅਨੁਸਾਰ: ਅਰਬੀ ਫ਼ਾਰਸੀ ਵਿਚ ਵਾਰਤਕ ਨੂੰ 'ਨਸਰ' ਕਹਿੰਦੇ ਹਨ।ਜਿਸ ਦੇ ਅਰਥ ਹਨ-ਖਿਲਾਰਨਾ, ਬਿਖੇਰਨਾ, ਜਾਂ ਸਿਰ ਤੋਂ ਵਾਰ ਕੇ ਸੁੱਟਣਾ।ਇਸ ਤਰ੍ਹਾਂ ਖਿੱਲਰੇ ਜਾਂ ਨਿਛਾਵਰ ਕੀਤੇ ਬੋਲਾਂ ਤੇ ਬਚਨਾਂ ਨੂੰ 'ਨਸਰ' ਕਹਿੰਦੇ ਹਨ।("ਵਾਰਤਕ ਤੇ ਵਾਰਤਕ ਸ਼ੈਲੀ" 1)

ਸੰਸਕ੍ਰਿਤ ਸਾਹਿਤ ਵਿਚ ਵਾਰਤਕ ਸ਼ਬਦ ਦਾ ਧਾਤੂ ਹੈ 'ਵਿਤ੍ਰਿ'।ਜਿਸ ਦੇ ਅਰਥ ਹਨ 'ਟੀਕਾ' ਜਾਂ ਸੂਤਰਾਂ ਦੀ ਵਿਆਖਿਆ ਕਰਨ ਵਾਲਾ ਗ੍ਰੰਥ।(ਬਲ "ਖੋਜ ਪੱਤ੍ਰਿਕਾ ਪੁਰਾਤਨ ਵਿਸ਼ੇਸ਼ ਅੰਕ" 421)

ਇਸੇ ਤਰ੍ਹਾਂ ਸੋਲ੍ਹਵੀਂ, ਸਤ੍ਹਾ ਰਵੀ ਸਦੀ ਵਿਚ ਜੋ ਵਾਰਤਕ ਪੰਜਾਬੀ ਵਿਚ ਰਚੀ ਗਈ ਉਹ ਮੁੱਖ ਰੂਪ ਵਿਚ ਧਾਰਮਿਕ ਲਿਖਤਾਂ ਉੱਤੇ ਟੀਕਾ ਟਿੱਪਣੀ ਦੇ ਰੂਪ ਵਿਚ ਮਿਲਦੀ ਹੈ।(ਬਲ "ਖੋਜ ਪੱਤ੍ਰਿਕਾ ਪੁਰਾਤਨ ਵਿਸ਼ੇਸ਼ ਅੰਕ" 422)

ਵਾਰਤਕ ਸਾਹਿਤ ਦਾ ਅਜਿਹਾ ਰੂਪ ਹੈ ਜਿਸ ਵਿਚ ਸਾਹਿਤਕਾਰ ਬੌਧਿਕ ਪੱਧਰ ਤੇ ਪਾਠਕ ਨੂੰ ਸੁਹਜ ਸੁਆਦ ਦੇਣ ਦਾ ਯਤਨ ਕਰਦਾ ਹੈ।ਪ੍ਰਗਟਾਅ ਆਪਣੀ ਵਿਚਾਰ ਅਭਿਵਿਅਕਤੀ ਦੀ ਛਾਪ ਪਾਠਕਾਂ ਤੇ ਪਾਉਂਦਾ ਹੈ।ਵਾਰਤਕ ਦੀ ਮੂਲ ਵਾਰਤਾ ਭਾਵ ਕਿਸੇ ਸਿਆਸੀ ਗਈ ਕੁੱਲ ਦੀ ਕਹਾਣੀ ਹੈ।(ਕੇਸਰ "ਗੱਦ-ਪਰਿਭਾਸ਼ਾ ਤੇ ਪ੍ਰਕਿਰਤੀ" 9)

ਮੁੱਖ ਰੂਪ ਵਿਚ ਹਰ ਦਲੀਲ ਜਾਂ ਵਾਰਤਾ ਵਾਰਤਕ ਦੀ ਜਿੰਦ-ਜਾਨ ਹਨ।ਸੰਸਕ੍ਰਿਤ ਦੇ ਹਵਾਲੇ ਨਾਲ ਇਹ ਸਪਸ਼ਟ ਹੋ ਗਿਆ ਹੈ ਕਿ ਵਾਰਤਕ ਦਾ ਪਹਿਲਾ ਕੰਮ ਵਿਆਖਿਆ ਕਰਨੀ ਸੀ।ਵਾਰਤਕ ਵਿਚ ਉਹ ਕਿਰਤਾਂ ਤੇ ਲੇਖ ਸ਼ਾਮਲ ਹੁੰਦੇ ਹਨ।ਜਿਨ੍ਹਾਂ ਵਿਚ ਮਨੁੱਖੀ ਸੰਸਾਰ ਦੀਆਂ ਕਦਰਾਂ-ਕੀਮਤਾਂ ਦਾ ਵਿਸ਼ਲੇਸ਼ਣ ਤੇ ਮੁਲਾਂਕਣ ਹੁੰਦਾ ਹੈ।ਵਾਰਤਕ ਦਾ ਕੇਂਦਰੀ ਨੁਕਤਾ ਸਾਧਾਰਨ ਮਨੁੱਖ ਨੂੰ ਸਾਧਾਰਨ ਭਾਸ਼ਾ ਵਿਚ ਗਿਆਨ ਦੇਣਾ ਹੁੰਦਾ ਹੈ ਭਾਵ ਇਸ ਆਮ ਮਨੁੱਖ ਨੂੰ ਗਿਆਨਵਾਨ ਬਣਾਉਣ ਵਿਚ ਪ੍ਰਮੁੱਖ ਯੋਗਦਾਨ ਪਾਉਂਦੀ ਹੈ ਭਾਵੇਂ ਮਨੁੱਖ ਦੇ ਹੋਸ਼ ਸੰਭਾਲਣ ਤੋਂ ਬਹੁਤ ਚਿਰ ਪਿੱਛੋਂ  ਕਾਵਿ ਉਪਰੰਤ ਵਾਰਤਕ ਦਾ ਜਨਮ ਤੇ ਵਿਕਾਸ ਹੋਇਆ ਹੈ।ਕਵਿਤਾ ਵਿਚ ਛੰਦਾਂ ਤੇ ਅਲੰਕਾਰਾਂ, ਰਸਾਂ ਬਿੰਬਾਂ ਪ੍ਰਤੀਕਾਂ ਤੇ ਭਾਵਾਂ ਦੀ ਅਭਿਵਿਅਕਤੀ ਹੁੰਦੀ ਹੈ ਪਰ ਵਾਰਤਕ ਸ਼ਿੰਗਾਰ ਮਈ ਕਾਲਪਨਿਕ ਪ੍ਰਤੀਕਾਤਮਿਕ ਵੀ ਹੋ ਸਕਦੀ ਹੈ।ਸਾਹਿਤ ਵਾਰਤਕ ਕਲਪਨਾ ਪ੍ਰਧਾਨ, ਸ਼ਿੰਗਾਰ ਮਈ ਨਿਆਇ ਸ਼ੀਲ ਹੋ ਸਕਦੀ ਹੈ।ਵਾਰਤਕ ਦਾ ਪ੍ਰਵੇਸ਼ ਭਾਵੇਂ ਕਾਵਿ ਆਮਦ ਤੋਂ ਸਦੀਆਂ ਪਿੱਛੋਂ ਹੋਇਆ ਹੋਵੇਗਾ ਪਰੰਤੂ ਕਾਵਿ ਤੇ ਵਾਰਤਕ ਦਾ ਸਾਹਿਤ ਵਿਚ ਆਪਣਾ ਆਪਣੇ ਸਥਾਨ ਤੇ ਯੋਗਦਾਨ ਹੈ।

ਵਿਹਾਰਕ ਸਮੀਖਿਆ ਦੇ ਖੇਤਰ ਵਿਚ ਸਭ ਤੋਂ ਵਧੇਰੇ ਪ੍ਰਮਾਣਿਕਤਾ ਡਾ. ਸਤਿੰਦਰ ਸਿੰਘ ਦੀ ਹੈ। ਇਥੇ ਉਨ੍ਹਾਂ ਦੇ ਹਵਾਲੇ ਨਾਲ ਕਵਿਤਾ ਦੀ ਵਿਹਾਰਕ ਆਲੋਚਨਾ ਪੇਸ਼ ਕੀਤੀ ਜਾ ਰਹੀ ਹੈ।

ਵਾਰਤਕ ਟੁਕੜੀ ਦੀ ਵਿਹਾਰਿਕ ਆਲੋਚਨਾ

ਆਪਣੇ ਕਸਬ ਵਿੱਚ, ਹਰ ਇੱਕ ਕਿਰਤੀ ਦੇ ਅੰਦਰ ਕੁਦਰਤੀ ਸਾਦਗੀ ਤੇ ਬੇਪਰਵਾਹੀ ਹੁੰਦੀ ਹੈ। ਉਹ ਚਿਤ੍ਰਕਾਰ ਆਪਣੇ ਬਣਾਏ ਚਿਤ੍ਰ ਦੇ ਰੰਗ ਵੇਖ-ਵੇਖ ਵਿਗਸਦਾ ਹੈ। ਓਹਨੂੰ ਕਿੱਥੇ ਫ਼ੁਰਸਤ ਹੈ ਕਿ ਉਹ ਆਪਣੇ ਕੱਪੜਿਆਂ ਦੀਆਂ ਸਿਲਵਟਾਂ ਵਲ ਤਕੇ ਯਾ ਆਪਣੇ ਖ਼ੁਦ ਬਣ ਗਏ ਵੈਰੀਆਂ ਦੀਆਂ ਚੋਟਾਂ ਦਾ ਖ਼ਿਆਲ ਕਰੇ। ਨਸ਼ੇ ਵਿੱਚ ਆਦਮੀ ਦੁਨੀਆਂ ਤੇ ਆਪਣੇ ਚੁਗਿਰਦੇ ਦੀ ਕੀ ਪਰਵਾਹ ਕਰਦਾ ਹੈ? ਸੋ ਕੰਮ ਵਿੱਚ ਲੱਗੇ ਆਦਮੀ ਸਹਿਜੇ ਹੀ ਕੁਛ ਆਪੇ ਦਾ ਰਸ ਮਾਣਦੇ ਹਨ ਅਰ ਉਹ ਨਿੰਦਿਆਂ ਉਸਤਤ ਦੋਹਾਂ ਥੀ ਅਤੀਤ ਜਿਹੇ ਹੁੰਦੇ ਹਨ ਤੇ ਰਸਿਕ ਕਿਰਤਾਂ ਨੂੰ ਛੱਡ ਵੀ ਦੇਈਏ ਸਧਾਰਨ ਸੁੱਚੀ ਹੱਥਾਂ ਪੈਰਾਂ ਦੀ ਕਿਰਤ ਤੇ ਕਸਬ ਵਾਲੇ ਆਪ ਵਿੱਚ ਬੱਚੇ ਵਾਂਗ ਅਬੋਝ ਅਵਸਥਾ ਵਿੱਚ ਟਿਕੇ ਰਹਿੰਦੇ ਹਨ। ਇਕ ਅਮੀਰ ਮੋਟਰ ਤੇ ਇਕ ਵੇਰੀ ਜਾ ਰਿਹਾ ਸੀ, ਮੈਂ ਵਿਚ ਬੈਠਾ ਸਾਂ ਤੇ ਅਗੇ ਇਕ ਬੁੱਢਾ ਗ਼ਰੀਬ ਗਵਾਲੀਅਰ ਦਾ ਕਿਰਸਾਨ ਠੁਮਕ-ਠੁਮਕ ਆਪਣੀ ਲਯ ਵਿੱਚ ਜਾ ਰਿਹਾ ਸੀ। ਮੋਟਰ ਦੀ ਟੱਕਰ ਲੱਗ ਗਈ। ਮੋਟਰ ਵਾਲੇ ਸੱਜੇ ਤੇ ਉਹ ਖੱਬੇ ਹੋਯਾ, ਉਸ ਖੱਬੇ ਪਰਤਾਈ ਤੇ ਉਹ ਸੱਜੇ ਹੋਯਾ। ਇਸ ਘਬਰਾਹਟ ਵਿਚ ਟੱਕਰ ਓਹਨੂੰ ਲੱਗੀ, ਗ਼ਰੀਬ ਕਿਰਤੀ ਢਹਿ ਪਿਆ। ਅਮੀਰ ਨੇ ਮੋਟਰ ਖੜ੍ਹੀ ਕੀਤੀ। ਓਹ ਇਉਂ ਪਿਆ ਸੀ ਜਿਵੇਂ ਕਿਸੇ ਬ੍ਰਿਛ ਨੂੰ ਟੱਕਰ ਲੱਗੀ ਸੀ। ਕੁਝ ਵੀ ਨਹੀਂ ਕੁਇਆ। ਅਸਾਂ ਸਮਝਿਆ ਟੰਗ ਟੁੱਟ ਗਈ ਤੇ ਹਸਪਤਾਲ ਲੈ ਗਏ। ਓਹ ਡਾਕਟਰ ਅੱਗੇ ਵੀ ਇਉਂ ਪੈ ਗਿਆ ਜਿਵੇਂ ਕੋਈ ਲੱਠ ਹੁੰਦੀ ਹੈ। ਡਾਕਟਰ ਨੇ ਹਿਲਾ ਚਿਲਾ ਕੇ ਵਖਿਆ ਤੇ ਕਿਹਾ ਟੁੱਟਿਆ ਕੁਛ ਨਹੀਂ। ਉਸ ਬੇਜ਼ਬਾਨ ਨੇ ਨਾ ਕੋਈ ਸ਼ਕਾਯਤ ਕੀਤੀ ਨਾ ਕੁਸ਼ ਕੁਯਾ। ਜੇ ਕੋਈ ਅਨੇਕ ਚਿੰਤਨ ਵਾਲਾ ਹੁੰਦਾ ਤੇ ਹੋਰ ਕੁਛ ਨਹੀਂ ਤਕ ਸ਼ਾਕੀ ਤਾਂ ਜ਼ਰੂਰ ਹੁੰਦਾ। ਇਹ ਸ਼ਿਕਵਾ ਵੀ ਨਾ ਕਰਨਾ ਕੋਈ ਜਹਾਲਤ ਦੀ ਗੱਲ ਨਹੀਂ, ਇਹ ਕਿਰਤ ਦਵਾਰਾ ਸਹਿਜ ਸੁਭਾ ਟਿਕੇ, ਭਾਵੇਂ ਭੋਲੇ ਭੇਵ ਵਿੱਚ ਟਿਕੇ ਮਨ ਦਾ ਲੱਛਣ ਹੈ। ਸੋ ਸੁੱਚੀ ਕਿਰਤ ਜ਼ਰੂਰ ਰੱਬ ਦੀ ਪੂਜਾ ਹੈ, ਕਿਉਂਕਿ ਸਾਧ ਤੇ ਕਿਰਤੀ ਦੇ ਲੱਛਣ ਮਿਲਦੇ ਹਨ।

ਉਪਰੋਕਤ ਵਾਰਤਕ ਟੁਕੜੀ ਪ੍ਰੋ: ਪੂਰਨ ਸਿੰਘ ਦੀ ਰਚਨਾ ਹੈ। ਇਸ ਦੇ ਵਿਸ਼ੇ ਦਾ ਸੰਬੰਧ ਕਿਰਤ ਸੰਬੰਧੀ ਉਸਦੇ ਵਿਚਾਰਾਂ ਨਾਲ ਹੈ। ਇਸ ਵਿਚ ਉਹ ਕਿਰਤੀ ਦੇ ਚਰਿੱਤਰ ਦੇ ਗੁਣਾਂ ਨੂੰ ਬਿਆਨ ਕਰਦਿਆਂ ਦੱਸਦਾ ਹੈ ਕਿ ਕਸਬ ਕਰਨ ਵਾਲੇ ਕਿਰਤੀ ਵਿਚ ਇਕ ਕੁਦਰਤੀ ਸਾਦਗੀ ਅਤੇ ਬੇਪਰਵਾਹੀ ਹੁੰਦੀ ਹੈ। ਉਸ ਸਹਿਜ ਸੁਭਾ ਹੀ ਆਪੇ ਦਾ ਰਸ ਮਾਣਦਾ ਹੋਇਆ ਨਿੰਦਿਆ-ਉਸਤਤ ਦੋਹਾਂ ਤੋਂ ਉੱਪਰ ਹੁੰਦਾ ਹੈ। ਰਸਿਕ ਕਿਰਤਾਂ ਨੂੰ ਛੱਡ ਵੀ ਦੇਈਏ, ਹੱਥਾਂ-ਪੈਰਾਂ ਨਾਲ ਸਧਾਰਨ ਸੁੱਚੀ ਕਿਰਤ ਕਰਨ ਤੇ ਕਸਬ ਕਰਨ ਵਾਲੇ ਇਕ ਅਬੋਝ ਅਵਸਥਾ ਵਿਚ ਟਿਕੇ ਹੁੰਦੇ ਹਨ। ਉਹ ਦੁੱਖ, ਸੁਖ ਦੁਰਘਟਨਾਵਾਂ ਦੀ ਪਰਵਾਹ ਨਹੀਂ ਕਰਦੇ। ਇਸਦੇ ਉਲਟ ਜੇਕਰ ਭਾਂਤ-ਭਾਂਤ ਦੇ ਚਿੰਤਨ ਕਰਨ ਵਾਲੇ ਸ਼ਿਕਵਾ-ਸ਼ਕਾਇਤ ਜ਼ਰੂਰ ਕਰਦੇ ਹਨ। ਸ਼ਿਕਵਾ ਵੀ ਨਾ ਕਰਨਾ ਕੋਈ ਜਹਾਲਤ ਨਹੀਂ, ਸਗੋਂ ਕਿਰਤ ਦੁਆਰਾ ਸਹਿਜ-ਸੁਭਾ ਟਿਕੇ ਮਨ ਦੇ ਲੱਛਣ ਹੈ। ਇਸ ਕਰਕੇ ਲੇਖਕ ਅਨੁਸਾਰ ਸੁੱਚੀ ਕਿਰਤ ਰੱਬ ਦੀ ਪੂਜਾ ਹੈ, ਕਿਉਂਕਿ ਸਾਧ ਤੇ ਕਿਰਤੀ ਦੇ ਲੱਛਣ ਸਮਾਨ ਹੁੰਦੇ ਹਨ।

ਇਸ ਪ੍ਰਕਾਰ ਇਸ ਨਿਬੰਧ ਦਾ ਵਿਸ਼ਾ ਸੁੱਚੀ ਕਿਰਤ ਕਰਨ ਵਾਲੇ ਵਿਅਕਤੀ ਦੀ ਮਹਾਨਤਾ ਨੂੰ ਦਰਸਾਉਂਦਾ ਹੈ। ਲੇਖਕ ਦੇ ਇਹ ਵਿਚਾਰ ਬੜੇ ਮੌਲਿਕ ਅਤੇ ਪੁਖ਼ਤਾ ਹਨ। ਇਸ ਵਾਰਤਕ ਟੁਕੜੀ ਦਾ ਆਰੰਭਿਕ ਵਾਕ ਬਹੁਤ ਹੀ ਖਿੱਚ ਭਰਿਆ ਹੈ, ਜੋ ਇਸ ਵਿੱਚ ਪੇਸ਼ ਕੀਤੇ ਜਾਣ ਵਾਲੇ ਵਿਚਾਰ ਨਾਲ ਪਾਠਕ ਦੀ ਜਾਣ-ਪਛਾਣ ਕਰਾ ਕੇ ਸਿੱਧਾ ਉਸਨੂੰ ਆਪਣੇ ਨਾਲ ਜੋੜ ਲੈਂਦਾ ਹੈ। ਫਿਰ ਲੇਖਕ ਕਿਰਤੀ ਨੂੰ ਆਪਣੇ ਬਣਾਏ ਚਿਤਰ ਉੱਤੇ ਵਿਗਸਣ ਵਾਲੇ ਚਿਤਰਕਾਰ ਦੇ ਰੂਪ ਵਿੱਚ ਪੇਸ਼ ਕਰਦਾ ਹੈ। ਇਸ ਪਿੱਛੋਂ ਉਹ ਉਸਦੇ ਮਨ ਦੇ ਇਕ ਬੱਚੇ ਵਾਂਗ ਅਬੋਝ ਅਵਸਥਾ ਵਿਚ ਟਿਕੇ ਹੋਣ ਬਾਰੇ ਦੱਸ ਕੇ ਕਿਸੇ ਅਮੀਰ ਦੀ ਮੋਟਰ ਦੀ ਇਕ ਬੁੱਢੇ ਕਿਰਸਾਨ ਨਾਲ ਟੱਕਰ ਲੱਗਣ ਤੇ ਉਸ ਦੁਆਰਾ ਇਸ ਵਿਰੁੱਧ ਸ਼ਿਕਵਾ-ਸ਼ਕਾਇਤ ਨਾ ਕਰਨ ਦੀ ਉਦਾਹਰਨ ਦੇ ਕੇ ਇਸ ਪੈਰੇ ਦੇ ਆਰੰਭਿਕ ਵਾਕ ਵਿੱਚ ਪੇਸ਼ ਕੀਤੇ ਵਿਚਾਰ ਨੂੰ ਹੀ ਦ੍ਰਿੜ੍ਹ ਕਰਦਾ ਹੈ। ਅੰਤ ਵਿਚ ਉਹ ਕਿਰਤੀ ਤੇ ਸਾਧ ਦੇ ਲੱਛਣ ਮਿਲਦੇ-ਜੁਲਦੇ ਦੱਸ ਕੇ ਸੁੱਚੀ ਕਿਰਤ ਨੂੰ ਰੱਬ ਦੀ ਪੂਜਾ ਕਰਾਰਾ ਦਿੰਦਾ ਹੋਇਆ ਇਸ ਵਿਚਲੇ ਆਪਣੇ ਵਿਚਾਰ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਬਣਾ ਦਿੰਦਾ ਹੈ।

ਇਸ ਵਾਰਤਕ-ਟੁਕੜੀ ਦੀ ਸ਼ੈਲੀ ਬੌਧਿਕ ਤੇ ਵਿਚਾਰਰਾਤਮਕ ਹੈ। ਸਰਲਤਾ, ਸਪੱਸ਼ਟਤਾ, ਰੋਚਕਤਾ, ਤਰਕਸ਼ੀਲਤਾ ਤੇ ਗੰਭੀਰਤਾ ਇਸਦੇ ਵਿਸ਼ੇਸ਼ ਗੁਣ ਹਨ। ਇਸ ਵਿਚੋਂ ਨਿਬੰਧਕਾਰ ਦੀ ਵਿਦਵਾਨ, ਬੌਧਿਕ ਚਿੰਤਕ ਤੇ ਕਵੀ ਸ਼ਖ਼ਸੀਅਤ ਦੀ ਝਲਕ ਪੈਂਦੀ ਹੈ।

ਇਸ ਦੀ ਭਾਸ਼ਾ ਕੇਂਦਰੀ ਪੰਜਾਬੀ ਹੈ। ਸ਼ਬਦ-ਚੋਣ ਢੁੱਕਵੀਂ ਅਤੇ ਭਾਵਾਂ ਅਨੁਕੂਲ ਹੈ। ਭਾਸ਼ਾ ਮੁਹਾਵਰੇਦਾਰ ਤੇ ਰਸ-ਭਰੀ ਹੈ। ਲੇਖਕ ਨੇ ਆਪਣੇ ਭਾਵਾਂ ਤੇ ਵਿਚਾਰਾ ਦੇ ਪ੍ਰਗਟਾਵੇ ਲਈ ਉਰਦੂ-ਫ਼ਾਰਸੀ ਤੇ ਹਿੰਦੀ-ਸੰਸਕ੍ਰਿਤ ਦੇ ਪੰਜਾਬੀ ਵਿੱਚ ਪ੍ਰਚਲਿਤ ਸ਼ਬਦਾ ਦੀ ਵਰਤੋਂ ਵੀ ਕੀਤੀ ਹੈ; ਜਿਵੇਂ ਕਸਬ, ਬੇਪਰਵਾਹੀ, ਸਿਲਵਟ, ਖ਼ੁਦ,ਬੇਜ਼ਬਾਨ, ਫ਼ਰਸਤ, ਸ਼ਕਾਯਤ, ਜਹਾਲਤ ਆਦਿ (ਉਰਦੂ-ਫ਼ਾਰਸੀ ਸ਼ਬਦ) ਅਤੇ ਚਿਤ੍ਰਕਾਰ, ਨਿੰਦਿਆ, ਉਸਤਤ, ਰਸ, ਕਿਰਤ, ਲਯ, ਚਿੰਤਨ, ਵਿਗਸ, ਸਾਧ ਆਦਿ। (ਹਿੰਦੀ-ਸੰਸਕ੍ਰਿਤ ਸ਼ਬਦ।) ਉਸਦੇ ਵਾਕਾਂ ਤੇ ਸ਼ਬਦ-ਜੋੜਾਂ ਵਿੱਚ ਪ੍ਰਮਾਣਿਕਤਾ ਦੀ ਘਾਟ ਹੈ। ਵਾਕ-ਰਚਨਾ ਉੱਪਰ ਅੰਗਰੇਜ਼ੀ ਵਾਕ-ਰਚਨਾ ਦਾ ਪ੍ਰਭਾਵ ਹੈ, ਪਰ ਉਸ ਵਿੱਚ ਵਿਆਕਰਨਿਕ ਉਕਾਈਆਂ ਵੀ ਮੌਜੂਦ ਹਨ।

ਹਵਾਲੇ:- ਇਸ ਵਾਰਤਕ-ਟੁਕੜੀ ਵਿੱਚ ਲੇਖਕ ਨੇ ਆਪਣੇ ਵਿਚਾਰਾਂ ਨੂੰ ਸਪੱਸ਼ਟ ਕਰਨ ਲਈ, ਚਿਤਰਕਾਰ, ਬੱਚੇ ਦੀ ਅਬੋਝ ਅਵਸਥਾ ਤੇ ਇੱਕ ਅਮੀਰ ਦੀ ਮੋਟਰ ਦੇ ਇੱਕ ਕਿਰਸਾਣ ਨੂੰ ਟੱਕਰ ਮਾਰਨ ਦੀ ਘਟਨਾ ਦੇ ਹਵਾਲੇ ਦਿੱਤੇ ਹਨ ਤੇ ਇਸ ਤਰ੍ਹਾਂ ਆਪਣੀ ਰਚਨਾ ਨੂੰ ਪ੍ਰਭਾਵਸ਼ਾਲੀ ਬਣਾਇਆ ਹੈ।

ਅਲੰਕਾਰ:- ਇਸ ਪੈਰੇ ਵਿੱਚ ਨਿਬੰਧਕਾਰ ਨੇ ਅਲੰਕਾਰਾਂ ਦੀ ਵਰਤੋਂ ਕੋਈ ਉਚੇਚ ਨਹੀਂ ਕੀਤੀ : ਪਰ ਫਿਰ ਵੀ ਇਸ ਵਿੱਚ ਕੁੱਝ ਅਨੁਪ੍ਰਾਸ ਅਲੰਕਾਰਾਂ ਤੋਂ ਇਲਾਵਾ ਉਪਮਾ ਤੇ ਦ੍ਰਿਸ਼ਟਾਂਤ ਅਲੰਕਾਰਾਂ ਦੇ ਨਮੂਨੇ ਦੇਖੇ ਜਾ ਸਕਦੇ ਹਨ; ਜਿਵੇਂ –

(ੳ) 'ਵੇਖ ਵੇਖ ਵਿਗਸਦਾ', 'ਅਬੋਝ ਅਵਸਥਾ', 'ਕੁੱਝ ਕੂਯਾ', 'ਗਰੀਬ ਗਵਾਲੀਅਰ', 'ਠੁਮਕ-ਠੁਮਕ', 'ਭਾਵੇਂ ਭੋਲੇ ਭਾਵ' ਆਦਿ। (ਅਨੁਪ੍ਰਾਸ)

(ਅ) 'ਕਿਰਤ ਤੇ ਕਸਬ ਵਾਲੇ ਆਪ ਵਿੱਚ ਬੱਚੇ ਵਾਂਗ ਅਬੋਝ ਅਵਸਥਾ ਵਿੱਚ ਟਿਕੇ ਰਹਿੰਦੇ ਹਨ।' (ਉਪਮਾ)

(ੲ) 'ਉਹ ਇਵੇਂ ਪਿਆ ਸੀ, ਜਿਵੇਂ ਕਿਸੇ ਬ੍ਰਿਛ ਨੂੰ ਟੱਕਰ ਲੱਗੀ ਸੀ।' (ਦ੍ਰਿਸ਼ਟਾਂਤ)

(ਸ) ਡਾਕਟਰ ਅੱਗੇ ਵੀ ਇਉਂ ਪੈ ਗਿਆ, ਜਿਵੇਂ ਕੋਈ ਲੱਠ ਹੁੰਦੀ ਹੈ। (ਦ੍ਰਿਸ਼ਟਾਂਤ)

ਬਿੰਬ- ਇਸ ਪੈਰੇ ਵਿੱਚ ਨਿਬੰਧਕਾਰ ਨੇ ਕੁੱਝ ਦ੍ਰਿਸ਼-ਬਿੰਬ ਵੀ ਉਸਾਰੇ ਹਨ, ਜਿਨ੍ਹਾਂ ਨਾਲ ਇਹ ਰਚਨਾ ਬੜੀ ਪ੍ਰਭਾਵਸ਼ਾਲੀ ਬਣ ਗਈ ਹੈ ; ਜਿਵੇਂ –

(ੳ) "ਉਹ ਚਿਤ੍ਰਕਾਰ ਆਪਣੇ ਬਣਾਏ ਚਿਤ੍ਰ ਦੇ ਰੰਗ ਵੇਖ-ਵੇਖ ਵਿਗਸਦਾ ਹੈ।"

(ਅ) "ਨਸ਼ੇ ਵਿੱਚ ਆਦਮੀ ਆਪਣੇ ਚੁਗਿਰਦੇ ਦੀ ਕੀ ਪ੍ਰਵਾਹ ਕਰਦਾ ਹੈ?"

ਉਪਰੋਕਤ ਵਿਚਾਰਾਂ ਦੇ ਆਧਾਰ ਤੇ ਅਸੀਂ ਇਸ ਵਾਰਤਕ-ਟੁਕੜੀ ਨੂੰ ਸਾਹਿਤਕ ਗੁਣਾਂ ਨਾਲ ਭਰਪੂਰ ਇੱਕ ਸੁਚੱਜੀ ਰਚਨਾ ਕਹਿ ਸਕਦੇ ਹਾਂ।

2. ਵਾਰਤਕ ਟੁਕੜੀ ਦੀ ਵਿਹਾਰਿਕ ਆਲੋਚਨਾ ।

ਜੇਕਰ ਏਨ੍ਹਾਂ ਦਰਜੀ ਦੇ ਰਚੇ ਜੰਟਲਮੈਨਾਂ ਦੇ ਆਮ ਰੋਜ਼ਾਨਾ ਮਿਲਣ-ਗਿਲਣ, ਗੱਲ-ਬਾਤ ਕਰਨ, ਸਫ਼ਰ ਕਰਨ ਦੇ ਲੱਛਣ ਵੇਖੋ ਤਾਂ ਰੋਣਾ ਆਉਂਦਾ ਹੈ। ਕਦੇ ਕਿਸੇ ਏਨ੍ਹਾਂ ਦੇ ਚਿਹਰਿਆਂ ਉੱਤੇ ਅਸਲੀ ਅੰਦਰਲੀ ਮੁਸਕਰਾਹਟ ਨਹੀਂ ਦੇਖੀ। ਮੁਸਕਰਾ ਉਹ ਸਕਦਾ ਹੈ, ਜੋ ਆਪਾ ਭੁਲ ਕੇ ਦੂਜੇ ਨੂੰ ਪਿਆਰ ਤੇ ਸਤਿਕਾਰ ਨਾਲ ਮਿਲਣਾ ਚਾਹੇ। ਏਨ੍ਹਾਂ ਦੇ ਕੋਲ ਦੀ ਭਾਵੇਂ ਲੰਘ ਜਾਵੇ ਏਨ੍ਹਾਂ ਨੂੰ ਆਪਣੇ ਮਨਘੜਤ ਜਿਹੇ ਖ਼ਿਆਲੀ ਚੁਬਾਰੇ ਵਿੱਚੋਂ ਉੱਤਰ ਕੇ ਪੈਰੀ ਨਿਗਰ ਧਰਤੀ ਉੱਤੇ ਖਲੋ ਕੇ ਆਪਣੇ ਬਾਪੂ ਨਾਲ ਭੀ ਹੱਸ ਕੇ ਮਿਲਣ ਨਹੀਂ ਆਉਂਦਾ। ਉਨ੍ਹਾਂ ਦੇ ਸਾਫੇ ਦੇ ਮਾਵੇ ਤੇ ਗੁਣੀਆਂ ਨੇ, ਕੋਟ ਪਤਲੂਨ ਦੀਆਂ ਆਕੜੀਆਂ ਤੈਹਾਂ ਨੇ, ਬੂਟ ਦੀ ਕਦੇ ਨਾ ਮੁੜਨ ਵਾਲੀ ਸੇਧ ਨੇ ਮਨਾਂ ਨੂੰ ਭੀ ਮਾਹਾਂ ਦੇ ਆਟੇ ਵਾਂਗ ਅਜੇਹਾ ਅਕੜਾ ਰੱਖਿਆ ਹੈ ਕਿ ਉਸ ਅਕੜੇਵੇਂ ਵਿੱਚੋਂ ਏਨ੍ਹਾਂ ਨੂੰ ਕੇਵਲ ਐਸਪਰੀਨ ਦੀਆਂ ਗੋਲੀਆਂ ਯਾ ਸਮੇਂ ਦੇ ਧੱਕੇ ਕੁਲਾਸ ਅਤੇ ਕੁਦਰਤੀ ਢੀਲ ਦੇ ਸਕਦੇ ਹਨ। ਜਦ ਇਹ ਤੁਰਦੇ ਹਨ, ਬਾਕੀ ਦੁਨੀਆਂ ਨੂੰ ਮਿੱਧੀ ਚਲੇ ਜਾਂਦੇ ਹਨ। ਗੱਡੀ ਵਿੱਚ ਯਾ ਲਾਰੀ ਵਿੱਚ ਬੈਠਣ ਤਾਂ ਏਨ੍ਹਾਂ ਨੂੰ ਆਪਣੇ ਸੂਟ ਤੇ ਬੂਟਾਂ ਦੀ ਰੰਗਤ ਤੇ ਸਿਧਿਆਈ ਬੁੱਢੇ, ਬੱਚੇ ਤੇ ਇਸਤ੍ਰੀਆਂ ਹਕ-ਬਣਦੇ ਤੇਹੁ ਨਾਲੋਂ ਬਹੁਤ ਜ਼ਿਆਦਾ ਪਿਆਰੇ ਹੁੰਦੇ ਹਨ। ਤਾਂਗੇ ਵਿੱਚ ਬੈਠਣ ਲੱਗਣ ਤਾਂ ਇਨ੍ਹਾਂ ਦਾ ਪਹਿਲਾਂ ਸ਼ੁਭ ਕਰਮ ਇਹ ਹੁੰਦਾ ਹੈ ਕਿ ਜੇਬ ਵਿੱਚੋਂ ਰੁਮਾਲ ਕੱਢਿਆ, ਉਸ ਦੀਆਂ ਤੈਹਾਂ ਖੋਲ੍ਹੀਆਂ ਤੇ ਗੱਦੀਆਂ ਉੱਤੇ ਪਈ ਗਰਦ ਨੂੰ ਝਾੜ ਕੇ ਦੂਜਿਆਂ ਉੱਤੇ ਪਾ ਦੇਣਾ, ਫੇਰ ਆਪ ਬੈਠਣਾ ਤੇ ਦੂਜਾ ਸ਼ੁਭ ਕਰਮ ਇਹ ਹੁੰਦਾ ਹੈ ਕਿ ਮੱਥੇ ਉੱਤੇ ਸੌ ਕੁ ਵੱਟ ਪਾ ਕੇ ਮੂੰਹ ਨੂੰ ਠੂਠੀ ਵਾਂਗ ਬਣਾ ਕੇ ਦੂਜੀਆਂ ਸਵਾਰੀਆਂ ਵੱਲ ਅਜੇਹਾ ਝਾਕਣਾ ਜਿਵੇਂ ਆਪ ਸੱਤਵੇਂ ਆਸਮਾਨ ਤੋਂ ਉਤਰੇ ਹੁੰਦੇ ਹਨ ਤੇ ਉਹ ਨਰਕ ਦੀ ਮਲੀਨਤਾ ਨਾਲ ਲਿਬੜੇ ਹੁੰਦੇ ਹਨ।

ਉਪਰੋਕਤ ਵਾਰਤਕ ਟੁਕੜੀ ਲਾਲ ਸਿੰਘ ਕਮਲਾ-ਅਕਾਲੀ ਦੀ ਰਚਨਾ ਹੈ। ਇਸ ਦਾ ਵਿਸ਼ਾ ਦਰਜ਼ੀ ਦੇ ਰਚੇ ਜੰਟਲਮੈਨਾਂ ਸੰਬੰਧੀ ਲੇਖਕ ਦੇ ਗੰਭੀਰ, ਪਰੰਤੂ ਹਾਸ-ਵਿਅੰਗ ਭਰੇ ਵਿਚਾਰ ਹਨ। ਲੇਖਕ ਇਸ ਵਿੱਚ ਇਨ੍ਹਾਂ ਜੰਟਲਮੈਨਾਂ ਦੇ ਰੋਜ਼ਾਨਾ ਜੀਵਨ, ਮਿਲਣ-ਗਿਲਣ ਤੇ ਗੱਲ-ਬਾਤ ਕਰਨ ਦੇ ਤੌਰ-ਤਰੀਕਿਆਂ ਨੂੰ ਆਪਣੇ ਵਿਅੰਗ ਦਾ ਨਿਸ਼ਾਨਾ ਬਣਾਉਂਦਾ ਹੈ, ਤੇ ਕਹਿੰਦਾ ਹੈ ਕਿ ਇਨ੍ਹਾਂ ਦੇ ਚਿਹਰਿਆਂ ਉੱਪਰ ਕਦੀ ਅਸਲੀ ਮੁਸਕਾਣ ਦਿਖਾਈ ਨਹੀਂ ਦਿੰਦੀ, ਕਿਉਂਕਿ ਮੁਸਕਰਾ ਉਹ ਸਕਦਾ ਹੈ, ਜੋ ਆਪਣਾ ਭੁੱਲ ਕੇ ਦੂਜਿਆਂ ਨੂੰ ਪਿਆਰ ਤੇ ਸਤਿਕਾਰ ਨਾਲ ਮਿਲਣਾ ਚਾਹੇ। ਇਹ ਕਦੇ ਆਪਣੇ ਮਨਘੜਤ ਜਿਹੇ ਖਿਆਲੀ ਚੁਬਾਰੇ ਵਿੱਚੋਂ ਉੱਤਰ ਕੇ ਧਰਤੀ ਉੱਪਰ ਪੈਰ ਨਹੀਂ ਟਿਕਾਉਂਦੇ, ਜਿਸ ਕਰਕੇ ਇਨ੍ਹਾਂ ਨੂੰ ਆਪਣੇ ਬਾਪੂ ਨਾਲ ਵੀ ਹੱਸ ਕੇ ਮਿਲਣਾ ਨਹੀਂ ਆਉਂਦਾ। ਇਨ੍ਹਾਂ ਦੇ ਮਨ ਮਾਵੇ ਨਾਲ ਆਕੜੇ ਆਪਣੇ ਕੱਪੜਿਆਂ ਵਾਂਗ ਆਕੜੇ ਰਹਿੰਦੇ ਹਨ ਤੇ ਇਨ੍ਹਾਂ ਦੀ ਆਕੜ ਵਿੱਚ ਸਮੇਂ ਦੇ ਧੱਕਿਆਂ ਜਾਂ ਐਸਪਰੀਨ ਦੀਆਂ ਗੋਲੀਆਂ ਨਾਲ ਹੀ ਢਿੱਲ ਆਉਂਦੀ ਹੈ। ਉਂਞ ਜਦੋਂ ਇਹ ਤੁਰਦੇ ਹਨ ਤਾਂ ਬਾਕੀ ਦੁਨੀਆਂ ਮਿੱਧੀ ਤੁਰੇ ਜਾਂਦੇ ਹਨ। ਗੱਡੀ ਜਾਂ ਲਾਰੀ ਵਿੱਚ ਬੈਠਣ ਸਮੇਂ ਇਨ੍ਹਾਂ ਨੂੰ ਆਪਣੇ ਕੱਪੜਿਆਂ ਦੇ ਰੰਗ ਤੇ ਸਿਧਿਆਈ ਦਾ ਬੱਚਿਆਂ, ਬੁੱਢਿਆਂ ਤੇ ਇਸਤਰੀਆਂ ਦੇ ਹੱਕਾਂ ਨਾਲੋਂ ਵਧੇਰੇ ਫ਼ਿਕਰ ਹੁੰਦਾ ਹੈ। ਟਾਂਗੇ ਵਿੱਚ ਬੈਠਣ ਸਮੇਂ ਉਹ ਆਪਣੇ ਰੁਮਾਲ ਨਾਲ ਗੱਦੀਆਂ ਨੂੰ ਝਾੜਦੇ ਹੋਏ ਗਰਦ ਦੂਜਿਆਂ ਉੱਪਰ ਪਾ ਦਿੰਦੇ ਹਨ ਤੇ ਨਾਲ ਹੀ ਮੱਥੇ ਉੱਤੇ ਵੱਟ ਪਾ ਕੇ ਦੂਜੀਆਂ ਸਵਾਰੀਆਂ ਵਲ ਇੰਞ ਝਾਕਦੇ ਹਨ, ਜਿਵੇਂ ਉਹ ਆਪ ਸੱਤਵੇਂ ਅਸਮਾਨ ਤੋਂ ਉੱਤਰੇ ਹੋਣ ਤੇ ਬਾਕੀ ਸਾਰੇ ਨਰਕ ਦੀ ਗੰਦਗੀ ਨਾਲ ਲਿਬੜੇ ਹੋਣ।

ਇਸ ਪ੍ਰਕਾਰ ਇਸ ਪੈਰੇ ਦਾ ਵਿਸ਼ਾ ਗੰਭੀਰ ਵੀ ਹੈ ਤੇ ਹਾਸ-ਵਿਅੰਗ ਭਰਪੂਰ ਵੀ । ਲੇਖਕ ਇਸ ਵਿੱਚ ਦਰਜੀ ਦੇ ਬਣਾਏ ਜੰਟਲਮੈਨਾਂ ਦੀਆਂ ਆਦਤਾਂ ਨੂੰ ਆਪਣੇ ਤਿੱਖੇ ਵਿਅੰਗ ਤੇ ਚੋਟ ਦਾ ਨਿਸ਼ਾਨਾ ਬਣਾਉਂਦਾ ਹੈ। ਇਸ ਪ੍ਰਕਾਰ ਇਸ ਵਾਰਤਕ-ਟੁਕੜੀ ਦਾ ਵਿਸ਼ਾ ਯਥਾਰਥਕ ਤੇ ਵਿਅੰਗਾਤਮਕ ਹੈ। ਇਸ ਵਾਰਤਕ-ਟੁਕੜੀ ਵਿਚਲੇ ਸਾਰੇ ਵਿਚਾਰ ਬੜੇ ਗੁੰਦਵੇਂ ਤੇ ਪ੍ਰਭਾਵਸ਼ਾਲੀ ਹਨ।

ਇਸ ਵਾਰਤਕ ਟੁਕੜੀ ਦੀ ਸ਼ੈਲੀ ਸਰਲ, ਸਪੱਸ਼ਟ, ਰੌਚਕ, ਸੁਆਦਲੀ, ਤਰਕਯੁਕਤ ਤੇ ਰਸ-ਭਰੀ ਹੈ। ਲੇਖਕ ਨੇ ਇਸ ਵਿੱਚ ਵਿਅੰਗ, ਚੋਟ ਤੇ ਮਸ਼ਕਰਾਂ ਦੀ ਬੜੀ ਸਫਲਤਾ ਨਾਲ ਵਰਤੋਂ ਕੀਤੀ ਹੈ ਤੇ ਇਸਨੂੰ ਹਾਸ-ਰਸ ਭਰਪੂਰ ਬਣਾਇਆ ਹੈ। ਸੁੰਦਰ ਅਲੰਕਾਰਾਂ ਤੇ ਸੰਕੇਤਾਂ ਦੀ ਬਿੰਬ-ਸਿਰਜਣਾਂ ਇਸਨੂੰ ਖ਼ੂਬ ਰੌਚਕ ਬਣਾਉਂਦੇ ਹਨ। ਇਸ ਦੀ ਭਾਸ਼ਾ ਮਲਵਈ ਪ੍ਰਭਾਵਿਤ ਕੇਂਦਰੀ ਪੰਜਾਬੀ ਹੈ। ਸ਼ਬਦ-ਚੋਣ ਢੁੱਕਵੀਂ ਤੇ ਭਾਵਾਂ

ਦੇ ਅਨੁਕੂਲ ਹੈ। ਲੇਖਕ ਨੇ ਲੋੜ ਅਨੁਸਾਰ ਅੰਗਰੇਜ਼ੀ, ਉਰਦੂ-ਫ਼ਾਰਸੀ ਅਤੇ ਹਿੰਦੀ-ਸੰਸਕ੍ਰਿਤ ਦੇ ਪੰਜਾਬੀ ਵਿੱਚ ਪ੍ਰਚਲਿਤ ਸ਼ਬਦਾ ਦੀ ਵਰਤੋਂ ਵੀ ਕੀਤੀ ਹੈ, ਜਿਵੇਂ

ਅੰਗਰੇਜ਼ੀ ਸ਼ਬਦ- ਜੰਟਲਮੈਨ, ਐਸਪਰੀਨ, ਕੋਟ, ਪਤਲੂਨ, ਬੂਟ, ਲਾਰੀ।

ਉਰਦੂ-ਫ਼ਾਰਸੀ ਸ਼ਬਦ- ਦਰਜ਼ੀ, ਗ਼ਰਦ, ਆਸਮਾਨ ਆਦਿ।

ਹਿੰਦੀ-ਸੰਸਕ੍ਰਿਤ ਸ਼ਬਦ- ਸਤਿਕਾਰ, ਸ਼ੁੱਭ, ਤੇਹੁ, ਸ਼ੁਭ-ਕਰਮ, ਨਰਕ, ਮਲੀਨਤਾ ਆਦਿ।

ਭਾਸ਼ਾ ਮੁਹਾਵਰੇਦਾਰ ਤੇ ਰਸ-ਭਰੀ ਹੈ। ਇਸ ਵਿੱਚ ਲੇਖਕ ਨੇ ਮੁਹਾਵਰਿਆਂ ਦੀ ਵਰਤੋਂ ਨਾਲ ਇਸਨੂੰ ਬਹੁਤ ਹੀ ਸੁਆਦਲੀ ਬਣਾ ਦਿੱਤਾ ਹੈ; ਜਿਵੇਂ –ਰੋਣਾ-ਆਉਣਾ, ਮਾਹਾਂ ਦੇ ਆਟੇ ਵਾਂਗ ਆਕੜਨਾ, ਮੱਥੇ ਉੱਤੇ ਸੌ ਵੱਟ ਪਾਉਣੇ, ਮੂੰਹ ਠੂਠੀ ਵਾਂਗ ਬਣਾਉਣਾ ਆਦਿ।

ਇਸ ਵਾਰਤਕ ਟੁਕੜੀ ਦਾ ਆਰੰਭ ਬੜੇ ਖਿੱਚ ਵਾਕ ਨਾਲ ਹੁੰਦਾ ਹੈ। ਇਸਦੇ ਸਾਰੇ ਵਾਕ ਇਕ ਵਿਚਾਰ-ਲੜੀ ਦਾ ਵਿਕਾਸ ਕਰਦੇ ਹਨ ਇਸਦਾ ਅੰਤ ਬੜੇ ਅਸਰਦਾਇਕ ਵਾਕ ਨਾਲ ਹੁੰਦਾ ਹੈ। ਇਸਦੀ ਵਾਕ-ਰਚਨਾ ਉੱਪਰ ਅੰਗਰੇਜ਼ੀ ਵਾਕ-ਰਚਨਾ ਦਾ ਵੀ ਪ੍ਰਭਾਵ ਹੈ, ਜਿਸ ਕਰਕੇ ਬਹੁਤੇ ਵਾਕ ਲੰਮੇ-ਲੰਮੇ, ਸੰਯੁਕਤ ਤੇ ਮਿਸ਼ਰਿਤ ਹਨ। ਸ਼ਬਦ-ਜੋੜਾਂ ਵਿੱਚ ਕਿਧਰੇ-ਕਿਧਰੇ ਪ੍ਰਮਾਣਿਕਤਾ ਦੀ ਘਾਟ ਹੈ, ਜਿਵੇਂ ਲੇਖਕ ਦਾ 'ਜਾਂ' ਨੂੰ 'ਯਾ' ਲਿਖਣਾ, 'ਬਣਾ ਕੇ' ਨੂੰ 'ਬਣਾਕੇ' ਤੇ 'ਪਾ ਕੇ' ਨੂੰ 'ਪਾਕੇ' ਲਿਖਣਾ ਆਦਿ। ਇਸੇ ਤਰ੍ਹਾਂ ਸਮਾਸ ਰਚਨਾ ਲਈ ਜੋੜੀ (-) ਦੀ ਵਰਤੋਂ ਵੀ ਨਹੀਂ ਕੀਤੀ ਗਈ।

ਇਸ ਰਚਨਾ ਵਿੱਚ ਅੰਲਕਾਰਾਂ ਤੇ ਸੰਕੇਤਾਂ ਦੀ ਵਰਤੋਂ ਬਿੰਬ ਸਿਰਜਣਾ ਇਸਨੂੰ ਖ਼ੂਬ ਰੋਚਕਤਾ ਪ੍ਰਦਾਨ ਕਰਦੀ ਹੈ ਤੇ ਇਸ ਦੇ ਭਾਵ-ਸੰਚਾਰ ਨੂੰ ਡੂੰਘੇਰਾ ਕਰਦੀ ਹੈ; ਜਿਵੇਂ-

(ੳ) "ਏਨ੍ਹਾਂ ਦੇ ਕੋਲ ਦੀ ਭਾਵੇਂ ਲੰਘ ਜਾਵੋ, ਏਨ੍ਹਾਂ ਨੂੰ ਆਪਣੇ ਮਨਘੜਤ ਜਿਹੇ ਖਿਆਲੀ ਚੁਬਾਰੇ ਵਿੱਚੋਂ ਉੱਤਰ ਕੇ ਪੈਰੀਂ ਨਿਗਰ ਧਰਤੀ ਉੱਤੇ ਖਲੋ ਕੇ ਆਪਣੇ ਬਾਪੂ ਨਾਲ ਵੀ ਹੱਸ ਕੇ ਮਿਲਣਾ ਨਹੀਂ ਆਉਂਦਾ।" (ਸੰਕੇਤ)

(ਅ) "........ਮਨਾਂ ਨੂੰ ਵੀ ਮਾਹਾਂ ਦੇ ਆਟੇ ਵਾਂਗ ਅਜੇਹਾ ਅਕੜਾ ਰੱਖਿਆ ਹੈ......।" (ਉਪਮਾ ਅਲੰਕਾਰ)

(ੲ) "ਤਾਂਗੇ ਵਿੱਚ ਬੈਠਣ ਲੱਗਣ, ਤਾਂ ਇਨ੍ਹਾਂ ਦਾ ਪਹਿਲਾ ਸ਼ੁੱਭ ਕਰਮ ਇਹ ਹੁੰਦਾ ਹੈ ਕਿ ਜੇਬ ਵਿੱਚੋਂ ਰੁਮਾਲ ਕੱਢਿਆ, ਉਸ ਦੀਆਂ ਤੈਹਾਂ ਖੋਲ੍ਹੀਆਂ ਤੇ ਗੱਦੀਆਂ ਉੱਤੇ ਪਈ ਗਰਦ ਨੂੰ ਝਾੜ ਕੇ ਦੂਜਿਆਂ ਉੱਤੇ ਪਾ ਦੇਣਾ ਤੇ ਫਿਰ ਆਪ ਬੈਠਣਾ।" (ਬਿੰਬ)

ਇਸ ਪੈਰੇ ਵਿਚਲੇ ਹੇਠ ਲਿਖੇ ਵਾਕਾਂ ਵਿੱਚ ਲੇਖਕ ਦੀ ਵਾਰਤਕ ਸ਼ੈਲੀ ਦੇ ਲਗਪਗ ਸਾਰੇ ਲੱਛਣ ਦੇਖੇ ਜਾ ਸਕਦੇ ਹਨ। ਇਸ ਵਿੱਚ ਵਿਅੰਗ, ਚੋਟ, ਹਾਸਾ-ਠੱਠਾ, ਅਲੰਕਾਰ, ਬਿੰਬ ਤੇ ਭਾਸ਼ਾ ਦਾ ਠੁੱਕ ਆਦਿ ਸਭ ਕੁੱਝ ਮੌਜੂਦ ਹੈ।

"...... ਤੇ ਦੂਜਾ ਸ਼ੁੱਭ ਕਰਮ ਇਹ ਹੁੰਦਾ ਹੈ ਕਿ ਮੱਥੇ ਉੱਤੇ ਸੌ ਕੁ ਵੱਟ ਪਾ ਕੇ ਮੂੰਹ ਨੂੰ ਠੂਠੀ ਵਾਂਗ ਬਣਾ ਕੇ ਦੂਜੀਆਂ ਸਵਾਰੀਆਂ ਵਲ ਅਜੇਹਾ ਝਾਕਣਾ, ਜਿਵੇਂ ਆਪ ਸੱਤਵੇਂ ਆਸਮਾਨ ਤੋਂ ਉੱਤੇਰ ਹੋਣ ਤੇ ਉਹ ਨਰਕ ਦੀ ਮਲੀਨਤਾ ਨਾਲ ਲਿਬੜੇ ਹਨ।"

## <u>ਸਾਰ-ਅੰਸ਼:</u>

ਖੋਜ ਮਤਲਬ "ਰਚਨਾਤਮਕ ਅਤੇ ਸਿਧਾਂਤਕ ਤੌਰ ਤੇ ਕੀਤਾ ਗਿਆ ਕੰਮ ਜੋ ਕਿ ਗਿਆਨ ਦਾ ਭੰਡਾਰ ਵਧਾਉਣ, ਮਨੁੱਖਾਂ, ਸੱਭਿਆਚਾਰ ਅਤੇ ਸਮਾਜ ਦੇ ਗਿਆਨ ਸਮੇਤ ਅਤੇ ਨਵੀਆਂ ਅਰਜ਼ੀਆਂ ਨੂੰ ਬਣਾਉਣ ਲਈ ਗਿਆਨ ਦੇ ਇਸ ਸਟਾਕ ਦੀ ਵਰਤੋਂ ਨੂੰ ਸ਼ਾਮਲ ਕਰਨ ਲਈ ਕੀਤੇ ਜਾਂਦੇ ਹਨ।" ਇਹ ਤੱਥ ਸਥਾਪਿਤ ਕਰਨ ਜਾਂ ਪੁਸ਼ਟੀ ਕਰਨ ਲਈ ਵਰਤਿਆ ਜਾਂਦਾ ਹੈ, ਪਿਛਲੇ ਕੰਮ ਦੇ ਨਤੀਜਿਆਂ ਨੂੰ ਮੁੜ ਪੁਸ਼ਟੀ

ਕਰਦਾ ਹੈ, ਨਵੇਂ ਜਾਂ ਮੌਜੂਦਾ ਸਮੱਸਿਆਵਾਂ ਨੂੰ ਹੱਲ ਕਰਦਾ ਹੈ, ਪ੍ਰੋਟੀਮ ਦੀ ਸਹਾਇਤਾ ਕਰਦਾ ਹੈ ਜਾਂ ਨਵੇਂ ਸਿਧਾਂਤ ਵਿਕਸਿਤ ਕਰਦਾ ਹੈ। ਇੱਕ ਖੋਜ ਪ੍ਰੋਜੈਕਟ ਖੇਤਰ ਵਿੱਚ ਪਿਛਲੇ ਕੰਮ 'ਤੇ ਇੱਕ ਵਿਸਥਾਰ ਹੋ ਸਕਦਾ ਹੈ।

## ਮੁੱਖ/ਕੇਂਦਰੀ ਸ਼ਬਦ:

ਵਾਰਤਕਕਾਰ---ਵਾਰਤਕ ਦਾ ਸਿਰਜਕ/ਲਿਖਾਰੀ

ਪ੍ਰਯੋਜਨ---ਮੰਤਵ

ਅਨੁਭਵ---ਤਜੱਰਬਾ

ਕਲਪਾਨਤਮਿਕ---ਕਾਲਪਨਿਕ

ਮਾਨਸਿਕ ਸੰਤੁਲਨ---ਮਾਨਸਿਕ ਸੰਤੁਸ਼ਟੀ

ਸ਼ੈਲੀ --- ਵਿਚਾਰਾਂ ਦੇ ਪ੍ਰਗਟਾਵੇ ਦਾ ਢੰਗ

## ਸਵੈ-ਮੁਲਾਂਕਣ:

1. ਵਾਰਤਕ ਦੀ ਵਿਹਾਰਕ ਸਮੀਖਿਆ ਕਿਸ ਦਾ ਅੰਗ ਹੈ?

ੳ ਆਲੋਚਨਾ

ਅ ਖੋਜ

ੲ ਸਾਹਿਤ

ਸ ਕਲਾ

2. ਵਾਂਰਤਕ ਕਿਸ ਦਾ ਅੰਗ ਹੈ?

ੳ ਆਲੋਚਨਾ

ਅ ਖੋਜ

ੲ ਸਾਹਿਤ

ਸ ਕਲਾ

3. ਚਿੰਨ੍ਹ ਕਿਸ ਦਾ ਅੰਗ ਹੈ?

ੳ ਆਲੋਚਨਾ

ਅ ਖੋਜ

ੲ ਸਾਹਿਤ

ਸ ਕਲਾ

4. ਵਿਹਾਰਕ ਸਮੀਖਿਆ ਪੁਸਤਕ ਦਾ ਲੇਖਕ

ੳ ਪਿਆਰ ਸਿੰਘ

ਅ ਸਤਿੰਦਰ ਸਿੰਘ

ੲ ਕੇਸਰ ਸਿੰਘ ਕੇਸਰ

ਸ ਧਰਮ ਸਿੰਘ

5. ਖੋਜ : ਸਿਧਾਂਤ ਤੇ ਵਿਹਾਰ ਪੁਸਤਕ ਦਾ ਲੇਖਕ

ੳ ਪਿਆਰ ਸਿੰਘ

ਅ ਸਤਿੰਦਰ ਸਿੰਘ

ੲ ਕੇਸਰ ਸਿੰਘ ਕੇਸਰ

ਸ ਧਰਮ ਸਿੰਘ

6. ਖੋਜ ਚਿੰਤਨ ਪੁਸਤਕ ਦਾ ਲੇਖਕ

ੳ ਪਿਆਰ ਸਿੰਘ

ਅ ਸਤਿੰਦਰ ਸਿੰਘ

ੲ ਕੇਸਰ ਸਿੰਘ ਕੇਸਰ

ਸ ਧਰਮ ਸਿੰਘ

7. ਪੰਜਾਬੀ ਖੋਜ ਸੰਦਰਭ ਪੁਸਤਕ ਦਾ ਲੇਖਕ

ੳ ਪਿਆਰ ਸਿੰਘ

ਅ ਸਤਿੰਦਰ ਸਿੰਘ

ੲ ਕੇਸਰ ਸਿੰਘ ਕੇਸਰ

ਸ ਧਰਮ ਸਿੰਘ

8. ਤਰਕ ਕਿਸ ਦਾ ਅੰਗ ਹੈ?

ੳ ਆਲੋਚਨਾ

ਅ ਖੋਜ

ੲ ਵਾਂਰਤਕ

ਸ ਕਲਾ

9. ਪ੍ਰਤੀਕ ਕਿਸ ਦਾ ਅੰਗ ਹੈ?

ੳ ਆਲੋਚਨਾ

*ਖੋਜ ਵਿਧੀ*

ਅ ਖੋਜ

ੲ ਵਾਰਤਕ

ਸ ਕਲਾ

10. ਰਸ ਕਿਸ ਦਾ ਅੰਗ ਹੈ?

ੳ ਆਲੋਚਨਾ

ਅ ਖੋਜ

ੲ ਕਵਿਤਾ

ਸ ਕਲਾ

11. ਭਾਸ਼ਾ ਕਿਸ ਦਾ ਅੰਗ ਹੈ?

ੳ ਆਲੋਚਨਾ

ਅ ਖੋਜ

ੲ ਸਾਹਿਤ

ਸ ਉਪਰੋਕਤ ਸਾਰੇ

12. ਵ੍ਰੋਕਤੀ ਕਿਸ ਦਾ ਅੰਗ ਹੈ?

ੳ ਆਲੋਚਨਾ

ਅ ਖੋਜ

ੲ ਕਵਿਤਾ

ਸ ਕਲਾ

13. ਅਖਾਣ ਕਿਸ ਦਾ ਅੰਗ ਹੈ?

ੳ ਆਲੋਚਨਾ

ਅ ਖੋਜ

ੲ ਵਾਂਰਤਕ

ਸ ਕਲਾ

14. ਮੁਹਾਵਰੇ ਕਿਸ ਦਾ ਅੰਗ ਹੈ?

ੳ ਆਲੋਚਨਾ

ਅ ਖੋਜ

ੲ ਕਵਿਤਾ

ਸ ਵਾਰਤਕ

15. ਵਿਆਕਰਨ ਦੇ ਨਿਯਮ ਕਿਸ ਦਾ ਅੰਗ ਹੈ?

ੳ ਆਲੋਚਨਾ

ਅ ਖੋਜ

ੲ ਵਾਰਤਕ

ਸ ਉਪਰੋਕਤ ਸਾਰੇ

## ਅਭਿਆਸ ਪ੍ਰਸ਼ਨ

1. ਵਾਰਤਕ ਤੋਂ ਕੀ ਭਾਵ ਹੈ?
2. ਵਾਰਤਕ ਦੀ ਵਿਹਾਰਕ ਸਮੀਖਿਆ ਤੋਂ ਕੀ ਭਾਵ ਹੈ?
3. ਵਾਰਤਕ ਦੇ ਤੱਤਾਂ ਦਾ ਸੰਖੇਪ ਵਿਚ ਵਰਣਨ ਕਰੋ।
4. ਕਲਪਨਾ ਤੱਤ ਦੇ ਭੇਦਾਂ ਦਾ ਵਰਣਨ ਕਰੋ।
5. ਵਾਰਤਕ ਵਿਚ ਭਾਵ ਤੱਤ ਅਤੇ ਬੁੱਧੀ ਤੱਤ ਵਿਚ ਕੀ ਅੰਤਰ ਹੈ?
6. ਵਾਰਤਕ ਦੇ ਹਵਾਲੇ ਨਾਲ ਸਾਹਿਤ ਦਾ ਮੁੱਖ ਪ੍ਰਯੋਜਨ ਪ੍ਰੇਰਨਾਤਮਕ ਹੋਣਾ ਹੈ: ਸਪਸ਼ਟ ਕਰੋ।
7. ਵਾਰਤਕ ਦੇ ਹਵਾਲੇ ਨਾਲ ਸਾਹਿਤ ਦਾ ਮੁੱਖ ਉਦੇਸ਼ ਸੱਚ ਦਾ ਪ੍ਰਗਟਾਵਾ ਹੈ: ਸਿੱਧ ਕਰੋ।
8. ਵਾਰਤਕ ਦੇ ਹਵਾਲੇ ਨਾਲ ਵਿਹਾਰਕ ਸਮੀਖਿਆ ਦੀ ਕੀ ਸਾਰਥਕਤਾ ਹੈ?
9. ਵਾਰਤਕ ਦੇ ਹਵਾਲੇ ਨਾਲ ਸ਼ੈਲੀ ਦਾ ਸਰੂਪ ਕੀ ਹੈ?
10. ਵਾਰਤਕ ਦੇ ਹਵਾਲੇ ਨਾਲ ਭਾਸ਼ਾ ਦਾ ਕੀ ਯੋਗਦਾਨ ਹੁੰਦਾ ਹੈ?
11. ਰਸ ਕੀ ਹੁੰਦਾ ਹੈ?
12. ਪ੍ਰਤੀਕ ਦੀ ਵਾਰਤਕ ਵਿਚ ਕੀ ਭੂਮਿਕਾ ਹੈ?
13. ਕਿਸੇ ਵਾਰਤਕ ਰਚਨਾ ਦੀ ਵਿਹਾਰਕ ਸਮੀਖਿਆ ਦਾ ਅਭਿਆਸ ਕਰੋ।
14. ਕਵਿਤਾ ਅਤੇ ਵਾਰਤਕ ਵਿਚ ਕੀ ਅੰਤਰ ਹੈ?
15. ਆਪਣੇ ਖੇਤਰ ਦੇ ਸਾਹਿਤ ਪ੍ਰੇਮੀਆਂ ਦੀ ਸੂਚੀ ਬਣਾਓ ਅਤੇ ਉਨ੍ਹਾਂ ਦੇ ਵਾਰਤਕ ਦੇ ਪ੍ਰਯੋਜਨ ਸੰਬੰਧੀ ਸਪਸ਼ਟੀਕਰਨ ਦਾ ਸਰਵੇਖਣ ਕਰੋ।

## ਸੰਦਰਭ ਪੁਸਤਕਾਂ:

1) ਖੋਜ:ਸਿਧਾਂਤ ਤੇ ਵਿਹਾਰ, ਪਿਆਰ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, (2010)

2) ਕੇਸਰ ਸਿੰਘ ਕੇਸਰ: ਖੋਜ ਚਿੰਤਨ, ਜਸਬੀਰ ਕੇਸਰ(ਸੰਪਾ.), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, (2006)

3) ਕੇਸਰ ਸਿੰਘ ਕੇਸਰ: ਸਿਧਾਂਤ ਚਿੰਤਨ, ਜਸਬੀਰ ਕੇਸਰ (ਸੰਪਾ.), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ,(2006)

4) ਪੰਜਾਬੀ ਖੋਜ ਦਾ ਇਤਿਹਾਸ, ਧਰਮ ਸਿੰਘ, ਪੰਜਾਬੀ ਅਕਾਦਮੀ ਦਿੱਲੀ,(2004)

5) ਪੰਜਾਬੀ ਖੋਜ ਸੰਦਰਭ, ਧਰਮ ਸਿੰਘ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, (2014)

6) ਪੰਜਾਬੀ ਆਲੋਚਨਾ: ਸਰੂਪ ਅਤੇ ਸੰਭਾਵਨਾਵਾਂ, ਸੰਧੂ, ਸਤਿਨਾਮ ਸਿੰਘ, ਮਦਾਨ ਪਬਲਿਸ਼ਰਜ਼, ਪਟਿਆਲਾ, (1996)

7) ਵਿਹਾਰਕ ਸਮੀਖਿਆ(2005) ,ਪਟਿਆਲਾ ,ਪੰਜਾਬੀ ਯੂਨੀਵਰਸਿਟੀ ,ਸਤਿੰਦਰ ਸਿੰਘ ,

## ਮਹੱਤਵਪੂਰਨ ਲਿੰਕ

https://punjabipedia.org/topic.aspx?txt=%E0%A8%B5%E0%A8%BE%E0%A8%B0%E0%A8%A4%E0%A8%95

ਉੱਤਰਮਾਲਾ

| | | | | |
|---|---|---|---|---|
| 1. ੳ | 2. ੲ | 3. ੳ | 4. ਅ | 5. ੳ |
| 6. ੲ | 7. ਸ | 8. ੲ | 9. ੲ | 10. ੲ |
| 11. ੲ | 12. ੳ | 13. ੲ | 14. ਸ | 15. ੲ |